






Fifteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 51, December 20, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਹਿੰਦੂਤਵੀ ਹੇੜ੍ਹਾਂ ਨੇ ਮੋਰਚੇ ਖੋਲ੍ਹੇ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਨਰੇਂਦਰ ਮੋਦੀ ਸਰਕਾਰ ਨੇ ਸਿਰਫ ਛੇ ਮਹੀਨਿਆਂ ਦੇ ਰਾਜ-ਭਾਗ ਵਿਚ ਹੀ ਆਪਣਾ ਫਿਰਕੂ ਰੰਗ ਵਿਖਾ ਦਿੱਤਾ ਹੈ। ਮੋਦੀ ਦੇ ਵਜ਼ੀਰਾਂ ਵੱਲੋਂ ਘੱਟ-ਗਿਣਤੀਆਂ ਬਾਰੇ ਕੀਤੀਆਂ ਜਾ ਰਹੀਆਂ ਬੇਬਾਕ ਟਿੱਪਣੀਆਂ ਨੇ ਸਾਫ ਕੀਤਾ ਹੈ ਕਿ ਸਰਕਾਰ ਦਾ ਅਸਲ ਰਿਮੋਟ ਕੰਟਰੋਲ ਆਰ.ਐਸ.ਐਸ. ਹੱਥ ਹੈ ਜਿਸ ਵੱਲੋਂ ਹਿੰਦੂਤਵ ਦੇ ਏਜੰਡੇ ਨੂੰ ਲਾਗੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਭਾਜਪਾ ਦੇ ਸੰਸਦ ਮੈਂਬਰਾਂ ਸਾਕਸ਼ੀ ਮਹਾਰਾਜ ਵੱਲੋਂ ਨਾਥੂਰਾਮ ਗੋਡਸੇ ਤੇ ਸਾਧਵੀ ਨਿਰੰਜਨ ਜਯੋਤੀ ਵੱਲੋਂ ਦਿੱਤੇ ਨਫਰਤੀ ਬਿਆਨ ਅਜੇ ਚਰਚਾ ਵਿਚ ਹੀ ਸਨ ਕਿ ਆਗਰੇ ਵਿਚ ਬਜਰੰਗ ਦਲ ਵੱਲੋਂ ਕੁਝ ਮੁਸਲਿਮ ਪਰਿਵਾਰਾਂ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਰਾਹੀਂ ਹਿੰਦੂ ਬਣਾਉਣ ਦੇ ਮਾਮਲੇ ਨੇ ਮੋਦੀ ਸਰਕਾਰ ਦੇ ਇਰਾਦੇ ਸਾਫ ਕਰ ਦਿੱਤੇ। ਅਸਲ ਵਿਚ ਮੋਦੀ ਦੇ ਸਹੁੰ ਚੁੱਕ ਸਮਾਗਮ ਤੋਂ ਅਗਲੇ ਹੀ ਦਿਨ ਪੀ.ਐਮ.ਓ. ਵਿਚ ਕੰਮ ਕਰਦੇ ਰਾਜ ਮੰਤਰੀ ਜਤਿੰਦਰ ਸਿੰਘ ਨੇ ਧਾਰਾ 370 ਖ਼ਤਮ ਬਾਰੇ ਬਿਆਨ ਦਿੱਤਾ ਜਿਸ ਦਾ ਜੰਮੂ-ਕਸ਼ਮੀਰ ਦੇ ਲੀਡਰਾਂ ਸਮੇਤ ਸਭਨਾਂ ਪਾਰਟੀਆਂ ਨੇ ਵਿਰੋਧ ਕੀਤਾ। ਕਟਕ ਵਿਚ ਇਕ ਸਮਾਗਮ ਦੌਰਾਨ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਸੀ ਕਿ ਜਿਵੇਂ ਅਮਰੀਕਾ ਵਿਚ ਰਹਿਣ ਵਾਲੇ ਸਾਰੇ ਅਮਰੀਕਨ ਹਨ, ਜਰਮਨ ਵਾਲੇ ਜਰਮਨੀ ਤੇ ਜਪਾਨ ਵਾਲੇ ਜਪਾਨੀ ਹਨ, ਹਿੰਦੁਸਤਾਨ ਵਿਚ ਰਹਿਣ ਵਾਲੇ ਸਾਰੇ ਵਾਸੀ ਹਿੰਦੂ ਹਨ। ਹੁਣ ਸ੍ਰੀ ਭਾਗਵਤ ਦੇਸ਼ ਦੇ ਸਾਰੇ ਹਿੰਦੂਆਂ ਨੂੰ ਇਕਜੁਟ ਹੋਣ ਲਈ ਆਖ ਰਹੇ ਹਨ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੀ ਭਾਗਵਤ ਗੀਤਾ ਨੂੰ ਕੌਮੀ ਗ੍ਰੰਥ ਐਲਾਨਣ ਦੀ ਤਜਵੀਜ਼ ਰੱਖ ਚੁੱਕੇ ਹਨ।

ਉਧਰ, ਸੰਘ ਪਰਿਵਾਰ ਦੇ ਇਕ ਅੰਗ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਅਸ਼ੋਕ ਸਿੰਘਲ ਨੇ ਦਿੱਲੀ ਵਿਚ ਪ੍ਰਿਥਵੀ ਰਾਜ ਚੌਹਾਨ ਪਿਛੋਂ 800 ਸਾਲ ਬਾਅਦ ਹਿੰਦੂ ਸਵੈਭਿਮਾਨ ਦੇ ਹੱਥ ਸਰਕਾਰ ਆਉਣ ਦਾ ਦਾਅਵਾ ਕੀਤਾ ਸੀ। ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਮੁਲਕ ਦੇ ਬੁੱਧੀਜੀਵੀਆਂ ਵੱਲੋਂ ਇਹ ਖ਼ਦਸ਼ੇ ਪ੍ਰਗਟ ਕਰਨੇ ਸ਼ੁਰੂ ਹੋ ਗਏ ਸਨ ਕਿ ਸੱਤਾ ਦੇ ਗ਼ਰੂਰ ਵਿਚ ਕੁਝ ਹਿੰਦੂ-ਪੱਖੀ ਜਥੇਬੰਦੀਆਂ ਫ਼ਿਰਕੂ ਤਣਾਅ ਪੈਦਾ

(ਬਾਕੀ ਸਫਾ 6 'ਤੇ)

## ਆਰ.ਐਸ.ਐਸ. ਦੀ ਖ਼ੁਸ਼ਾਮਦ ਲਈ ਆਗੂ ਪੱਬਾਂ ਭਾਰ



## ਮੋਦੀ ਵੱਲੋਂ 'ਫਿਰਕੂ ਵਜ਼ੀਰਾਂ' ਨੂੰ ਹਲਕੀ ਜਿਹੀ ਝਾੜ

**ਨਵੀਂ ਦਿੱਲੀ:** ਘੱਟ-ਗਿਣਤੀਆਂ ਬਾਰੇ ਲਗਾਤਾਰ ਕੀਤੀਆਂ ਜਾ ਰਹੀਆਂ ਵਿਵਾਦਗ੍ਰਸਤ ਟਿੱਪਣੀਆਂ ਪਿੱਛੋਂ ਪ੍ਰਧਾਨ ਮੰਤਰੀ ਨੇ ਆਪਣੇ ਵਜ਼ੀਰਾਂ ਨੂੰ ਹੱਦ ਵਿਚ ਰਹਿਣ ਦੀ ਸਲਾਹ ਦਿੱਤੀ ਹੈ। ਅਸਲ ਵਿਚ ਭਾਜਪਾ ਸਰਕਾਰ ਦੀ ਘੱਟ-ਗਿਣਤੀਆਂ ਬਾਰੇ ਸੋਚ ਦੀ ਕਾਫੀ ਨੁਕਤਾਚੀਨੀ ਹੋ ਰਹੀ ਹੈ ਅਤੇ ਕੁਝ ਸੀਨੀਅਰ ਆਗੂ ਵੀ ਆਰ.ਐਸ.ਐਸ. ਤੋਂ ਵਾਹ-ਵਾਹ ਖੱਟਣ ਲਈ ਕੀਤੀ ਜਾ ਰਹੀ ਬਿਆਨਬਾਜ਼ੀ ਤੋਂ ਦੁਖੀ ਹੈ। ਖਾਸ ਕਰ ਧਰਮ ਪਰਿਵਰਤਨ ਦੇ ਮੁੱਦੇ 'ਤੇ ਭਾਜਪਾ ਦੇ ਅਕਸ ਨੂੰ ਕਾਫੀ ਧੱਕਾ ਲੱਗਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਹ ਵੀ ਕਿਹਾ ਕਿ ਸਰਕਾਰ ਆਪਣੇ ਵਿਕਾਸ ਦੇ ਏਜੰਡੇ ਨੂੰ ਲੀਹੋਂ ਨਹੀਂ ਉਤਾਰੇਗੀ ਤੇ ਸਾਰੇ ਮੈਂਬਰ ਟਿੱਪਣੀਆਂ ਕਰਦੇ ਸਮੇਂ ਆਪਣੀ ਸੀਮਾ, ਮਰਿਆਦਾ ਵਿਚ ਰਹਿਣ ਤੇ 'ਲਛਮਣ ਰੇਖਾ' ਤੋਂ ਬਾਹਰ ਨਾ ਜਾਣ।

## ਮੋਦੀ ਦੇ ਭਾਸ਼ਣ ਪਿਛੋਂ ਬਾਦਲਾਂ ਨੂੰ ਨਸ਼ਿਆਂ ਦਾ ਮੁੱਦਾ ਚੇਤੇ ਆਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਰੇਡੀਓ ਉਤੇ 'ਮਨ ਕੀ ਬਾਤ' ਪ੍ਰੋਗਰਾਮ ਦੌਰਾਨ ਨਸ਼ਿਆਂ ਦੇ ਮੁੱਦੇ 'ਤੇ ਪੰਜਾਬ ਦਾ ਵਿਸ਼ੇਸ਼ ਜ਼ਿਕਰ ਕਰਨ ਪਿੱਛੋਂ ਸੂਬਾ ਦੀਆਂ ਸਿਆਸੀ ਧਿਰਾਂ ਵਿਚ ਹਿੱਲਜੁਲ ਸ਼ੁਰੂ ਹੋ ਗਈ ਹੈ। ਭਾਜਪਾ ਦੀ ਪੰਜਾਬ ਇਕਾਈ ਨੇ ਜਿਥੇ ਸੂਬੇ ਵਿਚ ਨਸ਼ਿਆਂ ਖਿਲਾਫ ਮੁਹਿੰਮ ਵਿੱਢਣ ਦੀ ਗੱਲ ਆਖੀ ਹੈ, ਉਥੇ ਉਸ ਦੇ ਭਾਈਵਾਲ ਅਕਾਲੀ ਦਲ ਨੇ ਸਮੱਸਿਆ ਦੇ ਹੱਲ ਲਈ ਕੇਂਦਰ ਸਰਕਾਰ ਕੋਲ ਪਹੁੰਚ ਕੀਤੀ ਹੈ।



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਲਿਖੇ ਪੱਤਰਾਂ ਰਾਹੀਂ ਜਿਥੇ ਪੰਜਾਬ ਪੁਲਿਸ ਦੀ ਪਿੱਠ ਥਾਪੜੀ ਹੈ ਉਥੇ ਭਾਜਪਾ ਦੀ ਸੱਤਾ ਵਾਲੇ ਸੂਬਿਆਂ ਵਿਚ ਪੋਸਤ ਦੀ ਖੇਤੀ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਰਾਜਸਥਾਨ ਵਿਚ ਅਫੀਮ ਦੀ ਖੇਤੀ ਕੀਤੀ ਜਾਂਦੀ ਹੈ ਤੇ ਇਸ ਨੂੰ ਹਰਿਆਣਾ ਤੇ ਰਾਜਸਥਾਨ ਸਰਹੱਦਾਂ ਰਾਹੀਂ ਪੰਜਾਬ ਵਿਚ ਭੇਜਿਆ ਜਾਂਦਾ ਹੈ। ਚਰਸ ਮੁੱਖ ਤੌਰ 'ਤੇ ਹਿਮਾਚਲ ਪ੍ਰਦੇਸ਼ ਵਿਚੋਂ ਆਉਂਦੀ ਹੈ। ਕੌਮਾਂਤਰੀ ਸਰਹੱਦ ਪਾਰ ਤੋਂ ਹੈਰੋਇਨ ਤੇ ਅਫ਼ੀਮ, ਜਦੋਂਕਿ ਦੂਜੇ ਸੂਬਿਆਂ ਤੋਂ ਭੁੱਕੀ, ਚਰਸ ਤੇ ਗਾਂਜਾ ਆ ਰਿਹਾ ਹੈ। ਬਾਦਲਾਂ ਨੇ ਸੂਬੇ ਵਿਚ ਨਸ਼ਾ ਤਸਕਰੀ ਰੋਕਣ ਲਈ ਕੇਂਦਰੀ ਏਜੰਸੀਆਂ ਨੂੰ ਚੌਕਸ ਕਰਨ ਤੇ

(ਬਾਕੀ ਸਫਾ 6 'ਤੇ)







# ਕੋਲਾ ਘੁਟਾਲਾ ਕੇਸ ਵਿਚ ਮਨਮੋਹਨ ਸਿੰਘ ਤੋਂ ਹੋਵੇਗੀ ਪੁੱਛ-ਪੜਤਾਲ

**ਨਵੀਂ ਦਿੱਲੀ:** ਸੀ.ਬੀ.ਆਈ. ਨੂੰ ਹਿੰਦਾਲਕੋ ਕੰਪਨੀ ਨੂੰ ਤਲਬੀਰਾ-2 ਕੋਇਲਾ ਬਲਾਕ ਦੀ ਅਲਾਟਮੈਂਟ ਦੇ ਮਾਮਲੇ ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਪੁੱਛ-ਪੜਤਾਲ ਕਰਨ ਦੀ ਹਦਾਇਤ ਦਿੱਤੀ ਗਈ ਹੈ। ਇਹ ਅਲਾਟਮੈਂਟ 2005 ਵਿਚ ਹੋਈ ਸੀ ਜਦੋਂ ਕੋਇਲਾ ਮੰਤਰਾਲਾ ਉਨ੍ਹਾਂ (ਮਨਮੋਹਨ ਸਿੰਘ) ਕੋਲ ਸੀ।

ਸੀ.ਬੀ.ਆਈ. ਜਿਸ ਨੇ ਇਸ ਕੇਸ ਵਿਚ ਕਲੋਜ਼ਰ ਰਿਪੋਰਟ ਦਾਖਲ ਕਰਾਈ ਸੀ, ਕੋਲ ਇਹ ਮਾਮਲਾ ਅਗਲੇਰੀ ਜਾਂਚ ਲਈ ਵਾਪਸ ਭੇਜਦਿਆਂ, ਵਿਸ਼ੇਸ਼ ਅਦਾਲਤ ਦੇ ਜੱਜ ਭਾਰਤ ਪ੍ਰਾਸ਼ਰ ਨੇ ਆਖਿਆ ਕਿ ਉਸ ਵੇਲੇ ਦੇ ਕੋਇਲਾ ਮੰਤਰੀ ਤੋਂ ਮਾਮਲੇ ਦੇ ਵੱਖ-ਵੱਖ ਪੱਖਾਂ ਬਾਰੇ ਪੁੱਛ-ਪੜਤਾਲ ਵਾਜਬ ਹੈ। ਜੱਜ ਨੇ ਆਖਿਆ, "ਮੇਰਾ ਖਿਆਲ ਹੈ ਕਿ ਇਸ ਤੋਂ ਪਹਿਲਾਂ ਕਿ ਇਹ ਜਾਂਚ ਕੀਤੀ ਜਾਵੇ ਕਿ ਕੀ ਗੜਬੜ ਹੋਈ ਸੀ ਅਤੇ ਕਿਸ ਨੇ ਕੀਤੀ ਸੀ, ਮਾਮਲੇ ਦੇ ਵੱਖ-ਵੱਖ ਪੱਖਾਂ ਬਾਰੇ ਉਸ ਵੇਲੇ ਦੇ ਕੋਇਲਾ ਮੰਤਰੀ ਤੋਂ ਪੁੱਛ-ਪੜਤਾਲ ਕੀਤੀ ਜਾਣੀ ਚਾਹੀਦੀ ਹੈ।" ਅਦਾਲਤ ਨੇ ਕਿਹਾ ਕਿ ਮਨਮੋਹਨ ਸਿੰਘ ਤੋਂ ਇਲਾਵਾ ਉਸ ਵੇਲੇ ਪੀ.ਐਮ.ਓ. ਵਿਚ ਕੰਮ ਕਰਨ ਵਾਲੇ ਵੱਖ-ਵੱਖ ਅਫਸਰਾਂ ਤੋਂ ਵੀ ਸੁਚੱਜੀ ਤਰ੍ਹਾਂ ਪੁੱਛ-ਪੜਤਾਲ ਕੀਤੀ ਜਾਵੇ ਜੋ ਹਿੰਦਾਲਕੋ ਨੂੰ ਕੋਇਲਾ ਬਲਾਕ ਦੇਣ ਦੇ ਮਾਮਲੇ ਨਾਲ ਜੁੜੇ ਹੋਏ ਸਨ ਅਤੇ ਉਨ੍ਹਾਂ ਤੋਂ ਪਹਿਲਾਂ ਕੋਈ ਪੁੱਛ-ਪੜਤਾਲ ਨਹੀਂ ਕੀਤੀ ਗਈ ਸੀ। ਪ੍ਰਧਾਨ ਮੰਤਰੀ ਦੇ ਨਿੱਜੀ ਸਕੱਤਰ ਬੀ.ਵੀ.ਆਰ. ਸੁਬਰਾਮਨੀਅਮ ਤੋਂ ਪੁੱਛ-ਪੜਤਾਲ ਨਹੀਂ ਕੀਤੀ ਗਈ ਅਤੇ ਪੀ.ਐਮ.ਓ. ਵਿਚ ਪ੍ਰਮੁੱਖ ਸਕੱਤਰ ਵਜੋਂ ਕੰਮ ਕਰਨ ਵਾਲੇ ਟੀ.ਕੇ.ਏ. ਨਾਇਰ ਨੂੰ ਪ੍ਰਸ਼ਨ ਪੱਤਰ ਭੇਜਿਆ ਗਿਆ ਸੀ, ਪਰ ਆਖਰ ਤੱਕ ਉਹ ਕੁਝ ਸਵਾਲਾਂ ਦਾ ਜਵਾਬ ਦੇਣ ਤੋਂ ਬਚਦੇ ਰਹੇ ਸਨ। ਸੀ.ਬੀ.ਆਈ. ਨੇ ਪਹਿਲਾਂ ਹਿੰਦਾਲਕੋ ਦੇ ਕੁਮਾਰ ਮੰਗਲਮ ਬਿਰਲਾ, ਸਾਬਕਾ ਕੋਇਲਾ ਸਕੱਤਰ ਪੀ.ਸੀ. ਪਾਰਖ, ਮੈਸਰਜ਼ ਹਿੰਦਾਲਕੋ ਇੰਡਸਟ੍ਰੀਜ਼ ਲਿਮਟਿਡ ਅਤੇ ਕੁਝ ਅਣਪਛਾਤੇ ਵਿਅਕਤੀਆਂ ਖਿਲਾਫ ਆਈ.ਪੀ.ਸੀ. ਦੀ ਧਾਰਾ 120 ਬੀ. ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਲੰਘੀ 27 ਅਗਸਤ ਨੂੰ ਸੀ.ਬੀ.ਆਈ. ਨੇ ਕਲੋਜ਼ਰ ਰਿਪੋਰਟ ਪੇਸ਼ ਕਰਦਿਆਂ ਆਖਿਆ ਸੀ ਕਿ ਤਲਬੀਰਾ-2 ਕੋਇਲਾ ਬਲਾਕ ਦੀ ਅਲਾਟਮੈਂਟ ਵਿਚ ਕਿਸੇ ਤਰ੍ਹਾਂ ਦੀ ਕੋਈ ਗੜਬੜ ਸਾਹਮਣੇ ਨਹੀਂ ਆਈ।

# ਸ਼ਿੰਗਾਰ ਸਿਨੇਮਾ ਬੰਬ ਕਾਂਡ ਦੇ ਸਾਰੇ ਮੁਲਜ਼ਮ ਬਰੀ

**ਲੁਧਿਆਣਾ:** ਸੱਤ ਸਾਲ ਪਹਿਲਾਂ ਸ਼ਹਿਰ ਦੇ ਸ਼ਿੰਗਾਰ ਸਿਨੇਮਾ ਵਿਚ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਲੁਧਿਆਣਾ ਦੀ ਅਦਾਲਤ ਨੇ ਇਸ ਮਾਮਲੇ ਵਿਚ ਨਾਮਜ਼ਦ ਸਾਰੇ ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਇਸ ਮਾਮਲੇ ਸਬੰਧੀ ਵਧੀਕ ਸੈਸ਼ਨਜ਼ ਜੱਜ ਹਰੀ ਸਿੰਘ ਗਰੇਵਾਲ ਦੀ ਅਦਾਲਤ ਨੇ ਇਹ ਫ਼ੈਸਲਾ ਸੁਣਾਇਆ।


ਜ਼ਿਕਰਯੋਗ ਹੈ ਕਿ ਸ਼ਿੰਗਾਰ ਸਿਨੇਮਾ ਕਾਂਡ ਲਈ ਪੁਲਿਸ ਨੇ ਹਰਮਿੰਦਰ ਸਿੰਘ, ਗੁਰਪ੍ਰੀਤ ਸਿੰਘ, ਰਵਿੰਦਰ ਸਿੰਘ ਅਤੇ ਸੰਦੀਪ ਨੂੰ ਨਾਮਜ਼ਦ ਕੀਤਾ ਸੀ। ਇਨ੍ਹਾਂ ਵਿਚੋਂ ਸੰਦੀਪ ਦੀ 2013 ਵਿਚ ਜੇਲ੍ਹ ਵਿਚ ਹੀ ਮੌਤ ਹੋ ਗਈ ਸੀ। ਅਦਾਲਤ ਨੇ ਬਾਕੀ ਤਿੰਨਾਂ ਮੁਲਜ਼ਮਾਂ ਨੂੰ ਹੁਣ ਬਰੀ ਕਰ ਦਿੱਤਾ ਹੈ। ਕੇਸ ਦੇ ਫ਼ੈਸਲੇ ਬਾਰੇ ਬਚਾਅ ਪੱਖ ਦੇ ਵਕੀਲ ਗੁਰਮੀਤ ਸਿੰਘ ਰੱਤੂ ਨੇ ਕਿਹਾ ਕਿ 14 ਅਕੂਤਬਰ 2007 ਨੂੰ ਈਦ ਵਾਲੇ ਦਿਨ ਹੋਏ ਇਸ ਬੰਬ ਕਾਂਡ ਵਿਚ ਛੇ ਲੋਕਾਂ ਦੀ ਜਾਨ ਗਈ ਸੀ ਅਤੇ ਕਰੀਬ 38 ਲੋਕ ਜ਼ਖ਼ਮੀ ਹੋਏ ਸਨ। ਇਸ ਕਾਂਡ ਤੋਂ ਇੱਕ ਮਹੀਨਾ ਬਾਅਦ ਪੁਲਿਸ ਨੇ ਚਾਰ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਚਾਰ ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਸਭ ਤੋਂ ਪਹਿਲਾਂ ਪੁਲਿਸ ਨੇ 12 ਨਵੰਬਰ 2007 ਵਿਚ ਰਵਿੰਦਰ ਸਿੰਘ ਅਤੇ ਹਰਮਿੰਦਰ ਸਿੰਘ ਨੂੰ ਕੇਸ ਵਿਚ ਨਾਮਜ਼ਦ ਕੀਤਾ ਅਤੇ ਉਸ ਤੋਂ ਬਾਅਦ 15 ਨਵੰਬਰ ਨੂੰ ਸੰਦੀਪ ਅਤੇ ਗੁਰਪ੍ਰੀਤ ਨੂੰ ਵੀ ਇਸ ਕੇਸ ਵਿਚ ਨਾਮਜ਼ਦ ਕਰ ਲਿਆ। ਇਸ ਕੇਸ ਵਿਚ ਸਿਰਫ਼ ਰਵਿੰਦਰ ਕੋਲੋਂ 250 ਗ੍ਰਾਮ ਆਰ.ਡੀ.ਐਕਸ. ਬਰਾਮਦ ਹੋਇਆ ਸੀ। ਕੇਸ ਦੇ ਗਵਾਹਾਂ ਨੇ ਪਹਿਲਾਂ ਮੁਲਜ਼ਮਾਂ ਦੀ ਸ਼ਨਾਖ਼ਤ ਕੀਤੀ ਸੀ, ਪਰ ਅਦਾਲਤ ਵਿਚ ਸਾਰੇ ਹੀ ਮੁੱਕਰ ਗਏ। ਇਸ ਕੇਸ ਵਿਚ ਸਰਕਾਰੀ ਪੱਖ ਨੇ 43 ਗਵਾਹ ਅਤੇ ਬਚਾਅ ਪੱਖ ਨੇ ਕਰੀਬ 13 ਗਵਾਹ ਪੇਸ਼ ਕੀਤੇ ਸਨ। ਇਸ ਮਾਮਲੇ ਦੀ 11 ਦਸੰਬਰ, 2014 ਨੂੰ ਸੁਣਵਾਈ ਪੂਰੀ ਹੋਈ ਸੀ।

# ਗੁਰਦੁਆਰਾ ਸੈਨ ਹੋਜ਼ੇ 'ਚ ਸ਼ਹੀਦੀ ਜੋੜ ਮੇਲੇ ਸਬੰਧੀ ਸਮਾਗਮ 26 ਤੋਂ

**ਸੈਨ ਹੋਜ਼ੇ (ਬਿਊਰੋ):** ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ- ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦਾ ਸ਼ਹੀਦੀ ਦਿਵਸ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਖੇ 26, 27 ਅਤੇ 28 ਦਸੰਬਰ ਨੂੰ ਫਤਹਿਗੜ੍ਹ ਸਾਹਿਬ ਇਲਾਕੇ ਦੀਆਂ ਸੰਗਤਾਂ ਵਲੋਂ ਸ਼ਰਧਾ ਨਾਲ ਮਨਾਇਆ ਜਾਵੇਗਾ।

ਸ਼ੁੱਕਰਵਾਰ, 26 ਦਸੰਬਰ ਨੂੰ ਸ਼ਾਮ 7 ਵਜੇ ਤੋਂ ਰਾਤ 12 ਵਜੇ ਤੱਕ ਬੱਚਿਆਂ ਵਲੋਂ ਵਿਸ਼ੇਸ਼ ਕੀਰਤਨ ਦਰਬਾਰ ਹੋਵੇਗਾ ਅਤੇ 27 ਦਸੰਬਰ ਨੂੰ ਸ਼ਾਮ 8 ਵਜੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਫਿਲਮ ਦਿਖਾਈ ਜਾਵੇਗੀ। ਐਤਵਾਰ, 28 ਦਸੰਬਰ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਵਿਸ਼ੇਸ਼ ਕੀਰਤਨ ਦਰਬਾਰ ਸਜੇਗਾ। ਉਪਰੰਤ ਗੁਰਦੁਆਰਾ ਸਾਹਿਬ ਅੰਦਰ ਨਗਰ ਕੀਰਤਨ ਕੀਤਾ ਜਾਵੇਗਾ।

ਹੋਰ ਜਾਣਕਾਰੀ ਸੁਖਵਿੰਦਰ ਸਿੰਘ ਗੋਗੀ (408-648-6774) ਅਤੇ ਜਸਪਾਲ ਸਿੰਘ (408-509-8052) ਪਾਸੋਂ ਲਈ ਜਾ ਸਕਦੀ ਹੈ।

Jammu Chiropractic
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

We Accept Personal Injury (PI) Cases
Medicare & Most Private Insurances Accepted

Contact: Dr. Baljit Jammu
Doctor of Chiropractic
Ph: 510-940-8236
1090 La Playa Dr., Hayward CA 94545

GILL EXPRESS
NEW LOCATION
MEMPHIS
ਤਜ਼ਰਬੇਕਾਰ ਮਕੈਨਿਕ ਦੀ ਲੋੜ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਫਰੀ
Hwy I-40 Exit 280, Hwy I-55 Exit 4
Next To Pilot TRAVEL CENTERS LLC
REPAIR

TIRES

WASH

ਪੰਜਾਬੀ ਢਾਬਾ

@ 3657 Southland Dr. W. Memphis, AR-72301 Tel : 661-203-0433



## ਸਰਬੰਸ ਦਾਨੀ, ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

# ਮਹਾਨ ਆਤਮ ਰਸ ਕੀਰਤਨ ਦਰਬਾਰ

## 26, 27 ਅਤੇ 28 ਦਸੰਬਰ 2014

### ਪੰਥ ਦੇ ਮਹਾਨ ਕੀਰਤਨੀਏ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ

*ਪਹੁੰਚ ਰਹੇ ਕੀਰਤਨੀ ਜਥੇ*



ਭਾਈ ਸਤਨਾਮ ਸਿੰਘ
ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ



ਭਾਈ ਜਸਬੀਰ ਸਿੰਘ ਖਾਲਸਾ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ



ਭਾਈ ਹਰਪ੍ਰੀਤ ਸਿੰਘ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ



ਭਾਈ ਤਜਿੰਦਰ ਸਿੰਘ ਜੀ
ਭਾਈ ਡਿੰਪਲ ਸਿੰਘ ਜੀ
ਦਿੱਲੀ ਵਾਲੇ



ਭਾਈ ਹਰਬਲਜੀਤ ਸਿੰਘ
ਭਾਈ ਗੁਰਮੀਤ ਸਿੰਘ
ਬਟਾਲੇ ਵਾਲੇ



ਭਾਈ ਅੰਮ੍ਰਿਤਪਾਲ ਸਿੰਘ
ਸੰਗਰੂਰ ਵਾਲੇ

### ਪ੍ਰੋਗਰਾਮ ਦਾ ਵੇਰਵਾ

26 ਅਤੇ 27 ਦਸੰਬਰ 2014
*ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ*
28 ਦਸੰਬਰ 2014 (ਐਤਵਾਰ)
*ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤੱਕ*

### ਸੰਪਰਕ ਕਰੋ

ਇੰਦਰਜੀਤ ਸਿੰਘ-ਪ੍ਰਧਾਨ 510-774-4118
ਵਰਿੰਦਰ ਸਿੰਘ-ਜਨਰਲ ਸਕੱਤਰ 510-928-4625
ਕੁਲਵਿੰਦਰ ਸਿੰਘ-ਮੀਤ ਸਕੱਤਰ 510-472-2749

## ਦਾਸਰੇ: ਸਮੂਹ ਪ੍ਰਬੰਧਕ ਕਮੇਟੀ, ਸਿੱਖ ਸੈਂਟਰ, ਐਲ ਸਬਰਾਂਟੇ, ਕੈਲੀਫੋਰਨੀਆ

# Sikh Center of San Francisco

3500 Hill Crest Road, El Sobrante, CA 94803 (Ph: 510-223-9987)

## ਆਸ਼ੂਤੋਸ਼ ਸਮਾਧੀ

# ਡੇਰਾ ਪ੍ਰਬੰਧਕਾਂ ਦੀ ਆਸ ਨੇ ਉਡਾਈ ਪੰਜਾਬ ਸਰਕਾਰ ਦੀ ਨੀਂਦ

**ਜਲੰਧਰ:** ਨੂਰਮਹਿਲ ਦੇ ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਵਿਚ ਬੀਤੀ 29 ਜਨਵਰੀ ਤੋਂ ਡਾਕਟਰੀ ਤੌਰ 'ਤੇ ਮ੍ਰਿਤਕ ਐਲਾਨੇ ਆਸ਼ੂਤੋਸ਼ ਦੀ ਮ੍ਰਿਤਕ ਦੇਹ ਦੇ ਸਸਕਾਰ ਦਾ ਮਸਲਾ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ। ਹਾਈਕੋਰਟ ਦੇ ਹੁਕਮਾਂ ਤੋਂ ਤੁਰਤ ਪਿੱਛੋਂ ਭਾਵੇਂ ਪੰਜਾਬ ਸਰਕਾਰ ਵੱਲੋਂ ਡੇਰੇ ਨੂੰ ਚੁਫੇਰਿਓਂ ਘੇਰ ਕੇ ਸ਼ਰਧਾਲੂਆਂ ਦੀ ਆਵਾਜਾਈ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਪਰ ਨੂਰਮਹਿਲ ਵਿਖੇ ਹੋਏ ਮਹੀਨਾ ਵਾਰੀ ਭੰਡਾਰੇ ਮੌਕੇ ਪ੍ਰਬੰਧਕਾਂ ਨੇ ਮੁੜ ਇਹ ਗੱਲ ਪੂਰੀ ਦ੍ਰਿੜ੍ਹਤਾ ਨਾਲ ਦੁਹਰਾਈ ਕਿ ਆਸ਼ੂਤੋਸ਼ ਸਮਾਧੀ ਵਿਚ ਹਨ ਤੇ ਉਹ ਜਲਦੀ ਹੀ ਵਾਪਸ ਪਰਤਣਗੇ। ਡੇਰਾ ਹਮਾਇਤੀਆਂ ਦੇ ਹੌਸਲੇ ਬੁਲੰਦ ਕਰਨ ਲਈ ਭੰਡਾਰੇ ਦੀ ਸਟੇਜ ਤੋਂ 'ਆਸ਼ੂ ਬਾਬਾ ਆਏਂਗੇ' ਦੇ ਗੀਤ ਗਾਏ ਤੇ ਸਟੇਜ ਤੋਂ ਬੁਲਾਰਿਆਂ ਨੇ ਸੰਗਤ ਨੂੰ ਜ਼ੋਰ ਦੇ ਕੇ ਆਖਿਆ ਕਿ ਡੇਰੇ ਬਾਰੇ ਕੀਤੇ ਜਾ ਰਹੇ ਗੁਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਿਹਾ ਜਾਵੇ।

ਡੇਰਾ ਪ੍ਰਬੰਧਕ ਭਾਵੇਂ 60 ਹਜ਼ਾਰ ਤੋਂ ਉਪਰ ਇਕੱਠ ਹੋਣ ਦੇ ਦਾਅਵੇ ਕਰ ਰਹੇ ਹਨ, ਪਰ ਸਰਕਾਰੀ ਸੂਤਰਾਂ ਤੇ ਖੁਫੀਆ ਏਜੰਸੀਆਂ ਵੱਲੋਂ ਤਕਰੀਬਨ 20 ਹਜ਼ਾਰ ਲੋਕਾਂ ਦੇ ਭੰਡਾਰੇ ਵਿਚ ਸ਼ਾਮਲ ਹੋਣ ਦੀ ਗੱਲ ਆਖੀ ਗਈ। ਪ੍ਰਬੰਧਕ ਡੇਰਾ ਸ਼ਰਧਾਲੂਆਂ ਦੇ ਹੌਸਲੇ ਵਧਾਉਣ ਲਈ ਆਖ ਰਹੇ ਸਨ ਕਿ ਵਿਰੋਧੀਆਂ ਦੇ ਪ੍ਰਚਾਰ ਦੀ ਪ੍ਰਵਾਹ ਨਾ ਕਰੋ, ਬਾਬਾ ਦੇ ਸਮਾਧੀ ਵਿਚ ਜਾਣ ਦੇ 10 ਮਹੀਨਿਆਂ ਵਿਚ ਜਿੰਨਾ ਪ੍ਰਚਾਰ ਵਧਿਆ ਹੈ, ਪਹਿਲਾਂ ਨਹੀਂ ਸੀ। ਡੇਰਾ ਪ੍ਰਬੰਧਕ ਭਾਵੇਂ ਆਸ਼ੂਤੋਸ਼ ਦੇ ਸਮਾਧੀ ਵਿਚ ਹੋਣ ਤੇ ਜਲਦੀ ਪਰਤ ਆਉਣ ਉਪਰ ਤਾਂ ਅੜੇ ਹੋਏ ਹਨ, ਪਰ ਸਰਕਾਰ ਨਾਲ ਕਿਸੇ ਵੀ ਤਰ੍ਹਾਂ ਦੇ ਟਕਰਾਅ ਵਿਚ ਪੈਣ ਤੋਂ ਪੂਰੀ ਤਰ੍ਹਾਂ ਸੁਚੇਤ ਹੋ ਕੇ ਬਚਣ ਦਾ ਯਤਨ ਵੀ ਕਰ ਰਹੇ ਨਜ਼ਰ ਆਉਂਦੇ ਹਨ। ਇਸ ਵੇਲੇ ਡੇਰੇ ਉਪਰ ਪੁਲਿਸ ਦਾ ਸ਼ਿਕੰਜਾ ਕਾਫੀ ਮਜ਼ਬੂਤ ਹੋਇਆ ਦਿਖਾਈ ਦਿੰਦਾ ਹੈ। ਭਾਵੇਂ ਆਸ਼ੂਤੋਸ਼ ਦੀ ਦੇਹ ਵਾਲੇ ਕਮਰੇ ਤੱਕ ਪ੍ਰਸ਼ਾਸਨ ਦੀ ਅਜੇ ਵੀ ਪਹੁੰਚ ਨਾ ਹੋਣ ਦੀ ਗੱਲ ਕਹੀ ਜਾਂਦੀ ਹੈ, ਪਰ ਡੇਰੇ ਦੇ ਅੰਦਰ ਪੁਲਿਸ ਦੀ ਪਹੁੰਚ ਪੂਰੀ ਤਰ੍ਹਾਂ ਬੇਰੋਕ-ਟੋਕ ਹੈ।

### ਫਿਰ ਗੂੰਜੇ 'ਆਸ਼ੂ ਬਾਬਾ ਆਏਂਗੇ' ਦੇ ਗੀਤ



### ਮਸਲਾ ਨਿਬੇੜਨ ਦਾ ਮੌਕਾ ਜਾਣਬੁੱਝ ਕੇ ਖੁੰਝੀ ਸਰਕਾਰ

ਜਸਟਿਸ ਬੇਦੀ ਵੱਲੋਂ 18 ਮਾਰਚ ਨੂੰ 'ਪੂਰਨ ਸਿੰਘ ਬਨਾਮ ਪੰਜਾਬ ਸਰਕਾਰ' ਕੇਸ ਵਿਚ ਦਿੱਤਾ ਗਿਆ ਇਹ 9 ਪੰਨਿਆਂ ਦਾ ਅੰਤਰਿਮ ਫ਼ੈਸਲਾ ਪੰਜਾਬ ਸਰਕਾਰ ਲਈ ਆਪਣੇ ਪੱਧਰ 'ਤੇ ਹੀ ਮਸਲਾ ਨਿਬੇੜਨ ਦਾ ਕਾਰਗਰ ਸਬੱਬ ਬਣ ਸਕਦਾ ਸੀ ਪਰ ਹੋਇਆ ਇਹ ਕਿ ਇਸ ਅੰਤਰਿਮ ਪਰ ਲਾਹੇਵੰਦ ਸਾਬਤ ਹੋ ਸਕਦੇ ਫ਼ੈਸਲੇ ਤੋਂ ਵੀ ਤਕਰੀਬਨ ਪੰਜ ਮਹੀਨਿਆਂ ਮਗਰੋਂ 27 ਅਗਸਤ ਨੂੰ ਜਸਟਿਸ ਕਾਨਨ ਵੱਲੋਂ ਸੁਣਵਾਈ ਦੌਰਾਨ ਪੰਜਾਬ ਸਰਕਾਰ ਦੇ ਇਸ ਕੇਸ ਵਿਚ 'ਵਤੀਰੇ' ਨੂੰ ਬੇਹੱਦ ਸ਼ਰਮਨਾਕ ਕਹਿਣ ਜਿਹੀ ਟਿੱਪਣੀ ਕਰਨੀ ਪਈ। ਹੈਰਾਨੀ ਦੀ ਗੱਲ ਇਹ ਵੀ ਹੈ ਕਿ 29 ਜਨਵਰੀ ਤੋਂ ਬਾਅਦ ਇਸ ਮਾਮਲੇ ਉੱਤੇ ਦਰਜਨਾਂ ਸੁਣਵਾਈਆਂ ਤਹਿਤ ਪੰਜਾਬ ਸਰਕਾਰ, ਪੁਲਿਸ ਵਿਭਾਗ ਦੇ ਅਣਗਿਣਤ ਹਲਫ਼ਨਾਮੇ, ਰਿਪੋਰਟਾਂ ਆਦਿ ਤਾਂ ਹਾਈਕੋਰਟ ਵਿਚ ਆਉਂਦੀਆਂ ਰਹੀਆਂ ਹਨ ਪਰ ਮਸਲੇ ਨੂੰ ਹੱਲ ਕਰਨ ਬਾਬਤ ਸੰਜੀਦਗੀ ਹਾਲੇ ਤੱਕ ਵੀ ਨਹੀਂ ਵਿਖਾਈ ਜਾ ਸਕੀ। ਹਾਈਕੋਰਟ ਬੈਂਚ ਅਪ੍ਰੈਲ ਮਹੀਨੇ ਹੀ ਸੁਣਵਾਈ ਦੌਰਾਨ ਸਪਸ਼ਟ ਤੌਰ ਉੱਤੇ ਕਹਿ ਚੁੱਕਾ ਹੈ ਕਿ ਜੇਕਰ ਪੰਜਾਬ ਪੁਲਿਸ ਦੀ ਇੱਛਾ-ਸ਼ਕਤੀ ਹੋਵੇ ਤਾਂ ਇਹ ਖ਼ੁਦ ਹੀ ਆਸ਼ੂਤੋਸ਼ ਦੀ ਮੌਤ ਤੋਂ ਪਰਦਾ ਚੁੱਕ ਸਕਦੀ ਹੈ, ਕਿਉਂਕਿ ਪੁਲਿਸ ਵੱਲੋਂ ਹੀ ਮਾਮਲੇ ਵਿਚ ਉਦੋਂ ਤਾਈਂ ਵੀ ਨਾ ਤਾਂ ਕੋਈ ਐਫ.ਆਈ.ਆਰ. ਹੀ ਦਰਜ ਹੋਈ ਤੇ ਨਾ ਹੀ ਕੋਈ ਜਾਂਚ ਕੀਤੀ ਗਈ। ਅਜਿਹੇ ਵਿਚ ਸਬੰਧਤ ਪੁਲਿਸ ਅਧਿਕਾਰੀ ਚਾਹੁਣ ਤਾਂ ਸੀ.ਆਰ.ਪੀ.ਸੀ. ਦੀ ਧਾਰਾ 174 ਤਹਿਤ ਆਪਣੇ ਪੱਧਰ 'ਤੇ ਹੀ ਕਾਰਵਾਈ ਕਰ ਸਕਦੀ ਹੈ ਤੇ ਮੌਤ ਦੇ ਕਾਰਨਾਂ ਦਾ ਪਤਾ ਲੱਗ ਸਕਦਾ ਹੈ।

### ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਡੇਰੇ ਤੇ ਪੰਜਾਬ ਸਰਕਾਰ ਨੂੰ ਥੋੜ੍ਹੀ ਰਾਹਤ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈਕੋਰਟ ਨੇ ਨੂਰਮਹਿਲ ਡੇਰੇ ਦੇ ਮੁਖੀ ਆਸ਼ੂਤੋਸ਼ ਦੇ ਅੰਤਿਮ ਸੰਸਕਾਰ ਦੇ ਸਿੰਗਲ ਜੱਜ ਵੱਲੋਂ ਸੁਣਾਏ ਗਏ ਹੁਕਮਾਂ 'ਤੇ ਰੋਕ ਲਾ ਦਿੱਤੀ ਹੈ। ਅਦਾਲਤ ਨੇ ਮਾਮਲੇ ਦੀ ਸੁਣਵਾਈ ਨੌਂ ਫਰਵਰੀ ਨਿਰਧਾਰਤ ਕਰ ਦਿੱਤੀ ਹੈ। ਹਾਈਕੋਰਟ ਦੇ ਇਸ ਫੈਸਲੇ ਨਾਲ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਤੇ ਪੰਜਾਬ ਸਰਕਾਰ ਨੂੰ ਵੱਡੀ ਰਾਹਤ ਮਿਲੀ ਹੈ। ਡੇਰਾ ਮੁਖੀ ਆਸ਼ੂਤੋਸ਼ ਦੇ ਅੰਤਿਮ ਸੰਸਕਾਰ ਨਾਲ ਸਬੰਧਤ ਤਿੰਨ ਅਪੀਲਾਂ 'ਤੇ ਇਕੱਠਿਆਂ ਸੁਣਵਾਈ ਕਰਦਿਆਂ ਡਵੀਜ਼ਨ ਬੈਂਚ ਨੇ ਜਸਟਿਸ ਐਮ.ਐਸ.ਐਮ.ਐਸ. ਬੇਦੀ ਵੱਲੋਂ ਪਹਿਲੀ ਦਸੰਬਰ ਨੂੰ ਸੁਣਾਏ ਗਏ ਹੁਕਮਾਂ 'ਤੇ ਰੋਕ ਲਾ ਦਿੱਤੀ।

ਬੈਂਚ ਨੇ ਪੰਜਾਬ ਸਰਕਾਰ, ਆਸ਼ੂਤੋਸ਼ ਦੇ 'ਪੁੱਤਰ' ਦਲੀਪ ਕੁਮਾਰ ਝਾਅ ਤੇ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੀਆਂ ਅਪੀਲਾਂ 'ਤੇ ਕਿਹਾ ਕਿ ਉਹ ਹੁਕਮਾਂ ਨਾਲ ਇਤਫਾਕ ਨਹੀਂ ਰੱਖਦੇ ਸਨ, ਇਸ ਲਈ ਅਗਲੇ ਹੁਕਮਾਂ ਤੱਕ ਇਸ 'ਤੇ ਰੋਕ ਲਾਈ ਜਾਂਦੀ ਹੈ। ਬੈਂਚ ਮੂਹਰੇ ਪੇਸ਼ ਹੁੰਦਿਆਂ ਪੰਜਾਬ ਦੀ ਵਧੀਕ ਐਡਵੋਕੇਟ ਜਨਰਲ ਰੀਟਾ ਕੋਹਲੀ ਨੇ ਦੱਸਿਆ ਕਿ ਸਿੰਗਲ ਜੱਜ ਨੇ ਆਸ਼ੂਤੋਸ਼ ਦੇ 'ਪੁੱਤਰ' ਤੇ 'ਡਰਾਈਵਰ' ਦੀਆਂ ਪਟੀਸ਼ਨਾਂ ਇਸ ਆਧਾਰ 'ਤੇ ਖਾਰਜ ਕਰ ਦਿੱਤੀਆਂ ਕਿ ਇਨ੍ਹਾਂ 'ਤੇ ਸੁਣਵਾਈ ਨਹੀਂ ਕੀਤੀ ਜਾ ਸਕਦੀ।


# ਸਿੱਖ ਜਥੇਬੰਦੀਆਂ ਤੇ ਨੂਰਮਹਿਲੀਆਂ ਵਿਚ ਟਕਰਾਅ

**ਤਰਨਤਾਰਨ:** ਇਥੋਂ ਨੇੜਲੇ ਪਿੰਡ ਜੋਧਪੁਰ ਵਿਚ ਪਹਿਲੀ ਦਸੰਬਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਅਗਨ ਭੇਟ ਕਰ ਦੇਣ ਪਿੱਛੋਂ ਸਿੱਖ ਜਥੇਬੰਦੀਆਂ ਤੇ ਨੂਰਮਹਿਲੀਆਂ ਵਿਚ ਟਕਰਾਅ ਦੇ ਆਸਾਰ ਬਣੇ ਹੋਏ ਹਨ। ਪਸ਼ਚਾਤਾਪ ਵਜੋਂ ਕਰਵਾਏ ਗਏ ਪੰਜ ਅਖੰਡ ਪਾਠਾਂ ਦੇ ਭੋਗ ਦੇ ਆਖਰੀ ਦਿਨ ਕਰਵਾਏ ਗਏ ਧਾਰਮਿਕ ਸਮਾਗਮਾਂ ਵਿਚ ਗਰਮਖਿਆਲੀ ਸਿੱਖ ਜਥੇਬੰਦੀਆਂ ਇਸ ਕਾਂਡ ਦੇ ਦੋਸ਼ੀ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ (ਨੂਰਮਹਿਲੀਆਂ) ਦਾ ਇਥੇ ਸਥਿਤ ਡੇਰਾ (ਆਸ਼ਰਮ) ਬੰਦ ਕਰਾਉਣ ਵਿਚ ਕਾਮਯਾਬ ਹੋ ਗਈਆਂ। ਜ਼ਿਲ੍ਹਾ ਪ੍ਰਸ਼ਾਸਨ ਨੇ ਨੂਰਮਹਿਲੀਆਂ ਦੇ ਇਥੋਂ ਦੀ ਮੁਰਾਦਪੁਰ ਸੜਕ ਸਥਿਤ ਡੇਰੇ ਨੂੰ ਸਿੱਖ ਜਥੇਬੰਦੀਆਂ ਦੇ ਆਗੂਆਂ ਦੀ ਹਾਜ਼ਰੀ ਵਿਚ ਤਾਲਾ ਲਾ ਕੇ ਚਾਬੀਆਂ ਜਥੇਬੰਦੀਆਂ ਦੇ ਹਵਾਲੇ ਕਰ ਦਿੱਤੀਆਂ। ਹਾਲਾਂਕਿ ਡੇਰਾ ਪ੍ਰਬੰਧਕਾਂ ਦਾ ਦਾਅਵਾ ਹੈ ਕਿ ਆਸ਼ਰਮ ਨੂੰ ਜਿੰਦਰਾ ਲਾਉਣ ਦੀਆਂ ਖ਼ਬਰਾਂ ਅਫਵਾਹ ਹਨ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਲਾਕੇ ਵਿਚ ਨੂਰਮਹਿਲੀਆਂ ਦਾ ਕੋਈ ਵੀ ਸਤਸੰਗ ਨਹੀਂ ਹੋਣ ਦਿੱਤਾ ਜਾਵੇਗਾ।

ਇਸ ਤੋਂ ਪਹਿਲਾਂ ਪਿੰਡ ਵਿਖੇ ਹੋਏ ਧਾਰਮਿਕ ਸਮਾਗਮਾਂ ਵਿਚ ਨਰਮਖਿਆਲੀ ਤੇ ਗਰਮਖਿਆਲੀ ਵਿਚਾਰਾਂ ਦਾ ਕਈ ਵਾਰ ਭੇੜ ਹੋਇਆ ਸੀ। ਗਰਮਖਿਆਲੀ ਜਥੇਬੰਦੀਆਂ ਨੇ ਪਹਿਲਾਂ ਸਟੇਜ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਸਰਬਜੀਤ ਸਿੰਘ ਧੂੰਦਾ ਨੂੰ ਬੋਲਣ ਹੀ ਨਹੀਂ ਦਿੱਤਾ ਸੀ। ਸਥਿਤੀ ਉਸ ਵੇਲੇ ਹੋਰ ਵੀ ਗੰਭੀਰ ਹੋ ਗਈ ਸੀ ਜਦੋਂ ਗਰਮਖਿਆਲੀ ਆਗੂ ਕੰਵਲਜੀਤ ਸਿੰਘ ਵਨਝਤੀ ਨੂੰ ਸਟੇਜ 'ਤੇ ਚੜਨੋਂ ਰੋਕ ਦਿੱਤਾ ਗਿਆ ਸੀ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਜਦੋਂ ਸੰਬੋਧਨ ਕਰਨ ਲਈ ਕਿਹਾ ਗਿਆ ਤਾਂ ਕਈ ਗਰਮਖਿਆਲੀਆਂ ਨੇ ਉਨ੍ਹਾਂ ਦਾ ਵਿਰੋਧ ਕਰਨਾ ਚਾਹਿਆ ਪਰ ਉਹ ਆਪਣੇ ਵਿਚਾਰ ਰੱਖਣ ਵਿਚ ਕਾਮਯਾਬ ਰਹੇ। ਉਨ੍ਹਾਂ ਇਨ੍ਹਾਂ ਘਟਨਾਵਾਂ ਦੀ ਨਿਖੇਧੀ ਕਰਦਿਆਂ ਸਿੱਖ ਜਥੇਬੰਦੀਆਂ ਨੂੰ ਪੰਜ ਮੈਂਬਰੀ ਟੀਮ ਕਾਇਮ ਕਰਕੇ ਮਿਲ ਬੈਠ ਕੇ ਕੋਈ ਫੈਸਲਾ ਕਰਨ ਲਈ ਕਿਹਾ। ਵੈਸੇ, ਉਨ੍ਹਾਂ ਨੇ ਸੰਗਤ ਨੂੰ ਆਪਣੇ ਵਿਚਾਰਾਂ ਨਾਲ ਕਾਇਲ ਕਰ ਲਿਆ। ਉਨ੍ਹਾਂ ਇਹ ਵੀ ਕਿਹਾ ਕਿ ਇਸ ਬਾਰੇ ਜੋ ਕੁਝ ਵੀ ਸਰਕਾਰ ਕਰ ਰਹੀ ਹੈ, ਉਹ ਠੀਕ ਹੈ ਤੇ ਪ੍ਰਸ਼ਾਸਨ ਨੇ ਦੋਸ਼ੀਆਂ ਨੂੰ ਕਾਬੂ ਕਰ ਲਿਆ ਹੈ। ਜਿਵੇਂ ਹੀ ਉਨ੍ਹਾਂ ਆਪਣਾ ਸੰਬੋਧਨ ਸਮਾਪਤ ਕੀਤਾ ਤਾਂ ਗਰਮਖਿਆਲੀਆਂ ਨੇ ਸਟੇਜ 'ਤੇ ਕਬਜ਼ਾ ਕਰ ਲਿਆ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਸਿੱਖ ਜਥੇਬੰਦੀਆਂ ਕਾਰਵਾਈ ਕਰਨਗੀਆਂ। ਸਥਿਤੀ ਨਾਜ਼ੁਕ ਹੁੰਦੀ ਦੇਖ ਪ੍ਰਸ਼ਾਸਨ ਨੇ ਸਿੱਖ ਜਥੇਬੰਦੀਆਂ ਦੇ ਆਗੂ ਕੰਵਲਜੀਤ ਸਿੰਘ ਵਨਝਤੀ ਤੇ ਸਤਨਾਮ ਸਿੰਘ ਮਨਾਵਾ ਨੂੰ ਇਥੇ ਲਿਆਂਦਾ ਤੇ ਨੂਰਮਹਿਲੀਆਂ ਦੇ ਡੇਰੇ ਨੂੰ ਤਾਲਾ ਲਾ ਕੇ ਚਾਬੀਆਂ ਉਨ੍ਹਾਂ ਦੇ ਹਵਾਲੇ ਕਰ ਦਿੱਤੀਆਂ।

# ਬੱਚਿਆਂ 'ਤੇ ਉਲਟਾ ਅਸਰ ਕਰਦਾ ਹੈ ਸਜ਼ਾ ਦਾ ਡਰਾਵਾ

**ਟੋਰਾਂਟੋ:** ਜੇਕਰ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਸੱਚ ਬੋਲਣ ਤਾਂ ਚੰਗਾ ਏਹੀ ਹੋਵੇਗਾ ਕਿ ਉਨ੍ਹਾਂ ਨੂੰ ਝੂਠ ਬੋਲਣ 'ਤੇ ਸਜ਼ਾ ਦਿੱਤੇ ਜਾਣ ਦਾ ਡਰ ਨਾ ਪਾਇਆ ਜਾਵੇ। ਕੈਨੇਡਾ ਦੀ ਮੈਕਗਿੱਲ ਯੂਨੀਵਰਸਿਟੀ ਦੀ ਟੀਮ ਨੇ 4-8 ਸਾਲ ਦੀ ਉਮਰ ਦੇ 372 ਬੱਚਿਆਂ 'ਤੇ ਕੀਤੇ ਇਕ ਸਾਦੇ ਜਿਹੇ ਅਧਿਐਨ ਤੋਂ ਇਹ ਸਿੱਟਾ ਕੱਢਿਆ ਹੈ। ਮੈਕਗਿੱਲ ਯੂਨੀਵਰਸਿਟੀ ਦੇ ਡਿਪਾਰਟਮੈਂਟ ਆਫ ਐਜੂਕੇਸ਼ਨਲ ਐਂਡ ਕੌਂਸਲਿੰਗ ਸਾਇਕੋਲੋਜੀ ਦੀ ਪ੍ਰੋਫੈਸਰ ਵਿਕਟੋਰੀਆ ਤਲਵਾਰ ਦੀ ਅਗਵਾਈ ਵਿਚ ਕੀਤੇ ਗਏ ਅਧਿਐਨ ਵਿਚ ਇਕ-ਇਕ ਬੱਚੇ ਨੂੰ ਇਕ-ਇਕ ਮਿੰਟ ਲਈ ਕਮਰੇ ਵਿਚ ਇਕੱਲਾ ਛੱਡਿਆ ਗਿਆ ਤੇ ਉਸ ਦੇ ਪਿੱਛੇ ਟੇਬਲ 'ਤੇ ਇਕ ਖਿਡੌਣਾ ਰੱਖਿਆ ਗਿਆ।



ਬੱਚੇ ਨੂੰ ਕਿਹਾ ਗਿਆ ਕਿ ਜਦੋਂ ਉਹ ਕਮਰੇ ਵਿਚ ਇਕੱਲਾ ਹੋਵੇਗਾ ਤਾਂ ਉਹ ਖਿਡੌਣੇ ਵੱਲ ਮੁੜ ਕੇ ਝਾਤ ਨਾ ਮਾਰੇ। ਇਕ ਛੁਪਾਏ ਹੋਏ ਵੀਡੀਓ ਕੈਮਰੇ ਵਿਚ ਬੱਚਿਆਂ ਦੀਆਂ ਹਰਕਤਾਂ ਰਿਕਾਰਡ ਕੀਤੀਆਂ ਗਈਆਂ। ਜਦੋਂ ਖੋਜੀ ਟੀਮ ਦੇ ਮੈਂਬਰਾਂ ਨੇ ਪਰਤ ਕੇ ਕਮਰੇ ਵਿਚ ਬੱਚੇ ਨੂੰ ਪੁੱਛਿਆ ਕਿ ਉਸ ਨੇ ਪਿੱਛੇ ਮੁੜ ਕੇ ਖਿਡੌਣੇ ਵੱਲ ਤਾਂ ਨਹੀਂ ਦੇਖਿਆ ਤਾਂ 372 ਵਿਚੋਂ 251 (67.5 ਫੀਸਦੀ) ਬੱਚੇ ਖਿਡੌਣੇ ਵੱਲ ਦੇਖਣ ਵਾਲੇ ਸਨ। ਇਕ-ਇਕ ਮਹੀਨਾ ਵੱਧ ਉਮਰ ਵਾਲੇ ਬੱਚਿਆਂ ਵਿਚ ਖਿਡੌਣੇ ਵੱਲ ਚੋਰ ਝਾਤ ਮਾਰਨ ਦਾ ਰੁਝਾਨ ਥੋੜਾ ਘੱਟ ਦੇਖਿਆ ਗਿਆ। ਜਦੋਂ ਬੱਚਿਆਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੇ ਮੁੜ ਕੇ ਖਿਡੌਣੇ ਵੱਲ ਦੇਖਿਆ ਸੀ ਜਾਂ ਨਹੀਂ ਤਾਂ 167 ਭਾਵ 66.5 ਫੀਸਦੀ ਨੇ ਝੂਠ ਬੋਲਿਆ।

ਜਿਉਂ-ਜਿਉਂ ਉਨ੍ਹਾਂ ਦੀ ਉਮਰ ਮਹੀਨਾ ਮਹੀਨਾ ਵਧਦੀ ਰਹੀ, ਉਹ ਵਧੇਰੇ ਝੂਠ ਬੋਲਣ ਵਾਲੇ ਤੇ ਇਸ 'ਤੇ ਕਾਇਮ ਰਹਿਣ ਵਾਲੇ ਬਣਦੇ ਗਏ। ਟੀਮ ਨੇ ਇਹ ਵੀ ਦੇਖਿਆ ਕਿ ਜਦੋਂ ਉਨ੍ਹਾਂ ਨੂੰ ਲੱਗਿਆ ਕਿ ਝੂਠ ਬੋਲਣ 'ਤੇ ਉਨ੍ਹਾਂ ਨੂੰ ਸਜ਼ਾ ਮਿਲੇਗੀ ਤਾਂ ਉਨ੍ਹਾਂ ਵੱਧ ਝੂਠ ਬੋਲਿਆ ਜਦਕਿ ਜਦੋਂ ਉਨ੍ਹਾਂ ਨੂੰ ਲੱਗਿਆ ਕਿ ਸੱਚ ਬੋਲਣ ਨਾਲ ਵੱਡੇ ਖ਼ੁਸ਼ ਹੋਣਗੇ ਜਾਂ ਇਹ ਸਹੀ ਗੱਲ ਹੈ ਤੇ ਉਨ੍ਹਾਂ ਨੂੰ ਵੀ ਸੱਚ ਬੋਲ ਕੇ ਖ਼ੁਸ਼ੀ ਮਿਲੇਗੀ, ਤਾਂ ਉਨ੍ਹਾਂ ਨੇ ਸੱਚ ਬੋਲਿਆ। ਛੋਟੇ ਬੱਚੇ ਵੱਡਿਆਂ ਨੂੰ ਖ਼ੁਸ਼ ਕਰਨ ਲਈ ਸੱਚ ਬੋਲਣ ਵੱਲ ਵੱਧ ਰੁਚਿਤ ਦੇਖੇ ਗਏ ਤੇ ਥੋੜ੍ਹੇ ਵੱਡੇ ਬੱਚੇ ਇਸ ਨੂੰ ਸਹੀ ਵਰਤਾਓ ਮੰਨ ਕੇ ਸੱਚ ਬੋਲਣ ਵਾਲੇ ਦੇਖੇ ਗਏ। ਤਲਵਾਰ ਅਨੁਸਾਰ ਕੁਲ ਮਿਲਾ ਕੇ ਸਿੱਟਾ ਇਹ ਹੈ ਕਿ ਸਜ਼ਾ ਦਾ ਡਰਾਵਾ ਦੇ ਕੇ ਬੱਚਿਆਂ ਨੂੰ ਸੱਚ ਬੋਲਣ ਨਹੀਂ ਲਾਇਆ ਜਾ ਸਕਦਾ।

### ਹੁਣ ਵੈਬਸਾਈਟ ਰਾਹੀਂ ਹੋਵੇਗੀ ਗੁੰਮਸ਼ੁਦਾ ਬੱਚਿਆਂ ਦੀ ਭਾਲ

**ਨਵੀਂ ਦਿੱਲੀ:** ਗਰੀਬ ਲਾਪਤਾ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰ ਨਾਲ ਮਿਲਾਉਣ ਲਈ ਹੁਣ ਇਕ ਵੈੱਬਸਾਈਟ ਦੀ ਮਦਦ ਲਈ ਜਾਵੇਗੀ।

ਕੇਂਦਰੀ ਮੰਤਰੀ ਰਵੀ ਸ਼ੰਕਰ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਦੇਸ਼ ਵਿਚ ਕਈ ਬੱਚੇ ਲਾਪਤਾ ਹੁੰਦੇ ਹਨ ਜਿਨ੍ਹਾਂ ਵਿਚੋਂ ਅਮੀਰ ਲੋਕ ਤਾਂ ਆਪਣੇ ਬੱਚਿਆਂ ਦੀ ਭਾਲ ਲਈ ਹੀਲੇ ਕਰ ਲੈਂਦੇ ਹਨ ਜਦਕਿ ਗਰੀਬੀ ਤੋਂ ਮਜਬੂਰ ਪਰਿਵਾਰ ਆਪਣੇ ਲਾਪਤਾ ਬੱਚਿਆਂ ਨੂੰ ਲੱਭਣ ਵਿਚ ਨਾਕਾਮ ਰਹਿੰਦੇ ਹਨ। ਇਸ ਲਈ ਸੂਚਨਾ ਤਕਨੀਕ ਵਿਭਾਗ ਨੇ ਅਜਿਹੀ ਵੈੱਬਸਾਈਟ ਬਣਾਉਣ ਦਾ ਫ਼ੈਸਲਾ ਕੀਤਾ ਹੈ ਜਿਹੜੀ ਇਨ੍ਹਾਂ ਲਾਪਤਾ ਬੱਚਿਆਂ ਦੀ ਜਾਣਕਾਰੀ ਦੇਵੇਗੀ। ਇਸ ਪ੍ਰਾਜੈਕਟ ਨੂੰ ਜਨਤਕ ਪੱਧਰ ਤੱਕ ਲਿਜਾਣ ਲਈ ਵਿਭਾਗ ਨੇ ਆਮ ਜਨਤਾ ਨੂੰ ਵੀ ਨਾਲ ਜੋੜਨ ਦੀ ਯੋਜਨਾ ਬਣਾਈ ਹੈ। ਮੰਤਰੀ ਨੇ ਕਿਹਾ ਕਿ ਸੜਕ 'ਤੇ ਕੋਈ ਵੀ ਗਰੀਬ ਬੱਚਾ ਅਜਿਹੀ ਹਾਲਤ ਵਿਚ ਮਿਲੇ ਤਾਂ ਉਸ ਦੀ ਤਸਵੀਰ ਖਿੱਚ ਕੇ ਵੈੱਬਸਾਈਟ 'ਤੇ ਪਾਓ ਤਾਂ ਜੋ ਉਸ ਤਸਵੀਰ ਦੀ ਦੇਸ਼ ਪੱਧਰ 'ਤੇ ਤਸਦੀਕ ਕੀਤੀ ਜਾ ਸਕੇ।

# ਦਿਲੀਪ ਕੁਮਾਰ ਦਾ ਵਿਰਾਸਤੀ ਘਰ ਖੰਡਰ ਬਣਿਆ

**ਪਿਸ਼ਾਵਰ:** ਬਾਲੀਵੁੱਡ ਦੇ ਮਹਾਨ ਕਲਾਕਾਰ ਦਿਲੀਪ ਕੁਮਾਰ ਦਾ ਇਥੇ ਸਥਿਤ ਜੱਦੀ ਘਰ, ਜਿਸ ਨੂੰ ਪਾਕਿਸਤਾਨ ਸਰਕਾਰ ਨੇ ਕੌਮੀ ਵਿਰਾਸਤ ਦਾ ਦਰਜਾ ਦਿੱਤਾ ਹੋਇਆ ਹੈ, ਕਿਸੇ ਵੇਲੇ ਵੀ ਢਹਿ ਸਕਦਾ ਹੈ। ਇਸ ਘਰ ਦੀ ਹਾਲਤ ਕਾਫ਼ੀ ਖਸਤਾ ਹੋ ਚੁੱਕੀ ਹੈ। ਇਲਾਕੇ ਦੇ ਲੋਕਾਂ ਨੇ ਸਰਕਾਰ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਕੌਮੀ ਵਿਰਾਸਤ ਨੂੰ ਮਲਬਾ ਬਣਨ ਤੋਂ ਰੋਕਣ ਲਈ ਤੁਰੰਤ ਤੇ ਢੁਕਵੇਂ ਕਦਮ ਚੁੱਕੇ। ਦਿਲੀਪ ਕੁਮਾਰ ਦੇ ਇਸ ਜੱਦੀ ਘਰ ਨੂੰ ਬੀਤੇ ਸਾਲ ਸਰਕਾਰ ਨੇ ਕੌਮੀ ਵਿਰਾਸਤ ਐਲਾਨਿਆ ਸੀ।

ਪੇਸ਼ਾਵਰ ਦੇ ਲੋਕਾਂ ਲਈ ਪੰਜ ਮਰਲਿਆਂ ਵਿਚ ਬਣਿਆ ਇਹ ਤਿੰਨ ਮੰਜ਼ਿਲਾ ਘਰ ਮਾਣ ਦੀ ਗੱਲ ਹੈ। ਇਸ ਮਹਾਨ ਕਲਾਕਾਰ ਨੂੰ ਪਾਕਿਸਤਾਨ ਦਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਨਿਸ਼ਾਨ-ਏ-ਇਸਤਿਆਜ਼ ਮਿਲ ਚੁੱਕਾ ਹੈ। ਸਰਕਾਰ ਨੇ ਇਸ ਘਰ ਨੂੰ ਕੌਮੀ ਵਿਰਾਸਤ ਦਾ ਦਰਜਾ ਦੇਣ ਵੇਲੇ ਐਲਾਨ ਕੀਤਾ ਸੀ ਕਿ ਇਸ ਨੂੰ ਅਜਾਇਬਘਰ ਵਿਚ ਤਬਦੀਲ ਕੀਤਾ ਜਾਵੇਗਾ, ਪਰ ਉਸ ਐਲਾਨ 'ਤੇ ਹੁਣ ਤੱਕ ਅਮਲ ਨਹੀਂ ਹੋਇਆ। ਦਿਲੀਪ ਕੁਮਾਰ ਦੇ ਜੱਦੀ ਘਰ ਦੇ ਨੇੜੇ ਰਹਿਣ ਵਾਲੇ ਸ਼ਾਹ ਹੁਸੈਨ ਦੇ ਘਰ ਦੀ ਹਾਲਤ ਬਾਰੇ ਫ਼ਿਕਰਮੰਦੀ ਜ਼ਾਹਰ ਕਰਦਿਆਂ ਕਿਹਾ ਕਿ ਘਰ ਦੀ ਖਸਤਾ ਹਾਲਤ ਦੇਖ ਕੇ ਲੱਗਦਾ ਹੈ ਕਿ ਇਹ ਕਿਸੇ ਵੇਲੇ ਵੀ ਡਿੱਗ ਜਾਵੇਗਾ। ਇਸ ਤਿੰਨ ਮੰਜ਼ਿਲਾ ਘਰ ਦੀਆਂ ਦੋ ਮੰਜ਼ਿਲਾ ਪਹਿਲਾਂ ਹੀ ਢੇਰੀ ਹੋ ਚੁੱਕੀਆਂ ਹਨ।



ਦਿਲੀਪ ਕੁਮਾਰ ਨੇ ਆਪਣੀ ਜ਼ਿੰਦਗੀ ਦੇ ਪਹਿਲੇ ਸੱਤ ਸਾਲ ਇਸ ਘਰ ਵਿਚ ਗੁਜ਼ਾਰੇ। 1930 ਦੇ ਦਹਾਕੇ ਵਿਚ ਉਨ੍ਹਾਂ ਦਾ ਪਰਿਵਾਰ ਮੁੰਬਈ ਆ ਕੇ ਵਸ ਗਿਆ ਸੀ। ਖ਼ੈਬਰ ਪਖਤੂਨਖਵਾ ਸਰਕਾਰ ਦੇ ਇਸ ਅਧਿਕਾਰੀ ਨੇ ਦੱਸਿਆ ਕਿ ਇਸ ਘਰ ਦੀ ਹਾਲਤ ਸੁਧਾਰਨ ਤੇ ਇਸ ਨੂੰ ਅਜਾਇਬਘਰ ਦਾ ਦਰਜਾ ਦੇਣ ਦਾ ਅਮਲ ਅਦਾਲਤੀ ਕਾਰਵਾਈ ਕਾਰਨ ਰੁਕਿਆ ਹੋਇਆ ਹੈ ਕਿਉਂਕਿ ਕੁਝ ਲੋਕਾਂ ਨੇ ਇਸ ਘਰ 'ਤੇ ਦਾਅਵੇਦਾਰੀ ਲਈ ਕੇਸ ਪਾਇਆ ਹੋਇਆ ਹੈ।

# ਮਨੀਗ੍ਰਾਮ ਵਲੋਂ ਭਾਰਤ ਵਿਚਲੇ ਬੈਂਕ ਖਾਤਿਆਂ ਲਈ ਮਨੀ ਟਰਾਂਸਫਰ ਸੇਵਾ ਸ਼ੁਰੂ

**ਡੈਲਸ, ਟੈਕਸਸ (ਬਿਊਰੋ):** ਮਨੀਗ੍ਰਾਮ ਦੇ ਗਾਹਕ ਹੁਣ ਇੰਡੀਆ ਵਿਚ ਆਪਣੇ ਖਾਤਿਆਂ ਵਿਚ ਸਿਰਫ ਤਿੰਨ ਘੰਟਿਆਂ ਅੰਦਰ ਪੈਸਾ ਪਹੁੰਚਦਾ ਕਰ ਸਕਣਗੇ। ਇਕ ਮੋਹਰੀ ਮਨੀ ਟਰਾਂਸਫਰ ਕੰਪਨੀ ਮਨੀਗ੍ਰਾਮ ਨੇ ਐਲਾਨ ਕੀਤਾ ਹੈ ਕਿ ਇਸ ਦੇ ਗਾਹਕ ਇੰਡੀਆ ਵਿਚ ਆਪਣੇ ਰੁਪਿਆ ਖਾਤਿਆਂ ਵਿਚ ਭਾਰਤ ਵਿਚ ਕੰਮ ਕਰਨ ਦੇ ਸਮੇਂ ਦੌਰਾਨ ਸਿਰਫ ਤਿੰਨ ਘੰਟਿਆਂ ਵਿਚ ਪੈਸੇ ਦਾ ਤਬਾਦਲਾ ਕਰ ਸਕਣਗੇ।

ਕੰਪਨੀ ਦੇ ਏਸ਼ੀਆ ਪੈਸੇਫਿਕ, ਸਾਊਥ ਏਸ਼ੀਆ ਅਤੇ ਮਿਡਲ ਈਸਟ ਖੇਤਰਾਂ ਲਈ ਕਾਰਜਕਾਰੀ ਵਾਈਸ ਪ੍ਰੈਜ਼ੀਡੈਂਟ ਗਰਾਂਟ ਲਾਈਨਜ਼ ਵਲੋਂ ਜਾਰੀ ਇਕ ਬਿਆਨ ਅਨੁਸਾਰ ਵਿਸ਼ਵ ਭਰ ਵਿਚ ਫੈਲੇ ਮਨੀਗ੍ਰਾਮ ਦੇ ਏਜੰਟ ਵਧੀਆ ਤਬਾਦਲਾ ਦਰਾਂ ਉਤੇ ਕਿਸੇ ਵੀ ਭਾਰਤੀ ਬੈਂਕ ਖਾਤੇ ਵਿਚ ਬਾਹਰੋਂ ਭੇਜਿਆ ਗਿਆ ਪੈਸਾ ਬੜੀ ਤੇਜ਼ੀ ਨਾਲ ਜਮ੍ਹਾਂ ਕਰਵਾ ਸਕਣਗੇ।

ਬਿਆਨ ਅਨੁਸਾਰ ਭਾਰਤ ਤੋਂ ਇਲਾਵਾ ਕੰਪਨੀ ਵਲੋਂ ਆਪਣੇ ਨੈਟਵਰਕ ਰਾਹੀਂ ਚੀਨ, ਮੈਕਸੀਕੋ ਅਤੇ ਫਿਲੀਪੀਨਜ਼ ਵਿਚ ਵੀ ਇਹ ਸੇਵਾ ਮੁਹੱਈਆ ਕੀਤੀ ਜਾਵੇਗੀ। ਕੰਪਨੀ ਵਲੋਂ ਇਹ ਸੇਵਾ ਭਾਰਤ ਵਿਚਲੇ ਸਭ ਤੋਂ ਵੱਡੇ ਬੈਂਕ ਐਕਸਿਸ ਨਾਲ ਭਾਈਵਾਲੀ ਰਾਹੀਂ ਅਰੰਭ ਕੀਤੀ ਗਈ ਹੈ ਜੋ ਕਿ ਭਾਰਤੀ ਕੌਮੀ ਬੈਂਕਿੰਗ ਪੇਮੈਂਟ ਨੈਟਵਰਕ ਨੈਸ਼ਨਲ ਇਲੈਕਟ੍ਰਾਨਿਕ ਫੰਡਜ਼ ਟਰਾਂਸਫਰ (ਐਨ ਈ ਐਫ ਟੀ) ਨੈਟਵਰਕ ਰਾਹੀਂ ਆਪਣਾ ਕਾਰਜ ਚਲਾਉਂਦਾ ਹੈ।

ਐਕਸਿਸ ਬੈਂਕ ਨਾਲ ਮਜਬੂਤ ਸਬੰਧਾਂ ਰਾਹੀਂ ਮਨੀਗ੍ਰਾਮ ਵਿਸ਼ਵ ਭਰ ਵਿਚ ਫੈਲੇ ਆਪਣੇ ਗਾਹਕਾਂ ਨੂੰ ਐਨ ਈ ਐਫ ਟੀ ਨੈਟਵਰਕ ਦੇ ਜ਼ਰੀਏ ਭਾਰਤ ਵਿਚਲੇ ਆਪਣੇ ਰੁਪਿਆ ਖਾਤੇ ਵਿਚ ਬੜੀ ਤੇਜ਼ੀ ਨਾਲ ਪੈਸਾ ਜਮ੍ਹਾਂ ਕਰਵਾਉਣ ਦੀ ਸੇਵਾ ਮੁਹੱਈਆ ਕਰਦੀ ਹੈ। ਗਾਹਕ ਮਨੀਗ੍ਰਾਮ ਰਾਹੀਂ ਐਕਸਿਸ ਬੈਂਕ, ਪੰਜਾਬ ਨੈਸ਼ਨਲ ਬੈਂਕ, ਆਈ ਸੀ ਆਈ ਸੀ ਆਈ, ਐਚ ਡੀ ਐਫ ਸੀ ਅਤੇ ਐਸ ਬੀ ਆਈ ਬੈਂਕਸ ਸਮੇਤ ਭਾਰਤ ਵਿਚਲੇ ਕਰੀਬ ਸਾਰੇ ਵੱਡੇ ਬੈਂਕਾਂ ਵਿਚ ਆਪਣਾ ਪੈਸਾ ਪਹੁੰਚਦਾ ਕਰ ਸਕਣਗੇ। ਭਾਰਤ ਵਿਚ ਕੰਮ ਕਰਨ ਦਾ ਸਮਾਂ ਮੁੱਖ ਤੌਰ 'ਤੇ ਭਾਰਤੀ ਸਮੇਂ ਅਨੁਸਾਰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 9 ਤੋਂ 4 ਵਜੇ ਅਤੇ ਸਨਿਚਰਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ ਤੱਕ ਹੁੰਦਾ ਹੈ।

ਜ਼ਿਕਰਯੋਗ ਹੈ ਕਿ ਮਨੀਗ੍ਰਾਮ ਇਕ ਮੋਹਰੀ ਮਨੀ ਟਰਾਂਸਫਰ ਕੰਪਨੀ ਹੈ ਅਤੇ ਇਸ ਵਲੋਂ ਵਿਸ਼ਵ ਦੇ 200 ਤੋਂ ਵੱਧ ਮੁਲਕਾਂ ਵਿਚ ਆਪਣੀਆਂ 347,000 ਏਜੰਟ ਲੋਕੇਸ਼ਨਾਂ ਰਾਹੀਂ ਸੇਵਾ ਮੁਹੱਈਆ ਕੀਤੀ ਜਾਂਦੀ ਹੈ ਜਿਨ੍ਹਾਂ ਵਿਚ ਕੌਮਾਂਤਰੀ ਡਾਕ ਘਰ ਅਤੇ ਬੈਂਕ ਵੀ ਸ਼ਾਮਲ ਹਨ।

LAW OFFICE OF NIRWAN & ASSOCIATES

Jagdip S. Nirwan
SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com
• IMMIGRATION LAW
• TAX LAW
• TAX PREPARATION
• BUSINESS INCORPORATION
• BUSINESS LITIGATION

COVERED CALIFORNIA ™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ
ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ
ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (408) 728-0795
Fax: (209) 216-5502
E-mail: Jarnail_lallria@yahoo.com

Upgrade your Security Cameras to High Definition at very reasonable prices


*For more Details, Contact:*
Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc. Fax: 209-665-7067

TRAVELOPOD.COM
Lowest fares to INDIA 'GUARANTEED'
Black Friday STILL ON
BOOK BY PHONE* & SAVE UPTO $250
WE BEAT ANY QUOTE (T&C APPLY)
*Conditions apply
CALL FOR THE BEST UNPUBLISHED DEALS 1-855-436-0728
Fly to INDIA with fares starting from :
FROM NYC : $690
FROM LAX : $720
FROM SFO : $720
FROM CHICAGO : $690
Domestic & International Special Deals available from ALL CITIES.
WHY BOOK WITH TRAVELOPOD?
Customer Satisfaction
Best Fare Guarantee on Dom & Inl Flights
Excellent Service
24x7 Live Support
LUXURY HOLIDAY TOURS
Golden Triangle with Rajasthan : $500
Enchanting Kerala from : $650
African Tours with Safari from : $750
Europe Tours from : $790
Travelopod- Where Service Matters
CST # 2112418-40

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੁਆਂਢੀ ਮੁਲਕਾਂ ਤੋਂ ਭਾਰਤ ਪੁੱਜੇ ਲੋਕਾਂ ਨੂੰ ਮਿਲ ਸਕਦੇ ਹਨ ਰੁਜ਼ਗਾਰ ਦੇ ਮੌਕੇ

**ਨਵੀਂ ਦਿੱਲੀ:** ਭਾਰਤ ਵਿਚ ਪੰਜ ਵਰ੍ਹਿਆਂ ਦੇ ਵੀਜ਼ੇ 'ਤੇ ਠਹਿਰੇ ਹੋਏ ਗੁਆਂਢੀ ਮੁਲਕਾਂ ਤੋਂ ਆਏ ਹਿੰਦੂ ਅਤੇ ਸਿੱਖਾਂ ਨੂੰ ਭਾਰਤ ਵਿਚ ਛੇਤੀ ਹੀ ਰੁਜ਼ਗਾਰ ਦੇ ਮੌਕੇ ਮੁਹੱਈਆ ਕੀਤੇ ਜਾਣਗੇ। ਕੇਂਦਰੀ ਗ੍ਰਹਿ ਮੰਤਰਾਲੇ ਦੇ ਸੂਤਰਾਂ ਨੇ ਕਿਹਾ ਕਿ 23 ਦਸੰਬਰ ਨੂੰ ਕਰੀਬ 10 ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਤੋਂ ਬਾਅਦ ਨਰਮ ਨੀਤੀ ਦਾ ਐਲਾਨ ਕੀਤਾ ਜਾਵੇਗਾ।

ਮੰਤਰਾਲਾ ਲੰਮੀ ਮਿਆਦ ਦੇ ਵੀਜ਼ੇ ਦੇਣ ਅਤੇ ਨਾਗਰਿਕਤਾ ਬਾਰੇ ਨੀਤੀ ਨੂੰ ਵੀ ਨਰਮ ਕਰਨ 'ਤੇ ਵਿਚਾਰ ਕਰ ਰਿਹਾ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਲੱਖਾਂ ਸਿੱਖ ਅਤੇ ਹਿੰਦੂ ਇਰਾਨ, ਇਰਾਕ, ਅਫਗਾਨਿਸਤਾਨ ਅਤੇ ਪਾਕਿਸਤਾਨ ਤੋਂ ਭੱਜ ਕੇ ਭਾਰਤ ਦੀ ਸ਼ਰਨ 'ਚ ਆ ਗਏ ਸਨ।

ਉਨ੍ਹਾਂ ਦੇ ਆਰਥਿਕ ਹਾਲਾਤ ਮਾੜੇ ਹਨ ਅਤੇ ਦੇਸ਼ 'ਚ ਰਹਿਣ ਲਈ ਉਨ੍ਹਾਂ ਨੂੰ ਅਧਿਕਾਰੀਆਂ ਦੇ ਰਹਿਮ 'ਤੇ ਨਿਰਭਰ ਰਹਿਣਾ ਪੈਂਦਾ ਹੈ। ਕੇਂਦਰੀ



ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਨਾਗਰਿਕਤਾ ਅਤੇ ਵੀਜ਼ਾ ਅਰਜ਼ੀਆਂ ਦੇ ਤੇਜ਼ੀ ਨਾਲ ਨਿਪਟਾਰੇ ਲਈ ਸੰਯੁਕਤ ਸਕੱਤਰ (ਵਿਦੇਸ਼ੀ) ਦੀ ਨਿਗਰਾਨੀ ਹੇਠ ਟਾਸਕ ਫੋਰਸ ਬਣਾਈ ਸੀ। ਟਾਸਕ ਫੋਰਸ ਨੇ ਸੁਝਾਅ ਦਿੱਤਾ ਹੈ ਕਿ ਜੇਕਰ ਭਾਰਤ ਉਨ੍ਹਾਂ ਨੂੰ ਪੰਜ ਸਾਲਾਂ ਲਈ ਵੀਜ਼ੇ ਦਿੰਦਾ ਹੈ ਤਾਂ ਲੋਕਾਂ ਨੂੰ ਜਿਉਣ ਲਈ ਰੁਜ਼ਗਾਰ ਮੁਹੱਈਆ ਕਰਾਉਣਾ ਪਵੇਗਾ। ਮੰਤਰਾਲੇ ਵੱਲੋਂ ਇਸ ਸੁਝਾਅ ਨੂੰ ਸਵੀਕਾਰਿਆ ਜਾ ਸਕਦਾ ਹੈ। ਟਾਸਕ ਫੋਰਸ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਛੇ ਮਹੀਨਿਆਂ ਦੇ ਵੀਜ਼ੇ ਦੀ ਵਿਸਥਾਰ ਲਈ ਪ੍ਰਵਾਨਗੀ ਦਾ ਅਧਿਕਾਰ ਸੂਬਿਆਂ ਦੇ ਡਿਪਟੀ ਕਮਿਸ਼ਨਰਾਂ, ਪੁਲਿਸ ਅਧਿਕਾਰੀ ਜਾਂ ਵਿਦੇਸ਼ੀ ਰਜਿਸਟਰੇਸ਼ਨ ਦਫਤਰ ਨੂੰ ਮਿਲਣਾ ਚਾਹੀਦਾ ਹੈ।

## ਹਿੰਦੂਤਵੀ ਹੇੜ੍ਹਾਂ ਨੇ ਮੋਰਚੇ ਖੋਲ੍ਹੇ

*(ਸਫਾ ਇਕ ਦੀ ਬਾਕੀ)*

ਕਰਨ ਵਾਲੀਆਂ ਘਟਨਾਵਾਂ ਨੂੰ ਅੰਜਾਮ ਦੇ ਸਕਦੀਆਂ ਹਨ। 'ਮੋਦੀ ਜਾਦੂ' ਨਾਲ ਭਾਜਪਾ ਵੱਲੋਂ ਕੇਂਦਰ ਵਿਚ ਬਣਾਈ ਸਮਰੱਥ ਸਰਕਾਰ ਦਾ ਖੁਮਾਰ ਸੰਘ ਦੇ ਸੰਸਥਾਪਕ ਵੱਲੋਂ ਸ਼ੁਰੂ ਵਿਚ ਹੀ ਸਮੂਹ ਧਰਮਾਂ ਨੂੰ ਹਿੰਦੂਤਵ ਵਿਚ ਜਜ਼ਬ ਕਰ ਲੈਣ ਵਾਲੇ ਬਿਆਨਾਂ ਨਾਲ ਜ਼ਾਹਿਰ ਕੀਤਾ ਸੀ, ਉਥੇ ਇਸ ਦੇ ਫਿਰਕੂ ਵੇਗ ਦਾ ਅਸਰ ਜਾਰੀ ਰਹਿਣ ਦੀ ਤਸਦੀਕ ਕਰਦਿਆਂ ਹੁਣ ਮੋਦੀ ਵਜ਼ਾਰਤ ਵਿਚ ਸਾਧਵੀ ਵਜ਼ੀਰ ਨਿਰੰਜਨ ਜਯੋਤੀ ਨੇ ਨਾ ਸਿਰਫ ਵਿਵਾਦਤ ਭਾਸ਼ਣ ਵਿਚ ਭਾਜਪਾ ਦੇ ਵਿਰੋਧੀ ਧੜਿਆਂ ਲਈ ਗਾਲ੍ਹ ਜਿਹੇ ਸ਼ਬਦ ਵਰਤੇ, ਬਲਕਿ ਬਾਅਦ ਵਿਚ ਵੀ ਇਸ ਨੂੰ ਜਾਇਜ਼ ਦੱਸਦਿਆਂ ਹਿੰਦੂਤਵ ਤੋਂ ਵੱਖਰੇ ਭਾਰਤੀਆਂ ਲਈ ਇਥੇ ਕੋਈ ਜਗ੍ਹਾ ਨਾ ਹੋਣ ਦੀ ਚਿਤਾਵਨੀ ਦੇ ਦਿੱਤੀ।

ਵਿਰੋਧੀ ਧਿਰਾਂ ਵੱਲੋਂ ਸੰਸਦ ਵਿਚ ਰੌਲੇ-ਰੱਪੇ ਮਗਰੋਂ ਸਰਕਾਰ ਦੇ ਪ੍ਰਭਾਵ ਅਧੀਨ ਸਾਧਵੀ ਨਿਰੰਜਨ ਜਯੋਤੀ ਨੇ ਸ਼ਾਇਦ ਆਪਣੀ ਕੁਰਸੀ ਬਚਾਉਣ ਖਾਤਰ ਮੁਆਫ਼ੀ ਤਾਂ ਮੰਗ ਲਈ ਹੈ, ਪਰ ਇਸ ਗੈਰ-ਜ਼ਿੰਮੇਵਾਰ ਪ੍ਰਗਟਾਵੇ ਤੇ ਮੁੜ ਇਸ ਦੀ ਪ੍ਰੋੜਤਾ ਨੇ ਹਿੰਦੋਸਤਾਨ ਵਿਚ ਲੋਕਤੰਤਰੀ ਧਰਮ ਨਿਰਪੱਖਤਾ ਵਾਲੀ ਸੰਵਿਧਾਨਿਕ ਮੱਦ ਲਈ ਭਵਿੱਖਤ ਖਤਰੇ ਦਾ ਅਹਿਸਾਸ ਜ਼ਰੂਰ ਕਰਵਾਇਆ ਹੈ। ਅਖ਼ਬਾਰੀ ਖ਼ਬਰਾਂ ਵਿਚ ਕੁਝ ਹਿੰਦੂ ਸੰਗਠਨਾਂ ਵੱਲੋਂ 25 ਦਸੰਬਰ ਨੂੰ ਕ੍ਰਿਸਮਿਸ ਮੌਕੇ 15 ਹਜ਼ਾਰ ਹੋਰ ਮੁਸਲਿਮ-ਈਸਾਈ ਪਰਿਵਾਰਾਂ ਦੇ ਧਰਮ ਪਰਿਵਰਤਨ ਦਾ ਦਾਅਵਾ ਕੀਤਾ ਗਿਆ ਸੀ। ਸੰਘ ਵੱਲੋਂ ਧਰਮ ਪਰਿਵਰਤਨ ਦੇ ਮਾਮਲੇ ਨੂੰ ਘਰ ਵਾਪਸੀ ਗਰਦਾਨਦਿਆਂ ਅਜਿਹਾ ਹੋਣ ਦੀ ਹਾਮੀ ਭਰੀ ਹੈ। ਸਿਆਸੀ ਪਾਰਟੀਆਂ ਤੇ ਸਮਾਜਕ ਜਥੇਬੰਦੀਆਂ ਦੇ ਵਿਰੋਧ ਪਿੱਛੋਂ ਪ੍ਰਧਾਨ ਮੰਤਰੀ ਇਸ ਮਾਮਲੇ ਵਿਚ ਕਾਰਵਾਈ ਦਾ ਜ਼ਿੰਮਾ ਸੂਬਾ ਸਰਕਾਰ 'ਤੇ ਸੁੱਟ ਕੇ ਆਪਣਾ ਪੱਲਾ ਝਾੜ ਚੁੱਕੇ ਹਨ।

## ਹਿੰਦੂਜਾ ਗਰੁਪ ਨੇ ਲੰਡਨ ਦੀ ਓਲਡ ਵਾਰ ਆਫਿਸ ਇਮਾਰਤ ਖਰੀਦੀ

**ਲੰਡਨ:** ਹਿੰਦੂਜਾ ਗਰੁੱਪ ਨੇ ਸਪੇਨ ਦੀ ਸਨਅਤੀ ਕੰਪਨੀ ਨਾਲ ਮਿਲ ਕੇ ਬਰਤਾਨੀਆ ਦੀ ਵੱਕਾਰੀ 'ਓਲਡ ਵਾਰ ਆਫਿਸ' ਇਮਾਰਤ ਖਰੀਦ ਲਈ ਹੈ, ਜਿਥੇ ਆਲਮੀ ਜੰਗ ਦੌਰਾਨ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦਾ ਦਫਤਰ ਹੋਇਆ ਕਰਦਾ ਸੀ।

ਉੱਘੇ ਪਰਵਾਸੀ ਭਾਰਤੀ ਐਸ.ਪੀ. ਹਿੰਦੂਜਾ ਤੇ ਜੀ.ਪੀ. ਹਿੰਦੂਜਾ ਦੀ ਅਗਵਾਈ ਵਾਲੇ ਹਿੰਦੂਜਾ ਗਰੁੱਪ ਨੇ ਓਬਰਾਸਕੋਨ ਹੁਆਰਤੇ ਲੈਨ ਡਿਸੈਰੋਲੋਸ' (ਓਐਚਐਲਡੀ) ਨਾਲ ਮਿਲ ਕੇ ਇਹ ਇਮਾਰਤ ਖਰੀਦੀ ਹੈ।

ਲੰਡਨ ਦੇ ਧੁਰ ਅੰਦਰ ਸਥਿਤ ਇਸ ਇਤਿਹਾਸਕ ਇਮਾਰਤ ਦੀ ਹੁਣ ਮੁਰੰਮਤ ਕਰਕੇ ਇਸ ਨੂੰ ਪੰਜ ਤਾਰਾ ਹੋਟਲ ਤੇ ਰਿਹਾਇਸ਼ੀ ਅਪਾਰਟਮੈਂਟ ਵਿਚ ਤਬਦੀਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਸ ਵਿਚ ਪ੍ਰਾਈਵੇਟ ਸਮਾਗਮਾਂ ਲਈ ਹਾਲ ਤੇ ਸਪਾਅ ਤੇ ਫਿਟਨੈੱਸ ਸੁਵਿਧਾਵਾਂ ਵੀ ਹੋਣਗੀਆਂ।

## ਮੋਦੀ ਦੇ ਭਾਸ਼ਣ ਪਿਛੋਂ ਬਾਦਲਾਂ ਨੂੰ ਨਸ਼ਿਆਂ ਦਾ ਮੁੱਦਾ ਚੇਤੇ ਆਇਆ

*(ਸਫਾ ਇਕ ਦੀ ਬਾਕੀ)*

ਕੌਮਾਂਤਰੀ ਸਰਹੱਦ 'ਤੇ ਸੀਮਾ ਸੁਰੱਖਿਆ ਬਲਾਂ ਨੂੰ ਵਿਸ਼ੇਸ਼ ਹਦਾਇਤਾਂ ਦੇਣ ਦੀ ਮੰਗ ਵੀ ਕੀਤੀ ਹੈ। ਯਾਦ ਰਹੇ ਕਿ ਪੰਜਾਬ ਵਿਚ ਨਸ਼ਾ ਤਸਕਰੀ ਦਾ ਮੁੱਦਾ ਕਾਫੀ ਗੰਭੀਰ ਹੈ ਤੇ ਇਕ ਅਨੁਮਾਨ ਅਨੁਸਾਰ ਸੂਬੇ ਦੇ 60 ਫ਼ੀਸਦੀ ਤੋਂ ਵੱਧ ਨੌਜਵਾਨ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ।

ਅਕਾਲੀ ਦਲ ਨੂੰ ਲੋਕ ਸਭਾ ਚੋਣਾਂ ਵਿਚ ਵੀ ਨਸ਼ਿਆਂ ਦੇ ਮੁੱਦੇ 'ਤੇ ਲੋਕਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ ਸੀ। ਕੇਂਦਰ ਵਿਚ ਸੱਤਾ ਹਾਸਲ ਕਰਨ ਪਿੱਛੋਂ ਅਕਾਲੀ ਦਲ ਦੀ ਭਾਈਵਾਲ ਭਾਜਪਾ ਦੇ ਤੇਵਰ ਕਾਫੀ ਬਦਲੇ ਹਨ ਤੇ ਦੋਵਾਂ ਧਿਰਾਂ ਵੱਲੋਂ ਸੂਬੇ ਦੇ ਮੁੱਖ ਮਸਲਿਆਂ ਨੂੰ ਜ਼ੋਰ-ਸ਼ੋਰ ਨਾਲ ਉਠਾਉਣ ਦੀ ਹੋੜ ਲੱਗੀ ਹੋਈ ਹੈ। ਭਾਜਪਾ ਸੂਬੇ ਵਿਚ ਪੰਥਕ ਮਸਲਿਆਂ ਦੀ ਵੀ ਖੁੱਲ੍ਹ ਕੇ ਹਮਾਇਤ ਕਰ ਚੁੱਕੀ ਹੈ ਤੇ ਹੁਣ ਪ੍ਰਧਾਨ ਮੰਤਰੀ ਵੱਲੋਂ ਨਸ਼ਿਆਂ ਦੇ ਮੁੱਦੇ 'ਤੇ ਪੰਜਾਬ ਦਾ ਵਿਸ਼ੇਸ਼ ਜ਼ਿਕਰ ਅਕਾਲੀਆਂ ਨੂੰ ਕਾਫੀ ਰੜਕ ਰਿਹਾ ਹੈ।

ਪ੍ਰਧਾਨ ਮੰਤਰੀ ਦੇ ਬਿਆਨ ਤੋਂ ਤੁਰਤ ਪਿੱਛੋਂ ਅਕਾਲੀਆਂ ਨੇ ਕੇਂਦਰ ਕੋਲ ਪਹੁੰਚ ਕੀਤੀ ਹੈ। ਹਾਲਾਂਕਿ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਪਹਿਲਾਂ ਹੀ ਨਸ਼ਿਆਂ ਖਿਲਾਫ ਵਿਸ਼ੇਸ਼ ਮੁਹਿੰਮ ਵਿੱਢਣ ਦੀ ਗੱਲ ਆਖ ਚੁੱਕੇ ਹਨ। ਦਰਅਸਲ ਅਕਾਲੀ ਦਲ ਨੂੰ ਸੂਬੇ ਵਿਚ ਨਸ਼ਿਆਂ ਖਿਲਾਫ ਮੁਹਿੰਮ ਲਈ ਕੇਂਦਰ ਤੋਂ ਵੀ ਮਦਦ ਆਉਣ ਦੀ ਉਮੀਦ ਹੈ ਤੇ ਉਨ੍ਹਾਂ ਨੂੰ ਇਸ ਦਾ ਸਿਹਰਾ ਸਿਰਫ ਭਾਜਪਾ ਸਿਰ ਬੱਝਣ ਦਾ ਫਿਕਰ ਹੈ। ਅਕਾਲੀ ਦਲ ਵੱਲੋਂ ਸੂਬੇ ਵਿਚ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਨੂੰ ਆਰਥਿਕ ਤੰਗੀ ਨੇ ਘੇਰ ਲਿਆ ਹੈ ਤੇ ਸੂਬਾ ਸਰਕਾਰ ਕੇਂਦਰ ਕੋਲੋਂ ਮਦਦ ਦੀ ਉਡੀਕ ਵਿਚ ਹੈ। ਦੋਵੇਂ ਧਿਰਾਂ ਨਸ਼ਿਆਂ ਨੂੰ ਸੂਬੇ ਵਿਚ ਵੱਡਾ ਮੁੱਦਾ ਮੰਨਦੀਆਂ ਹਨ ਤੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਲਾਹਾ ਲੈਣ ਦੀ ਤਾਕ ਵਿਚ ਹਨ ਪਰ ਪ੍ਰਧਾਨ ਮੰਤਰੀ ਦੇ ਭਾਸ਼ਣ ਪਿੱਛੋਂ ਦੋਵੇਂ ਚੌਕੰਨੀਆਂ ਹੋ ਗਈਆਂ ਹਨ।

## ਯਾਕੂਬ ਦੀ ਫਾਂਸੀ ਰੋਕੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਯਾਕੂਬ ਅਬਦੁਲ ਰਜ਼ਾਕ ਮੇਮਨ ਦੀ ਫਾਂਸੀ 'ਤੇ ਰੋਕ ਲਾ ਦਿੱਤੀ ਹੈ। ਵਰਨਣਯੋਗ ਹੈ ਕਿ ਮੇਮਨ ਨੂੰ 1993 ਦੇ ਮੁੰਬਈ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ ਵਿਚ ਟਾਡਾ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ। ਸੁਪਰੀਮ ਕੋਰਟ ਨੇ ਵਿਸਫੋਟ ਮਾਮਲੇ ਵਿਚ ਮੌਤ ਦੀ ਸਜ਼ਾ ਦੀ ਸਮੀਖਿਆ ਦੀ ਮੇਮਨ ਦੀ ਅਰਜ਼ੀ 'ਤੇ ਐਸ.ਟੀ.ਐਫ. ਮਹਾਰਾਸ਼ਟਰ ਤੇ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕੀਤਾ ਹੈ।

# ਪਾਕਿਸਤਾਨ ਦੇ ਹਿੰਦੂ ਬਹੁ-ਗਿਣਤੀ ਜ਼ਿਲ੍ਹੇ ਵਿਚ ਕੁਪੋਸ਼ਣ ਦਾ ਕਹਿਰ

**ਇਸਲਾਮਾਬਾਦ:** ਪਾਕਿਸਤਾਨ ਦੇ ਇਕੋ-ਇਕ ਹਿੰਦੂ ਬਹੁਲ ਜ਼ਿਲ੍ਹੇ ਥਾਰ ਪਾਰਕਰ ਵਿਚ ਪਿਛਲੇ 11 ਮਹੀਨੇ ਦੌਰਾਨ ਕੁਪੋਸ਼ਣ ਤੇ ਹੋਰ ਕਈ ਕਮੀਆਂ ਕਾਰਨ ਪੰਜ ਸਾਲ ਤੋਂ ਘੱਟ ਉਮਰ ਦੇ 300 ਤੋਂ ਵੱਧ ਬੱਚੇ ਮੌਤ ਦੇ ਮੂੰਹ ਜਾ ਚੁੱਕੇ ਹਨ।

'ਡਾਨ' ਅਖਬਾਰ ਵਿਚ ਛਪੀ ਰਿਪੋਰਟ ਵਿਚ ਸਰਕਾਰ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਇਸ ਜ਼ਿਲ੍ਹੇ ਵਿਚ ਬਾਲਾਂ ਦੀਆਂ ਮੌਤਾਂ ਦੇ ਮੁੱਖ ਕਾਰਨ ਜਨਮ ਸਮੇਂ ਸਾਹ ਘੁੱਟ ਜਾਣਾ, ਸਮੇਂ ਤੋਂ ਪਹਿਲਾਂ ਜਨਮ, ਜਨਮ ਸਮੇਂ ਭਾਰ ਘੱਟ ਹੋਣਾ, ਸਾਹ ਲੈਣ 'ਚ ਦਿੱਕਤ, ਨਿਮੂਨੀਆ, ਆਮ ਰਵਾਇਤੀ ਦਾਈਆਂ ਹੱਥੋਂ ਬੱਚੇ ਦਾ ਜਨਮ ਤੇ ਪੇਚਿਸ਼ ਆਦਿ ਹਨ। ਪਾਕਿਸਤਾਨ ਦੇ ਦੱਖਣੀ ਸਿੰਧ ਸੂਬੇ ਦਾ ਇਹ ਜ਼ਿਲ੍ਹਾ ਭਾਰਤ ਦੇ ਰਾਜਸਥਾਨ ਸੂਬੇ ਨਾਲ ਲੱਗਦਾ ਮਾਰੂਥਲੀ ਜ਼ਿਲ੍ਹਾ ਹੈ ਜੋ ਪਿਛਲੇ ਲੰਮੇ ਸਮੇਂ ਤੋਂ ਸੋਕੇ ਦੀ ਮਾਰ ਹੇਠ ਹੈ। ਪਿਛਲੇ ਹਫਤੇ ਮੁੱਖ ਮੰਤਰੀ ਕਾਇਮ ਅਲੀ ਸ਼ਾਹ ਦੀ ਪ੍ਰਵਾਨਗੀ ਮਗਰੋਂ ਮੁੱਖ ਸਕੱਤਰ ਨੇ ਸਿੰਧ ਹਾਈ ਕੋਰਟ ਵਿਚ ਇਹ ਰਿਪੋਰਟ ਪੇਸ਼ ਕੀਤੀ ਸੀ। ਇਨ੍ਹਾਂ ਬੱਚਿਆਂ ਦੀ ਉਮਰ ਦੇ ਮੁਤਾਬਕ ਮੌਤਾਂ ਦਾ ਵਰਗੀਕਰਨ ਕੀਤਾ ਗਿਆ ਸੀ ਜਿਸ ਅਨੁਸਾਰ ਮਰਨ ਵਾਲੇ 118 ਬੱਚੇ ਨਵਜੰਮੇ (ਇਕ ਦਿਨ ਦੇ), 82 ਦੋ ਦਿਨ ਤੋਂ ਮਹੀਨੇ ਤੱਕ ਦੀ ਉਮਰ ਦੇ ਤੇ 28 ਬੱਚੇ ਡੇਢ ਤੋਂ ਤਿੰਨ ਮਹੀਨੇ ਦੇ ਅਤੇ 29 ਬੱਚੇ 8 ਮਹੀਨੇ ਤੋਂ ਇਕ ਸਾਲ ਦੀ ਉਮਰ ਦੇ ਸਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਥਾਰ ਭਾਈਚਾਰੇ, ਖਾਸਕਰ ਔਰਤਾਂ ਵਿਚ ਆਪਣੀ ਸਿਹਤ ਬਾਰੇ ਕੋਈ ਚੇਤਨਤਾ ਨਹੀਂ ਹੈ ਤੇ ਬਹੁਤੇ ਵਿਆਹੁਤਾ ਜੋੜਿਆਂ ਦੇ ਔਸਤਨ ਅੱਠ ਬੱਚੇ ਹਨ। ਉਂਜ ਰਿਪੋਰਟ ਇਸ ਖੇਤਰ ਵਿਚ ਲੋੜੀਂਦੀ ਖੁਰਾਕ ਦੀ ਘਾਟ ਬਾਰੇ ਚੁੱਪ ਹੈ ਅਤੇ ਪ੍ਰਤੱਖ ਤੌਰ 'ਤੇ ਅਧਿਕਾਰੀਆਂ ਦੀ ਲਾਪ੍ਰਵਾਹੀ 'ਤੇ ਪਰਦਾਪੋਸ਼ੀ ਕਰਨ ਦੇ ਯਤਨ ਕੀਤੇ ਗਏ ਹਨ। ਪ੍ਰਾਈਵੇਟ ਮੀਡੀਆ ਪਿਛਲੇ ਇਕ ਸਾਲ ਤੋਂ ਲਗਾਤਾਰ ਇਸ ਖੇਤਰ ਵਿਚ ਸੰਕਟਕਾਲੀ ਸਥਿਤੀ ਨਾਲ ਨਜਿੱਠਣ ਪ੍ਰਤੀ ਸੂਬਾਈ ਪ੍ਰਸ਼ਾਸਨ ਦੀ ਉਦਾਸੀਨਤਾ ਬਾਰੇ ਰਿਪੋਰਟਾਂ ਦਿੰਦਾ ਆ ਰਿਹਾ ਹੈ। ਖਾਮੀਆਂ ਨੂੰ ਪਛਾਨਣ ਦੀ ਬਜਾਏ ਸਰਕਾਰ ਨੇ ਆਪਣੀ ਰਿਪੋਰਟ ਰਾਹੀਂ ਹਿੰਦੂਆਂ 'ਤੇ ਦੋਸ਼ ਲਾਇਆ ਹੈ ਕਿ ਉਹ ਚੰਗੇ ਭੋਜਨ ਦੀ ਚੋਣ ਨਹੀਂ ਕਰ ਸਕਦੇ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਬਜ਼ੀਆਂ ਸਰੀਰ ਨੂੰ ਲੋੜੀਂਦੀ ਊਰਜਾ ਨਹੀਂ ਦੇ ਸਕਦੀਆਂ, ਇਸ ਕਰ ਕੇ ਇਨ੍ਹਾਂ ਲੋਕਾਂ ਨੂੰ ਪ੍ਰੋਟੀਨ, ਊਰਜਾ, ਫੈਟ ਤੇ ਹੋਰ ਕੈਲਰੀ ਵਾਲਾ ਪੌਸ਼ਕ ਭੋਜਨ ਘੱਟ ਮਿਲਦਾ ਹੈ। ਰਿਪੋਰਟ ਵਿਚ ਲੋਕਾਂ 'ਤੇ ਇਹ ਦੋਸ਼ ਵੀ ਲਾਇਆ ਗਿਆ ਹੈ ਕਿ ਥਾਰ ਦੇ ਲੋਕ ਮਿਰਚ ਤੇ ਦੁੱਧ ਉਤਪਾਦਾਂ ਦੀ ਇਸ ਕਰਕੇ ਵਧੇਰੇ ਵਰਤੋਂ ਕਰਦੇ ਹਨ ਕਿਉਂਕਿ ਉਨ੍ਹਾਂ ਕੋਲ ਬਹੁਤ ਸਾਰੇ ਪਸ਼ੂ ਤੇ ਮਾਲ-ਡੰਗਰ ਹੁੰਦਾ ਹੈ।

ਪਿਛਲੇ ਸਾਲ ਦਸੰਬਰ ਤੋਂ ਐਤਕੀਂ ਨਵੰਬਰ ਮਹੀਨੇ ਤੱਕ ਸਾਲ ਦਾ ਬਿਊਰਾ ਪੇਸ਼ ਕਰਦੀ ਇਸ ਰਿਪੋਰਟ 'ਚ ਥਾਰ ਲੋਕਾਂ ਸਿਰ ਦੋਸ਼ ਮੜ੍ਹਦਿਆਂ ਕਿਹਾ ਗਿਆ ਹੈ ਕਿ ਪਿਛਲੇ ਸਮਿਆਂ 'ਚ ਜਿਹੋ ਜਿਹੀ ਖੁਰਾਕ ਇਹ ਲੋਕ ਲੈਂਦੇ ਸਨ, ਉਹੋ ਜਿਹੀ ਹੀ ਹੁਣ ਲੈ ਰਹੇ ਹਨ ਤੇ ਗਰਭਵਤੀਆਂ ਦੀ ਅਤੇ ਜਨਮ ਪਿੱਛੋਂ ਮਾਂ-ਬੱਚੇ ਦੀ ਸਾਂਭ-ਸੰਭਾਲ ਨਾਂਮਾਤਰ ਹੀ ਹੈ। 22000 ਵਰਗ ਕਿਲੋਮੀਟਰ 'ਚ ਫੈਲਿਆ ਥਾਰ ਜ਼ਿਲ੍ਹਾ ਇਕ ਤਾਂ ਸੋਕੇ ਦੀ ਮਾਰ ਹੇਠ ਹੈ, ਦੂਜਾ ਇਥੇ ਸਿੰਜਾਈ ਦੇ ਪ੍ਰਬੰਧ ਨਹੀਂ ਹਨ। ਇਹ ਪੂਰੀ ਤਰ੍ਹਾਂ ਮੀਂਹ 'ਤੇ ਨਿਰਭਰ ਹੈ। ਵੱਡਾ ਖੇਤਰ, ਔਖੇ ਰਾਹਾਂ ਕਾਰਨ ਇਥੇ ਲੋਕਾਂ ਨੂੰ ਸਿਹਤ-ਸਹੂਲਤਾਂ ਤੱਕ ਪਹੁੰਚ ਕਰਨੀ ਔਖੀ ਹੈ। ਇਥੇ ਸਿਹਤ ਤੇ ਨਾਗਰਿਕ ਸਹੂਲਤਾਂ ਨਾਂਮਾਤਰ ਹੀ ਹਨ। ਬਹੁਤੀਆਂ ਸਹੂਲਤਾਂ ਥਾਰ ਦੇ ਪੂਰੀ ਤਰ੍ਹਾਂ ਵਸੇ ਸ਼ਹਿਰਾਂ ਵਿਚ ਹੀ ਹਨ। ਰਿਪੋਰਟ ਅਨੁਸਾਰ ਸਿੰਧ, ਵਿਸ਼ੇਸ਼ ਕਰ ਥਾਰ ਖੇਤਰ ਵਿਚ ਪਿਛਲੇ ਸਾਲ ਮੌਨਸੂਨ ਦੀ ਬਾਰਸ਼ ਲਗਪਗ ਨਾਂਹ ਵਰਗੀ ਹੋਈ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਨਸ਼ਿਆਂ ਬਾਰੇ ਗੱਲਾਂ ਦੀ ਥਾਂ ਅਮਲੀ ਕਦਮ ਚੁੱਕਣ ਮੋਦੀ: ਕੈਪਟਨ

**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਧਿਰ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਨਸ਼ਿਆਂ 'ਤੇ 'ਮਨ ਕੀ ਬਾਤ' ਸਿਰਫ਼ ਇਛਾਵਾਂ ਤੱਕ ਹੀ ਸੀਮਤ ਹੈ। ਪ੍ਰਧਾਨ ਮੰਤਰੀ ਦੇ ਰੇਡੀਓ 'ਤੇ ਭਾਸ਼ਣ ਉਪਰ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਏਜੰਡਾ ਤੈਅ ਕਰ ਕੇ ਦੱਸਣਾ ਚਾਹੀਦਾ ਹੈ ਕਿ ਉਹ ਕੀ ਕਰਨਾ ਚਾਹੁੰਦੇ ਹਨ, ਨਾ ਕਿ ਕੀ ਹੋਣਾ ਚਾਹੀਦਾ ਹੈ। ਕੈਪਟਨ ਨੇ ਦੇਸ਼ ਵਿਚ ਨਸ਼ਿਆਂ ਦੀ ਸਮੱਸਿਆ ਉਪਰ ਪ੍ਰਧਾਨ ਮੰਤਰੀ ਦੀ ਚਿੰਤਾ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਵੱਲੋਂ ਮਚਾਈ ਤਬਾਹੀ ਕਾਰਨ ਇਥੋਂ ਦੇ ਲੋਕਾਂ ਤੋਂ ਵੱਧ ਇਸ ਦਰਦ ਨੂੰ ਕੌਣ ਜਾਣ ਸਕਦਾ ਹੈ। ਚੰਗੀ ਗੱਲ ਹੈ ਕਿ ਇਸ ਮੁੱਦੇ ਨੇ ਪ੍ਰਧਾਨ ਮੰਤਰੀ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਤੇ ਉਨ੍ਹਾਂ ਨੂੰ ਉਮੀਦ ਹੈ ਕਿ 'ਮਨ ਕੀ ਬਾਤ' ਸਿਰਫ਼ ਦਿਲ ਤੱਕ ਹੀ ਸੀਮਤ ਨਹੀਂ ਰਹੇਗੀ। ਉਹ ਲਗਾਤਾਰ ਕੌਮੀ ਨਸ਼ਾ ਨੀਤੀ 'ਤੇ ਜ਼ੋਰ ਦਿੰਦੇ ਆ ਰਹੇ ਹਨ ਕਿਉਂਕਿ ਵੱਖ-ਵੱਖ ਸੂਬਿਆਂ ਵਿਚ ਨਸ਼ਿਆਂ ਬਾਰੇ ਵੱਖੋ-ਵੱਖਰੇ ਕਾਨੂੰਨ ਹਨ ਜੋ ਨਸ਼ਾ ਤਸਕਰੀ ਨੂੰ ਅਸਾਨ ਬਣਾਉਂਦੇ ਹਨ। ਇਸ ਲੜੀ ਹੇਠ ਮੱਧ ਪ੍ਰਦੇਸ਼ ਵਰਗੇ ਸੂਬੇ ਵਿਚ ਅਫ਼ੀਮ ਉਗਾਉਣ ਦੀ ਇਜ਼ਾਜਤ ਹੈ ਜਦਕਿ ਰਾਜਸਥਾਨ ਵਿਚ ਇਸ ਦਾ ਵਪਾਰ ਕਰਨ ਦੀ ਇਜਾਜ਼ਤ ਹੈ ਤੇ ਪੰਜਾਬ ਵਰਗਾ ਗੁਆਂਢੀ ਸੂਬਾ ਇਸ ਦਾ ਬਾਜ਼ਾਰ ਬਣ ਚੁੱਕਿਆ ਹੈ।



# ਹੋਂਦ ਚਿੱਲੜ ਕਤਲੇਆਮ: ਜਾਂਚ ਕਮਿਸ਼ਨ ਅੱਗੇ ਪੇਸ਼ ਹੋਏ ਮੁੱਖ ਗਵਾਹ ਚੌਧਰੀ

**ਚੰਡੀਗੜ੍ਹ:** ਹੋਂਦ ਚਿੱਲੜ (ਹਰਿਆਣਾ) ਸਿੱਖ ਕਤਲੇਆਮ ਦੀ ਜਾਂਚ ਕਰ ਰਹੇ ਜਸਟਿਸ ਟੀ.ਪੀ. ਗਰਗ ਕਮਿਸ਼ਨ ਦੀ ਅਦਾਲਤ ਵਿਚ ਜ਼ਿਰ੍ਹਾ ਮੁਕੰਮਲ ਹੋ ਗਈ ਹੈ। ਕਤਲੇਆਮ ਦੇ ਅਹਿਮ ਗਵਾਹ ਤੇ ਉਸ ਵੇਲੇ ਹਰਿਆਣੇ ਦੇ ਨਾਰਨੌਲ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਐਸ.ਸੀ. ਚੌਧਰੀ, ਜੋ ਅੱਜ-ਕੱਲ੍ਹ ਹਰਿਆਣੇ ਦੇ ਮੁੱਖ ਸੂਚਨਾ ਕਮਿਸ਼ਨਰ ਹਨ, ਨੇ ਕਮਿਸ਼ਨ ਅੱਗੇ ਪੇਸ਼ ਹੋ ਕੇ ਅਹਿਮ ਗਵਾਹੀ ਦਰਜ ਕਰਵਾ ਦਿੱਤੀ ਹੈ।

ਚੌਧਰੀ ਨੇ ਇਸ ਤੋਂ ਪਹਿਲਾਂ ਅਦਾਲਤੀ ਸੰਮਨ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਉਹ ਪਿਛਲੀ ਤਰੀਕ ਦੌਰਾਨ ਕਮਿਸ਼ਨ ਅੱਗੇ ਪੇਸ਼ ਨਹੀਂ ਹੋਏ ਸਨ। ਚੌਧਰੀ ਨੇ ਕਮਿਸ਼ਨ ਨੂੰ ਦੱਸਿਆ ਕਿ 31 ਅਕਤੂਬਰ ਨੂੰ ਪ੍ਰਧਾਨ ਮੰਤਰੀ ਦੀ ਮੌਤ ਤੋਂ ਬਾਅਦ ਸਿੱਖਾਂ 'ਤੇ ਹਮਲੇ ਸ਼ੁਰੂ ਹੋ ਗਏ ਸਨ। ਉਨ੍ਹਾਂ ਨੇ ਤਿੰਨ ਨਵੰਬਰ 1984 ਨੂੰ ਹੋਂਦ ਚਿੱਲੜ ਪਿੰਡ ਦਾ ਦੌਰਾ ਕੀਤਾ ਸੀ, ਜਦੋਂ ਉਹ ਪਿੰਡ ਪਹੁੰਚੇ ਤਾਂ ਚਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਸਨ। ਇਸ ਕੇਸ ਵਿਚ ਕੁਝ ਲੋਕਾਂ ਦੀਆਂ ਗ੍ਰਿਫਤਾਰੀਆਂ ਵੀ ਕੀਤੀਆਂ ਪਰ ਸਬੂਤਾਂ ਦੀ ਘਾਟ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ।

## ਗਿਆਨੀ ਗੁਰਬਚਨ ਸਿੰਘ ਦਾ ਦੇਹਾਂਤ

**ਸੈਨ ਹੋਜ਼ੇ (ਬਿਊਰੋ):** ਇਥੋਂ ਦੀ ਜਾਣੀ ਪਹਿਚਾਣੀ ਸ਼ਖਸੀਅਤ ਗਿਆਨੀ ਗੁਰਚਰਨ ਸਿੰਘ ਗਰੇਵਾਲ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਜਨਮ



1943 ਵਿਚ ਹੋਇਆ ਸੀ ਅਤੇ ਉਨ੍ਹਾਂ ਦਾ ਜੱਦੀ ਪਿੰਡ ਨੂਰਪੁਰਾ (ਲੁਧਿਆਣਾ) ਹੈ। ਉਹ ਗੁਰਦੁਆਰਾ ਸੈਨ ਹੋਜ਼ੇ ਦੇ ਕਮੇਟੀ ਮੈਂਬਰ ਪ੍ਰੀਤਮ ਸਿੰਘ ਗਰੇਵਾਲ ਦੇ ਨਜ਼ਦੀਕੀ ਰਿਸ਼ਤੇਦਾਰ ਸਨ।

ਸਵਰਗੀ ਸ. ਗਰੇਵਾਲ ਦਾ ਅੰਤਮ ਸਸਕਾਰ 21 ਦਸੰਬਰ, ਐਤਵਾਰ ਨੂੰ ਚੈਪਲ ਆਫ ਚਾਈਮਜ਼, ਹੇਵਰਡ ਵਿਚ ਬਾਅਦ ਦੁਪਹਿਰ ਇਕ ਤੋਂ 2:45 ਦਰਮਿਆਨ ਹੋਵੇਗਾ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਸੈਨ ਹੋਜ਼ੇ ਵਿਖੇ 3:30 ਵਜੇ ਹੋਵੇਗੀ। ਹੋਰ ਜਾਣਕਾਰੀ ਲਈ ਪ੍ਰੀਤਮ ਸਿੰਘ ਗਰੇਵਾਲ ਨਾਲ ਫੋਨ 408-406-0703 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


**Korma Sutra cuisine of India**
*Overland Park, Kansas*

ਰੈਸਟੋਰੈਂਟ ਸਟਾਫ ਦੀ ਜ਼ਰੂਰਤ ਹੈ

ਓਵਰਲੈਂਡ, ਕੈਨਸਸ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ, ਹੈਲਪਰ, ਤੰਦੂਰੀਏ, ਵੇਟਰ ਅਤੇ ਸ਼ੈਫ ਦੀ ਫੌਰੀ ਲੋੜ ਹੈ

ਸੰਪਰਕ ਕਰੋ

ਫੋਨ: 913-269-5727

51-2



**Prince's Barber Shop**

37477 Fremont Blvd, suite C, Fremont, CA 94536

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਈਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838



**Golden State Realty**

Sacramento Office: 9912 Kapalua Ln., Elk Grove, CA 95624
Tel: 916-612-5773
*Courtesy of Sales Manager Traci Lill, Meadows at Galt*

The Poppy ~ Plan 1 — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

The Poppy ~ Plan 2 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

The Poppy ~ Plan 3 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

The Poppy ~ Plan 4 — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਬਰਤਾਨੀਆ 'ਚ ਸ਼ਹੀਦ ਊਧਮ ਸਿੰਘ ਅਜੇ ਵੀ ਅਪਰਾਧੀ



**ਚੰਡੀਗੜ੍ਹ:** ਤਕਰੀਬਨ ਦੋ ਸਾਲ ਪਹਿਲਾਂ ਬਰਤਾਨਵੀ ਪ੍ਰਧਾਨ ਮੰਤਰੀ ਡੈਵਿਡ ਵਿਲੀਅਮ ਡੋਨਾਲਡ ਕੈਮਰੂਨ ਵੱਲੋਂ ਭਾਵੇਂ ਜਲਿਆਂਵਾਲਾ ਬਾਗ਼ ਦੇ ਸਾਕੇ ਨੂੰ ਇੰਗਲੈਂਡ ਦੇ ਇਤਿਹਾਸ ਦੀ ਬੇਹੱਦ ਸ਼ਰਮਨਾਕ ਘਟਨਾ ਕਰਾਰ ਦਿੱਤਾ ਜਾ ਚੁੱਕਾ ਹੈ ਪਰ ਇਸ ਦਾ ਬਦਲਾ ਲੈਣ ਵਾਲੇ ਪੰਜਾਬੀ ਸਪੂਤ ਸ਼ਹੀਦ ਊਧਮ ਸਿੰਘ ਨੂੰ ਅੰਗਰੇਜ਼ਾਂ ਦੀ ਧਰਤੀ 'ਤੇ ਹਾਲੇ ਵੀ ਇਕ ਤਰ੍ਹਾਂ ਨਾਲ ਅਪਰਾਧੀਆਂ ਵਾਲਾ ਦਰਜਾ ਹੀ ਦਿੱਤਾ ਹੋਇਆ ਹੈ। ਇਸ ਦੀ ਪ੍ਰਤੱਖ ਮਿਸਾਲ ਸ਼ਹੀਦ ਵੱਲੋਂ ਕੈਕਸਟਨ ਹਾਲ ਵਿਚ ਬਰਤਾਨਵੀ ਸਾਮਰਾਜ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਰਹੇ ਮਾਈਕਲ ਓਡਵਾਇਰ ਨੂੰ ਮਾਰਨ ਵੇਲੇ ਵਰਤੇ ਗਏ ਹਥਿਆਰਾਂ ਨੂੰ ਹਾਲੇ ਵੀ ਲੰਦਨ ਵਿਚ ਨਿਊ ਸਕਾਟਲੈਂਡ ਯਾਰਡ ਸਥਿਤ ਅਪਰਾਧੀਆ ਵਾਲੇ ਮਿਊਜ਼ੀਅਮ ਵਿਚ ਹੀ ਰੱਖਿਆ ਗਿਆ ਹੋਣਾ ਹੈ।

ਹਾਲਾਕਿ ਆਜ਼ਾਦੀ ਮਗਰੋਂ ਊਧਮ ਸਿੰਘ ਦੀਆਂ ਅਸਥੀਆਂ ਨੂੰ ਤਾਂ ਇੰਗਲੈਂਡ ਤੋਂ ਵਤਨ ਲਿਆ ਉਨ੍ਹਾਂ ਦਾ 19 ਜੁਲਾਈ 1974 ਨੂੰ ਜੱਦੀ ਸ਼ਹਿਰ ਸੁਨਾਮ ਵਿਖੇ ਆਦਰ ਸਹਿਤ ਅੰਤਿਮ ਸਸਕਾਰ ਕੀਤਾ ਜਾ ਚੁੱਕਾ ਹੈ ਪਰ ਇਸ ਗੱਲ ਵੱਲ ਸ਼ਾਇਦ ਹਾਲੇ ਤੱਕ ਕਿਸੇ ਦਾ ਧਿਆਨ ਨਹੀਂ ਗਿਆ ਕਿ ਸ਼ਹੀਦ ਵੱਲੋਂ ਕੈਕਸਨ ਹਾਲ ਵਿਚ ਕਾਰਵਾਈ ਵੇਲੇ ਵਰਤਿਆ ਗਿਆ ਪਿਸਤੌਲ (ਵੈਬਲੇ .45 ਬੋਰ ਰਿਵਾਲਵਰ), ਇਕ ਚਾਕੂ ਤੇ ਉਸਦੀ ਨਿੱਜੀ ਡਾਇਰੀ ਹਾਲੇ ਵੀ ਸਕਾਟਲੈਂਡ ਯਾਰਡ ਦੇ ਬਲੈਕ ਮਿਊਜ਼ੀਅਮ ਵਿਚ ਹੀ ਹੋਰਨਾਂ ਅਪਰਾਧੀਆਂ ਦੀਆਂ ਵਸਤਾਂ ਦੇ ਨਾਲ ਪਈਆਂ ਹਨ, ਜੋ ਨਿਰਸੰਦੇਹ ਭਾਰਤੀ ਆਜ਼ਾਦੀ ਦੇ ਸੰਘਰਸ਼ ਦਾ ਇਕ ਅਹਿਮ ਪਹਿਲੂ ਹੀ ਨਹੀਂ ਬਲਕਿ ਇਸ ਪ੍ਰਕਾਰ ਬੇਕਦਰੀ ਦਾ ਸ਼ਿਕਾਰ ਹੋਣ ਵਜੋਂ ਸ਼ਹੀਦ ਦੀ ਕੁਰਬਾਨੀ ਨੂੰ ਅਪਰਾਧਿਕ ਗਤੀਵਿਧੀ ਵਜੋਂ ਛੁਟਿਆਉਣ ਦੇ ਵੀ ਤੁੱਲ ਹੈ।

ਹੁਣ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਵਕੀਲ ਤੇ ਪੰਜਾਬੀ ਕਵੀ ਐਡਵੋਕੇਟ ਹਰੀ ਚੰਦ ਅਰੋੜਾ ਵੱਲੋਂ ਇਹ ਮੁੱਦਾ ਭਾਰਤ ਸਰਕਾਰ ਦੇ ਪੱਧਰ 'ਤੇ ਚੁੱਕਦਿਆਂ ਕਾਨੂੰਨੀ ਚਾਰਾਜੋਈ ਅਰੰਭੀ ਗਈ ਹੈ। ਉਨ੍ਹਾਂ ਕੇਂਦਰੀ ਕੈਬਿਨਟ ਸਕੱਤਰ, ਵਿਦੇਸ਼ੀ ਮਾਮਲਿਆਂ ਬਾਰੇ ਮੰਤਰਾਲੇ ਦੇ ਸਕੱਤਰ ਤੇ ਪੰਜਾਬ ਸਰਕਾਰ ਦੇ ਚੀਫ਼ ਸਕੱਤਰ ਨੂੰ ਇਕ ਮਹੀਨੇ ਦੇ ਅਲਟੀਮੇਟਮ 'ਤੇ ਕਾਨੂੰਨੀ ਨੋਟਿਸ ਭੇਜਦਿਆਂ ਸ਼ਹੀਦ ਊਧਮ ਸਿੰਘ ਦੀਆਂ ਇਹ ਆਖ਼ਰੀ ਨਿਸ਼ਾਨੀਆਂ ਆਦਰ ਸਹਿਤ ਭਾਰਤ ਲਿਆਉਣ ਲਈ ਬਰਤਾਨੀਆ ਸਰਕਾਰ ਕੋਲ ਪਹੁੰਚ ਕਰਨ ਦੀ ਮੰਗ ਕੀਤੀ ਹੈ।

ਬਰਤਾਨਵੀ ਪ੍ਰਧਾਨ ਮੰਤਰੀ ਵੱਲੋਂ ਫ਼ਰਵਰੀ 2013 ਵਿਚ ਆਪਣੀ ਭਾਰਤ ਫੇਰੀ ਮੌਕੇ ਜਲਿਆਂਵਾਲੇ ਬਾਗ਼ ਵਿਚ ਸ਼ਹੀਦੀ ਸਮਾਰਕ ਉੱਤੇ ਨਾ ਸਿਰਫ਼ ਸ਼ਰਧਾ ਦੇ ਫੁੱਲ ਭੇਟ ਕੀਤੇ ਸਨ ਬਲਕਿ ਉਥੇ ਮੌਜੂਦ ਵਿਜੀਟਰ ਬੁੱਕ ਵਿਚ ਇਸ ਸਾਕੇ ਨੂੰ ਆਪਣੇ ਦੇਸ਼ (ਬਰਤਾਨੀਆ) ਦੇ ਇਤਿਹਾਸ ਦਾ ਇਕ ਕਾਲਾ ਵਰਕਾ ਵੀ ਕਰਾਰ ਦਿੱਤਾ ਸੀ। ਐਡਵੋਕੇਟ ਅਰੋੜਾ ਵੱਲੋਂ ਇਕ ਮਹੀਨੇ ਵਿਚ ਸ਼ਹੀਦ ਊਧਮ ਸਿੰਘ ਦੀਆਂ ਆਖ਼ਰੀ ਨਿਸ਼ਾਨੀਆਂ ਵਤਨ ਲਿਆਉਣ ਹਿਤ ਕਾਰਵਾਈ ਨਾ ਅਰੰਭੇ ਜਾਣ ਦੀ ਸੂਰਤ ਵਿਚ ਜਨਹਿਤ ਪਟੀਸ਼ਨ ਦੇ ਰੂਪ ਵਿਚ ਸੁਪਰੀਮ ਕੋਰਟ ਪਹੁੰਚ ਕਰਨ ਦੀ ਵੀ ਗੱਲ ਕਹੀ ਹੈ।

# ਚੋਣ ਵਿਧੀ ਬਾਰੇ ਗੁਰਦੁਆਰਾ ਸੈਨ ਹੋਜ਼ੇ ਸੁਧਾਰ ਕਮੇਟੀ ਦੀ ਤਜਵੀਜ਼ ਪ੍ਰਵਾਨ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕੀ ਮਾਮਲਿਆਂ ਅਤੇ ਚੋਣਾਂ ਨੂੰ ਲੈ ਕੇ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਸੁਧਾਰ ਕਮੇਟੀ ਵਿਚਾਲੇ ਚਲ ਰਹੇ ਕੇਸ ਵਿਚ ਅਦਾਲਤ ਨੇ ਚੋਣਾਂ ਕਰਵਾਉਣ ਲਈ ਦੋਹਾਂ ਧਿਰਾਂ ਦੇ 3-3 ਮੈਂਬਰ ਲੈ ਕੇ ਇਕ 6 ਮੈਂਬਰੀ ਕਮੇਟੀ ਬਣਾਉਣ ਦਾ ਹੁਕਮ ਦਿਤਾ ਹੈ ਜਿਸ ਦਾ ਮੁਖੀ ਇਕ ਰਿਟਾਇਰਡ ਜੱਜ ਹੋਵੇਗਾ, ਜਿਸ ਦੀ ਨਿਯੁਕਤੀ ਬਾਅਦ ਵਿਚ ਕੀਤੀ ਜਾਵੇਗੀ।

ਕੈਲੀਫੋਰਨੀਆ ਸੁਪੀਰੀਅਰ ਕੋਰਟ, ਸੈਂਟਾ ਕਲਾਰਾ ਦੇ ਮਾਨਯੋਗ ਜੱਜ ਡੈਰਿਕ ਵੁਡਹਾਊਸ ਨੇ ਮੁੱਦਈ ਤਰਲੋਚਨ ਸਿੰਘ ਨਾਹਲ ਵਗੈਰਾ ਬਨਾਮ ਗੁਰਦੁਆਰਾ ਸੈਨ ਹੋਜ਼ੇ ਵਗੈਰਾ ਕੇਸ ਵਿਚ 10 ਦਸੰਬਰ 2014 ਨੂੰ ਸੁਣਾਏ ਆਪਣੇ ਫੈਸਲੇ ਵਿਚ ਚੋਣਾਂ ਸਬੰਧੀ ਮੁੱਦਈ ਧਿਰ ਯਾਨਿ ਗੁਰਦੁਆਰਾ ਸੁਧਾਰ ਕਮੇਟੀ ਦੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿਤੀ। ਜੱਜ ਨੇ ਕਿਹਾ ਕਿ ਮੇਰੇ ਖਿਆਲ ਵਿਚ ਕੇਸ ਵਿਚ ਦਖਲ ਦੇਣ ਵਾਲੀ ਤੀਜੀ ਧਿਰ ਦੇ ਇਸ ਮਾਮਲੇ ਵਿਚ ਕੀਤੇ ਗਏ ਦਾਅਵੇ ਕੋਈ ਮੁੱਦਾ ਨਹੀਂ ਹਨ।

ਆਪਣੇ ਹੁਕਮ ਵਿਚ ਜੱਜ ਡੈਰਿਕ ਵੁਡਹਾਊਸ ਨੇ ਚੋਣ ਵਿਧੀ ਬਾਰੇ ਮੁੱਦਈ ਧਿਰ ਦੀ ਤਜਵੀਜ਼ ਨੂੰ ਪ੍ਰਵਾਨਗੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੋਹਾਂ ਧਿਰਾਂ ਵਲੋਂ ਚੋਣ ਵਿਧੀ ਬਾਰੇ ਪੇਸ਼ ਕੀਤੀਆਂ ਗਈਆਂ ਤਜਵੀਜ਼ਾਂ ਘੋਖੀਆਂ ਹਨ ਅਤੇ ਉਨ੍ਹਾਂ ਦੇ ਖਿਆਲ ਵਿਚ ਮੁੱਦਈ ਧਿਰ ਵਲੋਂ ਪੇਸ਼ ਕੀਤੀ ਗਈ ਤਜਵੀਜ਼ ਜਾਹਰਾ ਤੌਰ 'ਤੇ ਵਧੇਰੇ ਉਚਿਤ ਹੈ। ਅਦਾਲਤ ਨੇ ਜੁਲਾਈ 2011 ਦੇ ਹੁਕਮ ਵਿਚ ਸੋਧ ਲਈ ਦਾਇਰ ਕੀਤੀ ਗਈ ਮੋਸ਼ਨ ਰੱਦ ਕਰ ਦਿਤੀ। ਅਦਾਲਤ ਨੇ ਦੋਹਾਂ ਧਿਰਾਂ ਦੇ ਵਕੀਲਾਂ ਨੂੰ ਹਦਾਇਤ ਕੀਤੀ ਕਿ ਉਹ ਅਦਾਲਤ ਵਲੋਂ ਪ੍ਰਵਾਨ ਕੀਤੀ ਗਈ ਚੋਣ ਵਿਧੀ ਨੂੰ ਕਾਰਗਰ ਬਣਾਉਣ ਲਈ ਆਪਸ ਵਿਚ ਵਿਚਾਰ-ਵਟਾਂਦਰਾ ਕਰਨ ਅਤੇ ਜਿਥੇ ਕਿਤੇ ਮਤਭੇਦ ਹੋਣ, ਉਹ ਅਦਾਲਤ ਵਿਚ ਪੇਸ਼ ਕੀਤੇ ਜਾਣ, ਜਿਨ੍ਹਾਂ ਉਪਰ ਉਹ ਆਪਣਾ ਹੁਕਮ ਜਾਰੀ ਕਰਨਗੇ। ਜੱਜ ਨੇ ਚਲੇ ਆ ਰਹੇ ਸਾਰੇ ਸਟੇਅ ਵੀ ਰੱਦ ਕਰ ਦਿਤੇ। ਇਨ੍ਹਾਂ ਵਿਚ ਚੋਣਾਂ ਉਪਰ ਸਟੇਅ ਵੀ ਸ਼ਾਮਲ ਹੈ।

ਇਸੇ ਦੌਰਾਨ ਗੁਰਦੁਆਰਾ ਸੁਧਾਰ ਕਮੇਟੀ ਨੇ ਅਦਾਲਤ ਦੇ ਹੁਕਮ ਨੂੰ ਆਪਣੀ ਜਿੱਤ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਨਾਲ ਚੋਣਾਂ ਲਈ ਰਾਹ ਪੱਧਰਾ ਹੋ ਗਿਆ ਹੈ। ਕਮੇਟੀ ਦੇ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ ਨੇ ਜਾਰੀ ਕੀਤੇ ਇਕ ਬਿਆਨ ਵਿਚ ਕਿਹਾ ਹੈ ਕਿ ਹੁਣ ਇਕ 6 ਮੈਂਬਰੀ ਚੋਣ ਕਮੇਟੀ ਬਣੇਗੀ ਜਿਹੜੀ ਵੋਟਰ ਰਜਿਸਟ੍ਰੇਸ਼ਨ, ਵੋਟਰ ਲਿਸਟ ਦੀ ਤਸਦੀਕ, ਚੋਣ ਵਾਲੇ ਦਿਨ ਸਕਿਉਰਿਟੀ ਅਤੇ ਚੋਣ ਦਾ ਸਾਰਾ ਕੰਮ ਆਪਣੇ ਹੱਥਾਂ ਵਿਚ ਲਏਗੀ। ਇਸ ਕਮੇਟੀ ਵਿਚ ਦੋਹਾਂ ਧਿਰਾਂ ਦੇ 3-3 ਮੈਂਬਰ ਹੋਣਗੇ ਜਿਹੜੇ ਨਿਰਪੱਖ ਤਰੀਕੇ ਨਾਲ ਚੋਣਾਂ ਕਰਾਉਣਗੇ। ਨਿਰਪੱਖ ਚੋਣਾਂ ਕਰਾਉਣ ਲਈ ਇਹ ਇਕ ਬਹੁਤ ਹੀ ਵਧੀਆ ਸਿਸਟਮ ਹੋਵੇਗਾ ਅਤੇ ਪ੍ਰਬੰਧਕ ਕਮੇਟੀ ਮਨ ਆਈਆਂ ਨਹੀਂ ਕਰ ਸਕੇਗੀ।

ਡਾ. ਨਾਹਲ ਨੇ ਕਿਹਾ ਹੈ ਕਿ ਗੁਰਦੁਆਰਾ ਸੁਧਾਰ ਕਮੇਟੀ ਨੇ ਸਾਢੇ ਤਿੰਨ ਸਾਲ ਦੀ ਲੰਮੀ ਅਤੇ ਮਹਿੰਗੀ ਲੜਾਈ ਲੜ ਕੇ ਸੰਗਤਾਂ ਦੇ ਵੋਟਾਂ ਦੇ ਹੱਕ ਬਹਾਲ ਕਰਵਾਏ ਹਨ ਅਤੇ ਸੰਵਿਧਾਨ ਵਿਚ ਕੀਤੀਆਂ ਸਾਰੀਆਂ ਗੈਰ-ਕਾਨੂੰਨੀ ਤਬਦੀਲੀਆਂ ਰੱਦ ਕਰਵਾਈਆਂ ਹਨ।

# ਆਨਲਾਈਨ ਲਾਟਰੀ ਨਾਲ ਧਨ ਜੁਟਾਉਣ ਦੇ ਯਤਨਾਂ ਨੂੰ ਬੂਰ ਨਾ ਪਿਆ

ਚੰਡੀਗੜ੍ਹ (ਬਿਊਰੋ): ਪੰਜਾਬ ਸਰਕਾਰ ਵੱਲੋਂ ਆਨਲਾਈਨ ਲਾਟਰੀ ਰਾਹੀਂ ਹੋਰ ਧਨ ਜੁਟਾਉਣ ਦੇ ਯਤਨਾਂ ਨੂੰ ਬੂਰ ਪੈਂਦਾ ਨਜ਼ਰ ਨਹੀਂ ਆਉਂਦਾ। ਇਹ ਆਨਲਾਈਨ ਲਾਟਰੀ ਚਲਾਉਣ ਲਈ ਅਜੇ ਤੱਕ ਕੋਈ ਲਾਟਰੀ ਅਪਰੇਟਰ ਅੱਗੇ ਨਹੀਂ ਆਇਆ ਹਾਲਾਂਕਿ ਸਰਕਾਰ ਪਿਛਲੇ ਤਿੰਨ ਮਹੀਨਿਆਂ ਦੌਰਾਨ ਦੋ ਵਾਰੀ ਇਸ ਸਬੰਧੀ ਟੈਂਡਰ ਜਾਰੀ ਕਰ ਚੁੱਕੀ ਹੈ।

ਪੰਜਾਬ ਮੰਤਰੀ ਮੰਡਲ ਨੇ ਇਸ ਸਾਲ ਸਤੰਬਰ ਵਿਚ ਆਨਲਾਈਨ ਲਾਟਰੀ ਦੇ ਰੋਜ਼ਾਨਾ 24 ਡਰਾਅ ਸ਼ੁਰੂ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਰਾਜ ਸਰਕਾਰ ਨੂੰ ਉਮੀਦ ਸੀ ਕਿ ਇਸ ਆਨਲਾਈਨ ਲਾਟਰੀ ਰਾਹੀਂ ਇਸਨੂੰ 150 ਕਰੋੜ ਰੁਪਏ ਦੀ ਸਾਲਾਨਾ ਆਮਦਨ ਹੋਵੇਗੀ। ਪੰਜਾਬ ਨੇ ਪਹਿਲਾਂ ਹੀ ਤਿੰਨ ਰਾਜਾਂ-ਮਿਜ਼ੋਰਮ, ਸਿੱਕਿਮ ਅਤੇ ਨਾਗਾਲੈਂਡ ਨੂੰ ਰਾਜ ਵਿਚ ਆਨਲਾਈਨ ਲਾਟਰੀ ਚਲਾਉਣ ਦੀ ਆਗਿਆ ਦਿੱਤੀ ਸੀ, ਜਿਨ੍ਹਾਂ ਦੇ ਰੋਜ਼ਾਨਾ 48 ਡਰਾਅ ਹਨ ਅਤੇ ਇਨ੍ਹਾਂ ਤੋਂ ਸਾਲਾਨਾ 105 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਪੰਜਾਬ ਸਰਕਾਰ ਦਾ ਆਪਣੀ ਲਾਟਰੀ ਸ਼ੁਰੂ ਕਰਕੇ ਆਨਲਾਈਨ ਲਾਟਰੀ ਤੋਂ ਸਾਲਾਨਾ 250 ਕਰੋੜ ਰੁਪਏ ਦਾ ਮਾਲੀਆ ਜੁਟਾਉਣ ਦਾ ਟੀਚਾ ਸੀ। ਪੰਜਾਬ ਸਰਕਾਰ ਵੱਲੋਂ ਟਿਕਟਾਂ ਰਾਹੀਂ ਲਾਟਰੀ ਦੇ ਬੰਪਰ ਡਰਾਅ ਚਲਾਏ ਜਾਂਦੇ ਹਨ, ਜਿਨ੍ਹਾਂ ਰਾਹੀਂ ਸਰਕਾਰ ਨੂੰ 15 ਕਰੋੜ ਰੁਪਏ ਦੀ ਸਾਲਾਨਾ ਆਮਦਨ ਹੁੰਦੀ ਹੈ। ਪੰਜਾਬ ਮੰਤਰੀ ਮੰਡਲ ਵੱਲੋਂ ਆਨਲਾਈਨ ਲਾਟਰੀ ਨੂੰ ਪ੍ਰਵਾਨਗੀ ਦੇਣ ਮਗਰੋਂ ਰਾਜ ਲਾਟਰੀਆਂ ਵਿਭਾਗ ਵੱਲੋਂ ਦੋ ਵਾਰੀ ਟੈਂਡਰ ਜਾਰੀ ਕੀਤੇ ਗਏ ਹਨ। ਪਹਿਲੀ ਵਾਰ ਜਾਰੀ ਟੈਂਡਰ ਮਗਰੋਂ ਜਦੋਂ ਸਫ਼ਲਤਾ ਹਾਸਲ ਨਾ ਹੋਈ ਤਾਂ ਸਰਕਾਰ ਵੱਲੋਂ ਦੂਜੀ ਵਾਰ ਈ-ਟੈਂਡਰ ਜਾਰੀ ਕੀਤਾ ਗਿਆ ਤਾਂ ਜੋ ਕੌਮੀ ਆਨਲਾਈਨ ਲਾਟਰੀ ਅਪਰੇਟਰਾਂ ਨੂੰ ਵੀ ਇਹ ਲਾਟਰੀ ਚਲਾਉਣ ਵਿਚ ਸ਼ਾਮਲ ਹੋਣ ਦਾ ਮੌਕਾ ਦਿੱਤਾ ਜਾ ਸਕੇ। ਦੂਜੀ ਵਾਰ ਈ-ਟੈਂਡਰ ਜਾਰੀ ਹੋਣ ਦੇ ਬਾਵਜੂਦ ਇੱਕ ਵੀ ਲਾਟਰੀ ਅਪਰੇਟਰ ਅੱਗੇ ਨਹੀਂ ਆਇਆ। ਲਾਟਰੀ ਅਪਰੇਟਰਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ 150 ਕਰੋੜ ਰੁਪਏ ਦੀ ਯਕੀਨੀ ਆਮਦਨ ਜਾਂ ਅਪਰੇਟਰ ਨੂੰ ਹੋਣ ਵਾਲੀ ਕੁੱਲ ਆਮਦਨ ਦੀ 50 ਫ਼ੀਸਦੀ (ਦੋਹਾਂ ਵਿਚੋਂ ਜੋ ਵੀ ਵੱਧ ਹੋਵੇ) ਅਦਾਇਗੀ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਜੋ ਉਨ੍ਹਾਂ ਨੂੰ ਵਾਰਾ ਨਹੀਂ ਖਾਂਦੀ।

ਪੈਨ ਇੰਡੀਆ (ਪ੍ਰਮੁੱਖ ਲਾਟਰੀ ਅਪਰੇਟਰ) ਦੇ ਖੇਤਰੀ ਮੁਖੀ ਸੁਰੇਸ਼ ਅਰੋੜਾ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਜੋ ਸਾਲਾਨਾ ਮਿਥੀ ਰਾਸ਼ੀ ਦੀ ਮੰਗ ਕੀਤੀ ਜਾ ਰਹੀ ਹੈ ਉਸਦੀ ਅਦਾਇਗੀ ਕੀਤੇ ਜਾਣਾ ਉਨ੍ਹਾਂ ਲਈ ਸੰਭਵ ਨਹੀਂ ਹੈ। ਏਨਾ ਹੀ ਨਹੀਂ ਰਾਜ ਸਰਕਾਰ ਵੱਲੋਂ ਮੰਗੀ ਗਈ ਸੌ ਕਰੋੜ ਰੁਪਏ ਦੀ ਬੈਂਕ ਗਾਰੰਟੀ ਵੀ ਕਿਸੇ ਲਾਟਰੀ ਅਪਰੇਟਰ ਨੂੰ ਵਾਰਾ ਨਹੀਂ ਖਾਂਦੀ। ਇਹੀ ਕਾਰਨ ਹੈ ਕਿ ਅਪਰੇਟਰਾਂ ਨੇ ਇਸ ਲਾਟਰੀ ਲਈ ਬੋਲੀ ਨਹੀਂ ਦਿੱਤੀ। ਦੋ ਹੋਰ ਕੌਮੀ ਲਾਟਰੀ ਅਪਰੇਟਰ 'ਸੁਗਲ ਐਂਡ ਦਾਮਿਨੀ' ਅਤੇ 'ਮਾਰਟਿਨ ਲਾਟਰੀ' ਨੇ ਵੀ ਲਗਭਗ ਇਹੀ ਕਾਰਨ ਦੱਸਦਿਆਂ ਇਸ ਲਾਟਰੀ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ।

## ਦਿੱਲੀ ਕਤਲੇਆਮ ਕੇਸ ਤਬਦੀਲ ਕਰਨ ਬਾਰੇ ਸੀ. ਬੀ. ਆਈ. ਨੂੰ ਨੋਟਿਸ

**ਨਵੀਂ ਦਿੱਲੀ (ਬਿਊਰੋ):** ਦਿੱਲੀ ਦੀ ਅਦਾਲਤ ਨੇ ਦਿੱਲੀ ਕਤਲੇਆਮ ਦੇ ਇਕ ਕੇਸ 'ਚ ਕਾਂਗਰਸ ਆਗੂ ਸੱਜਣ ਕੁਮਾਰ ਨਾਲ ਮੁਕੱਦਮੇ ਦਾ ਸਾਹਮਣਾ ਕਰ ਰਹੇ ਦੋ ਮੁਲਜ਼ਮਾਂ ਦੀ ਅਪੀਲ ਉਪਰ ਸੀ.ਬੀ.ਆਈ. ਤੋਂ ਜਵਾਬ ਮੰਗਿਆ ਹੈ। ਮੁਲਜ਼ਮ ਬ੍ਰਹਮਾਨੰਦ ਗੁਪਤਾ ਅਤੇ ਪੀਰੂ ਨੇ ਜ਼ਿਲ੍ਹਾ ਜੱਜ ਤਲਵੰਤ ਸਿੰਘ ਜਿਨ੍ਹਾਂ ਹਾਲ ਹੀ ਵਿਚ ਚਾਰਜ ਲਿਆ, ਕੋਲ ਇਕ ਅਰਜ਼ੀ ਦਾਖਲ ਕਰਕੇ ਅਧਿਕਾਰ ਖੇਤਰ ਦੀ ਬਿਨਾ 'ਤੇ ਉਨ੍ਹਾਂ ਦੀ ਅਦਾਲਤ 'ਚੋਂ ਕੇਸ ਤਬਦੀਲ ਕਰਨ ਦੀ ਮੰਗ ਕੀਤੀ ਹੈ।

## ਬੁਢਾਪਾ ਪੈਨਸ਼ਨ ਲੈਣ ਲਈ ਨੌਜਵਾਨ ਵੀ ਬਣੇ ਬੁੱਢੇ

**ਬਠਿੰਡਾ:** ਪੰਜਾਬ ਵਿਚ ਬੁਢਾਪਾ ਪੈਨਸ਼ਨ ਲੈਣ ਲਈ ਨੌਜਵਾਨ ਵੀ ਬੁੱਢੇ ਬਣ ਗਏ ਹਨ। ਸਰਕਾਰ ਵੱਲੋਂ ਬੁਢਾਪਾ ਪੈਨਸ਼ਨ ਦੀ ਕਰਵਾਈ ਗਈ ਐਮਰਜੈਂਸੀ ਪੜਤਾਲ ਦੌਰਾਨ ਇਹ ਤੱਥ ਉਭਰੇ ਹਨ। ਤਾਜ਼ਾ ਪੜਤਾਲ ਨੇ ਜਿੱਥੇ ਸਰਕਾਰ ਦੇ ਹੋਸ਼ ਉਡਾ ਦਿੱਤੇ ਹਨ, ਉਥੇ ਕਾਹਲੀ ਵਿਚ ਵੋਟਰ ਸੂਚੀਆਂ ਦੇ ਆਧਾਰ 'ਤੇ ਕੀਤੀ ਗਈ ਪੜਤਾਲ ਤਸਵੀਰ ਨੂੰ ਸਪਸ਼ਟ ਕਰਨ ਵਿਚ ਵੀ ਫੇਲ੍ਹ ਰਹੀ ਹੈ। ਸਮਾਜਕ ਸੁਰੱਖਿਆ ਵਿਭਾਗ ਪੰਜਾਬ ਨੇ ਇੱਕ ਹਫਤੇ ਵਿਚ 14.50 ਲੱਖ ਬੁਢਾਪਾ ਪੈਨਸ਼ਨਾਂ ਦੀ ਐਮਰਜੈਂਸੀ ਪੜਤਾਲ ਕਰਵਾਈ ਹੈ। ਵੋਟਰ ਸੂਚੀਆਂ ਨਾਲ ਮਿਲਾਣ ਕਰਕੇ ਬੁਢਾਪਾ ਪੈਨਸ਼ਨ ਦੇ ਕੇਸਾਂ ਦੀ ਉਮਰ ਦੀ ਪੜਤਾਲ ਕੀਤੀ ਗਈ ਹੈ। ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰਾਂ ਨੇ ਪੜਤਾਲ ਦੀ ਮੁਕੰਮਲ ਰਿਪੋਰਟ ਮੁੱਖ ਦਫ਼ਤਰ ਨੂੰ ਦੇ ਦਿੱਤੀ ਹੈ।

ਸਮਾਜਕ ਸੁਰੱਖਿਆ ਵਿਭਾਗ ਦੀ ਡਾਇਰੈਕਟਰ ਨੇ ਸਪਸ਼ਟ ਹਦਾਇਤ ਕਰ ਦਿੱਤੀ ਹੈ ਕਿ ਜੋ ਵੀ ਬੁਢਾਪਾ ਪੈਨਸ਼ਨ ਦਾ ਕੇਸ ਅਯੋਗ ਹੈ, ਉਸ ਪੈਨਸ਼ਨ ਨੂੰ ਮੌਕੇ 'ਤੇ ਹੀ ਕੱਟ ਦਿੱਤਾ ਜਾਵੇ। ਜੇਕਰ ਕਿਸੇ ਵਿਅਕਤੀ ਦੀ ਪੈਨਸ਼ਨ ਗਲਤ ਕੱਟੀ ਜਾਂਦੀ ਤਾਂ ਉਹ ਬਜ਼ੁਰਗ ਇੱਕ ਮਹੀਨੇ ਦੇ ਅੰਦਰ ਅੰਦਰ ਸਬੰਧਤ ਡਿਪਟੀ ਕਮਿਸ਼ਨਰ ਕੋਲ ਚਾਰਾਜੋਈ ਕਰ ਸਕਦਾ ਹੈ। ਸਮਾਜਕ ਸੁਰੱਖਿਆ ਵਿਭਾਗ ਵੱਲੋਂ ਸਾਰੇ ਡਿਪਟੀ ਡਾਇਰੈਕਟਰ ਫੀਲਡ ਵਿਚ ਤਾਇਨਾਤ ਕਰ ਦਿੱਤੇ ਗਏ ਸਨ ਤਾਂ ਜੋ ਇੱਕੋ ਸਮੇਂ ਪੜਤਾਲ ਦਾ ਕੰਮ ਮੁਕੰਮਲ ਕੀਤਾ ਜਾ ਸਕੇ। ਹੁਣ ਵਿਭਾਗ ਦਾ ਕੋਈ ਵੀ ਅਧਿਕਾਰੀ ਇਸ ਪੜਤਾਲ ਦੀ ਭਾਫ਼ ਬਾਹਰ ਨਹੀਂ ਕੱਢ ਰਿਹਾ ਹੈ।

ਦੱਸਣਯੋਗ ਹੈ ਕਿ ਬੁਢਾਪਾ ਪੈਨਸ਼ਨ ਲੈਣ ਲਈ ਔਰਤਾਂ ਵਾਸਤੇ ਉਮਰ 58 ਸਾਲ ਤੋਂ ਵੱਧ ਅਤੇ ਪੁਰਸ਼ਾਂ ਵਾਸਤੇ 65 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਬਠਿੰਡਾ ਜ਼ਿਲ੍ਹੇ ਵਿਚ ਸਿਰਫ਼ 55 ਫ਼ੀਸਦੀ ਬੁਢਾਪਾ ਪੈਨਸ਼ਨ ਦੇ ਕੇਸ ਸਹੀ ਪਾਏ ਗਏ ਹਨ। ਪੜਤਾਲ ਦੌਰਾਨ ਜੋ ਲਾਭਪਾਤਰੀ ਘੱਟ ਉਮਰ ਦੇ ਪਾਏ ਗਏ ਅਤੇ ਜੋ ਵੋਟਰ ਸੂਚੀਆਂ ਵਿਚ ਲੱਭੇ ਨਹੀਂ ਜਾਂ ਫਿਰ ਮਿਲਾਣ ਨਹੀਂ ਹੋ ਸਕਿਆ, ਅਜਿਹੇ ਕੇਸ 45 ਫ਼ੀਸਦੀ ਬਣਦੇ ਹਨ। ਤਲਵੰਡੀ ਬਲਾਕ ਅਤੇ ਮੌੜ ਸ਼ਹਿਰ ਦੀ ਪੜਤਾਲ ਹਾਲੇ ਮੁਕੰਮਲ ਨਹੀਂ ਹੋ ਸਕੀ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250

Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਤੰਦੂਰੀਏ, ਕੱਰੀ ਕੁੱਕ, ਹੈਲਪਰ, ਵੇਟਰ ਤੇ ਡਿਸ ਵਾਸ਼ਰ ਦੀ ਲੋੜ ਹੈ
ਅਟਲਾਂਟਾ, ਜਾਰਜੀਆ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ, ਕੱਰੀ ਕੁੱਕ, ਵੇਟਰ, ਹੈਲਪਰ ਤੇ ਡਿਸ ਵਾਸ਼ਰ ਦੀ ਲੋੜ ਹੈ।
ਜੋੜੇ (ਪਤੀ-ਪਤਨੀ) ਨੂੰ ਪਹਿਲ
ਚੰਗੀ ਤਨਖਾਹ, ਮੁਫਤ ਰਿਹਾਇਸ਼
ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ
ਫੋਨ: 757-240-9348
50-51

# ਪੰਜਾਬ ਵਿਚ ਪਹਿਲਾਂ ਨਾਲੋਂ ਵਧੀਆਂ ਜਬਰ-ਜਨਾਹ ਦੀਆਂ ਘਟਨਾਵਾਂ

**ਚੰਡੀਗੜ੍ਹ:** ਪੰਜਾਬ ਵਿਚ ਔਰਤਾਂ ਨਾਲ ਜਬਰ-ਜਨਾਹ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਪਿਛਲੇ ਵਰ੍ਹੇ ਸਾਲ 2013 ਵਿਚ ਸੂਬੇ ਵਿਚ ਜਬਰ-ਜਨਾਹ ਦੇ 888 ਮਾਮਲੇ ਆਈ.ਪੀ.ਸੀ. ਦੀ ਧਾਰਾ 376 ਤਹਿਤ ਦਰਜ ਹੋਏ ਸਨ, ਉਥੇ ਇਸ ਵਰ੍ਹੇ ਭਾਵ ਇਕ ਜਨਵਰੀ 2014 ਤੋਂ 30 ਨਵੰਬਰ 2014 ਤੱਕ ਜਬਰ ਜਨਾਹ ਦੇ 919 ਮਾਮਲੇ ਦਰਜ ਹੋਏ। ਹੈਰਾਨੀਜਨਕ ਤੱਥ ਇਹ ਹੈ ਕਿ ਪੰਜਾਬ ਵਿਚ ਜਬਰ ਜਨਾਹ ਦੇ ਮਾਮਲੇ ਆਏ ਸਾਲ ਵਧ ਰਹੇ ਹਨ। ਪੁਲਿਸ ਤੋਂ ਨਿਆਂ ਨਾ ਮਿਲਣ ਦੇ ਦੋਸ਼ਾਂ ਤਹਿਤ ਇਸ ਵਰ੍ਹੇ 20 ਲੜਕੀਆਂ/ਔਰਤਾਂ ਨੇ ਪੰਜਾਬ ਰਾਜ ਮਹਿਲਾ ਅਧਿਕਾਰ ਕਮਿਸ਼ਨ ਦਾ ਦਰਵਾਜ਼ਾ ਖੜਕਾਇਆ। ਇਹੀ ਨਹੀਂ, ਜਬਰ ਜਨਾਹ ਤੇ ਔਰਤਾਂ ਨਾਲ ਸਬੰਧਤ ਹੋਰ ਮਾਮਲਿਆਂ ਵਿਚ ਪੁਲਿਸ ਦੇ ਅਧਿਕਾਰੀਆਂ/ਕਰਮਚਾਰੀਆਂ ਖਿਲਾਫ਼ ਵੀ 24 ਸ਼ਿਕਾਇਤਾਂ ਪੰਜਾਬ ਮਹਿਲਾ ਅਧਿਕਾਰ ਕਮਿਸ਼ਨ ਕੋਲ ਪੁੱਜੀਆਂ। ਇਸ ਵਰ੍ਹੇ ਨਵੰਬਰ ਮਹੀਨੇ ਤੱਕ ਪੰਜਾਬ ਵਿਚ ਆਈ.ਪੀ.ਸੀ. ਦੀ ਧਾਰਾ 354 ਤਹਿਤ ਛੇੜਛਾੜ ਦੇ 1041 ਮਾਮਲੇ ਦਰਜ ਹੋਏ। ਲੜਕੀਆਂ ਨੂੰ ਅਗਵਾ ਕਰਨ ਨਾਲ ਸਬੰਧਤ ਦਰਜ ਮਾਮਲਿਆਂ ਦੀ ਗਿਣਤੀ ਨਵੰਬਰ ਮਹੀਨੇ ਤੱਕ 990 ਰਹੀ।



ਦੋ ਸਾਲ ਪਹਿਲਾਂ ਇਸੇ ਮਹੀਨੇ ਦਿੱਲੀ ਵਿਚ ਵਾਪਰੇ 'ਨਿਰਭੈ ਜਬਰ ਜਨਾਹ ਕਾਂਡ' ਤੋਂ ਬਾਅਦ ਦੇਸ਼ ਭਰ ਵਿਚ ਲੜਕੀਆਂ ਦੀ ਸੁਰੱਖਿਆ ਨੂੰ ਲੈਕੇ ਗੰਭੀਰ ਸੁਰਾਂ ਉੱਠਣੀਆਂ ਸ਼ੁਰੂ ਹੋਈਆਂ। ਜਨਤਕ ਦਬਾਅ ਕਾਰਨ ਸੂਬਿਆਂ ਦੀਆਂ ਸਰਕਾਰਾਂ ਨੇ ਨਿਰਭੈ ਦੇ ਨਾਂ 'ਤੇ ਵਿਸ਼ੇਸ਼ ਕਮਾਂਡੋ ਦਸਤਿਆਂ ਦੀ ਤਾਇਨਾਤੀ ਸਮੇਤ ਹੋਰ ਕਈ ਕਦਮ ਚੁੱਕੇ। ਪੰਜਾਬ ਵੀ ਉਨ੍ਹਾਂ ਸੂਬਿਆਂ ਵਿਚ ਸ਼ੁਮਾਰ ਸੀ ਪਰ ਪੰਜਾਬ ਸਰਕਾਰ ਦੀਆਂ ਸਰਕਾਰੀ ਫਾਈਲਾਂ ਵਿਚਲੇ ਅੰਕੜੇ ਨਸ਼ਰ ਕਰ ਰਹੇ ਹਨ ਕਿ ਪੰਜਾਬ ਨੇ ਦਿੱਲੀ ਦੇ ਉਸ ਅਣਮਨੁੱਖੀ ਕਾਂਡ ਤੋਂ ਕੋਈ ਸਬਕ ਨਹੀਂ ਸਿੱਖਿਆ। ਨਿਰਭੈ ਜਬਰ ਜਨਾਹ ਕਾਂਡ ਤੋਂ ਬਾਅਦ ਪੰਜਾਬ ਵਿਚ ਵਿਸ਼ੇਸ਼ 'ਮਹਿਲਾ ਸੁਰੱਖਿਆ ਕਮਾਂਡੋ ਦਸਤਿਆਂ' ਦੀਆਂ ਤਾਇਨਾਤੀਆਂ ਕੀਤੀਆਂ ਗਈਆਂ ਸਨ। ਇਸ ਮਕਸਦ ਲਈ 1091 ਹੈਲਪਲਾਈਨ ਨੰਬਰ ਜਾਰੀ ਕੀਤਾ ਗਿਆ ਸੀ ਤੇ ਪੰਜਾਬ ਭਰ ਵਿਚ ਤਕਰੀਬਨ 3200 ਮਹਿਲਾ ਕਮਾਂਡੋਆਂ ਦੇ ਅਮਲੇ ਨੂੰ ਵਾਰਦਾਤ ਵਾਲੇ ਸਥਾਨ 'ਤੇ ਪਹੁੰਚਣ ਲਈ ਸਫੈਦ ਸਕੂਟਰ ਦਿੱਤੇ ਗਏ ਸਨ। 3-4 ਮਹੀਨੇ ਤਾਂ ਇਨ੍ਹਾਂ ਮਹਿਲਾ ਕਮਾਂਡੋਆਂ ਨੂੰ ਵੱਖ-ਵੱਖ ਸ਼ਹਿਰਾਂ ਵਿਚ ਗਸ਼ਤ ਕਰਦੇ ਵੇਖਿਆ ਗਿਆ ਪਰ ਉਸ ਤੋਂ ਬਾਅਦ ਇਨ੍ਹਾਂ ਦੇ ਦਰਸ਼ਨ ਦੁਰਲੱਭ ਹੋ ਗਏ।

ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਕਮਾਂਡੋਆਂ ਦੇ ਗਾਇਬ ਹੋਣ ਦਾ ਮੁੱਖ ਕਾਰਨ ਇਨ੍ਹਾਂ ਵਿਚੋਂ ਕਈ ਕਮਾਂਡੋਆਂ ਦੀਆਂ 'ਉਚ ਸਰਕਾਰੇ-ਦਰਬਾਰੇ' ਕਰ ਦਿੱਤੀਆਂ ਗਈਆਂ ਤਾਇਨਾਤੀਆਂ ਹਨ। ਨਤੀਜਾ ਇਹ ਹੈ ਕਿ ਪੰਜਾਬ ਵਿਚ ਇਨ੍ਹਾਂ ਵਿਸ਼ੇਸ਼ ਕਮਾਂਡੋ ਦਸਤਿਆਂ ਤੱਕ ਪਹੁੰਚ ਕਰਨ ਦੀ ਬਜਾਇ 501 ਲੜਕੀਆਂ/ਔਰਤਾਂ ਨੇ ਘਰੇਲੂ ਮਾਰਕੁੱਟ ਦੀਆਂ ਸ਼ਿਕਾਇਤਾਂ ਪੰਜਾਬ ਰਾਜ ਮਹਿਲਾ ਅਧਿਕਾਰ ਕਮਿਸ਼ਨ ਕੋਲ ਦਰਜ ਕਰਵਾਈਆਂ। ਕਮਿਸ਼ਨ ਦੇ ਚੇਅਰਪਰਸਨ ਪਰਮਜੀਤ ਕੌਰ ਲਾਂਡਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਮਹਿਲਾ ਕਮਾਂਡੋ ਦਸਤਿਆਂ ਦੀ ਤਾਇਨਾਤੀ ਵਿਚ ਵਾਧਾ ਬੇਹੱਦ ਜ਼ਰੂਰੀ ਹੈ। ਇਸ ਲਈ ਉਹ ਇਸ ਬਾਰੇ ਸਰਕਾਰ ਨੂੰ ਲਿਖਣਗੇ। ਉਂਜ ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਜਦੋਂ ਤੋਂ ਉਸ ਵੇਲੇ 181 ਨੰਬਰ ਦੀ ਹੈਲਪਲਾਈਨ ਸ਼ੁਰੂ ਕੀਤੀ ਗਈ ਹੈ, ਉਦੋਂ ਤੋਂ ਉਸ ਕੋਲ ਆਈਆਂ ਕੁੱਲ ਸ਼ਿਕਾਇਤਾਂ ਵਿਚੋਂ 52 ਫ਼ੀਸਦੀ ਸ਼ਿਕਾਇਤਾਂ ਔਰਤਾਂ ਨਾਲ ਸਬੰਧਤ ਹਨ ਤੇ 81 ਫ਼ੀਸਦੀ ਔਰਤਾਂ ਨੇ ਪੁਲਿਸ ਸੇਵਾਵਾਂ ਪ੍ਰਤੀ ਸੰਤੁਸ਼ਟੀ ਜ਼ਾਹਰ ਕੀਤੀ ਹੈ। ਸਰਕਾਰ ਦਾ ਦਾਅਵਾ ਹੈ ਕਿ ਉਹ 40 ਹਜ਼ਾਰ ਮਹਿਲਾ ਸ਼ਿਕਾਇਤਾਂ ਦਾ ਨਿਪਟਾਰਾ ਇਸ ਹੈਲਪਲਾਈਨ ਤਹਿਤ ਕਰ ਚੁੱਕੀ ਹੈ ਪਰ ਪੰਜਾਬ ਵਿਚ ਜਬਰ ਜਨਾਹ ਤੇ ਛੇੜਛਾੜ ਦਾ ਵਧ ਰਿਹਾ ਗਰਾਫ਼ ਤੇ ਮਹਿਲਾ ਅਧਿਕਾਰ ਕਮਿਸ਼ਨ ਕੋਲ ਪੰਜਾਬ ਦੇ ਪੁਲਿਸ ਅਧਿਕਾਰੀਆਂ /ਕਰਮਚਾਰੀਆਂ ਦੀਆਂ ਸ਼ਿਕਾਇਤਾਂ ਸਰਕਾਰ ਦੇ ਉਕਤ ਦਾਅਵਿਆਂ ਨੂੰ ਝੁਠਲਾ ਰਹੀਆਂ ਹਨ।

## ਚਕਰ ਦੇ ਚਾਨਣ ਮੁਨਾਰੇ ਅਜਮੇਰ ਦਾ ਦਿਹਾਂਤ

**ਟੋਰਾਂਟੋ (ਬਿਊਰੋ):** ਇੰਗਲੈਂਡ ਵਿਚ ਕਬੱਡੀ ਤੇ ਸੌਕਰ ਦਾ ਨਾਮਵਰ ਖਿਡਾਰੀ ਬਣਿਆ ਤੇ ਅਜਮੇਰ ਵਲੈਤੀਏ ਦੇ ਨਾਂ ਨਾਲ ਮਸ਼ਹੂਰ ਹੋਇਆ ਅਜਮੇਰ ਸਿੰਘ ਸਿੱਧੂ ਦਾ ਲੰਘੀ 15 ਦਸੰਬਰ ਨੂੰ ਟੋਰਾਂਟੋ ਵਿਚ ਦਿਹਾਂਤ ਹੋ ਗਿਆ। ਅਕਤੂਬਰ ਵਿਚ ਉਹ ਛੇ ਹਫਤਿਆਂ ਦੀ ਕਾਰ ਸੇਵਾ ਲਈ ਕੈਨੇਡਾ ਤੋਂ ਪਿੰਡ ਚਕਰ (ਲੁਧਿਆਣਾ) ਗਿਆ ਸੀ। ਦੋ ਹਫ਼ਤੇ ਬਾਅਦ ਉਹ ਬਿਮਾਰ ਹੋ ਗਿਆ ਤੇ ਡਾਕਟਰਾਂ ਦੇ ਕਹਿਣ ਉਤੇ ਵਾਪਸ ਟੋਰਾਂਟੋ ਪਰਤ ਆਇਆ। ਟੋਰਾਂਟੋ ਆ ਕੇ ਪਤਾ ਲੱਗਾ ਉਸ ਨੂੰ ਕੈਂਸਰ ਹੈ।

ਅਜਮੇਰ ਸਿੱਧੂ ਪਿੰਡ ਚਕਰ ਦਾ ਚਾਨਣ ਮੁਨਾਰਾ ਸੀ। ਉਹਦੇ ਉਦਮ ਨਾਲ 'ਚਾਨਣ ਮੁਨਾਰਾ ਚਕਰ' ਪੁਸਤਕ ਵਜੂਦ ਵਿਚ ਆਈ ਜਿਸ ਤੋਂ ਹੋਰਨਾਂ ਪਿੰਡਾਂ ਨੂੰ ਰੌਸ਼ਨੀ ਮਿਲ ਰਹੀ ਹੈ। ਉਹ ਪਰਉਪਕਾਰੀ ਜਿਊੜਾ ਸੀ। ਉਹ ਦਰਿਆਦਿਲ ਦਾਨੀ ਹੀ ਨਹੀਂ ਸੀ ਉਹ ਸਿਰੜੀ ਕਾਰ ਸੇਵਕ ਵੀ ਸੀ। ਉਸ ਦੀ ਅਗਵਾਈ ਵਿਚ ਕਹੀਆਂ ਨਾਲ ਨਾਲੀਆਂ ਪੁੱਟਣ ਦੇ ਕੰਮ ਕਰਨੇ, ਸੀਵਰੇਜ ਦੀਆਂ ਪਾਈਪਾਂ ਪਾਉਣੀਆਂ, ਹੌਦੀਆਂ ਬਣਾਉਣੀਆਂ ਤੇ ਹੋਰ ਸਾਂਝੇ ਕਾਰਜ ਕਰਨੇ ਨੌਜਵਾਨਾਂ ਦੇ ਸੁਭਾਅ ਵਿਚ ਸ਼ਾਮਲ ਹੋ ਗਏ ਸਨ।

# ਲੋਕ ਸਭਾ ਵਿਚ ਗੂੰਜਿਆ ਅਤਿਵਾਦ ਪੀੜਤਾਂ ਦਾ ਮੁੱਦਾ

**ਨਵੀਂ ਦਿੱਲੀ:** ਪੰਜਾਬ ਵਿਚ ਅਤਿਵਾਦ ਪੀੜਤਾਂ ਲਈ ਯਾਦਗਾਰ ਬਣਾਉਣ ਤੇ ਉਨ੍ਹਾਂ ਦੇ ਵਾਰਸਾਂ ਨੂੰ ਨੌਕਰੀਆਂ ਤੇ ਮੁਆਵਜ਼ਾ ਦੇਣ ਦੀ ਮੰਗ ਲੋਕ ਸਭਾ ਵਿਚ ਕੀਤੀ ਗਈ। ਸਿਫਰ ਕਾਲ ਦੌਰਾਨ ਇਹ ਮੁੱਦਾ ਉਠਾਉਂਦਿਆਂ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਪਿਛਲੀਆਂ ਕੌਮੀ ਜ਼ਮਹੂਰੀ ਗੱਠਜੋੜ ਤੇ ਸਾਂਝਾਂ ਪ੍ਰਗਤੀਸ਼ੀਲ ਗੱਠਜੋੜ ਸਰਕਾਰ ਨੇ ਸਿੱਖ ਦੰਗਾ ਪੀੜਤਾਂ ਨੂੰ ਮੁਆਵਜ਼ਾ ਤਾਂ ਦੇ ਦਿੱਤਾ ਪਰ ਪੰਜਾਬ ਵਿਚ ਅਤਿਵਾਦ ਦੇ ਲੰਬੇ ਪੜਾਅ ਦੇ ਪੀੜਤਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਤਿਵਾਦ ਦੇ ਤਕਰੀਬਨ ਦੋ ਦਹਾਕਿਆਂ ਦੇ ਲੰਬੇ ਪੜਾਅ ਵਿਚ ਤਕਰੀਬਨ 35 ਹਜ਼ਾਰ ਲੋਕ ਮਾਰੇ ਗਏ ਪਰ ਉਨ੍ਹਾਂ ਦੇ ਪਰਿਵਾਰਾਂ ਨੂੰ ਕੋਈ ਰਾਹਤ ਜਾਂ ਮੁਆਵਜ਼ਾ ਨਹੀਂ ਮਿਲਿਆ। ਉਨ੍ਹਾਂ ਅਤਿਵਾਦ ਪੀੜਤ ਹਰ ਪਰਿਵਾਰ ਨੂੰ 15 ਲੱਖ ਰੁਪਏ ਮੁਆਵਜ਼ਾ ਅਤੇ ਵਾਰਸ ਨੂੰ ਨੌਕਰੀ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ ਲੋਕਾਂ ਦੇ ਪਰਿਵਾਰਾਂ ਨੂੰ ਉਜਾੜੇ ਦੀ ਮਾਰ ਵੀ ਸਹਿਣੀ ਪਈ ਹੈ। ਇਸ ਲਈ ਇਨ੍ਹਾਂ ਨੂੰ ਮੱਦਦ ਮਿਲਣੀ ਹੀ ਚਾਹੀਦੀ ਹੈ।


ਟਰੱਕ ਸਟਾਪ 40 ਓਕਲਹੋਮਾ

ਕੈਸ਼ੀਅਰ, ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ

■ਰੋਟੀ ਬਣਾਉਣ ਵਾਸਤੇ ਬੀਬੀਆਂ ਦੀ ਜ਼ਰੂਰਤ ਹੈ
■ਜੋੜੇ (ਪਤੀ-ਪਤਨੀ) ਨੂੰ ਪਹਿਲ
■ਚੰਗੀ ਤਨਖਾਹ ■ਮੁਫਤ ਰਿਹਾਇਸ਼

ਸੰਪਰਕ ਕਰੋ: ਰਾਜ ਸੌਕਰ
ਫੋਨ: 832-512-7172




Kulbir Heer, EA
510-304-7733

ਹੈਲਥ ਕੇਅਰ ਰਿਫੋਰਮ ਫਰੀ ਐਨਰੋਲਮੈਂਟ ਅਸਿਸਟੈਂਟ


Manjit Heer, EA
510-378-1040

Enroll Now
Enrollment Period
Nov. 15, 2014 to Feb. 15, 2015

Free Enrollment Assistance.
Learn how Health Insurance will Effect your Taxes Going Forward.
We are IRS "Enrolled Agents" for income tax prep. assistance.
Please Call 510-885-1040
We are COVERED CA "Certified Enrolled Counselors" for Health Insurance Assistance

COVERED CALIFORNIA
Certified Enrollment Counselor
WE WAVE, YOU SAVE!
www.libertyTax.com
LIBERTY TAX SERVICE
1-866-871-1040





bbc

# ਜੇਲ੍ਹ ਵਿਚ ਬੰਦ ਕੈਦੀਆਂ ਦੀ ਹਕੀਕਤ

## ਮਾਮਲਾ ਵਿਚਾਰ-ਅਧੀਨ, ਪਰ ਉਮਰ ਗੁਜ਼ਰ ਰਹੀ ਹੈ ਜੇਲ੍ਹ ਵਿਚ

**ਭਾਰਤ ਵਿਚ ਵਿਚਾਰ-ਅਧੀਨ ਕੈਦੀਆਂ ਦੇ ਹਾਲਾਤ ਅਤੇ ਹਾਲ ਬਾਰੇ ਬੀ.ਬੀ.ਸੀ. ਦੀ ਵਿਸ਼ੇਸ਼ ਰਿਪੋਰਟ...**

*ਅਨੁਵਾਦ ਤੇ ਪੇਸ਼ਕਸ਼: ਬੂਟਾ ਸਿੰਘ*

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਤਾਜ਼ਾ ਅੰਕੜਿਆਂ ਅਨੁਸਾਰ ਹਿੰਦੁਸਤਾਨ ਦੀਆਂ ਜੇਲ੍ਹਾਂ ਵਿਚ ਸਮਰੱਥਾ ਤੋਂ ਕਾਫ਼ੀ ਵੱਧ ਤਾਦਾਦ ਵਿਚ ਕੈਦੀਆਂ ਨੂੰ ਰੱਖਿਆ ਗਿਆ ਹੈ ਅਤੇ ਇਨ੍ਹਾਂ ਵਿਚ ਜ਼ਿਆਦਾਤਰ ਵਿਚਾਰ-ਅਧੀਨ ਕੈਦੀ ਹੀ ਹਨ। ਇਸੇ ਵਜ੍ਹਾ ਕਰ ਕੇ ਸੁਪਰੀਮ ਕੋਰਟ ਨੇ ਵੀ ਇਕ ਅਹਿਮ ਫ਼ੈਸਲੇ ਵਿਚ ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਨੂੰ ਕਿਹਾ ਹੈ ਕਿ ਉਹ ਜੇਲ੍ਹਾਂ ਦੀ ਨਿਰਖ ਕਰਨ ਅਤੇ ਐਸੇ ਕੈਦੀਆਂ ਨੂੰ ਜ਼ਾਤੀ ਮੁਚੱਲਕੇ ਉਪਰ ਰਿਹਾਅ ਕਰ ਦੇਣ ਜਿਨ੍ਹਾਂ ਦਾ ਮਾਮਲਾ ਲੰਮੇ ਸਮੇਂ ਤੋਂ ਵਿਚਾਰ-ਅਧੀਨ ਹੈ ਅਤੇ ਉਨ੍ਹਾਂ ਦਾ ਸੰਭਾਵੀ ਸਜ਼ਾ ਦਾ ਅੱਧਾ ਵਕਤ ਜੇਲ੍ਹ ਵਿਚ ਹੀ ਲੰਘ ਗਿਆ ਹੈ।

ਗੱਲ 1994 ਦੀ ਹੈ। ਪੰਜਾਬ ਦਾ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਲਖਨਊ ਗਿਆ ਹੋਇਆ ਸੀ। ਇਸ ਸ਼ਹਿਰ ਨਾਲ ਉਸ ਦੀਆਂ ਪੁਰਾਣੀਆਂ ਯਾਦਾਂ ਜੁੜੀਆਂ ਹੋਈਆਂ ਸਨ। ਇਸੇ ਸ਼ਹਿਰ ਤੋਂ ਪੜ੍ਹ ਕੇ ਉਸ ਨੇ ਕਾਨੂੰਨ ਦੀ ਡਿਗਰੀ ਵੀ ਲਈ ਸੀ। ਸਾਬਕਾ ਰਾਜਪਾਲ ਅਤੇ ਮੁੱਖ ਮੰਤਰੀ ਰਹਿ ਚੁੱਕਾ ਬਰਨਾਲਾ 24 ਘੰਟੇ ਸੁਰੱਖਿਆ ਮੁਲਾਜ਼ਮਾਂ ਨਾਲ ਘਿਰੇ ਰਹਿਣ ਤੋਂ ਅੱਕ ਚੁੱਕਾ ਸੀ। ਉਹ ਇਕੱਲਾ ਹੀ ਖੁੱਲ੍ਹੀ ਹਵਾ ਵਿਚ ਸਾਹ ਲੈਣਾ ਚਾਹੁੰਦਾ ਸੀ ਅਤੇ ਵਿਦਿਆਰਥੀ ਜ਼ਿੰਦਗੀ ਦੀਆਂ ਪੁਰਾਣੀਆਂ ਯਾਦਾਂ ਤਾਜ਼ਾ ਕਰਨਾ ਚਾਹੁੰਦਾ ਸੀ। ਸ਼ਹਿਰ ਦੇ ਅਮੀਨਾਬਾਦ ਦੇ ਬਾਜ਼ਾਰ ਵਿਚ ਬਿਨਾਂ ਸੁਰੱਖਿਆ ਮੁਲਾਜ਼ਮਾਂ ਤੋਂ ਉਹ ਘੁੰਮਣ ਨਿਕਲਿਆ ਹੀ ਸੀ ਕਿ ਪੁਲਿਸ ਵਾਲਿਆਂ ਨੂੰ ਉਸ ਉਪਰ 'ਦਹਿਸ਼ਤਗਰਦ' ਹੋਣ ਦਾ ਸ਼ੱਕ ਹੋ ਗਿਆ ਅਤੇ ਉਹ ਉਸ ਦਾ ਪਿੱਛਾ ਕਰਨ ਲੱਗੇ। ਕੁਝ ਹੀ ਦੇਰ ਵਿਚ ਉਹ ਥਾਣੇ ਵਿਚ ਸੀ ਜਿਥੇ ਉਸ ਤੋਂ ਡੂੰਘੀ ਪੁੱਛ-ਪੜਤਾਲ ਕੀਤੀ ਜਾਣ ਲੱਗੀ। ਪੁਲਿਸ ਨੂੰ ਉਸ ਖ਼ਿਲਾਫ਼ ਕੋਈ ਸਬੂਤ ਨਹੀਂ ਮਿਲਿਆ, ਇਸ ਲਈ ਉਸ ਤੋਂ ਦੋ ਸਥਾਨਕ ਲੋਕਾਂ ਦੀ ਜ਼ਮਾਨਤ ਮੰਗ ਗਈ। ਬਰਨਾਲਾ ਨੇ ਪੁਲਿਸ ਨੂੰ ਦੱਸਿਆ ਕਿ ਲਖਨਊ ਵਿਚ ਉਹ ਸਿਰਫ਼ ਮੁਲਾਇਮ ਸਿੰਘ ਯਾਦਵ ਨੂੰ ਪਛਾਣਦਾ ਹੈ ਜੋ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਸੀ। ਕਈ ਘੰਟੇ ਚੱਲੀ ਪੁੱਛ-ਗਿੱਛ ਤੋਂ ਬਾਅਦ ਆਖ਼ਰਕਾਰ ਪੁਲਿਸ ਨੇ ਉਸ ਨੂੰ ਛੱਡ ਦਿੱਤਾ। ਬਰਨਾਲਾ ਨੇ ਇਹ ਆਪਬੀਤੀ ਆਪਣੀ ਕਿਤਾਬ 'ਸਟੋਰੀ ਆਫ ਐਨ ਐਸਕੇਪ' ਵਿਚ ਲਿਖੀ ਹੈ।

### ਮੁੱਖ ਮੰਤਰੀ ਦੀ ਪਛਾਣ

ਬਰਨਾਲਾ ਕਿਉਂਕਿ ਪੜ੍ਹਿਆ-ਲਿਖਿਆ ਸੀ ਅਤੇ ਉਸ ਨੇ ਲਖਨਊ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਵੀ ਲਈ ਹੋਈ ਸੀ, ਇਸ ਲਈ ਪੁਲਿਸ ਵਾਲਿਆਂ ਨੇ ਉਸ ਨੂੰ ਛੱਡ ਦਿੱਤਾ, ਪਰ ਭਾਰਤ ਦੀਆਂ ਵੱਖੋ-ਵੱਖਰੀਆਂ ਜੇਲ੍ਹਾਂ ਵਿਚ ਬੰਦ ਸਾਰੇ ਕੈਦੀ ਐਨੇ ਭਾਗਾਂ ਵਾਲੇ ਨਹੀਂ। ਇਹੀ ਵਜ੍ਹਾ ਹੈ ਕਿ ਨਿੱਕੇ-ਨਿੱਕੇ ਮਾਮਲਿਆਂ ਵਿਚ ਕਈਆਂ ਨੂੰ ਨਾ ਤਾਂ ਜ਼ਾਤੀ ਮੁਚੱਲ ਕੇ ਉਪਰ ਛੱਡਿਆ ਜਾਂਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਵਕਤ ਸਿਰ ਜ਼ਮਾਨਤ ਮਿਲਦੀ ਹੈ। ਘੱਟ ਪੜ੍ਹੇ-ਲਿਖੇ ਹੋਣ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਉਨ੍ਹਾਂ ਦੇ ਖ਼ਿਲਾਫ਼ ਕਿਹੜੀਆਂ ਧਾਰਾਵਾਂ ਦਰਜ ਹਨ। ਤਾਜ਼ਾ ਸਰਕਾਰੀ ਅੰਕੜਿਆਂ ਅਨੁਸਾਰ ਜੇਲ੍ਹਾਂ ਵਿਚ ਬੰਦ 74 ਫ਼ੀਸਦੀ ਕੈਦੀ ਜਾਂ ਤਾਂ ਅਨਪੜ੍ਹ ਹਨ ਜਾਂ ਫਿਰ ਦਸਵੀਂ ਜਮਾਤ ਤਕ ਹੀ ਪੜ੍ਹੇ ਹੋਏ ਹਨ। ਇਹੀ ਵਜ੍ਹਾ ਹੈ ਕਿ ਆਪਣੇ ਲਈ ਵਕੀਲ ਕਰਨ ਜਾਂ ਫਿਰ ਆਪਣੇ ਲਈ ਜ਼ਮਾਨਤ ਦਾ ਇੰਤਜ਼ਾਮ ਕਰਨ ਵਿਚ ਉਨ੍ਹਾਂ ਨੂੰ ਮੁਸ਼ਕਿਲਾਂ ਆਉਂਦੀਆਂ ਹਨ। ਜੇਲ੍ਹਾਂ ਦੀ ਵਧਦੀ ਆਬਾਦੀ ਦਾ ਇਹ ਇਕ ਵੱਡਾ ਕਾਰਨ ਹੈ।

### ਕੈਦੀਆਂ ਦੀ ਗਿਣਤੀ

ਜੇ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਤਾਜ਼ਾ ਰਿਪੋਰਟ ਦੀ ਗੱਲ ਕੀਤੀ ਜਾਵੇ ਤਾਂ ਭਾਰਤ ਵਿਚ ਕੈਦੀਆਂ ਦੀ ਗਿਣਤੀ 4,11,992 ਹੈ ਜਿਨ੍ਹਾਂ ਵਿਚ ਵਿਚਾਰ-ਅਧੀਨ ਕੈਦੀਆਂ ਦੀ ਗਿਣਤੀ 2,78,508 ਹੈ। ਇਸ ਦਾ ਮਤਲਬ ਇਹ ਹੋਇਆ ਕਿ ਜੇਲ੍ਹਾਂ ਵਿਚ ਬੰਦ 67.6 ਫ਼ੀ ਸਦੀ ਲੋਕਾਂ ਦੇ ਮਾਮਲੇ ਅਦਾਲਤਾਂ ਵਿਚ ਵਿਚਾਰ-ਅਧੀਨ ਹਨ। ਵਿਚਾਰ-ਅਧੀਨ ਕੈਦੀ ਦਾ ਮਤਲਬ ਹੁੰਦਾ ਹੈ ਐਸਾ ਕੈਦੀ, ਜਿਸ ਨੂੰ ਅਦਾਲਤ ਨੇ ਦੋਸ਼ੀ ਕਰਾਰ ਨਹੀਂ ਦਿੱਤਾ ਅਤੇ ਉਸ ਦੇ ਖ਼ਿਲਾਫ਼ ਚੱਲ ਰਿਹਾ ਮੁਕੱਦਮਾ ਅਦਾਲਤ ਵਿਚ ਲਟਕਿਆ ਹੋਵੇ। ਇਨ੍ਹਾਂ ਕੈਦੀਆਂ ਵਿੱਚੋਂ 3113 ਐਸੇ ਹਨ ਜਿਨ੍ਹਾਂ ਨੂੰ ਸਥਾਨਕ ਸੁਰੱਖਿਆ ਕਾਨੂੰਨਾਂ ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅਨੁਸਾਰ ਮੁਲਕ ਵਿਚ ਸਭ ਤੋਂ ਵੱਧ ਕੈਦੀ ਉਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਹਨ ਜਿਥੇ ਉਨ੍ਹਾਂ ਦੀ ਤਾਦਾਦ 83,518 ਹੈ। ਇਸ ਪਿੱਛੋਂ ਮੱਧ ਪ੍ਰਦੇਸ਼ ਦਾ ਨੰਬਰ ਹੈ ਜਿਥੇ 34708 ਕੈਦੀਆਂ ਨੂੰ ਰੱਖਿਆ ਗਿਆ ਹੈ। ਬਿਹਾਰ ਵਿਚ 312529, ਪੰਜਾਬ ਵਿਚ 27449 ਅਤੇ ਮਹਾਰਾਸ਼ਟਰ ਦੀਆਂ ਜੇਲ੍ਹਾਂ ਵਿਚ 27400 ਕੈਦੀ ਬੰਦ ਹਨ। ਹੈਰਾਨੀ ਦੀ ਗੱਲ ਇਹ ਕਿ ਲਗਭਗ 60 ਫ਼ੀਸਦੀ ਸਜ਼ਾ-ਯਾਫ਼ਤਾ ਕੈਦੀਆਂ ਨੂੰ ਕਤਲ ਦੇ ਇਲਜ਼ਾਮ ਵਿਚ ਸਜ਼ਾ ਹੋਈ ਹੈ।

### ਸਭ ਤੋਂ ਵੱਧ ਕੈਦੀ

ਜੇਲ੍ਹਾਂ ਵਿਚ ਸਭ ਤੋਂ ਵੱਧ ਭੀੜ ਛੱਤੀਸਗੜ੍ਹ ਵਿਚ ਹੈ ਜਿੱਥੋਂ ਦੀਆਂ ਜੇਲ੍ਹਾਂ ਦੀ ਸਮਰੱਥਾ 6,070 ਕੈਦੀਆਂ ਦੀ ਹੈ , ਪਰ ਇਥੇ 15,840 ਕੈਦੀ ਬੰਦ ਹਨ। ਇਨ੍ਹਾਂ ਕੈਦੀਆਂ ਵਿੱਚੋਂ ਜ਼ਿਆਦਾਤਰ ਲੋਕ ਐਸੇ ਹਨ ਜੋ ਆਰਥਿਕ ਤੌਰ 'ਤੇ ਕਮਜ਼ੋਰ ਹਨ ਜਾਂ ਫਿਰ ਸਮਾਜ ਦੇ ਪਿਛੜੇ ਤਬਕਿਆਂ ਨਾਲ ਤਾਅਲੁਕ ਰੱਖਦੇ ਹਨ। ਰਿਪੋਰਟ ਦੇ ਅਨੁਸਾਰ ਇਨ੍ਹਾਂ ਜੇਲ੍ਹਾਂ ਵਿਚ ਸੂਚੀਦਰਜ ਜਾਤਾਂ, ਸੂਚੀਦਰਜ ਕਬੀਲਿਆਂ, ਪਿਛਲੇ ਵਰਗਾਂ ਅਤੇ ਘੱਟ-ਗਿਣਤੀ ਭਾਈਚਾਰਿਆਂ ਨਾਲ ਤਾਅਲੁਕ ਰੱਖਣ ਵਾਲੇ ਕੈਦੀਆਂ ਦੀ ਗਿਣਤੀ ਜ਼ਿਆਦਾ ਹੈ।

ਮਨੁੱਖੀ ਹੱਕਾਂ ਲਈ ਕੰਮ ਕਰਦੀ ਜਥੇਬੰਦੀ ਐਮਨੈਸਟੀ ਇੰਟਰਨੈਸ਼ਨਲ ਦੀ ਖੋਜਕਾਰ ਨੁਸਰਤ ਖ਼ਾਨ ਦਾ ਕਹਿਣਾ ਹੈ, "ਕੈਦੀਆਂ ਦੀ ਗਿਣਤੀ ਦੇ ਮਾਮਲੇ ਵਿਚ ਹਿੰਦੁਸਤਾਨ ਦੁਨੀਆ ਵਿਚੋਂ ਦੂਜੇ ਸਥਾਨ 'ਤੇ ਹੈ। ਪਿਛਲੇ ਦਸ ਸਾਲਾਂ ਵਿਚ ਜੇਲ੍ਹ ਦੀ ਆਬਾਦੀ ਵਧੀ ਹੀ ਹੈ। ਇਸ ਵਕਤ ਸਮਰੱਥਾ ਨਾਲੋਂ 118.4 ਫ਼ੀਸਦੀ ਵਧੇਰੇ ਕੈਦੀ ਇਥੇ ਤਾੜੇ ਹੋਏ ਹਨ।"

### ਜੇਲ੍ਹਾਂ ਦੀ ਸਮਰੱਥਾ

ਉਂਜ, ਸਭ ਤੋਂ ਗੰਭੀਰ ਪਹਿਲੂ ਇਹ ਹੈ ਕਿ 4,11,992 ਕੈਦੀਆਂ ਦੀ ਇਹ ਆਬਾਦੀ ਸਿਰਫ਼ 1391 ਜੇਲ੍ਹਾਂ ਵਿਚ ਹੀ ਰਹਿ ਰਹੀ ਹੈ ਜਿਨ੍ਹਾਂ ਦੀ ਸਮਰੱਥਾ ਮਹਿਜ਼ 3,47,859 ਕੈਦੀਆਂ ਨੂੰ ਰੱਖਣ ਦੀ ਹੈ। ਇਹੀ ਵਜ੍ਹਾ ਹੈ ਕਿ ਲੰਘੇ ਚਾਰ ਸਤੰਬਰ ਨੂੰ ਸੁਪਰੀਮ ਕੋਰਟ ਨੇ ਮੁਲਕ ਦੇ ਸਾਰੇ ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਨੂੰ ਖ਼ਾਸ ਨਿਰਦੇਸ਼ ਦਿੱਤਾ ਹੈ। ਨਿਰਦੇਸ਼ ਦੇ ਅਨੁਸਾਰ ਇਕ ਦਸੰਬਰ ਤਕ ਉਹ ਆਪਣੇ ਜ਼ਿਲ੍ਹੇ ਦੀਆਂ ਜੇਲ੍ਹਾਂ ਦਾ ਦੌਰਾ ਕਰ ਕੇ ਉਨ੍ਹਾਂ ਵਿਚਾਰ-ਅਧੀਨ ਕੈਦੀਆਂ ਦੀ ਸੂਚੀ ਆਪਣੀਆਂ ਹਾਈ ਕੋਰਟਾਂ ਨੂੰ ਸੌਂਪਣ ਜੋ ਕਾਫ਼ੀ ਵਕਤ ਕੈਦ ਵਿਚ ਗੁਜ਼ਾਰ ਚੁੱਕੇ ਹਨ। ਹਾਲਾਂਕਿ ਸੀ.ਆਰ.ਪੀ.ਸੀ. (ਕ੍ਰਿਮੀਨਲ ਪੋਸੀਜ਼ਰ ਕੋਡ) ਦੀ ਧਾਰਾ 436-ਏ ਦੇ ਤਹਿਤ ਅਜਿਹੀ ਵਿਵਸਥਾ ਹੈ ਕਿ ਜੇ ਸੰਭਾਵੀ ਸਜ਼ਾ ਦਾ ਅੱਧਾ ਵਕਤ ਕਿਸੇ ਕੈਦੀ ਨੇ ਵਿਚਾਰ ਅਧੀਨ ਰਹਿ ਕੇ ਹੀ ਗੁਜ਼ਾਰ ਦਿੱਤਾ ਹੈ ਤਾਂ ਉਸ ਨੂੰ ਜ਼ਾਤੀ ਮੁਚੱਲਕੇ ਉਪਰ ਜ਼ਮਾਨਤ ਦਿੱਤੀ ਜਾ ਸਕਦੀ ਹੈ। ਇਸ ਵਿਵਸਥਾ ਦੇ ਬਾਵਜੂਦ ਲਟਕਾਊ ਕਾਨੂੰਨ ਅਮਲ ਦੀ ਵਜ੍ਹਾ ਨਾਲ ਵਿਚਾਰ ਅਧੀਨ ਕੈਦੀ ਸਾਲਾਂਬੱਧੀ ਜੇਲ੍ਹਾਂ ਵਿਚ ਬੰਦ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਰਾਹਤ ਨਹੀਂ ਮਿਲ ਸਕਦੀ।

### ਵਿਚਾਰ ਅਧੀਨ ਕੈਦੀਆਂ ਲਈ ਰਾਹਤ

ਨੁਸਰਤ ਖ਼ਾਨ ਕਹਿੰਦੀ ਹੈ ਕਿ ਐਮਨੈਸਟੀ ਇੰਟਰਨੈਸ਼ਨਲ ਨੇ ਇਕ ਮੁਹਿੰਮ ਵਿੱਢੀ ਹੈ ਜਿਸ ਦੇ ਤਹਿਤ ਉਹ ਹਕੂਮਤ ਦੇ ਨਾਲ-ਨਾਲ ਹੇਠਲੀ ਅਦਾਲਤ ਦੇ ਜੱਜਾਂ ਨੂੰ ਮਿਲ ਕੇ ਉਨ੍ਹਾਂ ਨੂੰ ਧਾਰਾ 436-ਏ ਦੇ ਤਹਿਤ ਵਿਚਾਰ-ਅਧੀਨ ਕੈਦੀਆਂ



ਨੂੰ ਰਾਹਤ ਦੇਣ ਦੀ ਗੁਜ਼ਾਰਿਸ਼ ਕਰ ਰਹੇ ਹਨ। ਵਿਚਾਰ-ਅਧੀਨ ਕੈਦੀਆਂ ਉਪਰ ਚੱਲ ਰਹੀ ਬਹਿਸ ਦਰਮਿਆਨ 2013 ਵਿਚ 13 ਲੱਖ 95,994 ਵਿਚਾਰ-ਅਧੀਨ ਕੈਦੀਆਂ ਨੂੰ ਰਿਹਾਅ ਕੀਤਾ ਗਿਆ। ਸੁਪਰੀਮ ਕੋਰਟ ਦਾ ਕਹਿਣਾ ਸੀ ਕਿ ਐਸੇ ਕੈਦੀਆਂ ਦੀ ਸੂਚੀ ਬਣਾਏ ਜਾਵੇ ਜਿਨ੍ਹਾਂ ਨੇ ਕਸੂਰਵਾਰ ਸਾਬਤ ਹੋਣ ਦੀ ਸੂਰਤ ਵਿਚ ਹੋਣ ਵਾਲੀ ਸੰਭਾਵੀ ਸਜ਼ਾ ਦਾ ਅੱਧਾ ਵਕਤ ਜੇਲ੍ਹ ਵਿਚ ਹੀ ਗੁਜ਼ਾਰ ਦਿੱਤਾ ਹੋਵੇ ਅਤੇ ਜਿਨ੍ਹਾਂ ਦਾ ਮਾਮਲਾ ਅਜੇ ਤਕ ਲਟਕਿਆ ਹੋਇਆ ਹੋਵੇ। ਅਜਿਹੇ ਵਿਚਾਰ-ਅਧੀਨ ਕੈਦੀਆਂ ਨੂੰ ਜ਼ਾਤੀ ਮੁਚੱਲਕੇ ਉਪਰ ਛੱਡ ਦੇਣ ਦੀ ਗੱਲ ਸੁਪਰੀਮ ਕੋਰਟ ਨੇ ਕਹੀ ਹੈ।

ਹਾਲ ਹੀ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਜਥੇਬੰਦ ਕੀਤੀ ਵਰਕਸ਼ਾਪ ਵਿਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਦਾ ਕਹਿਣਾ ਸੀ ਕਿ ਜੇਲ੍ਹਾਂ ਸਜ਼ਾ-ਯਾਫ਼ਤਾ ਕੈਦੀਆਂ ਦੇ ਲਈ ਹਨ ਨਾ ਕਿ ਵਿਚਾਰ-ਅਧੀਨ ਬੰਦੀਆਂ ਲਈ।

ਉਨ੍ਹਾਂ ਨੇ ਕਿਹਾ, "ਜੇ ਚਾਰਜ ਸ਼ੀਟ ਦਾਖ਼ਲ ਹੋ ਗਈ ਹੋਵੇ ਅਤੇ ਐਸੇ ਇਮਕਾਨ ਨਾ ਹੋਣ ਕਿ ਮੁਲਜ਼ਮ ਗਵਾਹਾਂ ਅਤੇ ਸਬੂਤਾਂ ਨੂੰ ਪ੍ਰਭਾਵਤ ਕਰ ਸਕੇ, ਤਾਂ ਫਿਰ ਕੋਈ ਵਜ੍ਹਾ ਨਹੀਂ ਕਿ ਉਸ ਨੂੰ ਸਲਾਖ਼ਾਂ ਪਿੱਛੇ ਹੀ ਰੱਖਿਆ ਜਾਵੇ।"

ਇਸ ਵਰ੍ਹੇ 26 ਨਵੰਬਰ ਨੂੰ ਭਾਰਤ ਦੇ ਸੰਵਿਧਾਨ ਦੀ 65ਵੀਂ ਵਰ੍ਹੇਗੰਢ ਮਨਾਈ ਗਈ। ਜਾਣੇ-ਪਛਾਣੇ ਸਮਾਜੀ ਕਾਰਕੁਨ ਪਲਾਸ਼ ਬਿਸਵਾਸ ਕਹਿੰਦੇ ਹਨ ਕਿ ਜੋ ਲੋਕ ਨਿਤਾਣੇ ਤਬਕੇ ਤੋਂ ਆਉਂਦੇ ਹਨ, ਮਸਲਨ ਆਦਿਵਾਸੀ ਜਾਂ ਪਿਛੜੇ ਵਰਗ ਤੋਂ, ਸਭ ਤੋਂ ਜ਼ਿਆਦਾ ਨਿਆਂ ਤੋਂ ਵਾਂਝੇ ਰਹਿਣ ਵਾਲੇ ਉਹੀ ਹਨ। ਉਹ ਕਹਿੰਦੇ ਹਨ, "ਇਹੀ ਉਹ ਹਿੱਸਾ ਹੈ ਜਿਸ ਦੀ ਸੁਣਵਾਈ ਦੀ ਕੋਈ ਜ਼ਰੀਆ ਵੀ ਨਹੀਂ ਹੈ। ਅੱਜ ਕੱਲ੍ਹ ਤਾਂ ਮੀਡੀਆ ਵਿਚ ਵੀ ਇਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ। ਜੇਲ੍ਹਾਂ ਵਿਚ ਇਸ ਹਿੱਸੇ ਦੀ ਵਧਦੀ ਆਬਾਦੀ ਇਸ ਗੱਲ ਦਾ ਸੰਕੇਤ ਹੈ ਕਿ ਇਨ੍ਹਾਂ ਦਾ ਪੱਖ ਕਦੇ ਨਹੀਂ ਸੁਣਿਆ ਜਾਂਦਾ।" ਭਾਰਤ ਵਿਚ ਵੱਡੀ ਤਾਦਾਦ ਵਿਚ ਮੁਸਲਮਾਨ ਨੌਜਵਾਨ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਨੌਜਵਾਨਾਂ ਨੂੰ ਨਿਆਂ ਮਿਲਣ ਵਿਚ ਕਈ ਕਈ ਸਾਲ ਲੱਗ ਜਾਂਦੇ ਹਨ। ਆਖ਼ਿਰਕਾਰ ਉਨ੍ਹਾਂ ਨੂੰ ਚਾਹੇ ਬੇਗੁਨਾਹ ਕਰਾਰ ਦੇ ਦਿੱਤਾ ਜਾਵੇ, ਪਰ ਉਨ੍ਹਾਂ ਦੀ ਜ਼ਿੰਦਗੀ ਦੇ ਅਹਿਮ ਸਾਲ ਜੇਲ੍ਹਾਂ ਵਿਚ ਜ਼ਾਇਆ ਹੋ ਜਾਂਦੇ ਹਨ। ਕਿਸੇ ਦਾ ਕਰੀਅਰ ਡੁੱਬ ਜਾਂਦਾ ਹੈ, ਤੇ ਕਿਸੇ ਦਾ ਟੱਬਰ ਟੁੱਟ ਜਾਂਦਾ ਹੈ। ਸਾਲਾਂ ਬਾਅਦ ਜਦੋਂ ਉਹ ਆਪਣੇ ਘਰ ਵਾਪਸ ਆਉਂਦੇ ਹਨ, ਉਦੋਂ ਤਕ ਜ਼ਿੰਦਗੀ ਪੂਰੀ ਤਰ੍ਹਾਂ ਲੀਹੋਂ ਲਹਿ ਚੁੱਕੀ ਹੁੰਦੀ ਹੈ।

ਪੁਰਾਣੀ ਦਿੱਲੀ ਦਾ ਮੁਹੰਮਦ ਆਮਿਰ ਖ਼ਾਨ ਪਾਇਲਟ ਬਣ ਕੇ ਆਪਣੇ ਕਰੀਅਰ ਵਿਚ ਉੱਚੀ ਉਡਾਣ ਭਰਨਾ ਚਾਹੁੰਦਾ ਸੀ, ਪਰ ਉਸ ਦੇ ਖ਼ਵਾਬਾਂ ਦੀ ਉਡਾਣ ਵਕਤ ਤੋਂ ਪਹਿਲਾਂ ਹੀ ਜ਼ਮੀਨ 'ਤੇ ਆ ਡਿਗੀ। 14 ਵਰ੍ਹੇ ਜੇਲ੍ਹ ਵਿਚ ਰਹਿਣ ਤੋਂ ਬਾਅਦ ਹੁਣ ਆਮਿਰ ਟੁੱਟ ਚੁੱਕਾ ਹੈ। ਆਮਿਰ ਨੂੰ ਉਹ ਸ਼ਾਮ ਅਜੇ ਤੱਕ ਨਹੀਂ ਭੁੱਲੀ ਜਦੋਂ ਉਹ ਆਪਣੀ ਮਾਂ ਲਈ ਦਵਾ ਲੈਣ ਖ਼ਾਤਰ ਘਰੋਂ ਨਿੱਕਲਿਆ ਸੀ। ਉਸ ਦਾ ਕਹਿਣਾ ਸੀ ਕਿ ਇਸ ਦੌਰਾਨ ਪੁਲਿਸ ਨੇ ਉਸ ਨੂੰ ਰਾਹ ਵਿਚੋਂ ਹੀ ਫੜ ਲਿਆ ਸੀ। ਉਦੋਂ ਆਮਿਰ 18 ਸਾਲ ਦਾ ਸੀ। ਬਾਅਦ ਵਿਚ ਉਸ ਉਪਰ ਬੰਬ ਧਮਾਕੇ ਕਰਨ, ਦਹਿਸ਼ਤਗਰਦ ਸਾਜ਼ਿਸ਼ ਰਚਣ ਅਤੇ ਮੁਲਕ ਦੇ ਖ਼ਿਲਾਫ਼ ਜੰਗ ਛੇੜ ਵਰਗੇ ਸੰਗੀਨ ਇਲਜ਼ਾਮ ਲਾਏ ਗਏ।

### 18 ਵਰ੍ਹੇ ਦੀ ਉਮਰ ਵਿਚ 19 ਮਾਮਲੇ

18 ਸਾਲ ਦੀ ਉਮਰ ਵਿਚ ਆਮਿਰ ਦੇ ਗਲ 19 ਮਾਮਲੇ ਪੈ ਚੁੱਕੇ ਸਨ। ਉਸ ਦੇ ਅੱਗੇ ਲੰਮੀ ਕਾਨੂੰਨੀ ਲੜਾਈ ਸੀ। 1998 ਵਿਚ ਸ਼ੁਰੂ ਹੋਈ ਉਸ ਦੀ ਕਾਨੂੰਨੀ ਲੜਾਈ 2012 ਤਕ ਚੱਲੀ ਅਤੇ ਆਖ਼ਿਰਕਾਰ ਫਰਵਰੀ 2012 ਵਿਚ ਅਦਾਲਤ ਨੇ ਉਸ ਨੂੰ ਬੇਗੁਨਾਹ ਕਰਾਰ ਦੇ ਦਿੱਤਾ। ਉਸ ਨੂੰ ਸਾਰੇ ਮਾਮਲਿਆਂ ਵਿਚੋਂ ਬਰੀ ਕਰ ਦਿੱਤਾ ਗਿਆ। ਜੇਲ੍ਹ ਵਿਚ ਆਮਿਰ ਦੇ 14 ਸਾਲ ਹੀ ਨਹੀਂ ਗੁਜ਼ਾਰੇ, ਸਗੋਂ ਉਸ ਦੇ ਸਾਰੇ ਖ਼ਵਾਬ ਵੀ ਚਕਨਾਚੂਰ ਹੋ ਗਏ। ਜਦੋਂ ਉਹ ਜੇਲ੍ਹ ਤੋਂ ਬਾਹਰ ਆਇਆ ਤਾਂ ਉਸ ਦਾ ਬਾਪ ਇਸ ਜਹਾਨ ਤੋਂ ਕੂਚ ਕਰ ਚੁੱਕਾ ਸੀ। ਸਦਮੇ ਵਿਚ ਡੁੱਬੀ ਉਸ ਦੀ ਅੰਮੀ ਕੁਝ ਵੀ ਬੋਲਣ ਤੋਂ ਅਸਮਰੱਥ ਸੀ। ਉਸ ਦੀ ਆਵਾਜ਼ ਹਮੇਸ਼ਾ ਲਈ ਬੰਦ ਹੋ ਗਈ ਹੈ। ਆਮਿਰ ਦਾ ਸਵਾਲ ਹੈ ਕਿ ਬੇਕਸੂਰ ਕਰਾਰ ਦਿੱਤੇ ਜਾਣ ਤੋਂ ਬਾਅਦ ਜੇਲ੍ਹ ਵਿਚ ਗੁਜ਼ਰੇ ਉਸ ਦੀ ਜ਼ਿੰਦਗੀ ਦੇ ਅਣਮੋਲ ਵਰ੍ਹਿਆਂ ਦੀ ਪੂਰਤੀ ਕੌਣ ਕਰੇਗਾ? ਉਹ ਆਪਣੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰਨ ਦਾ ਯਤਨ ਕਰ ਰਿਹਾ ਹੈ, ਪਰ ਸਵਾਲ ਹੈ ਉਸ ਦੇ ਮੁੜ-ਵਸੇਬੇ ਦੀ ਜ਼ਿੰਮੇਵਾਰੀ ਕੌਣ ਲਵੇਗਾ? ਆਮਿਰ ਦੇ ਮੁਤਾਬਕ ਤਮਾਮ ਆਗੂਆਂ ਦੇ ਨਾਲ-ਨਾਲ ਉਹ ਰਾਸ਼ਟਰਪਤੀ ਨੂੰ ਵੀ ਮਿਲ ਚੁੱਕਾ ਹੈ, ਪਰ ਯਕੀਨ-ਦਹਾਨੀਆਂ ਤੋਂ ਬਿਨਾ ਕਿਸੇ ਤੋਂ ਕੁਝ ਪੱਲੇ ਨਹੀਂ ਪਿਆ।

### ਜੇਲ੍ਹ ਵਿਚ ਘੱਟ-ਗਿਣਤੀ

ਆਮਿਰ ਵਰਗੇ ਕਈ ਹੋਰ ਨੌਜਵਾਨ ਹਨ ਜਿਨ੍ਹਾਂ ਨੂੰ ਕਈ ਸਾਲਾਂ ਤਕ ਜੇਲ੍ਹਾਂ ਵਿਚ ਰਹਿਣ ਤੋਂ ਬਾਅਦ ਅਦਾਲਤ ਨੇ ਬੇਕਸੂਰ ਦੇਖਿਆ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਦੇ ਮੁਤਾਬਕ ਭਾਰਤ ਦੇ ਕੁਲ ਕੈਦੀਆਂ ਵਿਚੋਂ 28.5 ਫ਼ੀ ਸਦੀ ਕੈਦੀ ਵੱਖੋ-ਵੱਖਰੇ ਘੱਟ-ਗਿਣਤੀ ਭਾਈਚਾਰਿਆਂ ਨਾਲ ਸਬੰਧਤ ਹਨ; ਜਦਕਿ ਮੁਲਕ ਦੀ ਆਬਾਦੀ ਵਿਚ ਇਨ੍ਹਾਂ ਦੀ ਹਿੱਸੇਦਾਰੀ ਮਹਿਜ਼ 20 ਫ਼ੀਸਦੀ ਹੈ।

ਜੇਲ੍ਹਾਂ ਵਿਚ ਬੰਦ ਧਾਰਮਿਕ ਘੱਟ-ਗਿਣਤੀਆਂ ਦੀ ਗੱਲ ਕੀਤੀ ਜਾਵੇ ਤਾਂ ਦਸੰਬਰ 2013 ਤਕ 19.7 ਫ਼ੀ ਸਦੀ ਮੁਸਲਮਾਨ ਜੇਲ੍ਹਾਂ ਵਿਚ ਬੰਦ ਹਨ। ਸਿੱਖ ਭਾਈਚਾਰੇ ਦੇ 4.5 ਫ਼ੀਸਦੀ, ਜਦਕਿ ਈਸਾਈ ਭਾਈਚਾਰੇ ਦੇ 4.3 ਫ਼ੀਸਦੀ ਲੋਕ ਜੇਲ੍ਹਾਂ ਵਿਚ ਬੰਦ ਹਨ। ਅੰਕੜੇ ਇਹ ਵੀ ਦੱਸਦੇ ਹਨ ਕਿ 5.4 ਫ਼ੀਸਦੀ ਮੁਸਲਮਾਨ, 1.6 ਫ਼ੀਸਦੀ ਸਿੱਖ ਅਤੇ 1.2 ਫ਼ੀ ਸਦੀ ਈਸਾਈ ਕੈਦੀਆਂ ਉਪਰ ਹੀ ਜੁਰਮ ਤੈਅ ਹੁੰਦਾ ਹੈ। ਉਥੇ 14 ਫ਼ੀਸਦੀ ਮੁਸਲਮਾਨ, 2.8 ਫ਼ੀਸਦੀ ਸਿੱਖ ਅਤੇ 3 ਫ਼ੀਸਦੀ ਈਸਾਈ ਕੈਦੀ ਫ਼ਿਲਹਾਲ ਅੰਡਰ-ਟਰਾਇਲ ਹਨ।

### ਖ਼ਾਲਿਦ ਮੁਜਾਹਿਦ ਦਾ ਮਾਮਲਾ

ਬੇਕਸੂਰਾਂ ਦੀ ਰਿਹਾਈ ਲਈ ਬਣੀ ਜਥੇਬੰਦੀ ਰਿਹਾਈ ਮੰਚ ਦੇ ਬਾਨੀ ਅਤੇ ਲਖਨਊ ਵਿਚ ਰਹਿਣ ਵਾਲੇ ਐਡਵੋਕੇਟ ਸ਼ੋਇਬ ਇਸ ਵਕਤ ਉਤਰ ਪ੍ਰਦੇਸ਼ ਦੀਆਂ ਅਦਾਲਤਾਂ ਵਿਚ ਉਨ੍ਹਾਂ ਛੇ ਮਾਮਲਿਆਂ ਦੀ ਪੈਰਵਾਈ ਕਰ ਰਹੇ ਹਨ ਜਿਨ੍ਹਾਂ ਵਿਚ ਕਰੀਬ ਇਕ ਦਰਜਨ ਨੌਜਵਾਨ ਜੇਲ੍ਹਾਂ ਵਿਚ ਬੰਦ ਹਨ। ਇਹ ਸਾਰੇ ਮਾਮਲੇ ਦਹਿਸ਼ਤਵਾਦ ਨਾਲ ਸਬੰਧਤ ਹਨ। ਉਹ ਦੱਸਦੇ ਹਨ ਕਿ ਜਿਨ੍ਹਾਂ ਮਾਮਲਿਆਂ ਦੀ ਉਹ ਪੈਰਵਾਈ ਕਰ ਰਹੇ ਸਨ, ਉਨ੍ਹਾਂ ਵਿਚੋਂ ਦੋ ਮਾਮਲਿਆਂ ਵਿਚ ਚਾਰ ਨੌਜਵਾਨ ਰਿਹਾਅ ਹੋ ਚੁੱਕੇ ਹਨ, ਪਰ ਉਨ੍ਹਾਂ ਦੀ ਜ਼ਿੰਦਗੀ ਦੇ ਸੱਤ ਸਾਲ ਜੇਲ੍ਹ ਵਿਚ ਹੀ ਲੰਘ ਗਏ। ਸ਼ੋਇਬ ਦੱਸਦੇ ਹਨ ਕਿ ਚਰਚਿਤ ਅਤੇ ਵਿਵਾਦਪੂਰਨ ਖ਼ਾਲਿਦ ਮੁਜਾਹਿਦ ਅਤੇ ਹਕੀਮ ਤਾਰਿਕ ਦੇ ਮਾਮਲੇ ਦੀ ਪੈਰਵਾਈ ਵੀ ਉਹੀ ਕਰ ਰਿਹਾ ਹੈ। ਇਸ ਮਾਮਲੇ ਵਿਚ ਉਤਰ ਪ੍ਰਦੇਸ਼ ਸਰਕਾਰ ਨੇ ਨਿਮੇਸ਼ ਕਮਿਸ਼ਨ ਬਣਾਇਆ। ਕਮਿਸ਼ਨ ਨੇ ਇਸ ਮਾਮਲੇ ਵਿਚ ਗ੍ਰਿਫ਼ਤਾਰ ਦੋਵੇਂ ਮੁਸਲਿਮ ਨੌਜਵਾਨਾਂ ਨੂੰ ਬੇਕਸੂਰ ਦੱਸਿਆ। ਖਾਲਿਦ ਮੁਜਾਹਿਦ ਦੀ ਪੁਲਿਸ ਮੁਕੱਦਮੇ ਦੌਰਾਨ ਮੌਤ ਹੋ ਗਈ। ਮੌਤ ਦੀ ਵਜ੍ਹਾ ਸਪਸ਼ਟ ਨਹੀਂ ਹੈ; ਲੇਕਿਨ ਹਕੀਮ ਤਾਰਿਕ ਇਕ ਹੋਰ ਮਾਮਲੇ ਵਿਚ ਜੇਲ੍ਹ ਵਿਚ ਬੰਦ ਹੈ।

23 ਨਵੰਬਰ 2007 ਵਿਚ ਉਤਰ ਪ੍ਰਦੇਸ਼ ਦੇ ਤਿੰਨ ਸ਼ਹਿਰਾਂ ਲਖਨਊ, ਫ਼ੈਜ਼ਾਬਾਦ ਅਤੇ ਵਾਰਾਨਸੀ ਵਿਚ ਇਕ ਹੀ ਦਿਨ ਵਿਚ 25 ਮਿੰਟ ਦੇ ਅੰਦਰ ਲੜੀਵਾਰ ਬੰਬ ਧਮਾਕੇ ਹੋਏ ਸਨ, ਜਿਨ੍ਹਾਂ ਵਿਚ 18 ਲੋਕ ਮਾਰੇ ਗਏ ਸਨ। ਇਨ੍ਹਾਂ ਹੀ ਬੰਬ ਧਮਾਕਿਆਂ ਵਿਚ ਖਾਲਿਦ ਮੁਜਾਹਿਦ ਅਤੇ ਹਕੀਮ ਤਾਰਿਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਨੂੰ ਪੁਲਿਸ ਰਿਕਾਰਡ ਵਿਚ 22 ਦਸੰਬਰ ਨੂੰ ਉਤਰ ਪ੍ਰਦੇਸ਼ ਦੇ ਬਾਰਾਬਾਂਕੀ ਜ਼ਿਲ੍ਹੇ ਤੋਂ ਗ੍ਰਿਫ਼ਤਾਰ ਦਿਖਾਇਆ ਗਿਆ; ਹਾਲਾਂਕਿ ਉਨ੍ਹਾਂ ਦੇ ਪਰਿਵਾਰ ਵਾਲਿਆਂ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ 12 ਦਸੰਬਰ ਨੂੰ ਚੁੱਕਿਆ ਗਿਆ ਸੀ।

### ਭ੍ਰਿਸ਼ਟ ਅਤੇ ਫਿਰਕਾਪ੍ਰਸਤ

ਮਾਇਆਵਤੀ ਸਰਕਾਰ ਨੇ 14 ਮਾਰਚ 2008 ਨੂੰ ਖਾਲਿਦ ਮੁਜਾਹਿਦ ਅਤੇ ਹਕੀਮ

*(ਬਾਕੀ ਅਗਲੇ ਸਫੇ 'ਤੇ)*

# ਜੇਲ੍ਹ ਵਿਚ ਬੰਦ ਕੈਦੀਆਂ ਦੀ ਹਕੀਕਤ

**(ਪਿਛਲੇ ਸਫੇ ਦੀ ਬਾਕੀ)**

ਤਾਰਿਕ ਦੇ 'ਦਹਿਸ਼ਤਗਰਦ' ਸਰਗਰਮੀਆਂ ਵਿਚ ਸ਼ੁਮਾਰ ਹੋਣ ਦੀ ਜਾਂਚ ਲਈ ਕਮਿਸ਼ਨ ਬਣਾਇਆ ਸੀ। ਕਮਿਸ਼ਨ ਨੇ ਆਪਣੀ ਰਿਪੋਰਟ 31 ਅਗਸਤ 2012 ਨੂੰ ਪੇਸ਼ ਕੀਤੀ। ਸਤੰਬਰ ਮਹੀਨੇ ਵਿਚ ਕਮਿਸ਼ਨ ਦੀ ਰਿਪੋਰਟ ਨੂੰ ਅਖਿਲੇਸ਼ ਸਰਕਾਰ ਨੇ ਵਿਧਾਨ-ਸਭਾ ਵਿਚ ਸਵੀਕਾਰ ਕੀਤਾ। ਮਨੁੱਖੀ ਹੱਕ ਕਾਰਕੁਨ ਅਤੇ ਹਾਲ ਹੀ ਆਈ ਕਿਤਾਬ 'ਕਾਫਕਾ ਲੈਂਡ' ਦੀ ਲੇਖਕਾ ਮਨੀਸ਼ਾ ਸੇਠੀ ਕਹਿੰਦੀ ਹੈ: "ਮੁਲਕ ਦਾ ਕ੍ਰਿਮੀਨਲ ਜਸਟਿਸ ਸਿਸਟਮ ਹੀ ਗ਼ਰੀਬਾਂ ਅਤੇ ਘੱਟ-ਗਿਣਤੀਆਂ ਦੇ ਖ਼ਿਲਾਫ਼ ਹੈ। ਪੁਲਿਸ ਤੇ ਜਾਂਚ ਏਜੰਸੀਆਂ ਨਿਰਪੱਖ ਨਹੀਂ ਹਨ। ਤੁਸੀਂ ਦੇਖੋਗੇ ਕਿ ਮੁਸਲਮਾਨ 20-20 ਸਾਲ ਜੇਲ੍ਹਾਂ ਵਿਚ ਰਹਿ ਰਹੇ ਹਨ ਅਤੇ ਉਸ ਤੋਂ ਬਾਅਦ ਅਦਾਲਤ ਉਨ੍ਹਾਂ ਨੂੰ ਬੇਕਸੂਰ ਦੱਸਦੀ ਹੈ। ਸਾਨੂੰ ਸਾਰਿਆਂ ਨੂੰ ਇਸ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ।"

ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ ਸਿਵਿਲ ਰਾਈਟਸ ਨਾਲ ਜੁੜੇ ਅਖਲਾਕ ਅਹਿਮਦ ਦਾ ਇਲਜ਼ਾਮ ਹੈ ਕਿ ਪ੍ਰਸ਼ਾਸਨ ਭ੍ਰਿਸ਼ਟ ਹੋਣ ਦੇ ਨਾਲ-ਨਾਲ ਫਿਰਕਾਪ੍ਰਸਤ ਵੀ ਹੈ। ਅਖਲਾਕ ਅਹਿਮਦ 2012 ਵਿਚ ਸੁਪਰੀਮ ਕੋਰਟ ਦੇ ਇਕ ਖ਼ਾਸ ਮਾਮਲੇ ਦਾ ਜ਼ਿਕਰ ਕਰਦੇ ਹਨ। ਇਸ ਵਿਚ ਸੁਪਰੀਮ ਕੋਰਟ ਦੇ ਜਸਟਿਸ ਐੱਚ.ਐੱਲ. ਦੱਤੂ ਅਤੇ ਜਸਟਿਸ ਸੀ.ਕੇ. ਪ੍ਰਸਾਦ ਦੇ ਦੋ ਮੈਂਬਰੀ ਬੈਂਚ ਨੇ ਗੁਜਰਾਤ ਦੇ ਸ਼ਹਿਰ ਅਹਿਮਦਾਬਾਦ ਵਿਚ 1994 ਦੇ ਦਹਿਸ਼ਤਗਰਦ ਵਾਕਿਆ ਦੇ ਇਕ ਮਾਮਲੇ ਵਿਚ 11 ਮੁਲਜ਼ਮਾਂ ਨੂੰ ਇਹ ਕਹਿੰਦੇ ਹੋਏ ਬਰੀ ਕਰ ਦਿੱਤਾ ਕਿ ਕਾਨੂੰਨ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਕਿਸੇ ਸ਼ਖ਼ਸ ਨੂੰ ਮਜ਼੍ਹਬ ਦੇ ਆਧਾਰ 'ਤੇ ਸਤਾਇਆ ਜਾਵੇ।

### ਮੁਸਲਮਾਨ ਕੈਦੀਆਂ ਦੀ ਹਾਲਤ

ਐੱਨ.ਸੀ.ਆਰ.ਬੀ. ਦੇ ਮੁਤਾਬਕ 2013 ਦੇ ਅਖ਼ੀਰ ਤਕ ਤਕਰੀਬਨ 20 ਹਜ਼ਾਰ ਮੁਸਲਮਾਨ ਉਤਰ ਪ੍ਰਦੇਸ਼ ਦੀਆਂ ਵੱਖੋ-ਵੱਖਰੀਆਂ ਜੇਲ੍ਹਾਂ ਵਿਚ ਜਦਕਿ ਤਕਰੀਬਨ 10 ਹਜ਼ਾਰ ਮੁਸਲਮਾਨ ਪੱਛਮੀ ਬੰਗਾਲ ਦੀਆਂ ਜੇਲ੍ਹਾਂ ਵਿਚ ਬੰਦ ਸਨ। ਹਿਰਾਸਤ ਦੇ ਮਾਮਲੇ ਵਿਚ ਗੁਜਰਾਤ ਸਭ ਤੋਂ ਮੋਹਰੀ ਸੀ। ਉਸ ਤੋਂ ਪਿੱਛੋਂ ਤਾਮਿਲਨਾਡੂ ਦਾ ਨੰਬਰ ਸੀ।

ਐੱਨ.ਸੀ.ਆਰ.ਬੀ. ਦੇ ਅੰਕੜੇ ਦੱਸਦੇ ਹਨ ਕਿ ਜੇਲ੍ਹ ਦੀ ਕੁਲ ਆਬਾਦੀ ਦਾ 65 ਫ਼ੀਸਦੀ ਕੈਦੀ ਸੂਚੀਦਰਜ ਕਬੀਲਿਆਂ, ਸੂਚੀਦਰਜ ਜਾਤਾਂ ਅਤੇ ਹੋਰ ਪਿਛੜੇ ਵਰਗਾਂ (ਓ.ਬੀ.ਸੀ.) ਦੇ ਹਨ। ਇਨ੍ਹਾਂ ਵਿਚ ਐੱਸ.ਸੀ. 21.7 ਫ਼ੀਸਦੀ, ਐੱਸ.ਟੀ. 11.5 ਫ਼ੀ ਸਦੀ ਅਤੇ ਓ.ਬੀ.ਸੀ. 31.6 ਫ਼ੀ ਸਦੀ ਹਨ। ਮਨੁੱਖੀ ਹੱਕ ਕਾਰਕੁਨ ਹਿਮਾਂਸ਼ੂ ਕੁਮਾਰ ਦੱਸਦੇ ਹਨ, "ਇਹ ਜਾਤਾਂ ਹਿੰਦੁਸਤਾਨ ਵਿਚ ਪਿਛੜੀਆਂ ਅਤੇ ਗ਼ਰੀਬ ਹਨ। ਇਨ੍ਹਾਂ ਨਾਲ ਸਰਕਾਰਾਂ ਸਮਾਜਕ ਅਤੇ ਆਰਥਿਕ ਨਿਆਂ ਨਹੀਂ ਕਰ ਰਹੀਆਂ। ਇਹ ਹੀ ਸਭ ਤੋਂ ਵੱਧ ਅਨਿਆਂ ਦੇ ਸ਼ਿਕਾਰ ਹਨ। ਜੋ ਆਪਣੇ ਹੱਕ ਦੀ ਲੜਾਈ ਲੜ ਰਹੇ ਹਨ, ਉਹੀ ਜੇਲ੍ਹਾਂ ਵਿਚ ਹਨ।"

### ਹੋਰ ਮੁਲਕਾਂ 'ਚ ਵੀ ਇਹੀ ਹਾਲ

ਹਿਮਾਂਸ਼ੂ ਕੁਮਾਰ ਦੇ ਅਨੁਸਾਰ ਐਸਾ ਮਹਿਜ਼ ਹਿੰਦੁਸਤਾਨ ਵਿਚ ਹੀ ਨਹੀਂ ਹੈ ਸਗੋਂ ਆਲਮ ਦੇ ਹੋਰ ਮੁਲਕਾਂ ਵਿਚ ਵੀ ਇਹੀ ਹਾਲ ਹੈ। ਅਮਰੀਕਾ ਦੀਆਂ ਜੇਲ੍ਹਾਂ ਵਿਚ ਜ਼ਿਆਦਾਤਰ ਕਾਲੇ ਅਤੇ ਮਜ਼ਦੂਰ ਹੀ ਬੰਦ ਹਨ। ਪਿਛਲੇ ਦਿਨੀਂ ਬਾਜ਼ਾਰ ਵਿਚ ਆਈ ਕਿਤਾਬ 'ਕਲਰਜ਼ ਆਫ ਦ ਕੇਜ' ਦੇ ਲੇਖਕ ਅਰੁਣ ਫਰੈਰਾ ਦਾ ਕਹਿਣਾ ਹੈ, "ਜੋ ਤਬਕਾ ਲੁੱਟਿਆ-ਪੁੱਟਿਆ ਹੈ, ਪੁਲਿਸ ਉਸੇ ਦਾ ਸ਼ੋਸ਼ਣ ਕਰਦੀ ਹੈ। ਅਤੇ ਜੋ ਵੱਡਾ ਹੈ, ਉਹ ਜੇਲ੍ਹ ਦੇ ਅੰਦਰ ਵੀ ਵੱਡਾ ਹੈ।" ਫਰੇਰਾ ਮੰਨਦੇ ਹਨ ਕਿ ਸਮਾਜ-ਵਿਗਿਆਨੀ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਜੁਰਮ ਕਰਨ, ਕਰਾਉਣ ਦੇ ਪਿੱਛੇ ਆਰਥਿਕ ਥੁੜ੍ਹ ਵੀ ਇਕ ਵਜ੍ਹਾ ਹੋ ਸਕਦੀ ਹੈ। ਤਿਹਾੜ ਜੇਲ੍ਹ ਦੇ ਵੈੱਲਫੇਅਰ ਅਫ਼ਸਰ ਚਰਨ ਸਿੰਘ ਜੇਲ੍ਹ ਵਿਚ ਵਧਦੀ ਆਬਾਦੀ, ਖ਼ਾਸ ਕਰ ਕੇ ਦਲਿਤਾਂ ਤੇ ਮੁਸਲਮਾਨਾਂ ਦੀ ਆਬਾਦੀ ਦੇ ਪਿੱਛੇ ਕਈ ਸਾਰੇ ਕਾਰਨ ਗਿਣਾਉਂਦੇ ਹਨ। ਚਰਨ ਸਿੰਘ ਦੱਸਦੇ ਹਨ, "ਅਨਪੜ੍ਹਤਾ, ਗ਼ਰੀਬੀ, ਬੇਰੋਜ਼ਗਾਰੀ, ਵੱਡੇ ਟੱਬਰ, ਲੋਕਾਂ ਵਿਚ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸ, ਲੋਕਾਂ ਦੀ ਸੰਗਤ, ਸਮਾਜ ਵਿਚ ਨਾਬਰਾਬਰੀ, ਇਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ ਵਗੈਰਾ ਅਹਿਮ ਕਾਰਨ ਹਨ। ਕਾਨੂੰਨ ਨੂੰ ਲਾਗੂ ਕਰਨ ਵਿਚ ਵਿਤਕਰਾ ਵੀ ਇਸ ਦੀ ਇਕ ਵੱਡੀ ਵਜ੍ਹਾ ਹੈ।"

### ਕਸ਼ਮੀਰੀ ਨੌਜਵਾਨਾਂ ਦੀ ਕਹਾਣੀ

ਹਿੰਦੁਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿਚ ਦਹਿਸ਼ਤਪਸੰਦ ਹੋਣ ਦੇ ਸ਼ੱਕ ਵਿਚ ਫੜੇ ਕਈ ਨੌਜਵਾਨ ਬਾਅਦ ਵਿਚ ਬੇਕਸੂਰ ਸਾਬਤ ਹੋਏ, ਪਰ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ।

### ਇਮਰਾਨ ਕਿਰਮਾਨੀ

ਕਸ਼ਮੀਰ ਦੇ ਹੰਦਵਾੜਾ ਇਲਾਕੇ ਦੇ ਰਹਿਣ ਵਾਲੇ 34 ਸਾਲਾ ਇਰਮਾਨ ਕਿਰਮਾਨੀ ਨੂੰ 2006 ਵਿਚ ਦਿੱਲੀ ਪੁਲਿਸ ਦੀ ਵਿਸ਼ੇਸ਼ ਸੈੱਲ ਨੇ ਰਾਜਧਾਨੀ ਦੇ ਮੰਗੋਲਪੁਰੀ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਸੀ। ਉਸ ਉਪਰ ਇਲਜ਼ਾਮ ਲਗਾਇਆ ਗਿਆ ਕਿ ਉਹ ਦਿੱਲੀ ਵਿਚ ਆਤਮਘਾਤੀ ਹਮਲੇ ਕਰਨ ਦੀ ਯੋਜਨਾ ਬਣਾ ਰਿਹਾ ਸੀ, ਪਰ ਪੌਣੇ ਪੰਜ ਸਾਲ ਬਾਦ ਅਦਾਲਤ ਨੇ ਇਮਰਾਨ ਨੂੰ ਸਾਰੇ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ। ਇਮਰਾਨ ਨੇ ਜੈਪੁਰ ਤੋਂ 'ਏਅਰਕਰਾਫਟ' ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਸੀ। ਜਦੋਂ ਉਸ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਹ ਪ੍ਰਾਈਵੇਟ ਕੰਪਨੀ ਵਿਚ ਨੌਕਰੀ ਕਰ ਰਿਹਾ ਸੀ। ਜੇਲ੍ਹ ਵਿਚ ਗੁਜ਼ਾਰੇ ਆਪਣੀ ਜ਼ਿੰਦਗੀ ਦੇ ਪੰਜ ਸਾਲਾਂ ਨੂੰ ਚੇਤੇ ਕਰਦੇ ਹੋਏ ਉਹ ਕਹਿੰਦਾ ਹੈ, "ਅਦਾਲਤ ਨੇ ਬਰੀ ਤਾਂ ਕਰ ਦਿੱਤਾ, ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਮੇਰੇ ਪੰਜ ਸਾਲ, ਜੋ ਜੇਲ੍ਹ ਵਿਚ ਗੁਜ਼ਰੇ ਉਨ੍ਹਾਂ ਨੂੰ ਕੌਣ ਵਾਪਸ ਲਿਆਵੇਗਾ?" ਇਮਰਾਨ ਨੂੰ ਇਸ ਗੱਲ ਦਾ ਵੀ ਕਾਫ਼ੀ ਸਦਮਾ ਹੈ ਕਿ ਜਿਸ ਵਕਤ ਉਹ ਆਪਣਾ ਭਵਿੱਖ ਬਣਾਉਣ ਨਿਕਲਿਆ ਸੀ, ਉਸੇ ਵਕਤ ਉਸ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਅਤੇ ਉਹ ਵੀ ਬਿਨਾਂ ਕਿਸੇ ਕਸੂਰ ਦੇ।

ਉਹ ਕਹਿੰਦਾ ਹੈ, "ਜੋ ਮੇਰੇ ਨਾਲ ਪੜ੍ਹਦੇ ਸਨ, ਤੇ ਮੇਰੇ ਨਾਲ ਕੰਮ ਕਰਦੇ ਸਨ, ਉਹ ਅੱਜ ਬਹੁਤ ਤਰੱਕੀ ਕਰ ਚੁੱਕੇ ਹਨ। ਮੈਂ ਵੀ ਕਰਦਾ, ਪਰ ਮੇਰਾ ਕੀਮਤੀ ਵਕਤ ਜੇਲ੍ਹ ਵਿਚ ਹੀ ਬਰਬਾਦ ਹੋ ਗਿਆ।" ਇਮਰਾਨ ਹੁਣ ਆਪਣੇ ਪਿੰਡ ਦੇ ਇਕ ਸਕੂਲ ਵਿਚ ਪੜ੍ਹਾਉਂਦਾ ਹੈ। ਉਸ ਨੂੰ ਸਰਕਾਰ ਤੋਂ ਕਿਸੇ ਮਦਦ ਦੀ ਉਮੀਦ ਨਹੀਂ ਹੈ ਅਤੇ ਨਾ ਹੀ ਉਹ ਇਸ ਖ਼ਾਤਰ ਸਰਕਾਰ ਦੇ ਕੋਲ ਜਾਣ ਲਈ ਤਿਆਰ ਹੈ।

### ਫਾਰੂਕ ਅਹਿਮਦ ਖ਼ਾਨ

ਹਾਲ ਹੀ ਵਿਚ ਇੰਜੀਨੀਅਰ ਫਾਰੂਕ ਅਹਿਮਦ ਖ਼ਾਨ ਨੂੰ ਵੀ 19 ਸਾਲ ਬਾਅਦ ਅਦਾਲਤ ਨੇ ਸਾਰੇ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ ਹੈ। ਖ਼ਾਨ ਉਪਰ ਵੀ ਦਿੱਲੀ ਵਿਚ ਬੰਬ ਧਮਾਕੇ ਕਰਨ ਦੀ ਯੋਜਨਾ ਬਣਾਉਣ ਦਾ ਇਲਜ਼ਾਮ ਲਗਾਇਆ ਗਿਆ ਸੀ। ਅਨੰਤਨਾਗ ਦੇ ਰਹਿਣ ਵਾਲੇ ਫਾਰੂਕ ਨੂੰ ਸਪੈਸ਼ਲ ਟਾਸਕ ਫੋਰਸ ਨੇ 23 ਮਈ 1996 ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ ਸੀ। ਗ੍ਰਿਫ਼ਤਾਰੀ ਦੇ ਵਕਤ 30 ਸਾਲਾ ਫਾਰੂਕ ਪਬਲਿਕ ਹੈਲਥ ਮਹਿਕਮੇ ਵਿਚ ਜੂਨੀਅਰ ਇੰਜੀਨੀਅਰ ਦੇ ਅਹੁਦੇ 'ਤੇ ਕੰਮ ਕਰ ਰਿਹਾ ਸੀ। ਦਿੱਲੀ ਹਾਈ ਕੋਰਟ ਨੇ ਚਾਰ ਸਾਲ ਬਾਅਦ ਉਸ ਨੂੰ ਲਾਜਪਤ ਨਗਰ ਬੰਬ ਧਮਾਕਾ ਮਾਮਲੇ ਵਿਚ ਬਰੀ ਕਰ ਦਿੱਤਾ ਸੀ ਪਰ ਉਸ ਤੋਂ ਬਾਅਦ ਉਸ ਨੂੰ ਜੈਪੁਰ ਅਤੇ ਗੁਜਰਾਤ ਵਿਚ ਹੋਏ ਬੰਬ ਧਮਾਕਿਆਂ ਦੇ ਮਾਮਲੇ ਵਿਚ ਜੈਪੁਰ ਕੇਂਦਰੀ ਜੇਲ੍ਹ ਵਿਚ ਰੱਖਿਆ ਗਿਆ। ਜੈਪੁਰ ਦੀ ਵਧੀਕ ਸੈਸ਼ਨ ਕੋਰਟ ਨੇ ਵੀ ਉਸ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ ਅਤੇ ਉਸ ਦੇ ਖ਼ਿਲਾਫ਼ ਲਗਾਏ ਗਏ ਸਾਰੇ ਇਲਜ਼ਾਮਾਂ ਨੂੰ ਖ਼ਾਰਜ ਕਰ ਦਿੱਤਾ। ਜ਼ਿੰਦਗੀ ਦੇ 20 ਵਰ੍ਹੇ ਖੁੱਸ ਜਾਣ ਤੋਂ ਇਲਾਵਾ ਫਾਰੂਕ ਨੂੰ ਆਪਣੇ ਮੁਕੱਦਮੇ ਦੇ ਖ਼ਰਚ ਵਜੋਂ ਇਕ ਮੋਟੀ ਰਕਮ ਵੀ ਗਵਾਉਣੀ ਪਈ। ਉਸ ਦਾ ਕਹਿਣਾ ਹੈ ਕਿ ਦਿੱਲੀ ਵਿਚ ਮੁਕੱਦਮੇ ਦੇ ਖ਼ਰਚ ਵਿਚ 20 ਲੱਖ ਰੁਪਏ ਖ਼ਰਚੇ ਗਏ, ਜਦਕਿ ਜੈਪੁਰ ਵਿਚ 12 ਲੱਖ ਰੁਪਏ ਖ਼ਰਚ ਆਏ। ਉਹ ਕਹਿੰਦਾ ਹੈ ਕਿ 2000 ਵਿਚ ਜਦੋਂ ਉਸ ਦੇ ਬਾਪ ਦਾ ਦੇਹਾਂਤ ਹੋਇਆ ਤਾਂ ਉਸ ਨੂੰ ਪੈਰੋਲ ਉਪਰ ਵੀ ਨਹੀਂ ਛੱਡਿਆ ਗਿਆ। ਫਾਰੂਕ ਦੀ ਮਾਂ ਕਹਿੰਦੀ ਹੈ, "ਜਿਸ ਦਿਨ ਫਾਰੂਕ ਦੇ ਅੱਬਾ ਨੇ ਜੇਲ੍ਹ ਦੀ ਤਸਵੀਰ ਦੇਖੀ, ਉਸੇ ਦਿਨ ਉਸ ਨੂੰ ਦਿਲ ਦਾ ਦੌਰਾ ਅਤੇ ਉਸ ਦੀ ਮੌਤ ਹੋ ਗਈ। ਹੁਣ ਬੇਟਾ ਤਾਂ ਘਰ ਆ ਗਿਆ ਪਰ ਉਸ ਤੋਂ ਖੋਹੇ 19 ਸਾਲ ਕੌਣ ਵਾਪਸ ਦੇਵੇਗਾ।"

### ਮਕਬੂਲ ਸ਼ਾਹ

ਹਿੰਦੁਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਦੇ ਸ੍ਰੀਨਗਰ ਦੇ ਲਾਲ ਬਜ਼ਾਰ ਰਹਿਣ ਵਾਲਾ ਮਕਬੂਲ ਸ਼ਾਹ 2010 ਵਿਚ 14 ਸਾਲ ਬਾਅਦ ਜੇਲ੍ਹ ਵਿਚੋਂ ਰਿਹਾਅ ਹੋਇਆ ਤਾਂ ਉਸ ਨੂੰ ਲੱਗਿਆ ਕਿ ਉਸ ਨੂੰ ਨਵੀਂ ਜ਼ਿੰਦਗੀ ਮਿਲੀ ਹੈ। ਉਸ ਨੂੰ ਵੀ ਦਿੱਲੀ ਵਿਚ ਬੰਬ ਧਮਾਕੇ ਦੀ ਸਾਜ਼ਿਸ਼ ਰਚਣ ਦੇ ਇਲਜ਼ਾਮ ਵਿਚ 1996 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਵਕਤ ਉਸ ਦੀ ਉਮਰ ਸਿਰਫ਼ 14 ਸਾਲ ਦੀ ਸੀ। ਮਕਬੂਲ ਨੂੰ ਵੀ ਅਦਾਲਤ ਨੇ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ, ਪਰ ਮਕਬੂਲ ਨੂੰ ਲੱਗਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਉਸ ਨੂੰ ਫਰਜ਼ੀ ਮੁਕੱਦਮੇ ਵਿਚ ਫਸਾਇਆ ਸੀ ਉਨ੍ਹਾਂ ਦੇ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਉਹ ਕਹਿੰਦਾ ਹੈ, "ਸਮਾਜ ਵਿਚ ਦਿਨ ਕੱਟਣੇ ਮੁਸ਼ਕਿਲ ਹੋ ਗਏ ਹਨ। ਹਰ ਕੋਈ ਸਮਝਦਾ ਹੈ, ਮੈਂ ਦਹਿਸ਼ਤਪਸੰਦ ਹਾਂ ਕਿਉਂਕਿ ਮੈਂ 14 ਸਾਲ ਤਕ ਜੇਲ੍ਹ ਵਿਚ ਰਿਹਾ ਹਾਂ। ਕੋਈ ਨਹੀਂ ਮੰਨਦਾ ਕਿ ਮੈਂ ਬੇਕਸੂਰ ਹਾਂ। ਮੇਰੇ ਕੋਲ ਹੁਣ ਕੁਝ ਵੀ ਨਹੀਂ ਬਚਿਆ। ਹੁਣ ਮੈਂ ਆਪਣੀ ਬੇਗੁਨਾਹੀ ਦਾ ਸਬੂਤ ਕਿਸ ਨੂੰ ਦੇਵਾਂ ਅਤੇ ਕਿਵੇਂ ਦੇਵਾਂ?"

ਉਸ ਨੂੰ ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਜਦੋਂ ਉਹ ਜੇਲ੍ਹ ਤੋਂ ਬਾਹਰ ਆਇਆ ਸੀ ਤਾਂ ਰਾਜ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਉਸ ਨੂੰ ਯਕੀਨ ਦਿਵਾਇਆ ਸੀ ਕਿ ਉਹ ਉਸ ਦੇ ਲਈ ਕੁਝ ਨਾ ਕੁਝ ਕਰੇਗਾ, ਪਰ ਕੁਝ ਵੀ ਨਹੀਂ ਹੋਇਆ ਅਤੇ ਉਸ ਦੇ ਮੁੜ-ਵਸੇਬੇ ਲਈ ਕਿਸੇ ਨੇ ਪਹਿਲ ਵੀ ਨਹੀਂ ਕੀਤੀ।

## ਮਜੀਠੀਆ ਨੂੰ ਤਲਬ ਕਰਨ ਦੇ ਹੁਕਮ

**ਚੰਡੀਗੜ੍ਹ (ਬਿਊਰੋ):** ਅਦਾਲਤ ਨੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅਖ਼ਬਾਰਾਂ ਵਿਚ ਨੋਟਿਸ ਛਪਵਾ ਕੇ ਸੰਮਨ ਕਰਨ ਦੇ ਹੁਕਮ ਦਿੱਤੇ ਹਨ। ਸਿਵਲ ਜੱਜ ਜੂਨੀਅਰ ਡਵੀਜ਼ਨ ਪਰਦੀਪ ਸੰਘਿਆਲ ਨੇ ਮਜੀਠੀਆ ਉੱਤੇ ਗੁਰਬਾਣੀ ਦੀ ਤੁਕ ਨੂੰ ਤਰੋੜ-ਮਰੋੜ ਕੇ ਬੋਲਣ ਦੇ ਕੇਸ ਦੀ ਸੁਣਵਾਈ ਕਰਦਿਆਂ ਇਹ ਹੁਕਮ ਜਾਰੀ ਕੀਤੇ।

ਅਦਾਲਤ ਨੇ ਮਜੀਠੀਆ ਵੱਲੋਂ ਵਾਰ-ਵਾਰ ਭੇਜੇ ਸੰਮਨਾਂ ਨੂੰ ਗੰਭੀਰਤਾ ਨਾਲ ਨਾ ਲੈਣ ਦਾ ਨੋਟਿਸ ਲਿਆ ਹੈ। ਇਸ ਤੋਂ ਪਹਿਲਾਂ ਅਦਾਲਤ ਵੱਲੋਂ ਮੰਤਰੀ ਨੂੰ ਚਾਰ ਵਾਰ ਨੋਟਿਸ ਭੇਜੇ ਜਾ ਚੁੱਕੇ ਹਨ। ਪਟੀਸ਼ਨਰ ਮਨਦੀਪ ਕੌਰ ਮੁਤਾਬਕ ਮਜੀਠੀਆ ਨੂੰ ਪਿਛਲੀ ਵਾਰ ਸੰਮਨ ਮਿਲ ਵੀ ਗਏ ਸਨ।


"Ask us about the...

AARP® Auto Insurance Program from The Hartford."



SATWANT SINGH

NOW AVAILABLE IN YOUR AREA!

Find out more about the Special Benefits of The Hartford's Program for AARP members and our Competitive Rates! You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through. -Satwant Singh!

AARP® | Auto Insurance Program from THE HARTFORD

Call today for your FREE, no-obligation quote:

+1-408-771-2438

SATWANT SINGH: 2774 ABORN ROAD, SAN JOSE, CA 95121
satwant@satwantins.com
www.satwantins.com
CA License# 0H11256

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

107792 2nd Rev

ਪੰਜਾਬ ਟਾਈਮਜ਼

ਸਨਿਚਰਵਾਰ, 20 ਦਸੰਬਰ 2014

## ਪੰਜਾਬ ਦੀਆਂ ਡੋਰੀਆਂ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਸ਼ਿਆਂ ਬਾਰੇ ਰੇਡੀਓ ਪ੍ਰੋਗਰਾਮ ਨੇ ਹੁਣ ਸਾਰੀ ਸਥਿਤੀ ਐਨ ਸਪਸ਼ਟ ਕਰ ਦਿੱਤੀ ਹੈ। ਪੰਜਾਬ ਹੁਣ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਮੁੱਖ ਏਜੰਡੇ ਵਿਚ ਸ਼ਾਮਲ ਹੈ। ਕੁਝ ਮਹੀਨੇ ਪਹਿਲਾਂ ਜਦੋਂ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਪੰਜਾਬ ਵਿਚ ਨਸ਼ਿਆਂ ਦੀ ਮਾਰ ਦਾ ਜ਼ਿਕਰ ਕੀਤਾ ਸੀ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਉਸ ਦਾ ਅਤੇ ਉਸ ਦੀ ਪਾਰਟੀ ਦਾ ਮਜ਼ਾਕ ਉਡਾਇਆ ਸੀ, ਤੇ ਨਾਲ ਹੀ ਕਿਹਾ ਸੀ ਕਿ ਇਹ ਪਾਰਟੀ ਤੇ ਆਗੂ ਪੰਜਾਬ ਨੂੰ ਬਦਨਾਮ ਕਰਨ ਦਾ ਯਤਨ ਕਰ ਰਹੇ ਹਨ। ਹੁਣ ਜਦੋਂ ਮੀਡੀਆ ਰਾਹੀਂ ਵੀ ਨਸ਼ਿਆਂ ਵਾਲੇ ਕੇਸਾਂ ਦਾ ਭਾਂਡਾ ਹੌਲੀ-ਹੌਲੀ ਫੁੱਟ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਨੇ ਵੀ ਇਸ ਬਾਰੇ ਆਖਣਾ ਅਰੰਭ ਕਰ ਦਿੱਤਾ ਹੈ, ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਇਸ ਬਾਰੇ ਕੇਂਦਰ ਨੂੰ ਚਿੱਠੀਆਂ ਲਿਖਣ ਦਾ ਚੇਤਾ ਆ ਗਿਆ ਹੈ। ਉਂਜ, ਦੋਵੇਂ ਪਿਉ-ਪੁੱਤਰ ਇਕ ਵਾਰ ਪਹਿਲਾਂ ਇਸ ਮਸਲੇ ਤੋਂ ਇਹ ਕਹਿ ਕੇ ਪੱਲਾ ਝਾੜਨ ਦਾ ਯਤਨ ਕਰ ਚੁੱਕੇ ਹਨ ਕਿ ਇਸ ਮਾਮਲਾ ਕੇਂਦਰ ਦਾ ਹੈ, ਕਿਉਂਕਿ ਪੰਜਾਬ ਸਰਹੱਦੀ ਸੂਬਾ ਹੈ ਅਤੇ ਨਸ਼ਿਆਂ ਦੀ ਸਾਰੀ ਸਮਗਲਿੰਗ ਸਰਹੱਦ ਰਾਹੀਂ ਹੁੰਦੀ ਹੈ। ਜਿਸ ਵੇਲੇ ਬਾਦਲਾਂ ਨੇ ਇਹ ਗੱਲ ਆਖੀ ਸੀ, ਉਦੋਂ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ। ਹੁਣ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ 'ਆਪਣੀ' ਸਰਕਾਰ ਹੈ, ਤਾਂ ਇਨ੍ਹਾਂ ਆਗੂਆਂ ਦੇ ਬਿਆਨਾਂ ਵਿਚ ਰਤਾ ਕੁ ਫੇਰ ਪੈ ਗਿਆ ਹੈ। ਹੁਣ ਇਨ੍ਹਾਂ ਦੋਹਾਂ ਆਗੂਆਂ ਨੇ ਆਖਿਆ ਹੈ ਕਿ ਪੰਜਾਬ ਨਸ਼ਿਆਂ ਦੇ ਸਪਲਾਈ ਰੂਟ ਦਾ ਲਾਂਘਾ ਹੋਣ ਕਾਰਨ ਨਸ਼ਿਆਂ ਦੀ ਮਾਰ ਸਹਿਣ ਲਈ ਮਜਬੂਰ ਹੈ। ਦੋਵੇਂ ਆਗੂ ਹੁਣ ਜੋ ਮਰਜ਼ੀ ਬਿਆਨ ਜਾਂ ਸਫਾਈ ਦੇਈ ਜਾਣ, ਇਕ ਗੱਲ ਸਪਸ਼ਟ ਦਿਸ ਰਹੀ ਹੈ; ਹੁਣ ਇਨ੍ਹਾਂ ਨੂੰ ਖਬਰ ਹੋ ਗਈ ਹੈ ਕਿ ਇਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਹੌਲੀ-ਹੌਲੀ ਖਿਸਕ ਰਹੀ ਹੈ ਅਤੇ ਇਨ੍ਹਾਂ ਨੂੰ ਸੁਰੱਖਿਅਤ ਸਿਆਸਤ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਅਸਲ ਵਿਚ ਬਾਦਲਾਂ ਦੇ ਬੁਰੇ ਦਿਨਾਂ ਦਾ ਸਿਲਸਿਲਾ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਬਾਅਦ ਸ਼ੁਰੂ ਹੋਇਆ ਜਿਥੇ ਉਨ੍ਹਾਂ ਨੇ ਇੰਡੀਅਨ ਨੈਸ਼ਨਲ ਲੋਕ ਦਲ ਦੀ ਡਟ ਕੇ ਹਮਾਇਤ ਹੀ ਨਹੀਂ ਕੀਤੀ, ਸਗੋਂ ਪਿਉ-ਪੁੱਤਰ ਹਰਿਆਣਾ ਵਿਚ ਜ਼ੋਰ-ਸ਼ੋਰ ਨਾਲ ਪ੍ਰਚਾਰ ਵੀ ਕਰਦੇ ਰਹੇ। ਸੂਬੇ ਵਿਚ ਇੰਡੀਅਨ ਨੈਸ਼ਨਲ ਲੋਕ ਦਲ ਅਤੇ ਭਾਜਪਾ ਆਹਮੋ-ਸਾਹਮਣੇ ਸਨ। ਬੱਸ, ਇੰਡੀਅਨ ਨੈਸ਼ਨਲ ਲੋਕ ਦਲ ਦੀ ਹਾਰ ਅਤੇ ਭਾਜਪਾ ਦੀ ਜਿੱਤ ਨੇ ਬਾਦਲਾਂ ਦੀਆਂ ਸਭ ਗਿਣਤੀਆਂ-ਮਿਣਤੀਆਂ ਪੁੱਠੀਆਂ ਪਾ ਦਿੱਤੀਆਂ। ਭਾਜਪਾ ਦੀ ਸਮੁੱਚੀ ਲੀਡਰਸ਼ਿਪ ਬਾਦਲਾਂ ਨਾਲ ਨਾਰਾਜ਼ ਹੋ ਗਈ ਅਤੇ ਇਸ ਨੂੰ ਪੰਜਾਬ ਵਿਚ ਆਪਣੇ ਬਲਬੂਤੇ ਵਧਣ-ਫੁੱਲਣ ਲਈ ਰਾਹ ਖੋਲ੍ਹਣ ਦਾ ਚੰਗਾ ਬਹਾਨਾ ਮਿਲ ਗਿਆ। ਭਾਜਪਾ ਦੀ ਸੂਬਾ ਅਤੇ ਕੇਂਦਰੀ ਲੀਡਰਸ਼ਿਪ ਅੱਜ ਕੱਲ੍ਹ ਪੂਰੀ ਚੜ੍ਹਤ ਵਿਚ ਹੈ ਅਤੇ ਬਾਦਲ ਇਕ ਤਰ੍ਹਾਂ ਨਾਲ ਆਪਣੀ ਹੀ ਭਾਈਵਾਲ ਅੱਗੇ ਗੋਡਿਆਂ ਭਾਰ ਹੋ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਦੀ ਇਹ ਹਾਲਤ ਉਦੋਂ ਹੋਈ ਹੈ ਜਦੋਂ ਇਸ ਨੇ ਹਾਲ ਹੀ ਆਪਣੀ ਸਥਾਪਨਾ ਦਾ 95ਵਾਂ ਦਿਵਸ ਮਨਾਇਆ ਹੈ। ਅਕਾਲੀ ਦਲ ਦਾ ਆਪਣਾ, ਨਿਆਰਾ ਅਤੇ ਪਿਆਰਾ ਇਤਿਹਾਸ ਹੈ। 1920 ਵਿਚ ਸਥਾਪਨਾ ਤੋਂ ਲੈ ਕੇ ਹਰ ਮੁਕਾਮ ਦੌਰਾਨ ਇਸ ਦੇ ਆਗੂਆਂ ਨੇ ਪੰਜਾਬ ਅਤੇ ਦੇਸ਼ ਦੀ ਸਿਆਸਤ ਵਿਚ ਅਹਿਮ ਭੂਮਿਕਾ ਨਿਭਾਈ ਹੈ, ਪਰ ਜਦੋਂ ਤੋਂ ਦਲ ਦੀ ਕਮਾਨ ਬਾਦਲ ਪਰਿਵਾਰ ਤੱਕ ਸਿਮਟ ਗਈ ਹੈ, ਇਸ ਦੀ ਤਾਕਤ ਘਟਦੀ-ਘਟਦੀ ਹੁਣ ਵਾਲੀ ਹਾਲਤ ਵਿਚ ਪੁੱਜ ਗਈ ਹੈ। ਪਿਛਲੇ ਸਮੇਂ ਦੌਰਾਨ ਬਾਦਲਾਂ ਨੇ ਜਿਸ ਢੰਗ ਨਾਲ ਪਾਰਟੀ ਅਤੇ ਪਾਰਟੀਆਂ ਸੰਸਥਾਵਾਂ ਉਤੇ ਕਬਜ਼ਾ ਕੀਤਾ ਹੈ, ਉਸ ਨੇ ਪਾਰਟੀ ਅੰਦਰਲੀ ਜਮਹੂਰੀਅਤ ਨੂੰ ਤਬਾਹ ਕਰ ਕੇ ਰੱਖ ਦਿੱਤਾ ਹੈ। ਹਰ ਮਾਮਲੇ 'ਤੇ ਇਸ ਪਰਿਵਾਰ ਨੇ ਆਪਣੀ ਮਰਜ਼ੀ ਚਲਾਈ ਹੈ ਅਤੇ ਜਿਹੜਾ ਵੀ ਲੀਡਰ ਇਨ੍ਹਾਂ ਦੇ ਇਸ ਆਪ-ਹੁਦਰੇਪਣ ਉਤੇ ਰੱਤੀ ਭਰ ਵੀ ਉਭਾਸਰਿਆ, ਉਸ ਨੂੰ ਸਿਆਸੀ ਪੱਧਰ ਉਤੇ ਸਿਫਰ ਕਰ ਦਿੱਤਾ ਗਿਆ। ਅਕਾਲੀ ਦਲ ਦੇ ਇਤਿਹਾਸ ਵਿਚ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਗਿਣਾਈਆਂ ਜਾ ਸਕਦੀ ਹਨ। ਅਸਲ ਵਿਚ ਅਜਿਹਾ ਪਾਰਟੀ ਦੀ ਰੂਹ ਵਿਚੋਂ ਕੁਰਬਾਨੀ ਵਾਲੇ ਮਾਦੇ ਨੂੰ ਖੋਰਾ ਲੱਗਣ ਕਰ ਕੇ ਹੋਇਆ। ਇਸੇ ਕਰ ਕੇ ਅਕਾਲੀਆਂ ਦਾ ਕੋਈ ਹੋਰ ਧੜਾ ਵੀ ਇਸ ਪਰਿਵਾਰ ਦੀ ਇਜਾਰੇਦਾਰੀ ਨੂੰ ਘੱਟ ਨਹੀਂ ਕਰ ਸਕਿਆ। ਅਕਾਲੀ ਹੋਣ ਦਾ ਸ਼ਾਇਦ ਇਹੀ ਦਰਦ ਹੈ ਕਿ ਹਰ ਲੀਡਰ ਆਪਣੇ ਨਿੱਕੇ ਜਾਂ ਵੱਡੇ, ਗਰਮ ਜਾਂ ਨਰਮ ਧੜੇ ਮੁਤਾਬਕ ਸਿਆਸਤ ਕਰਨ ਵਿਚ ਲੱਗਿਆ ਰਿਹਾ। ਸਿੱਖੀ, ਪੰਥ ਅਤੇ ਪੰਜਾਬ ਕਿਸੇ ਦੇ ਏਜੰਡੇ ਉਤੇ ਨਹੀਂ ਰਿਹਾ। ਹੁਣ ਜਦੋਂ ਪੰਜਾਬ ਭਾਰਤੀ ਜਨਤਾ ਪਾਰਟੀ ਵਰਗੀ ਪਾਰਟੀ ਦੇ ਏਜੰਡੇ ਉਤੇ ਆ ਗਿਆ ਹੈ ਤਾਂ ਸਭ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ। ਭਾਰਤੀ ਜਨਤਾ ਪਾਰਟੀ ਦਾ ਦੇਸ਼ ਭਰ ਵਿਚ ਏਜੰਡਾ ਲਗਾਤਾਰ ਬਦਲਦਾ ਰਿਹਾ ਹੈ। ਇਸ ਪਾਰਟੀ ਨੇ ਨਿਰੋਲ ਫਿਰਕੂ ਰੱਥ ਯਾਤਰਾ ਤੋਂ ਲੈ ਕੇ ਵਿਕਾਸ ਰੱਥ ਦਾ ਪ੍ਰਚਾਰ ਕਰ ਕੇ ਸਾਰੇ ਦੇਸ਼ ਵਿਚ ਫੈਲ ਜਾਣ ਦੀ ਸਮਰੱਥਾ ਦਿਖਾਈ ਹੈ। ਇਸ ਦੇ ਦੂਜੀ ਕਤਾਰ ਦੇ ਆਗੂ ਭਾਵੇਂ ਆਰ.ਐਸ.ਐਸ. ਲੀਡਰਸ਼ਿਪ ਨੂੰ ਖੁਸ਼ ਕਰਨ ਖਾਤਰ ਪੁੱਠੇ-ਸਿੱਧੇ ਬਿਆਨ ਦੇ ਕੇ ਵਿਵਾਦਾਂ ਵਿਚ ਘਿਰ ਰਹੇ ਹਨ, ਪਰ ਭਾਜਪਾ ਲੀਡਰਸ਼ਿਪ, ਖਾਸ ਕਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਦਾਈਆ ਕਾਰਪੋਰੇਟ ਲਾਬੀ ਦੇ ਸਿਰ ਉਤੇ ਲੋਕਾਂ ਨੂੰ ਵਿਕਾਸ ਦੀ ਕਥਿਤ ਨ੍ਹੇਰੀ ਵਿਚ ਰੋੜ੍ਹ ਕੇ ਲੈ ਜਾਣ ਦਾ ਹੀ ਹੈ। ਆਪਣੇ ਇਸ ਪ੍ਰਾਜੈਕਟ ਵਿਚ ਇਹ ਪਾਰਟੀ ਬਹੁਤ ਹੱਦ ਤੱਕ ਕਾਮਯਾਬ ਵੀ ਰਹੀ ਹੈ। ਇਸੇ ਕਰ ਕੇ ਮਹਾਂਰਾਸ਼ਟਰ ਤੇ ਹਰਿਆਣਾ ਤੋਂ ਬਾਅਦ ਇਸ ਦੀ ਅੱਖ ਹੁਣ ਜੰਮੂ-ਕਸ਼ਮੀਰ ਉਤੇ ਹੈ। ਇਸ ਤੋਂ ਬਾਅਦ 2016 ਵਿਚ ਪੱਛਮੀ ਬੰਗਾਲ ਵਿਚ ਵੋਟਾਂ ਪੈਣੀਆਂ ਹਨ ਅਤੇ ਉਸ ਤੋਂ ਅਗਲੇ ਹੀ ਸਾਲ, ਭਾਵ 2017 ਵਿਚ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਹੁਣ ਦੇਖਣ/ਸੋਚਣ ਵਾਲਾ ਨੁਕਤਾ ਇਹ ਹੈ ਕਿ ਭਾਜਪਾ ਦੇ ਇਸ ਜੇਤੂ ਰੱਥ ਨੂੰ ਕੌਣ ਤੇ ਕਿੱਥੇ ਠੱਲ੍ਹਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਵੈ-ਰੁਜ਼ਗਾਰ ਦਾ ਸਾਧਨ!*


ਫੰਡ 'ਕੱਠਾ ਕਰਨੇ ਲਈ ਸੰਸਥਾ ਬਣਾ ਲੈ ਕੋਈ, ਵਿਰਸੇ ਦੀ 'ਸੇਵਾ' ਵਾਲਾ ਫੱਟਾ ਲਟਕਾਈ ਜਾਹ।
ਚਾਚੇ, ਤਾਏ, ਮਾਮੇ, ਸਾਲੇ ਫਿੱਟ ਕਰ ਇਹਦੇ ਵਿਚ, 'ਕੌਲੀ ਚੱਟ' ਮੈਂਬਰਾਂ ਦੀ ਗਿਣਤੀ ਵਧਾਈ ਜਾਹ।
'ਨਸ਼ਾਖੋਰੀ ਰੋਗ ਨੇ ਪੰਜਾਬ ਬਰਬਾਦ ਕੀਤਾ!' ਚਿੰਤਾ ਵਾਲੀ ਰਾਗਣੀ ਗਾ ਲੋਕਾਂ ਨੂੰ ਸੁਣਾਈ ਜਾਹ।
ਰਿਸ਼ਵਤਖੋਰੀ ਕਾਲੇ ਧਨ ਦੇ ਵਿਰੋਧ ਵਾਲਾ, ਟਾਵਾਂ ਟਾਵਾਂ ਬਿਆਨ ਅਖਬਾਰਾਂ 'ਚ ਛਪਵਾਈ ਜਾਹ।
ਗਾਉਣ ਵਾਲਿਆਂ ਦੀ ਹੇੜ੍ਹ ਸੱਦੀ ਜਾਈਂ ਮੇਲਿਆਂ 'ਚ, ਲੋਈਆਂ ਗਲਾਂ 'ਚ ਪਾਈ ਤੇ ਪੁਆਈ ਜਾਹ।
ਖਾਈ ਜਾਹ ਗ੍ਰਾਂਟਾਂ ਸਰਕਾਰ ਨਾਲ ਯਾਰੀ ਪਾ ਕੇ, ਕੋਠੀਆਂ ਤੇ ਕਾਰਾਂ, ਜਾਇਦਾਦ ਤੂੰ ਬਣਾਈ ਜਾਹ!

# ਸ਼੍ਰੋਮਣੀ ਅਕਾਲੀ ਦਲ ਨੂੰ ਅਜੇ ਵੀ ਸਹਾਰਿਆਂ ਦੀ ਤਲਾਸ਼

*ਇਸ ਲੇਖ ਦੇ ਲੇਖਕ ਸ. ਜਗਤਾਰ ਸਿੰਘ ਤਕਰੀਬਨ ਸਾਢੇ ਤਿੰਨ ਦਹਾਕਿਆਂ ਤੋਂ ਬਤੌਰ ਪੱਤਰਕਾਰ ਪੰਜਾਬ ਦੀਆਂ ਅਹਿਮ ਘਟਨਾਵਾਂ ਦੇ ਗਵਾਹ ਹਨ। ਤੱਤੇ ਦਿਨਾਂ ਦੌਰਾਨ ਉਨ੍ਹਾਂ ਅੰਮ੍ਰਿਤਸਰ ਤੋਂ ਇਕ ਅੰਗਰੇਜ਼ੀ ਅਖਬਾਰ ਲਈ ਡਟ ਕੇ ਰਿਪੋਰਟਿੰਗ ਕੀਤੀ ਸੀ ਅਤੇ ਫਿਰ ਇਸੇ ਤਜਰਬੇ ਦੇ ਆਧਾਰ ਉਤੇ ਹੀ ਅਹਿਮ ਪੁਸਤਕ 'ਖਾਲਿਸਤਾਨ ਸਟਰਗਲ' ਲਿਖੀ। ਇਸ ਪੁਸਤਕ ਵਿਚ ਉਨ੍ਹਾਂ ਉਸ ਦੌਰ ਅਤੇ ਉਸ ਦੌਰ ਦੌਰਾਨ ਵਿਚਰੇ ਸਿਆਸੀ ਆਗੂਆਂ ਦੇ ਵਿਚਾਰਾਂ ਨੂੰ ਬਾਖੂਬੀ ਫੜਿਆ ਹੈ। ਅੱਜ ਕੱਲ੍ਹ ਉਹ ਆਨਲਾਈਨ ਪਰਚੇ www.punjabupdate.com ਦੇ ਸੰਪਾਦਕ ਹਨ। ਇਸ ਲੇਖ ਵਿਚ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ 95ਵੇਂ ਸਥਾਪਨਾ ਸਿਵਸ ਮੌਕੇ ਇਸ ਦੇ ਇਤਿਹਾਸ ਤੇ ਵਰਤਮਾਨ ਬਾਰੇ ਟਿੱਪਣੀਆਂ ਕੀਤੀਆਂ ਹਨ। -ਸੰਪਾਦਕ*

14 ਦਸੰਬਰ 1920 ਨੂੰ ਬ੍ਰਿਟਿਸ਼ ਭਾਰਤ ਅੰਦਰ ਧਾਰਮਿਕ-ਰਾਜਸੀ ਖੇਤਰ ਨੂੰ ਆਪਣਾ ਕਾਰਜ ਖੇਤਰ ਮਿੱਥ ਕੇ ਹੋਂਦ ਵਿਚ ਆਉਣ ਵਾਲੀ ਨਵੀਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਖਾਸਾ ਸਥਾਪਤੀ ਅਤੇ ਸਾਮਰਾਜ ਵਿਰੋਧੀ ਸੀ। ਉਹ ਜ਼ਮਾਨਾ 14 ਦਸੰਬਰ 2014 ਵਾਲੇ ਦਿਨ ਤੋਂ ਬਿਲਕੁਲ ਵੱਖਰਾ ਸੀ। ਹੁਣ ਤਾਂ ਪਾਰਟੀ ਦੇ ਨਿਸ਼ਾਨੇ ਅਤੇ ਤਰਜੀਹਾਂ ਬਦਲਣ ਦੇ ਨਾਲ-ਨਾਲ ਇਸ ਦਾ ਜਮਹੂਰੀ ਖਾਸਾ ਵੀ ਸਿਰਫ ਇਕ ਪਰਿਵਾਰ ਦੀ ਇਜਾਰੇਦਾਰੀ ਵਿਚ ਬਦਲ ਗਿਆ ਹੈ।

ਕੌਮੀ ਪੱਧਰ ਉਤੇ ਜਿਹੜਾ ਨੁਕਤਾ ਅਣਗੌਲਿਆ ਕੀਤਾ ਜਾ ਰਿਹਾ ਹੈ, ਉਹ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਸਭ ਤੋਂ ਪਹਿਲੀ ਖੇਤਰੀ ਪਾਰਟੀ ਹੈ ਅਤੇ ਇਹ ਕਾਂਗਰਸ ਨੂੰ ਛੱਡ ਕੇ ਸਭ ਤੋਂ ਪੁਰਾਣੀ ਪਾਰਟੀ ਵੀ ਹੈ, ਪਰ ਇਸ ਪਾਰਟੀ ਦਾ ਖਾਸਾ ਕਾਂਗਰਸ ਨਾਲੋਂ ਬਹੁਤ ਵੱਖਰਾ ਹੈ। ਕਾਂਗਰਸ ਪਾਰਟੀ ਕਿਸੇ ਭਾਰਤੀ ਵਲੋਂ ਨਹੀਂ, ਸਗੋਂ ਬ੍ਰਿਟਿਸ਼ ਉਚ ਅਧਿਕਾਰੀ ਏ.ਓ. ਹਿਊਮ ਵਲੋਂ ਮੱਧ ਤੇ ਉਚ ਵਰਗ



ਜਗਤਾਰ ਸਿੰਘ
ਫੋਨ: 91-97797-11201

ਦੇ ਕੁਝ ਲੋਕਾਂ ਦੇ ਅਜਿਹੇ ਗਰੁਪ ਵਜੋਂ ਬਣਾਈ ਗਈ ਸੀ ਜਿਸ ਦਾ ਮੁੱਢਲਾ ਮਕਸਦ ਉਸ ਵੇਲੇ ਦੇ ਹੁਕਮਰਾਨਾਂ ਅਤੇ ਪਰਜਾ ਵਿਚ ਤਾਲਮੇਲ ਰੱਖਣਾ ਸੀ, ਤੇ ਇਸ ਪਾਰਟੀ ਨੇ ਆਪਣੇ ਜਨ-ਆਧਾਰ ਵਾਲਾ ਰੂਪ ਬਹੁਤ ਬਾਅਦ ਵਿਚ ਜਾ ਕੇ ਅਖਤਿਆਰ ਕੀਤਾ; ਪਰ ਸ਼੍ਰੋਮਣੀ ਅਕਾਲੀ ਦਲ ਅਜਿਹੀ ਪਾਰਟੀ ਹੈ ਜਿਸ ਦਾ ਜਨਮ ਹੀ ਲੋਕਾਂ ਦੇ ਉਸ ਸੰਘਰਸ਼ ਵਿਚੋਂ ਹੋਇਆ ਸੀ ਜਿਹੜਾ ਅੰਗਰੇਜ਼ਾਂ ਦੇ ਪਿੱਠੂ ਬਣੇ ਹੋਏ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਲੜਿਆ ਜਾ ਰਿਹਾ ਸੀ। ਕਈ ਅਕਾਲੀ ਜਥੇ ਪਹਿਲਾਂ ਹੀ ਸਰਗਰਮ ਸਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ 14 ਦਸੰਬਰ ਨੂੰ ਹੋਈ ਤਾਂ ਕਿ ਇਨ੍ਹਾਂ ਅਕਾਲੀ ਜਥਿਆਂ ਨੂੰ ਇੱਕ ਪਲੇਟਫਾਰਮ ਉਤੇ ਲਿਆ ਕੇ ਸਾਂਝੀ ਅਗਵਾਈ ਦਿੱਤੀ ਜਾ ਸਕੇ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲਕਦਮੀ ਉਤੇ ਕੀਤੀ ਗਈ ਜਿਹੜੀ ਇਸ ਤੋਂ ਪਹਿਲਾਂ ਉਸੇ ਸਾਲ 15 ਨਵੰਬਰ ਨੂੰ ਹੋਂਦ ਵਿਚ ਆ ਚੁੱਕੀ ਸੀ ਅਤੇ ਇਸ ਦੇ 175 ਮੈਂਬਰੀ ਹਾਊਸ ਨੇ ਸਰਦਾਰ ਸੁੰਦਰ ਸਿੰਘ ਮਜੀਠੀਆ ਦੀ ਅਗਵਾਈ ਵਿਚ ਕਾਰਜ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੀ ਚੋਣ ਵੀ ਬੜੀ ਦਿਲਚਸਪ ਸੀ। ਉਹ ਇਸ ਕਰ ਕੇ ਪ੍ਰਧਾਨ ਚੁਣੇ ਗਏ ਕਿ ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੀਆਂ ਕੌਮ ਵਿਰੋਧੀ ਸਰਗਰਮੀਆਂ ਦਾ ਇਕਬਾਲ ਕਰਦਿਆਂ ਖਿਮਾ ਯਾਚਨਾ ਕੀਤੀ ਸੀ। ਨਵੇਂ ਹੋਂਦ ਵਿਚ ਆਏ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਸਰਮੁੱਖ ਸਿੰਘ ਝਬਾਲ ਨੂੰ ਸੌਂਪੀ ਗਈ ਸੀ।

ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਦੀ ਇਹ ਲਹਿਰ ਉਸ ਜ਼ਮਾਨੇ ਵਿਚ ਵੀ ਸਭ ਤੋਂ ਵੱਧ ਸ਼ਾਂਤਮਈ ਰਹੀ ਸੀ ਜਦੋਂ ਅੰਗਰੇਜ਼ ਹਕੂਮਤ ਨੇ ਇਸ ਨੂੰ ਕੁਚਲਣ ਲਈ ਬਹੁਤ ਹੀ ਘਿਨਾਉਣਾ ਤਸ਼ੱਦਦ ਕੀਤਾ ਸੀ ਅਤੇ ਇਹ ਤੱਥ ਮਹਾਤਮਾ ਗਾਂਧੀ ਤੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਸਵੀਕਾਰ ਕੀਤਾ ਸੀ। ਗੁਰੂ ਕਾ ਬਾਗ ਅਤੇ ਜੈਤੋ ਦੇ ਮੋਰਚੇ- ਦੋਵੇਂ ਲਹਿਰਾਂ ਹੀ ਸ਼ਾਂਤਮਈ ਸੰਘਰਸ਼ ਦਾ ਸਿਖਰ ਸਨ ਜਦੋਂ ਮੋਰਚਿਆਂ ਵਿਚ ਸ਼ਾਮਲ ਹੋਣ ਵਾਲੇ ਅਕਾਲੀ ਯੋਧਿਆਂ ਨੇ ਵਰ੍ਹਦੀਆਂ ਲਾਠੀਆਂ ਤੇ ਗੋਲੀਆਂ ਦੀ ਵੀ ਪ੍ਰਵਾਹ ਨਹੀਂ ਸੀ ਕੀਤੀ।

ਸ਼੍ਰੋਮਣੀ ਅਕਾਲੀ ਦਲ ਦਾ ਹੁਣ ਸਿਰਫ 1978 ਵਿਚ ਛਪਿਆ ਉਹ ਸੰਵਿਧਾਨ ਹੀ ਮਿਲਦਾ ਹੈ ਜਿਹੜਾ 1973 ਵਿਚ ਪਾਰਟੀ ਵਲੋਂ ਪਾਸ ਕੀਤੇ ਗਏ ਵਿਵਾਦਤ ਅਨੰਦਪੁਰ ਸਾਹਿਬ ਦੇ ਮਤੇ ਤੋਂ ਬਾਅਦ ਛਾਪਿਆ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਮੁਲਕ ਦੀ ਪਹਿਲੀ ਰਾਜਸੀ ਪਾਰਟੀ ਹੈ ਜਿਸ ਨੇ ਸੂਬਿਆਂ ਲਈ ਮੁਕੰਮਲ ਖੁਦਮੁਖਤਿਆਰੀ ਦੀ ਮੰਗ ਕੀਤੀ ਸੀ। ਸਭ ਤੋਂ ਪਹਿਲਾਂ ਪਾਰਟੀ ਨੇ ਇਹ ਮੰਗ 1968 ਵਿਚ ਹੋਈ ਬਟਾਲਾ ਕਾਨਫਰੰਸ ਵਿਚ ਉਠਾਈ ਸੀ ਅਤੇ ਫਿਰ 1973 ਵਿਚ ਪਾਸ ਕੀਤੇ ਗਏ ਅਨੰਦਪੁਰ ਸਾਹਿਬ ਦੇ ਮਤੇ ਦੇ ਰੂਪ ਵਿਚ ਹੋਰ ਉਭਾਰਿਆ ਗਿਆ, ਪਰ 1978 ਵਿਚ ਸੋਧਿਆ ਹੋਇਆ ਅਨੰਦਪੁਰ ਸਾਹਿਬ ਦਾ ਮਤਾ ਜਾਰੀ ਕਰ ਕੇ ਇਸ ਨੂੰ ਫਿਰ ਪੇਤਲਾ ਕਰ ਦਿੱਤਾ ਗਿਆ ਸੀ। ਇਹ ਮਤਾ ਪਾਰਟੀ ਵਲੋਂ 4 ਅਗਸਤ 1982 ਵਿਚ ਸ਼ੁਰੂ ਕੀਤੇ ਗਏ ਧਰਮ ਯੁੱਧ ਮੋਰਚੇ ਦੀ ਮੁੱਖ ਮੰਗ ਸੀ।

ਪਾਰਟੀ ਦੇ 1974 ਵਿਚ ਛਪੇ ਸੰਵਿਧਾਨ ਅਨੁਸਾਰ ਪਾਰਟੀ ਦੇ ਦੋ ਮੁੱਖ ਨਿਸ਼ਾਨੇ ਹਨ: (1) ਗੁਰਮਤਿ ਦਾ ਪ੍ਰਚਾਰ ਤੇ ਮਨਮਤਿ ਦਾ ਪ੍ਰਹਾਰ ਕਰਨਾ ਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਵਿਚ ਸੁਧਾਰ ਕਰਨਾ। (2) ਸਿੱਖਾਂ ਦੀ ਅੱਡਰੀ ਹੋਂਦ-ਹਸਤੀ ਤੇ ਵਿਲੱਖਣ ਪਛਾਣ ਨੂੰ ਹੋਰ ਗੂੜ੍ਹੀ ਕਰਨਾ ਅਤੇ ਅਜਿਹਾ ਭੂਗੋਲਿਕ-ਰਾਜਸੀ ਮਾਹੌਲ ਪੈਦਾ ਕਰਨਾ ਜਿੱਥੇ ਸਿੱਖਾਂ ਦੇ ਕੌਮੀ ਜਜ਼ਬਾਤ ਅਤੇ ਉਮੰਗਾਂ ਦੀ ਪੂਰਤੀ ਹੋ ਸਕੇ।

ਪਾਰਟੀ ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਮੌਕੇ ਇਸ ਦੀ ਵਿਚਾਰਧਾਰਾ ਵਿਚ ਵੱਡਾ ਬਦਲਾਓ ਆਇਆ। ਇਸ ਨੇ ਮੋਗਾ ਵਿਚ ਫਰਵਰੀ 1996 ਵਿਚ ਕਾਨਫਰੰਸ ਦੌਰਾਨ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਏਜੰਡਾ ਅਪਨਾਉਣ ਦਾ ਐਲਾਨ ਕੀਤਾ। ਇਸ ਏਜੰਡੇ ਵਿਚ ਭਾਵੇਂ ਕੁਝ ਵੀ ਨਵਾਂ ਨਹੀਂ ਸੀ, ਪਰ ਇਹ ਐਲਾਨ ਇਸ ਕਰ ਕੇ ਮਹੱਤਵਪੂਰਨ ਸੀ ਕਿਉਂਕਿ ਪੰਜਾਬ ਤਕਰੀਬਨ ਡੇਢ ਦਹਾਕਾ ਉਸ ਗਰਮ ਵਿਚਾਰਧਾਰਾ ਵਾਲੀ ਸਿੱਖ ਲਹਿਰ ਨੂੰ ਝੱਲਦਾ ਰਿਹਾ ਸੀ ਜਿਸ ਲਈ ਲੋੜੀਂਦੀ ਹਮਾਇਤ ਤੇ ਸਪੇਸ ਖੁਦ ਅਕਾਲੀ ਦਲ ਨੇ ਹੀ ਮੁਹੱਈਆ ਕੀਤੀ ਸੀ, ਤੇ ਇਸ ਹਾਲਾਤ ਦਾ ਕਾਂਗਰਸ ਨੇ ਫਾਇਦਾ ਉਠਾਇਆ ਸੀ। ਪੰਜਾਬ ਦੀ ਸਿਆਸਤ ਹੀ ਉਸ ਸਮੇਂ ਕਥਿਤ ਕੌਮੀ ਸਿਆਸਤ ਦਾ ਏਜੰਡਾ ਤੈਅ ਕਰਦੀ ਸੀ। ਕਾਂਗਰਸ ਨੇ 1984 ਦੀ ਲੋਕ ਸਭਾ ਚੋਣ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਕਹਿ ਕੇ ਲੜੀ ਸੀ। ਅਨੰਦਪੁਰ ਦੇ ਮਤੇ ਦਾ ਸਬੰਧ ਸ਼੍ਰੋਮਣੀ ਅਕਾਲੀ ਦਲ ਨਾਲ ਹੋਣ ਅਤੇ ਅਕਾਲੀ ਦਲ ਵਲੋਂ ਸਿੱਖਾਂ ਦੇ ਮਸਲੇ ਉਠਾਉਂਦੇ ਰਹਿੰਦੇ ਕਾਰਨ ਕਾਂਗਰਸ ਵਲੋਂ ਇਸ ਮਤੇ ਵਿਰੁਧ ਕੀਤੇ ਗਏ ਕੂੜ ਤੇ ਨਫਰਤ ਫੈਲਾਉਣ ਵਾਲੇ ਪ੍ਰਚਾਰ ਨਾਲ ਸਿੱਖ ਭਾਈਚਾਰਾ ਇੱਕ ਵਾਰੀ ਪੂਰੇ ਮੁਲਕ ਵਿਚ ਅਲੱਗ-ਥਲੱਗ ਪੈ ਗਿਆ ਸੀ।

ਇਹ ਵੀ ਕਿੱਡੀ ਵੱਡੀ ਵਿਡੰਬਨਾ ਹੈ ਕਿ ਅੱਜ ਪਾਰਟੀ ਦਾ ਸਥਾਪਨਾ ਦਿਵਸ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਸੁਸਾਇਟੀ ਵਲੋਂ ਕਰਨੈਲ ਸਿੰਘ ਪੰਜੋਲੀ ਦੀ ਅਗਵਾਈ ਵਿਚ ਮਨਾਇਆ ਗਿਆ ਜਿਸ ਨੇ ਆਪਣੇ ਰਾਜਸੀ ਜੀਵਨ ਦੀ ਸ਼ੁਰੂਆਤ ਈਮਾਨਦਾਰੀ ਤੇ ਸਿੱਖ ਹਿੱਤਾਂ ਨੂੰ ਪ੍ਰਣਾਏ ਰਹੇ ਅਕਾਲੀ ਦਲ ਦੇ ਇਸ ਮਰਹੂਮ ਆਗੂ ਤੋਂ ਗੁੜ੍ਹਤੀ ਲੈ ਕੇ ਕੀਤੀ ਸੀ। ਇਸ ਸੁਸਾਇਟੀ ਨੇ ਫਤਹਿਗੜ੍ਹ ਸਾਹਿਬ ਵਿਚ ਕੀਤੇ ਸਮਾਗਮ ਦੌਰਾਨ ਮੁਲਕ ਦੀ ਇਸ ਪਹਿਲੀ ਸੱਤਾ-ਵਿਰੋਧੀ ਪਾਰਟੀ ਦਾ ਸਥਾਪਨਾ ਦਿਵਸ ਮਨਾਉਂਦਿਆਂ ਆਪਣੇ ਉਨ੍ਹਾਂ ਪੁਰਾਣੇ ਆਗੂਆਂ ਅਤੇ ਵਰਕਰਾਂ ਨੂੰ ਸਨਮਾਨਤ ਕੀਤਾ ਜਿਨ੍ਹਾਂ ਨੇ ਪਾਰਟੀ ਲਈ ਅਥਾਹ ਕੁਰਬਾਨੀਆਂ ਕੀਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਅਤੇ ਪਾਰਟੀ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਵੀ ਮੌਜੂਦ ਸਨ। ਸਮਾਗਮ ਵਿਚ ਸਿੱਖ ਇੱਕ ਵੱਖਰੀ ਕੌਮ ਅਤੇ ਸਿੱਖਾਂ ਦੀ ਵਿਲੱਖਣ ਪਛਾਣ ਨੂੰ ਲਾਏ ਜਾ ਰਹੇ ਖੋਰੇ ਦੇ ਮੁੱਦੇ ਭਾਰੂ ਰਹੇ। ਇਹ ਮੁੱਦੇ ਸਨ ਜਿਹੜੇ 1996 ਦੀ ਮੋਗਾ ਕਾਨਫਰੰਸ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵਿਚਾਰਧਾਰਾ ਤੇ ਸਰਗਰਮੀਆਂ ਦੇ ਕੇਂਦਰ ਬਿੰਦੂ ਰਹੇ ਹਨ।

ਅਨੰਦਪੁਰ ਸਾਹਿਬ ਦਾ ਮਤਾ ਇੱਕ ਵਾਰੀ ਫਿਰ ਕੇਂਦਰ ਵਿਚ ਆ ਗਿਆ ਹੈ ਕਿਉਂਕਿ ਪਾਰਟੀ ਆਗੂ ਮਹਿਸੂਸ ਕਰਦੇ ਹਨ ਕਿ ਇਸ ਮੁੱਦੇ ਉਤੇ ਜ਼ੋਰ ਦੇਣਾ ਚਾਹੀਦਾ ਹੈ, ਕਿਉਂਕਿ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦਾ ਮੁੱਦਾ ਹੁਣ ਕੌਮੀ ਰਾਜਨੀਤੀ ਦਾ ਹਿੱਸਾ ਬਣ ਗਿਆ ਹੈ ਅਤੇ ਇਸ ਮਾਮਲੇ ਨੂੰ ਹੁਣ ਕੋਈ ਵੀ ਸਿਆਸੀ ਧਿਰ ਵੱਖਵਾਦੀ ਕਹਿ ਕੇ ਨਹੀਂ ਭੰਡ ਰਹੀ। ਇਹ ਵੀ ਵਰਣਯੋਗ ਹੈ ਕਿ ਇਸ ਮਤੇ ਨੂੰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ 1985 ਵਿਚ ਹੋਏ ਪੰਜਾਬ ਸਮਝੌਤੇ ਵਿਚ ਵੀ ਸ਼ਾਮਲ ਕੀਤਾ ਗਿਆ ਸੀ। ਸਮਾਗਮ ਨੇ ਸੰਘ ਪਰਿਵਾਰ ਦੇ ਅਜੋਕੇ ਏਜੰਡੇ ਜਬਰੀ ਧਰਮ ਤਬਦੀਲੀ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਕਿਹਾ ਕਿ ਧਰਮ ਤਬਦੀਲੀ ਦੀ ਇਹ ਮੁਹਿੰਮ ਦਰਅਸਲ ਘੱਟ-ਗਿਣਤੀਆਂ ਉਤੇ ਹਮਲਾ ਹੈ।

ਸਮਾਗਮ ਵਿਚ ਪਾਸ ਕੀਤੇ ਗਏ ਮਤੇ ਵਿਚ ਪਾਰਟੀ ਦੇ ਮੁੱਢਲੇ ਸਿਧਾਂਤਾਂ, ਨਿਸ਼ਾਨਿਆਂ ਤੇ ਰਵਾਇਤਾਂ ਦੇ ਨਾਲ-ਨਾਲ ਅਜੋਕੀ ਲੀਡਰਸ਼ਿਪ ਵਲੋਂ ਦਿੱਤੇ ਜਾਣ ਵਾਲੇ ਹਰ ਪ੍ਰੋਗਰਾਮ ਉਤੇ ਦ੍ਰਿੜਤਾ ਨਾਲ ਪਹਿਰਾ ਦੇਣ ਦਾ ਪ੍ਰਣ ਕੀਤਾ ਗਿਆ। ਮਤੇ ਵਿਚ ਪਾਰਟੀ ਲੀਡਰਸ਼ਿਪ ਨੂੰ ਕਿਹਾ ਗਿਆ ਕਿ ਹਮਖਿਆਲ ਪਾਰਟੀਆਂ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਾਉਣ ਦੇ ਯਤਨ ਕਰਨੇ ਚਾਹੀਦੇ ਹਨ। ਸਮਾਗਮ ਨੇ ਪਾਰਟੀ ਦੇ ਉਨ੍ਹਾਂ ਹਜ਼ਾਰਾਂ ਵਰਕਰਾਂ ਤੇ ਆਗੂਆਂ ਨੂੰ ਯਾਦ ਕੀਤਾ ਜਿਨ੍ਹਾਂ ਨੇ ਪਾਰਟੀ ਲਈ ਅਥਾਹ ਕੁਰਬਾਨੀਆਂ ਕੀਤੀਆਂ। ਮਤੇ ਵਿਚ ਖਾਲਸਾ ਪੰਥ ਨੂੰ ਕਿਹਾ ਗਿਆ ਕਿ ਸਿੱਖਾਂ ਦੀ ਅੱਡਰੀ ਹੋਂਦ-ਹਸਤੀ ਤੇ ਵਿਲੱਖਣ ਪਛਾਣ ਨੂੰ ਮਲੀਆਮੇਟ ਕਰਨ ਵਾਲੀਆਂ ਸ਼ਕਤੀਆਂ ਦਾ ਇਕੱਠੇ ਹੋ ਕੇ ਮੁਕਾਬਲਾ ਕੀਤਾ ਜਾਵੇ।

ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਪਾਰਟੀ ਦੀ ਲੀਡਰਸ਼ਿਪ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਚਲੀ ਗਈ ਹੈ; ਇਸ ਪਾਰਟੀ ਦੇ ਰਹਿ ਚੁਕੇ ਚੋਟੀ ਦੇ ਨੇਤਾਵਾਂ ਵਿਚ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ, ਮੋਹਨ ਸਿੰਘ ਤੁੜ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ (ਉਨ੍ਹਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਮਰਜੀਵੜੇ ਵਜੋਂ ਸੁਹੰ ਚੁੱਕੀ ਸੀ ਤੇ ਧਰਮਯੁੱਧ ਮੋਰਚੇ ਵਿਚ ਸ਼ਿਰਕਤ ਕੀਤੀ ਸੀ) ਅਤੇ ਪ੍ਰਕਾਸ਼ ਸਿੰਘ ਬਾਦਲ ਸ਼ਾਮਲ ਰਹੇ ਹਨ। ਇਹ ਸਾਰੇ ਆਗੂ ਪਾਰਟੀ ਸੰਘਰਸ਼ਾਂ ਵਿਚੋਂ ਉਭਰੇ ਸਨ। ਮੌਜੂਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਹਿਲੇ ਪਾਰਟੀ ਪ੍ਰਧਾਨ ਹਨ ਜਿਹੜੇ ਸੰਘਰਸ਼ ਤੋਂ ਬਾਅਦ ਦੇ ਦੌਰ ਵਿਚ ਸਾਹਮਣੇ ਆਏ ਤੇ ਪਰਿਵਾਰਕ ਸਿਆਸਤ ਦੀ ਪੈਦਾਇਸ਼ ਹਨ।

# ਅਰੁਣ ਫਰੇਰਾ ਦਾ ਜੇਲ੍ਹਨਾਮਾ: ਗਾਥਾ ਆਧੁਨਿਕ ਕਾਲੇ ਪਾਣੀਆਂ ਦੀ

**ਬੂਟਾ ਸਿੰਘ**
ਫੋਨ: 91-94634-74342

ਜਸਟਿਸ ਐਸ.ਐਨ. ਅਗਰਵਾਲ ਦੀ ਖੋਜ ਭਰਪੂਰ ਕਿਤਾਬ 'ਸੈਲੂਲਰ ਜੇਲ੍ਹ' ਬਸਤੀਵਾਦੀ ਜੇਲ੍ਹ ਪ੍ਰਬੰਧ 'ਤੇ ਝਾਤ ਪੁਆਉਂਦੀ ਹੈ ਅਤੇ ਮੇਰੀ ਟੇਲਰ ਦੀ ਹੱਡਬੀਤੀ 'ਭਾਰਤੀ ਜੇਲ੍ਹਾਂ 'ਚ ਪੰਜ ਵਰ੍ਹੇ' 'ਆਜ਼ਾਦ' ਹਿੰਦੁਸਤਾਨ ਦੇ ਜੇਲ੍ਹ ਪ੍ਰਬੰਧ ਦੀ ਝਲਕ ਹੈ। ਦੋਵਾਂ ਜੇਲ੍ਹ ਪ੍ਰਬੰਧਾਂ ਦਾ ਮੂਲ ਮਨੋਰਥ ਇੱਕੋ ਹੀ ਹੈ- ਆਜ਼ਾਦੀ ਤੇ ਚੰਗੀ ਜ਼ਿੰਦਗੀ ਲਈ ਸਥਾਪਤੀ ਤੋਂ ਇਨਸਾਨ ਦੀ ਨਾਬਰੀ ਨੂੰ ਕੁਚਲਣਾ। ਲਿਹਾਜ਼ਾ ਇਹ ਹੈਰਾਨੀਜਨਕ ਨਹੀਂ, ਅਜੋਕਾ ਜੇਲ੍ਹ ਪ੍ਰਬੰਧ ਬਸਤੀਵਾਦੀ ਜੇਲ੍ਹ ਪ੍ਰਬੰਧ ਦੀ ਹੀ ਨਿਰੰਤਰਤਾ ਹੈ।


1947 ਦੀ ਸੱਤਾ-ਬਦਲੀ ਨਾਲ ਹੁਕਮਰਾਨਾਂ ਦੀ ਚਮੜੀ ਦਾ ਰੰਗ ਜ਼ਰੂਰ ਬਦਲਿਆ ਪਰ ਰਾਜ-ਢਾਂਚੇ ਦੀ ਜਾਬਰ ਤਾਸੀਰ ਅਤੇ ਸੱਤਾ ਦਾ ਦਸਤੂਰ ਨਹੀਂ ਬਦਲਿਆ। ਜਬਰ ਦਾ ਸਿੱਧਾ ਸਬੰਧ ਮਨੁੱਖ ਦੀ ਆਜ਼ਾਦੀ ਦੀ ਤਾਂਘ ਤੇ ਰੀਝ ਨਾਲ ਹੈ ਅਤੇ ਮਨੁੱਖ ਦੀ ਜਿਉਣ ਦੇ ਕਾਬਲ ਜ਼ਿੰਦਗੀ ਦੀ ਤਾਂਘ ਆਜ਼ਾਦੀ ਦੀ ਜਦੋਜਹਿਦ ਦਾ ਹੀ ਰੂਪ ਹੈ। ਇਸ ਸੱਤਾ-ਬਦਲੀ ਤੋਂ ਸੰਤੁਸ਼ਟ ਨਾ ਹੋ ਕੇ ਜਦੋਂ ਗਦਰ ਤਹਿਰੀਕ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਸਮੇਤ ਸਮੂਹ ਗਦਰੀ ਬਾਬਿਆਂ ਨੇ 'ਆਜ਼ਾਦ' ਰਾਜ ਦੇ ਵਜੂਦ-ਸਮੋਈ ਨਾਬਰਾਬਰੀ, ਦਾਬੇ, ਧਾੜਵੀ ਲੁੱਟ-ਖਸੁੱਟ ਅਤੇ ਹਰ ਤਰ੍ਹਾਂ ਦੇ ਵਿਤਕਰੇ ਦੇ ਖਿਲਾਫ ਸੱਚੀ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ ਤਾਂ ਉਦੋਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਣ ਵਾਲੇ ਹੁਕਮਰਾਨ ਬੇਗਾਨੇ ਨਹੀਂ, ਸਗੋਂ ਆਪਣੇ ਹੀ ਸਨ। ਸਿਦਕ ਦੀ ਸਾਖਿਅਤ ਮੂਰਤ ਗਦਰੀ ਬਾਬਿਆਂ ਨੂੰ ਜੇਲ੍ਹਾਂ ਵਿਚ ਬੰਦ ਦੇਖ ਕੇ ਉਹ ਜੇਲ੍ਹ ਅਧਿਕਾਰੀ ਵੀ ਦੰਗ ਰਹਿ ਗਏ ਜੋ ਪਹਿਲਾਂ ਅੰਗਰੇਜ਼ ਰਾਜ ਦੇ ਕਾਰਿੰਦੇ ਰਹੇ ਸਨ। ਉਹ ਵੀ ਇਹ ਕਹਿਣ ਲਈ ਮਜਬੂਰ ਹੋ ਗਏ ਸਨ ਕਿ 'ਦੇਸ਼ ਭਗਤੋ ਤੁਸੀਂ ਅਜੇ ਵੀ ਇਥੇ ਹੀ ਹੋ!' ਕਵੀ ਮਹਿੰਦਰਪਾਲ ਭੱਠਲ ਨੇ ਆਪਣੀ ਮਸ਼ਹੂਰ ਨਜ਼ਮ ਵਿਚ ਦਿੱਲੀ ਦੇ ਇਸੇ 'ਰੰਗ' ਦੀ ਸ਼ਨਾਖਤ ਕੀਤੀ ਹੈ।

ਜਦੋਂ ਦੋ ਦਹਾਕਿਆਂ ਬਾਅਦ ਵੀ ਇਸ ਆਜ਼ਾਦੀ ਨੇ ਆਵਾਮ ਦੇ ਜ਼ਿੰਦਗੀ ਦੇ ਜਹੰਨਮੀ ਹਾਲਾਤ ਨਾ ਬਦਲੇ ਤਾਂ ਕਾਣੀ ਵੰਡ ਅਤੇ ਸਮਾਜੀ ਬੇਇਨਸਾਫੀ ਤੋਂ ਨਾਬਰ ਇਨਕਲਾਬੀ ਜਵਾਨੀ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਉਨ੍ਹਾਂ ਇਸ ਆਦਮਖੋਰ ਰਾਜ ਨੂੰ ਉਲਟਾਉਣ ਲਈ ਆਪਣੇ ਇਨਕਲਾਬੀ ਪੁਰਖਿਆਂ ਦੇ ਨਕਸ਼ੇ-ਕਦਮਾਂ 'ਤੇ ਚਲਦਿਆਂ ਹਥਿਆਰ ਚੁੱਕ ਲਏ। ਪੱਛਮੀ ਬੰਗਾਲ ਤੋਂ ਨਕਸਲਬਾੜੀ ਲਹਿਰ ਦਾ ਯੁੱਧ-ਨਾਦ ਵੱਜਿਆ ਤਾਂ ਦਿੱਲੀ ਆਪਣਾ ਲੋਕਤੰਤਰੀ ਮਖੌਟਾ ਲਾਹ ਕੇ ਇਕ ਵਾਰ ਫਿਰ ਆਪਣੇ ਅਸਲ ਰੰਗ ਵਿਚ ਸਾਹਮਣੇ ਆ ਗਈ। ਹੁਣ ਇਸ ਨੂੰ ਇਨਕਲਾਬ ਦਾ ਬੀਜਨਾਸ਼ ਕਰਨ ਲਈ ਅਖੌਤੀ ਮੁਕੱਦਮਿਆਂ ਰਾਹੀਂ ਜ਼ਾਲਮ ਤੋਂ ਜ਼ਾਲਮ ਸਜ਼ਾਵਾਂ ਦੇਣਾ ਕਾਫੀ ਨਾ ਲੱਗਿਆ, ਸਗੋਂ ਮੁੱਖ ਜ਼ੋਰ ਨੌਜਵਾਨਾਂ ਨੂੰ ਫੜ-ਫੜ ਕੇ ਫਰਜ਼ੀ ਮੁਕਾਬਲਿਆਂ 'ਚ ਕਤਲ ਕਰਨ ਉਪਰ ਦਿੱਤਾ ਗਿਆ। ਹਿਰਾਸਤ ਅਤੇ ਕਤਲਗਾਹਾਂ ਵਿਚ ਕੋਈ ਫਰਕ ਨਾ ਰਿਹਾ। ਜੇਲ੍ਹਾਂ ਵਿਚ ਡੱਕੇ ਇਨਕਲਾਬੀਆਂ ਅਤੇ ਉਨ੍ਹਾਂ ਦੇ ਹਮਦਰਦਾਂ ਲਈ ਜੇਲ੍ਹਾਂ ਬੰਦੀਖਾਨੇ ਨਾ ਹੋ ਕੇ ਨਿਰੇ ਤਸੀਹਾ ਕੇਂਦਰ ਸਨ ਜਿੱਥੇ ਤਸੀਹਿਆਂ ਦਾ ਤਾੜਾ ਉਨ੍ਹਾਂ ਨੂੰ ਲਗਾਤਾਰ ਪਿੰਜਦਾ ਰਹਿੰਦਾ। ਜਦੋਂ ਇਸ ਮੁਲਕ ਦੀ 'ਆਜ਼ਾਦੀ' ਢਾਈ ਦਹਾਕੇ ਦੀ ਆਯੂਧ ਹੰਢਾ ਚੁੱਕੀ ਸੀ, ਉਦੋਂ ਇਥੋਂ ਦੇ 'ਨਿਆਂ' ਪ੍ਰਬੰਧ ਅਤੇ ਜੇਲ੍ਹਾਂ ਦੇ ਅਣਮਨੁੱਖੀ ਹਾਲਾਤ ਨੂੰ ਗੋਰੀ ਵੀਰਾਂਗਣਾ ਮੇਰੀ ਟੇਲਰ ਨੇ ਆਪਣੀ ਮਸ਼ਹੂਰ ਕਿਤਾਬ 'ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ' ਵਿਚ ਕਲਮਬੰਦ ਕੀਤਾ। ਉਸ ਨੂੰ ਨਕਸਲੀ ਲਹਿਰ ਦੌਰਾਨ ਬਿਹਾਰ ਦੇ ਇਕ ਪਿੰਡ ਤੋਂ ਗ੍ਰਿਫਤਾਰ ਕਰ ਕੇ ਮਨਘੜਤ ਮੁਕੱਦਮੇ ਬਣਾ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ ਸੀ। ਸਟੇਟ ਦੀਆਂ ਨਜ਼ਰਾਂ ਵਿਚ ਉਹ 'ਭੰਨਤੋੜ ਦੀਆਂ ਕਾਰਵਾਈਆਂ 'ਚ ਜੁੱਟੀ ਬਹੁਤ ਖਤਰਨਾਕ ਨਕਸਲੀ' ਸੀ। 'ਅੰਡਰ ਟਰਾਇਲ' ਵਜੋਂ ਪੰਜ ਵਰ੍ਹੇ ਬੰਦੀਖਾਨੇ ਦਾ ਨਰਕ ਭੋਗ ਕੇ ਉਸ ਨੇ ਅੱਖੀਂ ਡਿੱਠਾ ਕਿ ਇਸ ਮੁਲਕ ਦੀਆਂ ਅਦਾਲਤਾਂ ਵਿਚ ਬੰਦੇ ਬਿਰਖ ਕਿਵੇਂ ਬਣਦੇ ਹਨ। ਬਸਤੀਵਾਦੀਆਂ ਦਾ ਬਣਾਇਆ ਅਤੇ ਆਪਣੇ ਹੀ ਮੁਲਕ ਦੇ ਬਾਸ਼ਿੰਦੇ ਹੁਕਮਰਾਨਾਂ ਦਾ ਵਿਕਸਤ ਕੀਤਾ ਕਾਇਦਾ-ਏ-ਕਾਨੂੰਨ 'ਆਜ਼ਾਦ' ਮੁਲਕ ਵਿਚ ਵੀ ਰਾਜ ਤੋਂ ਇਨਸਾਨ ਦੀ ਨਾਬਰੀ ਦਾ ਮੁੱਲ ਕਿਵੇਂ ਵਸੂਲਦਾ ਹੈ, ਮੇਰੀ ਇਸੇ ਦੀ ਬਾਤ ਪਾਉਂਦੀ ਹੈ।

1977 ਵਿਚ ਮੇਰੀ ਟੇਲਰ ਦੇ ਜੇਲ੍ਹ ਅਨੁਭਵਾਂ ਦੀ ਕਲਮਬੰਦੀ ਤੋਂ ਲੈ ਕੇ ਹੁਣ ਤਾਈਂ ਲਗਭਗ 37 ਵਰ੍ਹੇ ਗੁਜ਼ਰ ਚੁੱਕੇ ਹਨ। ਨਾ ਇਸ ਰਾਜ ਦੀ ਤਾਸੀਰ ਤੇ ਦਸਤੂਰ ਬਦਲੇ ਹਨ ਅਤੇ ਨਾ ਚੰਗੀ ਜ਼ਿੰਦਗੀ ਦੀ ਤਾਂਘ ਤੇ ਇਸ ਖਾਤਰ ਹੱਕ-ਬਜਾਨਬ ਜਦੋਜਹਿਦ ਦੇ ਮਨੁੱਖੀ ਸਿਦਕ ਨੇ ਹਾਰ ਮੰਨੀ ਹੈ। ਸਥਾਪਤੀ ਤੋਂ ਨਾਬਰ ਆਵਾਮੀ ਵਿਦਰੋਹਾਂ ਤੇ ਤਹਿਰੀਕਾਂ ਨੂੰ ਜਾਬਰ ਰਾਜ-ਮਸ਼ੀਨਰੀ ਦੀ ਤਾਕਤ ਨਾਲ ਕੁਚਲਣ ਦੇ ਲੰਮੇ ਤਜਰਬੇ ਦੇ ਨਿਚੋੜ ਨੂੰ ਗੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ ਵਰਗੇ ਬੇਮਿਸਾਲ ਜ਼ਾਲਮ ਕਾਨੂੰਨਾਂ ਵਿਚ ਢਾਲ ਕੇ ਇਹ ਰਾਜ ਹੁਣ ਹੋਰ ਵੀ ਵਸੀਹ ਜਾਬਰ ਮਸ਼ੀਨਰੀ ਨਾਲ ਲੈਸ ਹੈ। 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਦੇ ਇਸੇ ਰੰਗ-ਢੰਗ ਨੂੰ ਹਾਲ ਹੀ ਵਿਚ ਕਾਰਕੁਨ ਅਰੁਣ ਫਰੇਰਾ ਨੇ ਆਪਣੇ ਜੇਲ੍ਹਨਾਮੇ 'ਕਲਰਜ਼ ਆਫ ਦਿ ਕੇਜ' ਵਿਚ ਬਿਆਨ ਕੀਤਾ ਹੈ। 'ਅੰਡਰ ਟਰਾਇਲ' ਅਰੁਣ ਨੂੰ ਵੀ ਲਗਭਗ ਮੇਰੀ ਟੇਲਰ ਜਿੰਨਾ ਵਕਤ ਜੇਲ੍ਹਾਂ ਵਿਚ ਗੁਜ਼ਾਰਨਾ ਪਿਆ ਹੈ।

ਅਰੁਣ ਨੂੰ ਮਹਾਂਰਾਸ਼ਟਰ ਦੇ ਐਂਟੀ-ਨਕਸਲ ਸਕੁਐਡ ਵਲੋਂ ਮਈ 2007 ਵਿਚ ਨਾਗਪੁਰ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰ ਕਰ ਕੇ 'ਖੌਫਨਾਕ ਮਾਓਵਾਦੀ' ਬਣਾ ਕੇ ਪੇਸ਼ ਕੀਤਾ ਗਿਆ ਸੀ। ਉਸ ਉਪਰ ਗਿਆਰਾਂ ਫਰਜ਼ੀ ਮੁਕੱਦਮੇ ਦਰਜ ਕੀਤੇ ਗਏ। ਜਨਵਰੀ 2012 ਵਿਚ ਉਸ ਨੂੰ ਪੌਣੇ ਪੰਜ ਸਾਲ ਪਿਛੋਂ ਜ਼ਮਾਨਤ ਮਿਲੀ ਅਤੇ 29 ਜਨਵਰੀ 2014 ਨੂੰ ਉਹ ਸਾਰੇ ਮੁਕੱਦਮਿਆਂ ਵਿਚੋਂ ਬਰੀ ਹੋ ਗਿਆ। ਉਸ ਉਪਰ ਇਕ ਮੁਕੱਦਮਾ ਐਸੀ ਵਾਰਦਾਤ ਦਾ ਸੀ ਜੋ ਉਸ ਦੇ ਜੇਲ੍ਹ ਵਿਚ ਬੰਦ ਹੋਣ ਦੌਰਾਨ ਹੋਈ ਸੀ। ਫਿਰ ਵੀ ਉਸ ਉਪਰ ਮੁਕੱਦਮਾ ਚਲਦਾ ਰਿਹਾ।

ਪੁਲਿਸ ਦੇ ਵਿਸ਼ੇਸ਼ ਵਿੰਗ ਬੇਗੁਨਾਹ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ ਫਰਜ਼ੀ ਮੁਕੱਦਮਿਆਂ ਦੇ ਸਿਲਸਿਲੇ ਵਿਚ ਕਿਵੇਂ ਉਲਝਾਉਂਦੇ ਹਨ, ਉਨ੍ਹਾਂ ਨੂੰ ਪਾਬੰਦੀਸ਼ੁਦਾ ਕਰਾਰ




ਦਿੱਤੀਆਂ ਜਥੇਬੰਦੀਆਂ ਨਾਲ ਸਬੰਧਤ ਦਰਸਾ ਕੇ ਸਾਲਾਂਬੱਧੀ ਜੇਲ੍ਹ ਵਿਚ ਸਾੜਨ ਲਈ ਇਕ ਮੁਕੱਦਮਾ ਖਾਰਜ ਹੋਣ 'ਤੇ ਨਵੇਂ-ਨਵੇਂ ਮੁਕੱਦਮੇ ਕਿਵੇਂ ਬਣਾਏ ਜਾਂਦੇ ਹਨ, ਆਪਣੀ ਪਸੰਦ ਦੇ 'ਇਕਬਾਲੀਆ ਬਿਆਨ' ਲੈਣ ਲਈ ਪੁਲਿਸ ਹਿਰਾਸਤ ਵਿਚ ਕਿਵੇਂ ਅਣਮਨੁੱਖੀ ਤਸੀਹੇ ਦਿੱਤੇ ਜਾਂਦੇ ਹਨ, ਜੇਲ੍ਹਾਂ ਵਿਚ ਸਿਆਸੀ ਕੈਦੀਆਂ ਦੇ ਹਾਲਾਤ ਕੀ ਹਨ, ਖਾਸ ਕਰ ਕੇ ਅੰਡਰ-ਟਰਾਇਲ ਕਿਵੇਂ ਬਿਨਾਂ ਗੁਨਾਹਗਾਰ ਸਾਬਤ ਹੋਏ ਹੀ ਕਈ-ਕਈ ਸਾਲ ਜੇਲ੍ਹਾਂ ਵਿਚ ਸੜਦੇ ਰਹਿੰਦੇ ਹਨ, ਕਿਵੇਂ ਅੱਜ ਵੀ ਸਿਆਸੀ ਕੈਦੀਆਂ ਨੂੰ ਜੇਲ੍ਹ ਮੈਨੂਅਲ ਅਤੇ ਇਸ ਵਿਚ ਦਰਜ ਮੁੱਢਲੀਆਂ ਸਹੂਲਤਾਂ ਲੈਣ ਖਾਤਰ ਜੇਲ੍ਹਾਂ ਅੰਦਰ ਜਾਨ-ਹੂਲਵੀਆਂ ਜਦੋਜਹਿਦਾਂ ਲੜਨੀਆਂ ਪੈ ਰਹੀਆਂ ਹਨ, ਇਸ ਦਾ ਵੇਰਵਾ ਅਰੁਣ ਆਪਣੀ 164 ਸਫਿਆਂ ਦੀ ਕਿਤਾਬ ਵਿਚ ਬਾਖੂਬੀ ਪੇਸ਼ ਕਰਦਾ ਹੈ। ਸੱਚ ਉਗਲਾਉਣ ਦੇ ਨਾਂ ਹੇਠ ਕੈਦੀਆਂ ਉਪਰ ਨਾਰਕੋ ਟੈਸਟ ਦੇ ਤਸ਼ੱਦਦ ਨੂੰ ਉਹ ਬੰਗਲੂਰੂ ਸੈਂਟਰ ਦੀ ਇੰਚਾਰਜ ਐਸ. ਮਾਲਿਨੀ ਦੇ ਜ਼ਾਲਮਾਨਾ ਵਤੀਰੇ ਦੀ ਮਿਸਾਲ ਦੇ ਕੇ ਬਿਆਨ ਕਰਦਾ ਹੈ। ਪੁਲਿਸ ਦੀ ਇਹ ਚਹੇਤੀ, ਪੁਲਿਸ ਅਫਸਰਾਂ ਦੀ ਇੱਛਾ ਅਨੁਸਾਰ ਨਾਰਕੋ ਟੈਸਟ ਦੀ ਰਿਪੋਰਟ ਬਣਾਉਣ ਲਈ ਮਸ਼ਹੂਰ ਸੀ। ਉਸ ਨੇ ਮਾਲੇਗਾਓਂ, ਮੱਕਾ ਮਸਜਿਦ ਅਤੇ ਸਮਝੌਤਾ ਐਕਸਪ੍ਰੈਸ ਬੰਬ ਕਾਂਡਾਂ ਵਿਚ ਬੇਕਸੂਰ ਮੁਸਲਮਾਨਾਂ ਨੂੰ ਕਸੂਰਵਾਰ ਦੱਸਿਆ। ਬਾਅਦ ਵਿਚ ਸਾਹਮਣੇ ਆਇਆ ਕਿ ਇਹ ਹਿੰਦੂਤਵੀ ਦਹਿਸ਼ਤਗਰਦ ਗਰੋਹ ਦਾ ਕਾਰਾ ਸਨ। 2009 ਵਿਚ ਇਸ 'ਮਾਹਰ' ਦਾ ਭੇਤ ਖੁੱਲ੍ਹਣ 'ਤੇ ਇਸ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਗਿਆ, ਕਿਉਂਕਿ ਉਸ ਨੇ ਨੌਕਰੀ ਜਾਅਲੀ ਦਸਤਾਵੇਜ਼ ਬਣਾ ਕੇ ਹਾਸਲ ਕੀਤੀ ਹੋਈ ਸੀ।

ਜੇਲ੍ਹ ਵਿਚ ਹਰ ਤਰ੍ਹਾਂ ਦੀ ਸਾਹਿਤਕ-ਸਭਿਆਚਾਰਕ ਤੇ ਵਿਦਿਅਕ ਸਰਗਰਮੀ ਦੇ ਇੰਚਾਰਜ 'ਗੁਰੂ ਜੀ' ਤੋਂ ਪੜ੍ਹਨ ਲਈ ਕਿਤਾਬਾਂ ਹਾਸਲ ਕਰਨ ਦੀ ਉਸ ਦੀ ਜਦੋਜਹਿਦ ਤੋਂ ਪਤਾ ਚਲਦਾ ਹੈ ਕਿ ਜੇਲ੍ਹ ਅੰਦਰ ਅਗਾਂਹਵਧੂ ਸਾਹਿਤ ਪੜ੍ਹਨ ਉਪਰ ਐਨੀਆਂ ਪਾਬੰਦੀਆਂ ਤੇ ਬੰਦਸ਼ਾਂ ਤਾਂ ਗੋਰਿਆਂ ਦੇ ਰਾਜ ਵਿਚ ਵੀ ਨਹੀਂ ਸਨ ਜਿੰਨੀਆਂ ਅਜੋਕੇ ਜੇਲ੍ਹ ਪ੍ਰਬੰਧ ਨੇ ਸਿਆਸੀ ਕੈਦੀਆਂ ਉਪਰ ਥੋਪੀਆਂ ਹੋਈਆਂ ਹਨ। ਉਹ ਲਿਖਦਾ ਹੈ ਕਿ ਸੰਵਿਧਾਨ ਦੀ ਵਿਆਖਿਆ ਸਹਿਤ ਕਾਪੀ ਉਸ ਨੂੰ ਉਦੋਂ ਹੀ ਮਿਲੀ ਜਦੋਂ ਉਸ ਨੇ ਜੇਲ੍ਹ ਅਧਿਕਾਰੀਆਂ ਦੀ ਸ਼ਿਕਾਇਤ ਕੀਤੀ। ਮਨੁੱਖੀ ਹੱਕਾਂ ਬਾਰੇ ਪੋਸਟ-ਗਰੈਜੂਏਸ਼ਨ ਦਾ ਡਿਪਲੋਮਾ ਕਰਨ ਦੀ ਇਜਾਜ਼ਤ ਲੈਣ ਲਈ ਵੀ ਉਸ ਨੂੰ ਜਦੋਜਹਿਦ ਕਰਨੀ ਪਈ। ਹਿਰਾਸਤ ਵਿਚ ਤਸ਼ੱਦਦ ਨਾਲ ਮੌਤਾਂ ਉਪਰ ਜੇਲ੍ਹ ਅਧਿਕਾਰੀਆਂ ਵਲੋਂ ਪਰਦਾਪੋਸ਼ੀ ਦੇ ਘਿਨਾਉਣੇ ਢੰਗ ਬਿਆਨ ਕਰਦਿਆਂ ਉਹ ਦੱਸਦਾ ਹੈ ਕਿ ਤਸ਼ੱਦਦ ਦੌਰਾਨ ਮਾਰੇ ਗਏ ਬੰਦੇ ਨੂੰ ਜਿਉਂਦਾ ਦਿਖਾਉਣ ਲਈ ਉਸ ਦੀ ਲਾਸ਼ ਨੂੰ ਡਰਿੱਪ ਲਗਾ ਕੇ ਹਸਪਤਾਲ ਲਿਜਾਇਆ ਜਾਂਦਾ ਹੈ।

ਕਿਤਾਬ ਦਾ ਇਕ ਪੂਰਾ ਕਾਂਡ ਨਾਗਪੁਰ ਜੇਲ੍ਹ ਅੰਦਰਲੀ ਗੋਲਾਕਾਰ, ਖਾਸ ਬੈਰਕ ਵਿਚਲੀ ਪੂਰੀ ਤਰ੍ਹਾਂ ਤਨਹਾ ਜ਼ਿੰਦਗੀ ਦੀ ਤਫ਼ਸੀਲ ਹੈ। ਜਿਥੇ 'ਸਭ ਤੋਂ ਖਤਰਨਾਕ' ਕੈਦੀਆਂ ਨੂੰ ਬੰਦ ਕੀਤਾ ਜਾਂਦਾ ਹੈ। (ਇਸੇ ਆਂਡਾ ਸੈਲ ਵਿਚ ਹੁਣ ਪੂਰੀ ਤਰ੍ਹਾਂ ਅਪਾਹਜ ਪ੍ਰੋਫੈਸਰ ਜੀ.ਐਨ. ਸਾਈਬਾਬਾ ਬੰਦ ਹੈ)। ਇਸ ਦੀ ਤਸਵੀਰ ਪੇਸ਼ ਕਰਦਿਆਂ ਉਹ ਲਿਖਦਾ ਹੈ, "ਆਂਡਾ ਬੈਰਕਾਂ ਉਚੀ ਗੋਲਾਈਦਾਰ ਕੰਧ ਨਾਲ ਬਣਾਈਆਂ ਬੰਦ ਕੋਠੜੀਆਂ ਹਨ ਜੋ ਨਾਗਪੁਰ ਕੇਂਦਰੀ ਜੇਲ੍ਹ ਦੀ ਅਤਿ ਸੁਰੱਖਿਆ ਵਾਲੀ ਵਲਗਣ ਅੰਦਰਲੀ ਸਭ ਤੋਂ ਬੰਦ ਜਗ੍ਹਾ ਹੈ। ਆਂਡੇ ਨੂੰ ਤੋੜਨਾ ਅਸੰਭਵ ਹੈ। ਉਲਟਾ ਇਹ ਇਥੇ ਡੱਕੇ ਜਾਣ ਵਾਲੇ ਬੰਦੀਆਂ ਦੇ ਹੌਸਲੇ ਤੋੜਦੀ ਹੈ। ਜ਼ਿਆਦਾਤਰ ਕੈਦੀ ਆਂਡਾ ਜਾਂ ਇਸ ਦੇ ਸਕੇ ਫਾਂਸੀ ਅਹਾਤੇ ਵਿਚ ਕੁਝ ਹਫਤੇ ਹੀ ਰੱਖੇ ਜਾਂਦੇ ਹਨ ਪਰ ਮੈਨੂੰ ਜੇਲ੍ਹਬੰਦੀ ਦੇ ਚਾਰ ਸਾਲ ਤੇ ਅੱਠ ਮਹੀਨੇ ਇਥੇ ਹੀ ਰਹਿਣਾ ਪਵੇਗਾ।" ਲਿਹਾਜ਼ਾ ਸੀ.ਆਈ.ਏ. ਦੀਆਂ ਗੁਆਂਟਾਨਾਮੋ ਤੇ ਅਬੂ-ਗਰੇਬ ਜੇਲ੍ਹਾਂ 'ਚ ਬੰਦ ਕੈਦੀਆਂ ਦੇ ਜਿਸਮਾਨੀ ਤੇ ਮਾਨਸਿਕ ਸੰਤਾਪ ਦੀ ਗੱਲ ਕਰਨ ਵਾਲੇ ਸ਼ਾਇਦ ਕਦੇ ਨਹੀਂ ਸੋਚਦੇ ਕਿ ਸਾਡੇ ਇਥੇ ਕਿੰਨੀਆਂ ਗੁਆਂਟਾਨਾਮੋ ਸਿਆਸੀ ਕੈਦੀਆਂ ਦਾ ਸਿਦਕ ਅਜ਼ਮਾਉਣ ਅਤੇ ਉਨ੍ਹਾਂ ਦਾ ਮਨੋਬਲ ਤੋੜਨ ਲਈ ਲਗਾਤਾਰ ਹਰਕਤਸ਼ੀਲ ਹਨ।

ਅਰੁਣ ਦੇ ਇਹ ਕਥਨ ਜੇਲ੍ਹ ਜ਼ਿੰਦਗੀ ਦਾ ਨਿਚੋੜ ਹਨ, "ਬਾਕੀ ਜੇਲ੍ਹ ਜ਼ਿੰਦਗੀ ਦੀ ਤਰ੍ਹਾਂ ਆਪਣੇ ਕਿਸੇ ਪਿਆਰੇ ਨਾਲ ਮੁਲਾਕਾਤ ਦੀ ਮੁੱਢਲੀ ਖੁਸ਼ੀ ਵੀ ਅਪਮਾਨਿਤ ਕਰਨ ਵਾਲੀ ਅਤੇ ਅਣਮਨੁੱਖੀ ਹੁੰਦੀ ਹੈ।...ਇਸ ਨੂੰ ਸਭ ਤੋਂ ਵੱਧ ਸ਼ਾਇਦ ਬੱਚਿਆਂ ਨੂੰ ਝੱਲਣਾ ਪੈਂਦਾ ਹੈ ਜੋ ਇਥੇ ਆਪਣੇ ਮਾਂ-ਬਾਪ ਨੂੰ ਐਸੇ ਹਾਲਾਤ 'ਚ ਬੰਦ ਕੀਤੇ ਹੋਣ ਦੀ ਝਾਕੀ ਨਾਲ ਸਮਝੌਤਾ ਕਰਨਾ ਸਿੱਖਦੇ ਹਨ ਜਿਵੇਂ ਚਿੜੀਆਘਰ ਦੇ ਪਿੰਜਰੇ 'ਚ ਵਣ-ਮਾਨਸ ਬੰਦ ਹੁੰਦਾ ਹੈ।"

ਪੂਰੀ ਤਰ੍ਹਾਂ ਸ਼ਾਂਤਮਈ ਜਾਗਰੂਕਤਾ ਸਰਗਰਮੀਆਂ ਨੂੰ ਵੀ ਕਿਵੇਂ ਗੈਰ-ਕਾਨੂੰਨੀ ਜਥੇਬੰਦੀਆਂ ਨਾਲ ਸਬੰਧਤ ਗਰਦਾਨ ਕੇ ਕੁਚਲਿਆ ਜਾਂਦਾ ਹੈ, ਅਰੁਣ ਚੰਦਰਪੁਰ ਜ਼ਿਲ੍ਹੇ ਦੀ ਦੇਸ਼ ਭਗਤੀ ਯੁਵਾ ਮੰਚ ਨਾਂ ਦੀ ਵਿਦਿਆਰਥੀ ਜਥੇਬੰਦੀ ਦੇ ਨੌਂ ਮੈਂਬਰਾਂ ਦੀ ਮਿਸਾਲ ਦਿੰਦਾ ਹੈ, ਜਿਨ੍ਹਾਂ ਨੂੰ ਮਹਿਜ਼ ਇਸ ਕਾਰਨ ਦੇਸ਼ ਧ੍ਰੋਹ, ਯੂ.ਏ.ਪੀ.ਏ. ਅਤੇ ਅਸਲਾ ਐਕਟ ਤਹਿਤ ਗ੍ਰਿਫਤਾਰ ਕਰ ਲਿਆ, ਕਿਉਂਕਿ ਰਾਜ (ਸਟੇਟ) ਨੂੰ 'ਖਤਰਾ' ਮਹਿਸੂਸ ਹੋਣਾ ਸ਼ੁਰੂ ਹੋ ਗਿਆ ਸੀ ਕਿ ਉਨ੍ਹਾਂ ਦੀਆਂ ਸਭਿਆਚਾਰਕ ਸਰਗਰਮੀਆਂ ਦੇ ਪ੍ਰਭਾਵ ਹੇਠ ਨੌਜਵਾਨ ਕ੍ਰਿਕਟ ਅਤੇ ਬਾਲੀਵੁੱਡ ਦੀ ਬਜਾਏ ਸਮਾਜੀ ਤੇ ਸਿਆਸੀ ਮੁੱਦਿਆਂ ਬਾਰੇ ਚਰਚਾ ਵੱਲ ਰੁਚਿਤ ਹੋਣੇ ਕਿਉਂ ਸ਼ੁਰੂ ਹੋ ਗਏ। ਸਟੇਟ ਦੀ ਘਿਨਾਉਣੀ ਭੂਮਿਕਾ ਦੀ ਸੱਚੀ ਤਸਵੀਰ ਪੇਸ਼ ਕਰਦਾ ਇਹ ਜੇਲ੍ਹਨਾਮਾ ਜਾਗਰੂਕ ਇਨਸਾਨ ਦੀ ਇਨਸਾਫ ਲਈ ਜਦੋਜਹਿਦ ਅਤੇ ਮਨੁੱਖੀ ਇਰਾਦੇ ਦੀ ਦ੍ਰਿੜਤਾ ਦਾ ਫਤਹਿਨਾਮਾ ਵੀ ਹੈ। ਬਕੌਲ ਅਰੁੰਧਤੀ ਰਾਏ, "ਅਰੁਣ ਫਰੇਰਾ ਹਿਰਾਸਤ ਵਿਚ ਤਸ਼ੱਦਦ, ਫਰਜ਼ੀ ਮਾਮਲਿਆਂ ਦੇ ਆਧਾਰ 'ਤੇ ਸਾਲਾਂਬੱਧੀ ਕੈਦ ਅਤੇ ਜਿਸ ਨੂੰ ਕਾਨੂੰਨ ਦਾ ਰਾਜ ਕਹਿੰਦੇ ਹਨ, ਉਸ ਦੀ ਘੋਰ ਉਲੰਘਣਾ ਦਾ ਸਪਸ਼ਟ, ਗੈਰ-ਜਜ਼ਬਾਤੀ ਵੇਰਵਾ ਦਿੰਦਾ ਹੈ। ਉਸ ਦਾ ਅਨੁਭਵ ਸਾਡੇ ਦਹਿ-ਹਜ਼ਾਰਾਂ ਹਮ-ਵਤਨੀ ਮਰਦਾਂ ਤੇ ਔਰਤਾਂ ਨਾਲ ਸਾਂਝਾ ਹੈ ਜਿਨ੍ਹਾਂ 'ਚੋਂ ਜ਼ਿਆਦਾਤਰ ਦੀ ਵਕੀਲਾਂ ਜਾਂ ਕਾਨੂੰਨੀ ਸਹਾਇਤਾ ਤਕ ਪਹੁੰਚ ਹੀ ਨਹੀਂ। ਇਸ ਮੁਲਕ (ਭਾਰਤ) ਨੂੰ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਹੋਰ ਕਿਤਾਬਾਂ ਦੀ ਲੋੜ ਹੈ।"

### ਭੁੱਲ ਦੀ ਸੋਧ

*13 ਦਸੰਬਰ ਦੇ ਅੰਕ ਵਿਚ ਇਸੇ ਸਫੇ ਉਤੇ ਛਪੇ ਲੇਖ 'ਹਿੰਦੂ ਸਾਮਰਾਜ ਬਾਰੇ ਦੁਰਲੱਭ ਖੋਜ ਕਾਰਜ ਦਾ ਤਰਜਮਾ' ਵਿਚ ਲੇਖਕ ਦਾ ਨਾਂ ਛਪਣੋਂ ਰਹਿ ਗਿਆ। ਇਹ ਲੇਖ ਸਾਡੇ ਕਾਲਮਨਵੀਸ ਬੂਟਾ ਸਿੰਘ ਦਾ ਸੀ। -ਸੰਪਾਦਕ*

# ਧਾਰਮਿਕ ਵੋਟ ਬੈਂਕ ਦੀ ਸਿਆਸਤ

**ਪੂਨਮ ਆਈ. ਕੌਸ਼ਿਸ਼**

ਧਰਮ ਤਬਦੀਲੀ ਦੇ ਮੁੱਦੇ ਨੇ ਭਾਰਤ ਦੇ ਸਿਆਸੀ ਆਗੂਆਂ ਦੀ ਹਕੀਕਤ ਸਭ ਦੇ ਸਾਹਮਣੇ ਪੇਸ਼ ਕਰ ਦਿੱਤੀ ਹੈ। ਹਕੀਕਤ ਇਹੀ ਹੈ ਕਿ ਇਹ ਆਗੂ ਲੋਕਾਂ ਨੂੰ ਭਗਵਾਨ/ਧਰਮ ਦੇ ਨਾਂ 'ਤੇ ਲੜਨ-ਲੜਾਉਣ ਦਾ ਮਸਾਲਾ ਸਦਾ ਤਿਆਰ ਰੱਖਦੇ ਹਨ। ਵਿਰੋਧੀ ਧਿਰ ਨੇ ਆਗਰਾ (ਉਤਰ ਪ੍ਰਦੇਸ਼) ਵਿਚ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਇਸ ਨਾਲ ਜੁੜੇ ਸੰਗਠਨਾਂ ਵਲੋਂ ਗਰੀਬ ਮੁਸਲਮਾਨਾਂ ਦਾ ਧਰਮ ਬਦਲ ਕੇ ਉਨ੍ਹਾਂ ਦੀ 'ਘਰ ਵਾਪਸੀ' ਦੇ ਜ਼ਰੀਏ ਫਿਰਕੂ ਧਰੁਵੀਕਰਨ ਕਰਨ ਦਾ ਦੋਸ਼ ਲਗਾਇਆ ਹੈ ਅਤੇ ਇਸੇ ਤਰ੍ਹਾਂ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਝਾਰਖੰਡ, ਗੁਜਰਾਤ ਤੇ ਉੜੀਸਾ ਵਿਚ ਇਹ ਸੰਗਠਨ ਆਦੀਵਾਸੀ ਈਸਾਈਆਂ ਨੂੰ ਮੁੜ ਹਿੰਦੂ ਧਰਮ ਵਿਚ ਵਾਪਸ ਲਿਆ ਰਹੇ ਹਨ।

ਹਿੰਦੂ ਜਾਗਰਣ ਮੰਚ ਦੇ ਵਰਕਰਾਂ ਦਾ ਦੋਸ਼ ਹੈ ਕਿ ਭੋਪਾਲ ਅਤੇ ਕੇਰਲ ਦੇ ਕਈ ਈਸਾਈ ਪਾਦਰੀਆਂ ਨੇ ਅਨਪੜ੍ਹ ਆਦੀਵਾਸੀਆਂ ਨੂੰ ਰੋਜ਼ਗਾਰ ਅਤੇ ਪੈਸੇ ਦੇਣ ਦਾ ਵਾਅਦਾ ਕੀਤਾ ਹੈ, ਬਸ਼ਰਤੇ ਕਿ ਉਹ ਰਤਲਾਮ ਵਿਖੇ ਚੰਗਿਆਈ ਸਭਾ ਵਿਚ ਆ ਕੇ ਈਸਾਈ ਧਰਮ ਅਪਨਾਉਣ। ਇਸ ਤਣਾਅ ਵਿਚ ਬਲਦੀ 'ਤੇ ਤੇਲ ਪਾਉਣ ਦਾ ਕੰਮ ਭਾਜਪਾ ਦੇ ਤੇਜ਼-ਤਰਾਰ ਸੰਸਦ ਮੈਂਬਰ ਯੋਗੀ ਆਦਿੱਤਯਨਾਥ ਨੇ ਕੀਤਾ ਜਿਸ ਨੇ ਯੂ.ਪੀ. ਵਿਚ ਮੁਸਲਮਾਨਾਂ ਨੂੰ ਹਿੰਦੂ ਬਣਾ ਕੇ 'ਘਰ ਵਾਪਸੀ' ਲਈ ਵੱਡਾ ਪ੍ਰੋਗਰਾਮ ਕਰਨ ਦਾ ਦਾਅਵਾ ਕੀਤਾ ਹੈ।

ਸਵਾਲ ਉਠਦਾ ਹੈ ਕਿ ਕੀ ਧਰਮ ਤਬਦੀਲੀ ਦੇ ਇਨ੍ਹਾਂ ਮਾਮਲਿਆਂ ਨੂੰ ਸਿਰਫ ਸਿਆਸੀ ਸਾਜ਼ਿਸ਼ ਕਿਹਾ ਜਾਵੇ ਜਾਂ ਧਾਰਮਿਕ ਡਰ ਜਾਂ ਇਹ ਸੰਘ ਪਰਿਵਾਰ ਵਲੋਂ ਪੂਰੇ ਦੇਸ਼ ਵਿਚ ਮੁੜ ਧਰਮ ਤਬਦੀਲੀ ਦੇ ਪ੍ਰੋਗਰਾਮ ਕਰਨ ਦਾ ਸਿੱਟਾ ਹਨ? ਭਾਰਤ ਵਰਗੇ ਬਹੁ-ਧਰਮੀ ਦੇਸ਼ ਵਿਚ ਧਰਮ ਤਬਦੀਲੀ ਵੱਖ-ਵੱਖ ਭਾਈਚਾਰਿਆਂ ਦਰਮਿਆਨ ਕੁੜੱਤਣ ਪੈਦਾ ਕਰ ਰਹੀ ਹੈ ਕਿਉਂਕਿ ਕੇਂਦਰ ਵਿਚ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਭਗਵਾ ਸੰਘ ਨੇ ਧਰਮ ਤਬਦੀਲੀ ਵਿਰੁਧ ਮੁਹਿੰਮ ਛੇੜ ਦਿੱਤੀ ਹੈ।

ਸਰਕਾਰ ਹਾਲਾਂਕਿ ਕਹਿ ਰਹੀ ਹੈ ਕਿ ਉਹ ਦੇਸ਼ ਵਿਚ ਧਰਮ ਨਿਰਪੱਖ ਬੁਨਿਆਦ ਅਤੇ ਫਿਰਕੂ ਸੁਹਿਰਦਤਾ ਕਾਇਮ ਕਰਨ ਲਈ ਵਚਨਬੱਧ ਹੈ ਅਤੇ ਸੂਬਿਆਂ ਨੂੰ ਅਪੀਲ ਕਰ ਰਹੀ ਹੈ ਕਿ ਉਹ ਧਰਮ ਤਬਦੀਲੀ ਵਿਰੋਧੀ ਸਖਤ ਕਾਨੂੰਨ ਬਣਾਉਣ। ਇਸ ਮੁੱਦੇ ਨੂੰ ਲੈ ਕੇ ਨਫਰਤ ਦਾ ਮਾਹੌਲ ਇਸ ਲਈ ਪੈਦਾ ਹੋ ਰਿਹਾ ਹੈ ਕਿਉਂਕਿ ਅੱਜ ਧਰਮ ਸਭ ਤੋਂ ਜ਼ਿਆਦਾ ਵਿਸਫੋਟਕ ਸਮਾਜਕ ਤੇ ਸਿਆਸੀ ਮੁੱਦਾ ਬਣ ਗਿਆ ਹੈ। ਧਾਰਮਿਕ ਵੋਟ ਬੈਂਕ ਦੀ ਸਿਆਸਤ ਕੀਤੀ ਜਾ ਰਹੀ ਹੈ ਅਤੇ ਇਹ ਇੰਨਾ ਖਤਰਨਾਕ ਰੂਪ ਅਖਤਿਆਰ ਕਰਦੀ ਜਾ ਰਹੀ ਹੈ ਕਿ ਇਸ ਨਾਲ ਰਾਸ਼ਟਰ ਦੀ ਨੀਂਹ ਹਿੱਲ ਸਕਦੀ ਹੈ।

ਤੁਸੀਂ ਉਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਕਿਤੇ ਵੀ ਜਾਓ, ਅੱਜ ਧਰਮ ਪੈਸੇ ਦੀ ਖੇਡ ਬਣ ਗਿਆ ਹੈ। ਤਾਮਿਲਨਾਡੂ, ਕੇਰਲ, ਆਂਧਰਾ ਪ੍ਰਦੇਸ਼, ਕਸ਼ਮੀਰ ਤੇ ਕਰਨਾਟਕ ਵਿਚ ਕਈ ਚਰਚ ਸਮੂਹਾਂ ਨੇ ਅਮਰੀਕਾ ਸਥਿਤ ਉਨ੍ਹਾਂ ਦੇ ਹੈਡਕੁਆਰਟਰਾਂ ਤੋਂ ਹਿੰਦੂਆਂ ਨੂੰ ਈਸਾਈ ਬਣਾਉਣ ਲਈ ਬਹੁਤ ਸਾਰਾ ਪੈਸਾ ਮਿਲ ਰਿਹਾ ਹੈ ਅਤੇ ਉਨ੍ਹਾਂ ਵਲੋਂ ਇਹ ਕੰਮ ਆਜ਼ਾਦੀ ਤੋਂ ਬਾਅਦ ਲਗਾਤਾਰ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨੇ ਵੀ ਹਥਿਆਰਬੰਦ ਸਮੂਹ ਬਣਾਏ ਹੋਏ ਹਨ ਜਿਨ੍ਹਾਂ ਨੂੰ ਉਹ 'ਰੱਖਿਆ ਸੈਨਾ' ਕਹਿੰਦੇ ਹਨ। ਛੱਤੀਸਗੜ੍ਹ ਦੇ ਹਰ ਪਿੰਡ ਵਿਚ 'ਰੱਖਿਆ ਸੈਨਾ' ਨੂੰ ਹਿੰਦੂਆਂ ਨੂੰ ਈਸਾਈ ਧਰਮ ਅਪਨਾਉਣ ਤੋਂ ਰੋਕਣ ਦਾ ਕੰਮ ਸੌਂਪਿਆ ਗਿਆ ਹੈ। ਜਿਥੇ ਕਿਤੇ ਵੀ ਧਰਮ ਤਬਦੀਲੀ ਹੁੰਦੀ ਹੈ, ਉਥੇ ਆਪਣਾ ਧਰਮ ਛੱਡਣ ਵਾਲੇ ਹਿੰਦੂਆਂ ਦੀ ਧਰਮ ਵਿਚ ਵਾਪਸੀ ਲਈ 'ਘਰ ਵਾਪਸੀ' ਪ੍ਰੋਗਰਾਮ ਚਲਾਇਆ ਜਾਂਦਾ ਹੈ।


ਅਸਲ ਵਿਚ ਸਿਆਸਤਦਾਨਾਂ ਅਤੇ ਬੁੱਧੀਜੀਵੀਆਂ ਦੇ ਦੋਗਲੇਪਣ ਕਾਰਨ ਹਿੰਦੂ-ਮੁਸਲਿਮ-ਈਸਾਈ ਕੱਟੜਵਾਦ ਵਧ ਰਿਹਾ ਹੈ ਜਿਸ ਕਾਰਨ ਧਰਮ ਨਿਰਪੱਖਤਾ ਸਾਰੇ ਧਰਮਾਂ ਲਈ ਬਰਾਬਰ ਸਤਿਕਾਰ ਦੇ ਉਚ ਆਦਰਸ਼ਾਂ ਤੋਂ ਡਿਗ ਕੇ 'ਬੰਧਕ ਧਾਰਮਿਕ ਵੋਟ ਬੈਂਕ' ਬਣਾਉਣ ਦੀ ਸਸਤੀ ਅਤੇ ਤਬਾਹਕੁਨ ਰਾਜਨੀਤੀ ਬਣ ਗਈ ਹੈ। ਇਹ ਲੋਕ ਇਸ ਗੱਲ ਵੱਲ ਧਿਆਨ ਨਹੀਂ ਦੇਣਗੇ ਕਿ ਧਰਮ ਤਬਦੀਲੀ ਉਦੋਂ ਹੁੰਦੀ ਹੈ, ਜਦੋਂ ਵੱਖ-ਵੱਖ ਧਰਮਾਂ ਤੇ ਜਾਤਾਂ ਦੇ ਲੋਕਾਂ ਦੇ ਵੱਕਾਰ, ਆਤਮ-ਸਨਮਾਨ ਨੂੰ ਠੇਸ ਲਗਦੀ ਹੈ, ਉਨ੍ਹਾਂ ਦੀ ਆਰਥਿਕ ਤਰੱਕੀ ਦੀ ਗੱਲ ਅਣਸੁਣੀ ਕਰ ਦਿੱਤੀ ਜਾਂਦੀ ਹੈ, ਜਿਸ ਕਾਰਨ ਉਹ ਹਿੰਦੂ ਪੁਜਾਰੀਆਂ, ਈਸਾਈ ਮਿਸ਼ਨਰੀਆਂ ਤੇ ਮੁਸਲਿਮ ਮੁੱਲ੍ਹਿਆਂ ਵਲੋਂ ਧਰਮ ਪਰਿਵਰਤਨ ਲਈ ਦਿੱਤੇ ਗਏ ਪੈਸੇ ਨੂੰ ਕਬੂਲਣ ਲਈ ਮਜਬੂਰ ਹੋ ਜਾਂਦੇ ਹਨ। ਇਹ ਵੱਖਰੀ ਗੱਲ ਹੈ ਕਿ ਧਰਮ ਤਬਦੀਲੀ ਤੋਂ ਬਾਅਦ ਵੀ ਉਨ੍ਹਾਂ ਦਾ ਜਾਤੀ ਦਮਨ ਜਾਰੀ ਰਹਿੰਦਾ ਹੈ।

ਸਵਾਲ ਹੈ ਕਿ ਕੱਟੜਪੰਥੀ ਹਿੰਦੂ ਸੰਗਠਨਾਂ ਨੇ ਗਰੀਬ ਹਿੰਦੂਆਂ ਨੂੰ ਗਰੀਬੀ ਤੋਂ ਮੁਕਤ ਕਰਨ ਲਈ ਕੀ ਕਦਮ ਚੁੱਕੇ ਹਨ? ਮੰਦਿਰਾਂ ਦੀ ਉਸਾਰੀ ਲਈ ਇਕੱਠੀ ਕੀਤੀ ਗਈ ਰਕਮ ਉਹ ਗਰੀਬਾਂ ਅਤੇ ਆਦੀਵਾਸੀਆਂ ਦੀ ਭਲਾਈ, ਉਨ੍ਹਾਂ ਦਾ ਮਿਆਰ ਉਚਾ ਚੁੱਕਣ ਲਈ ਖਰਚ ਕਿਉਂ ਨਹੀਂ ਕਰਦੇ? ਹਾਲ ਹੀ ਦੇ ਸਰਵੇਖਣ ਮੁਤਾਬਿਕ ਉਚ ਜਾਤਾਂ ਦੇ 52% ਹਿੰਦੂ ਅਜੇ ਵੀ ਦਲਿਤਾਂ ਨੂੰ ਅਛੂਤ ਮੰਨਦੇ ਹਨ ਅਤੇ ਉਨ੍ਹਾਂ ਨੂੰ ਮੰਦਿਰਾਂ ਜਾਂ ਆਪਣੇ ਘਰ ਦੀ ਰਸੋਈ ਵਿਚ ਵੜਨ ਤੋਂ ਰੋਕਦੇ ਹਨ।

ਹੁਣ ਸਮਾਂ ਆ ਗਿਆ ਹੈ ਕਿ ਹਿੰਦੂ ਧਰਮ ਨੂੰ ਜਾਤੀ ਵਿਤਕਰੇ ਤੋਂ ਮੁਕਤ ਕਰਵਾਇਆ ਜਾਵੇ ਅਤੇ ਧਰਮ ਨੂੰ ਸਿਆਸਤ ਨਾਲੋਂ ਅੱਡ ਕੀਤਾ ਜਾਵੇ, ਨਹੀਂ ਤਾਂ ਭਾਰਤ ਵੀ ਈਰਾਨ ਜਾਂ ਸਾਊਦੀ ਅਰਬ ਬਣ ਜਾਵੇਗਾ। ਭਾਰਤੀ ਸੰਵਿਧਾਨ ਦੀ ਧਾਰਾ-25 ਵਿਚ ਧਾਰਮਿਕ ਆਜ਼ਾਦੀ ਦੇ ਸਿਧਾਂਤਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਵਿਚ ਕਈ ਸ਼ਰਤਾਂ ਵੀ ਰੱਖੀਆਂ ਗਈਆਂ ਹਨ ਜਿਨ੍ਹਾਂ ਤਹਿਤ ਤੁਸੀਂ ਧਾਰਮਿਕ ਆਜ਼ਾਦੀ ਦੀ ਵਰਤੋਂ ਕਰ ਸਕਦੇ ਹੋ। ਹਰ ਵਿਅਕਤੀ ਨੂੰ ਅੰਤਰ-ਚੇਤਨਾ ਦੀ ਆਜ਼ਾਦੀ ਦਾ ਬਰਾਬਰ ਅਧਿਕਾਰ ਹੈ। ਉਹ ਆਪਣੇ ਧਰਮ ਨੂੰ ਆਜ਼ਾਦੀ ਨਾਲ ਅਪਨਾ ਸਕਦਾ ਹੈ, ਉਸ ਦਾ ਪ੍ਰਚਾਰ ਕਰ ਸਕਦਾ ਹੈ; ਬਸ਼ਰਤੇ ਕਿ ਇਹ ਸਭ ਕੁਝ ਜਨ-ਵਿਵਸਥਾ ਅਤੇ ਨੈਤਿਕਤਾ ਦੇ ਅਧੀਨ ਹੋਵੇ।

# ਮਲੇਰਕੋਟਲੇ ਦਾ ਮੀਲ-ਪੱਥਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਮੇਰੇ ਵਿਰਲੇ-ਟਾਵੇਂ ਅਖਬਾਰੀ ਲੇਖ ਹੀ ਅਜਿਹੇ ਹੋਣਗੇ ਜਿਨ੍ਹਾਂ ਦਾ ਪਾਠਕਾਂ ਵੱਲੋਂ ਕੋਈ ਚੰਗਾ-ਮਾੜਾ ਪ੍ਰਤੀਕਰਮ ਨਾ ਆਇਆ ਹੋਵੇ। ਜ਼ਿਆਦਾਤਰ ਲਿਖਤਾਂ ਬਾਬਤ ਦੋ-ਦੋ ਹਫਤੇ ਤੱਕ ਕੰਨੀਂ ਹੁੰਗਾਰੇ ਪੈਂਦੇ ਰਹਿੰਦੇ ਹਨ। ਆਪੋ-ਆਪਣੀ ਸੋਚ ਅਤੇ ਪਸੰਦ ਮੁਤਾਬਕ ਪਾਠਕ ਸਾਹਿਬਾਨ ਟੀਕਾ ਟਿੱਪਣੀ ਕਰਦੇ ਹਨ। ਕੋਈ ਸਿਰਫ ਹੌਸਲਾ-ਅਫਜ਼ਾਈ ਹੀ ਕਰਦਾ ਹੈ, ਕਈ ਸੱਜਣ ਲੇਖਾਂ ਵਿਚ ਆਏ ਕਿਸੇ ਖਾਸ ਨੁਕਤੇ ਬਾਰੇ ਸਪਸ਼ਟੀਕਰਨ ਵੀ ਮੰਗਦੇ ਹਨ। ਕੋਈ ਤਿੱਖੇ ਸਵਾਲ ਕਰ ਕੇ ਮੈਨੂੰ 'ਪਰਖਣ' ਦੀ ਕੋਸ਼ਿਸ਼ ਕਰਦੇ ਹਨ। ਕਈ ਵੀਰ-ਭੈਣਾਂ ਇਸ ਗੱਲੋਂ ਬਾਗੋ-ਬਾਗ ਹੋ ਕੇ ਫੋਨ ਕਰਦੇ ਹਨ ਕਿ ਲੇਖ ਵਿਚ ਉਨ੍ਹਾਂ ਦੇ ਪਿੰਡ-ਸ਼ਹਿਰ ਦਾ ਜ਼ਿਕਰ ਹੋਇਆ ਹੁੰਦਾ ਹੈ। ਅਜਿਹੇ ਪਾਠਕ ਮੋਹ ਨਾਲ ਕਹਿੰਦੇ ਨੇ-'ਸਾਨੂੰ ਆਪਣੀ ਜੰਮਣ-ਭੋਇੰ ਦਾ ਨਾਂ ਪੜ੍ਹ ਕੇ ਇੰਜ ਮਹਿਸੂਸ ਹੋਇਆ, ਜਿਵੇਂ ਅਸੀਂ ਉਥੇ ਗੇੜਾ ਹੀ ਮਾਰ ਆਏ ਹੋਈਏ'। ਬਹੁਤ ਸਾਰੇ ਪਾਠਕ ਲੇਖ ਦੇ ਵਿਸ਼ਾ-ਵਸਤੂ ਨਾਲ ਮਿਲਦੀ-ਜੁਲਦੀ ਆਪਣੀ ਕੋਈ ਹੱਡ-ਬੀਤੀ ਜਾਂ ਸੁਣੀ-ਸੁਣਾਈ ਛੇੜ ਲੈਂਦੇ ਹਨ।

ਰੀਝਾਂ ਨਾਲ ਸੁਣਾਈਆਂ ਅਜਿਹੀਆਂ ਅਨੇਕਾਂ ਦਿਲਚਸਪ ਗੱਲਾਂ ਸੁਣ ਕੇ ਮੈਂ ਬੇਨਤੀ ਕਰਦਾ ਹਾਂ ਕਿ ਦੋਸਤੋ, ਤੁਸੀਂ ਇਸ ਵਾਕਿਆ ਨੂੰ ਲਿਖ ਕੇ ਅਖਬਾਰ ਨੂੰ ਭੇਜਣ ਦੀ ਖੇਚਲ ਕਰੋ, ਤਾਂ ਕਿ ਇਨ੍ਹਾਂ ਤੋਂ ਹੋਰ ਲੋਕ ਵੀ ਸੇਧ ਲੈਣ। ਕਈ ਭਰਾ ਅੱਗਿਉਂ 'ਆਹੋ ਜੀ ਅੱਛਾ ਜੀ' ਕਹਿ ਛੱਡਦੇ ਹਨ। ਕਈ ਹੱਸਦੇ ਹੋਏ 'ਜਿਹੜਾ ਬੋਲੇ, ਉਹੀ ਕੁੰਡਾ ਖੋਲ੍ਹੇ' ਦਾ ਅਖਾਣ ਬੋਲ ਕੇ ਮੈਨੂੰ ਹੀ ਇਹ ਸੇਵਾ ਕਰਨ ਲਈ ਆਖ ਦਿੰਦੇ ਹਨ। 'ਤੇਰਾ ਤੁਝ ਕਉ ਸਉਪਤੇ' ਮੁਤਾਬਕ ਪਾਠਕਾਂ ਵੱਲੋਂ ਪ੍ਰਗਟਾਏ ਕੁਝ ਚੋਣਵੇਂ ਪ੍ਰਵਚਨ ਇਸ ਲੇਖ ਵਿਚ ਲਿਖ ਰਿਹਾ ਹਾਂ।

ਸਾਧ-ਸੰਤਪੁਣੇ ਨੂੰ ਕਲੰਕਿਤ ਕਰਨ ਵਾਲੇ ਡੇਰੇਦਾਰਾਂ ਬਾਬਤ ਲਿਖੇ ਲੇਖ ਦੀ ਪ੍ਰੋੜਤਾ ਵਿਚ ਇਕ ਮਿੱਤਰ ਨੇ ਕੈਨੇਡਾ ਵਿਚ ਹੋਈ-ਬੀਤੀ ਵਾਰਤਾ ਸੁਣਾਈ, "ਭਾਅ ਜੀ, ਪੰਜਾਬ ਦੇ ਇਕ ਮਸ਼ਹੂਰ ਬਾਬਾ ਜੀ ਕੈਨੇਡਾ ਰਹਿੰਦੇ ਆਪਣੇ ਸ਼ਰਧਾਲੂਆਂ ਦੇ ਘਰ ਪਧਾਰੇ ਹੋਏ ਸਨ। ਉਨ੍ਹਾਂ ਦੇ ਘਰ ਪ੍ਰਸ਼ਾਦਾ-ਪਾਣੀ ਛਕ ਕੇ ਬਾਬੇ ਨੇ ਕਿਸੇ ਹੋਰ ਸੇਵਕ ਦੇ ਗ੍ਰਿਹਿ ਚਰਨ ਪਾਉਣੇ ਸਨ। ਉਹ ਸ਼ਰਧਾਲੂ ਬਾਬਾ ਜੀ ਨੂੰ ਲੈਣ ਆਏ ਹੋਏ ਸਨ। ਘਰ ਵਿਚੋਂ ਨਿੱਕਲ ਕੇ ਬਾਬੇ ਹੁਰੀਂ ਹੌਲੀ-ਹੌਲੀ ਤੁਰਦੇ ਕਾਰ ਵਿਚ ਬੈਠਣ ਜਾ ਰਹੇ ਸਨ। ਬੀਬੀਆਂ ਤੇ ਮਰਦਾਂ ਸਮੇਤ ਦਸ-ਪੰਦਰਾਂ ਜਣੇ ਉਸ ਵੇਲੇ ਬਾਬਾ ਜੀ ਦੇ ਅੱਗੜ-ਪਿੱਛੜ ਤੁਰੇ ਜਾ ਰਹੇ ਸਨ। ਓਪਰਾ ਥਾਂ ਅਤੇ ਬਜ਼ੁਰਗ ਹੋਣ ਕਰ ਕੇ ਅਚਾਨਕ ਬਾਬਾ ਜੀ ਦਾ ਪੈਰ ਫਿਸਲ ਗਿਆ, ਤੇ ਉਹ ਧਰਤੀ 'ਤੇ ਚੌਫਾਲ ਡਿੱਗ ਪਏ। ਉਨ੍ਹਾਂ ਦਾ ਗੜਵਈ ਤਾਂ ਡਿਗਦਿਆਂ ਦੀਆਂ ਬਾਹਾਂ-ਬੂਹਾਂ ਫੜਨ ਦਾ ਯਤਨ ਕਰਨ ਲੱਗਾ ਪਰ ਬਾਕੀ ਦੇ ਸਾਰੇ ਜਣੇ ਇਕਦਮ ਥੱਲੇ ਡਿਗ ਪਏ। ਜਿਵੇਂ ਬਾਬਾ ਜੀ ਡਿੱਗੇ ਪਏ ਸੀ, ਉਵੇਂ ਹੀ ਸਾਰੇ ਸੇਵਕ ਧਰਤੀ 'ਤੇ ਵਿਛ ਗਏ।"

ਪਾਠਕ ਮੂੰਹੋਂ ਇਹ ਅਲੋਕਾਰੀ ਜਿਹੀ ਗੱਲ ਸੁਣਦਿਆਂ ਮੈਂ ਹੈਰਾਨੀ ਨਾਲ ਪੁੱਛਿਆ ਕਿ ਬਾਬਾ ਜੀ ਤਾਂ ਚਲੋ ਬਿਰਧ ਸਰੀਰ ਹੋਣ ਕਰ ਕੇ ਡਿੱਗ ਪਏ ਹੋਣਗੇ, ਬਾਕੀ ਦਿਆਂ ਨੂੰ ਕੀ ਭੂਚਾਲ ਆ ਗਿਆ ਸੀ ਕਿ ਉਹ ਵੀ ਉਸੇ ਵੇਲੇ ਧੜੰਮ ਕਰ ਕੇ ਡਿੱਗ ਪਏ? ਹੱਸਦਿਆਂ ਹੋਇਆਂ ਪਾਠਕ ਵੀਰ ਕਹਿੰਦਾ, "ਭਾਅ ਜੀ ਉਹ ਬਾਬਾ ਜੀ ਦੇ ਪੱਕੇ ਸ਼ਰਧਾਲੂ ਸਿੱਖ ਸਨ। ਉਨ੍ਹਾਂ ਬਾਅਦ ਵਿਚ ਭੇਤ ਖੋਲ੍ਹਿਆ ਕਿ ਅਸੀਂ ਸੋਚਿਆ ਕਿ ਬਾਬਾ ਜੀ 'ਮਹਾਰਾਜ' ਨੇ ਸਾਡੀ ਪ੍ਰੀਖਿਆ ਲੈਣ ਲਈ ਇਹ 'ਕੌਤਕ' ਰਚਿਆ ਹੋਣੈ; ਕਿ ਦੇਖਾਂ ਤਾਂ ਸਹੀ ਇਹ 'ਕਿੰਨੇ ਕੁ ਪੱਕੇ' ਨੇ?...ਕੀ ਇਹ ਮੇਰੇ ਮਗਰੇ-ਮਗਰ ਉਹੀ ਕੁਝ ਕਰਨਗੇ ਕਿ ਨਹੀਂ, ਜੋ ਕੁੱਝ ਮੈਂ ਕਰਦਾ ਹਾਂ।" ਦੋਸਤ ਦੀ ਗੱਲ ਸੁਣ ਕੇ ਮੇਰੇ ਮੂੰਹੋਂ ਇਹੀ ਨਿਕਲਿਆ ਕਿ ਬਲਿਹਾਰੇ ਜਾਈਏ ਸੰਤ-ਗੀਰੀ ਦੇ ਅਤੇ ਸਦਕੇ ਜਾਈਏ ਅੰਨ੍ਹੇ ਸ਼ਰਧਾਲੂਆਂ ਦੇ!

ਪੁਰਾਣੇ ਅਕਾਲੀਆਂ ਦੀ ਪੰਥ-ਪ੍ਰਸਤੀ ਬਾਰੇ ਇਕ ਨੌਜਵਾਨ ਨੇ ਆਪਣੇ ਬਾਬੇ (ਦਾਦੇ) ਦੀ ਗੱਲ ਸੁਣਾਈ ਜੋ ਉਸ ਨੇ ਆਪਣੇ ਬਾਪ ਕੋਲੋਂ ਸੁਣੀ ਹੋਈ ਸੀ। ਕਹਿੰਦੇ, ਇਕ ਵਾਰ ਚੜ੍ਹਦੇ ਚੇਤ ਮਹੀਨੇ ਉਨ੍ਹਾਂ ਦੇ ਘਰ ਦਾਣੇ ਮੁੱਕ ਗਏ। ਕਣਕ ਦੀ ਵਾਢੀ ਹਾਲੇ ਪਛੇਤੀ ਸੀ। ਬੜਾ ਔਖਾ ਸਮਾਂ ਬਣਿਆ। ਸ਼ਰੀਕੇ-ਭਾਈਚਾਰੇ ਤੋਂ ਦਾਣੇ ਮੰਗਣੇ ਹੱਤਕ ਸਮਝਦਿਆਂ ਬਜ਼ੁਰਗਾਂ ਨੇ ਘਰ ਦੀਆਂ ਤ੍ਰੀਮਤਾਂ ਨੂੰ ਔਖੇ-ਸੌਖੇ ਹਫਤਾ, ਦੋ ਹਫਤੇ ਗੁਜ਼ਾਰਨ ਲਈ ਕਿਹਾ। ਸਲਾਹ ਇਹ ਬਣੀ ਕਿ ਨਿਆਈਂ ਵਾਲਾ ਖੇਤ ਪਹਿਲਾਂ ਪੱਕ ਜਾਣਾ ਹੈ, ਇਸ ਕਰ ਕੇ ਜ਼ਰਾ ਅਗੇਤੀ ਕਣਕ ਵੱਢ ਕੇ ਗਾਹ ਲਵਾਂਗੇ।

ਇਸੇ ਤਰ੍ਹਾਂ ਹੋਇਆ। ਸਬਰ ਸੰਤੋਖ ਤੇ ਸਿਦਕ ਵਾਲੀਆਂ ਸੁਆਣੀਆਂ ਨੇ ਸੰਕਟ ਵਾਲਾ ਸਮਾਂ ਜਿਵੇਂ ਕਿਵੇਂ ਗੁਜ਼ਾਰ ਲਿਆ। ਵਿਸਾਖ ਦੇ ਪਹਿਲੇ ਹਫਤੇ ਹੀ ਗੱਦਰਿਆ ਖੇਤ ਵੱਢ ਲਿਆ। ਚਾਰ ਧੁੱਪਾਂ ਲੁਆ ਕੇ ਪਿੜ ਵਿਚ ਫਲ੍ਹਿਆਂ ਨਾਲ ਕਣਕ ਗਾਹੁਣ ਲੱਗ ਪਏ। ਗਾਹੀ ਹੋਈ ਕਣਕ ਦੀ ਧੜ ਤੰਗਲੀਆਂ ਨਾਲ ਉਡਾਉਣ ਲਈ ਬਾਪੂ, ਉਸ ਦਾ ਪੁੱਤ ਅਤੇ ਨਾਲ ਦਾ ਸੀਰੀ ਹਵਾ ਦੇ ਬਦਲਦੇ ਰੁਖ਼ ਦੀ ਉਡੀਕ ਕਰਨ ਲੱਗੇ। ਇਨੇ ਨੂੰ ਮਾਤਾ ਦੁਪਹਿਰ ਦੀ ਰੋਟੀ ਲੈ ਕੇ ਪਿੜ ਵਿਚ ਆ ਗਈ। ਟੇਢੇ ਖੜ੍ਹੇ ਕੀਤੇ ਮੰਜੇ ਦੀ ਛਾਂਵੇਂ ਇਹ ਭੁੱਖਣ-ਭਾਣੇ ਕਾਮੇ ਹੱਥਾਂ 'ਤੇ ਰੋਟੀਆਂ ਰੱਖ ਕੇ ਖਾ ਰਹੇ ਸਨ। ਉਧਰੋਂ, ਬਾਪੂ ਦੇ ਕੁਝ ਅਕਾਲੀ ਸਾਥੀ ਸਾਈਕਲਾਂ 'ਤੇ ਆ ਪਹੁੰਚੇ। ਉਨ੍ਹਾਂ ਬਾਪੂ ਨੂੰ ਦੱਸਿਆ ਕਿ ਅਕਾਲੀ ਦਲ ਵੱਲੋਂ ਮੋਰਚਾ ਲੱਗ ਗਿਆ ਹੈ, ਅਸੀਂ ਤੈਨੂੰ ਲੈਣ ਆਏ ਹਾਂ।

ਬਾਪੂ ਹਾਲੇ ਉਨ੍ਹਾਂ ਨੂੰ ਘਰੇ ਦਾਣੇ ਨਾ ਹੋਣ ਦੀ ਮਜਬੂਰੀ ਦੱਸਣ ਹੀ ਲੱਗਾ ਸੀ ਕਿ ਬੇਬੇ ਕਹਿੰਦੀ, "ਸਰਦਾਰਾ, ਚੁੱਪ ਕਰ ਕੇ ਜਥੇਦਾਰਾਂ ਨਾਲ ਤਿਆਰ ਹੋ ਜਾ, ਇਹ ਪੰਥ ਦਾ ਮਸਲਾ ਹੈ। ਘਰ ਦੀ ਰਾਈ ਜਿੰਨੀ ਚਿੰਤਾ ਨਾ ਕਰੀਂ।" ਇਹ ਕਹਿ ਕੇ ਬੇਬੇ ਵਾਹੋ-ਦਾਹੀ ਘਰ ਮੁੜੀ ਤੇ ਬਾਪੂ ਦਾ ਪਰਨਾ ਕਛਹਿਰਾ ਤੇ ਕਮੀਜ਼-ਪਜਾਮਾ ਉਸ ਨੂੰ ਲਿਆ ਫੜਾਇਆ। ਸਾਥੀ ਜਥੇਦਾਰਾਂ ਨਾਲ ਬਾਪੂ ਪਿੜਾਂ 'ਚੋਂ ਹੀ ਮੋਰਚੇ ਲਈ ਰਵਾਨਾ ਹੋਇਆ।

ਸਿੱਖ ਕਕਾਰਾਂ ਬਾਰੇ ਕਿਸੇ ਲੇਖ ਦੀ ਵਡਿਆਈ ਕਰਦਿਆਂ ਇਕ ਸਾਬਕਾ ਪੁਲਸੀਏ ਨੇ ਸੰਨ ਸੰਤਾਲੀ ਵੇਲੇ ਦੀ ਗਾਥਾ ਸੁਣਾਈ, "ਮਚੀ ਹੋਈ ਕਤਲੋਗਾਰਤ ਦੇ ਉਨ੍ਹਾਂ ਦਿਨਾਂ ਵਿਚ ਸਰਹੱਦੀ ਖੇਤਰ ਦੀ ਈਚੋਗਿੱਲ ਨਹਿਰ 'ਤੇ ਇਕ ਮੁਸਲਮਾਨ ਠਾਣੇਦਾਰ ਦੀ ਡਿਊਟੀ ਲੱਗੀ ਹੋਈ ਸੀ। ਉਸ ਨੇ ਦੇਖਿਆ ਕਿ ਨਹਿਰ ਵਿਚ ਲਾਸ਼ ਤਰਦੀ ਆ ਰਹੀ ਹੈ। ਪੁਲ ਥੱਲਿਉਂ ਲਾਸ਼ ਗੁਜ਼ਰਨ ਵੇਲੇ ਉਸ ਨੇ ਗਹੁ ਨਾਲ ਦੇਖਿਆ ਕਿ ਰੁੜ੍ਹੀ ਜਾ ਰਹੀ ਲਾਸ਼ ਕਿਸੇ ਸਿੱਖ ਔਰਤ ਦੀ ਸੀ। ਔਰਤ ਦੇ ਗ਼ਲ ਵਿਚ ਗਾਤਰਾ ਅਤੇ ਗੋਡਿਆਂ ਤੱਕ ਲੰਮਾ ਰੇਵ ਕਛਹਿਰਾ ਪਿਆ ਹੋਇਆ ਦੇਖ ਕੇ ਮੁਸਲਮਾਨ ਪੁਲਸੀਆ ਦੋਵੇਂ ਹੱਥ ਉਤਾਂਹ ਨੂੰ ਚੁੱਕ ਕੇ ਬੋਲਿਆ, "ਵਾਹ ਓਏ ਸਿੱਖਾਂ ਦਿਆ ਰਹਿਬਰਾ! ਤੂੰ ਆਪਣੇ ਮਰ ਚੁੱਕੇ ਪੈਰੋਕਾਰਾਂ ਦਾ ਵੀ ਨੰਗੇਜ਼ ਢਕਿਆ ਹੋਇਐ!"

ਬਜ਼ੁਰਗ ਦੇ ਦੱਸਣ ਮੁਤਾਬਕ ਇਹ ਨੇਕ-ਦਿਲ ਮੁਸਲਿਮ ਠਾਣੇਦਾਰ, ਇਸੇ ਗੱਲ ਤੋਂ ਮੁਤਾਸਿਰ ਹੋ ਕੇ ਸਿੰਘ ਸਜ ਗਿਆ ਸੀ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮੌਕੇ ਹਾਅ ਦਾ ਨਾਹਰਾ ਮਾਰਨ ਸਦਕਾ ਮਲੇਰ ਕੋਟਲੇ ਦੇ ਨਵਾਬ ਨੂੰ ਦਸਵੇਂ ਗੁਰੂ ਜੀ ਵੱਲੋਂ ਸਦਾ ਸਲਾਮਤ ਨਵਾਬੀ ਦੀ ਦਿੱਤੀ ਗਈ ਅਸੀਸ ਬਾਰੇ ਸਭ ਨੂੰ ਪਤਾ ਹੈ ਪਰ ਸੰਨ ਸੰਤਾਲੀ ਦੀ ਅੰਨ੍ਹੀ ਮਾਰ-ਵੱਢ ਦੇ ਦਿਨਾਂ ਵਿਚ ਸਿੱਖਾਂ ਨੇ ਦਸਮੇਸ਼ ਪਿਤਾ ਦੇ ਇਨ੍ਹਾਂ ਵਚਨਾਂ ਦਾ ਪਾਲਣ ਕਿੰਨੇ ਧਿਆਨ ਤੇ ਸਤਿਕਾਰ ਨਾਲ ਕੀਤਾ ਸੀ, ਇਸ ਦੀ ਅਨੋਖੀ ਮਿਸਾਲ ਸੁਣਨ ਨੂੰ ਮਿਲੀ।

ਕੰਬਦੀ ਹੋਈ ਆਵਾਜ਼ 'ਚ ਇਕ ਬਾਪੂ ਜੀ ਨੇ ਦੱਸਿਆ ਕਿ ਉਨ੍ਹਾਂ ਦਿਨਾਂ ਵਿਚ ਹਿੰਦੂ ਸਿੱਖ-ਮੁਸਲਮਾਨ ਇਕ-ਦੂਜੇ ਦੇ ਵੈਰੀ ਬਣੇ ਹੋਏ ਸਨ। ਭਿਆਨਕ ਕਤਲੋਗਾਰਤ ਹੋ ਰਹੀ ਸੀ। ਜਿੱਥੇ ਕਿਸੇ ਦਾ ਦਾਅ ਲਗਦਾ, ਧੌਣਾਂ ਲਾਹ ਸੁੱਟਦਾ। ਸਰਹਿੰਦ ਨਹਿਰ ਦੇ ਕੰਢੇ ਤੁਰੇ ਜਾਂਦੇ ਕੁਝ ਮੁਸਲਮਾਨ ਮਰਦ, ਸਿੱਖਾਂ ਦੇ ਜਥੇ ਦੀ ਨਜ਼ਰੀਂ ਪੈ ਗਏ। ਬਰਛਿਆਂ ਕ੍ਰਿਪਾਨਾਂ ਨਾਲ ਲੈਸ ਸਿੱਖਾਂ ਨੇ ਉਨ੍ਹਾਂ ਮੁਸਲਮਾਨਾਂ ਨੂੰ ਘੇਰ ਲਿਆ। ਮੁਸਲਮਾਨਾਂ ਨੇ ਜਾਨ ਬਚਾਉਣ ਲਈ ਵਗਦੀ ਨਹਿਰ ਵਿਚ ਛਾਲਾਂ ਮਾਰ ਦਿੱਤੀਆਂ। ਹਮਲਾਵਰ ਸਿੱਖ ਵੀ ਕੰਢੇ 'ਤੇ ਪਹੁੰਚ ਗਏ। ਪਾਣੀ ਵਿਚ ਤਰਦੇ ਜਾਂਦੇ ਮੁਸਲਮਾਨ ਸਿੱਖਾਂ ਨੂੰ ਝਕਾਨੀ ਦਿੰਦਿਆਂ ਕਦੇ ਲੰਮਾ ਗੋਤਾ ਮਾਰ ਲੈਂਦੇ ਅਤੇ ਪਲ ਦੀ ਪਲ ਸਾਹ ਲੈਣ ਲਈ ਧੌਣਾਂ ਬਾਹਰ ਕੱਢ ਲੈਂਦੇ। ਕੰਢੇ-ਕੰਢੇ ਤੁਰੇ ਜਾਂਦੇ ਸਿੱਖ ਹੋ-ਹੱਲਾ ਤਾਂ ਮਚਾਈ ਗਏ, ਪਰ ਮੁਸਲਮਾਨਾਂ ਨੂੰ ਮਾਰਨ ਲਈ ਨਹਿਰ ਵਿਚ ਛਾਲਾਂ ਮਾਰਨ ਦੀ ਉਨ੍ਹਾਂ 'ਚ ਹਿੰਮਤ ਨਾ ਪਈ। ਸਿੱਖਾਂ ਨੇ ਸੋਚਿਆ ਕਿ ਹਾਰ-ਹੰਭ ਕੇ ਇਹ ਬਾਹਰ ਨਿੱਕਲ ਹੀ ਆਉਣਗੇ। ਇਹ ਸੋਚ ਕੇ ਉਹ ਲਲਕਾਰੇ ਮਾਰਦੇ ਹੋਏ ਅੱਗੇ ਵਧੀ ਗਏ।

ਸ਼ਿਕਾਰ ਅਤੇ ਸ਼ਿਕਾਰੀ ਇੱਕ-ਦੂਜੇ ਨੂੰ ਤਾੜਦੇ ਹੋਏ ਨਾਲੋ-ਨਾਲ ਚੱਲ ਰਹੇ ਸਨ। ਹਫੇ ਹੋਏ ਸਿੱਖਾਂ ਨੇ ਜਦ ਦੇਖਿਆ ਕਿ ਇਹ ਨਿਪੁੰਨ ਤੈਰਾਕ ਮੁਸਲਮਾਨ ਸਾਡੇ ਕਾਬੂ ਨਹੀਂ ਆਉਣੇ, ਤਦ ਉਨ੍ਹਾਂ ਆਪਣੇ ਨਾਲ ਦੇ ਸਾਬਕਾ ਫੌਜੀ ਸਾਥੀ ਨੂੰ ਫਾਇਰ ਕਰਨ ਲਈ ਆਖ ਦਿੱਤਾ ਜਿਸ ਕੋਲ ਬੰਦੂਕ ਸੀ। ਕਹਿੰਦੇ ਜਦੋਂ ਬੰਦੂਕ ਵਾਲਾ ਸਿੱਖ, ਨਹਿਰ ਵਿਚ ਡੁਬਕੀਆਂ ਲਾਉਂਦੇ ਜਾਂਦੇ ਮੁਸਲਮਾਨਾਂ 'ਤੇ ਨਿਸ਼ਾਨਾ ਵਿੰਨ੍ਹ ਰਿਹਾ ਸੀ ਤਾਂ ਉਸ ਨੂੰ ਗੋਲੀ ਚਲਾਉਣ ਲਈ ਕਹਿਣ ਵਾਲੇ ਸਿੱਖਾਂ ਨੇ ਇਕਦਮ ਬਾਹਾਂ ਖੜ੍ਹੀਆਂ ਕਰ ਕੇ ਉੱਚੀ-ਉੱਚੀ ਰੌਲਾ ਪਾ ਦਿੱਤਾ-"ਓ...ਰੁਕ ਰੁਕ ਸੂਬੇਦਾਰਾ! ਠਹਿਰ ਜਾ, ਫਾਇਰ ਨਾ ਕਰੀਂ!!"

ਬੰਦੂਕ ਵਾਲਾ ਹੈਰਾਨ ਹੋ ਕੇ ਆਪਣੇ ਸਾਥੀਆਂ ਵੱਲ ਝਾਕਣ ਲੱਗਾ ਕਿ ਅਚਾਨਕ ਕੀ ਵਾਪਰ ਗਿਆ? ਆਪਣੇ ਬੰਦੂਕ ਵਾਲੇ ਸਾਥੀ ਦੀਆਂ ਸਵਾਲੀਆ ਅੱਖਾਂ ਨੂੰ ਸ਼ਾਂਤ ਕਰਨ ਲਈ ਉਨ੍ਹਾਂ ਤਰਦੇ ਜਾਂਦੇ ਮੁਸਲਮਾਨਾਂ ਦਾ ਖਹਿੜਾ ਛੱਡ ਕੇ, ਨਹਿਰ ਦੀ ਪਟੜੀ ਉਤੇ ਗੱਡੇ ਹੋਏ ਮੀਲ-ਪੱਥਰ ਵੱਲ ਇਸ਼ਾਰਾ ਕਰਦਿਆਂ ਆਖਿਆ, "ਔਹ ਦੇਖ ਸੂਬੇਦਾਰਾ!"

ਉਸ ਮੀਲ ਪੱਥਰ 'ਤੇ ਲਿਖਿਆ ਹੋਇਆ ਸੀ, ਇੱਥੋਂ ਮਲੇਰ ਕੋਟਲੇ ਦੀ ਹੱਦ ਸ਼ੁਰੂ ਹੁੰਦੀ ਹੈ।

ਅਚਾਨਕ ਅੜਿੱਕੇ ਆਏ ਮੁਸਲਮਾਨਾਂ ਦੀ ਜਾਨ ਦੇ ਵੈਰੀ ਬਣੇ ਹੋਏ ਸਿੱਖ ਜਥੇ ਦੇ ਮੈਂਬਰਾਂ ਨੂੰ ਮਲੇਰ ਕੋਟਲੇ ਦੀ ਜੂਹ ਵਿਚ ਦਾਖਲ ਹੁੰਦਿਆਂ ਹੀ ਦਸਮੇਸ਼ ਗੁਰੂ ਦੇ ਵਚਨ ਯਾਦ ਆ ਗਏ ਸਨ।

# ਉਹਨੂੰ ਸਰਕਾਰੀ ਤਨਖ਼ਾਹ ਮਿਲਦੀ ਹੈ!

ਸਤਿਜੁਗੀ ਲੋਕ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਕੋਈ ਸੱਤ ਦਹਾਕੇ ਪੁਰਾਣੀ ਗੱਲ ਹੈ। ਵੱਡਾ ਪਿੰਡ ਹੋਣ ਦੇ ਬਾਵਜੂਦ ਉਦੋਂ ਸਾਡੇ ਪਿੰਡ ਡਾਕਖਾਨਾ ਨਹੀਂ ਸੀ। ਉਸ ਜ਼ਮਾਨੇ ਵਿਚ ਅਜੇ ਪਿੰਡ ਪਿੰਡ ਡਾਕਖਾਨੇ ਨਹੀਂ ਸਨ ਖੁੱਲ੍ਹੇ। ਡਾਕੀਆ ਹਫਤੇ ਵਿਚ ਦੋ ਵਾਰ ਮੰਡੀ ਫੂਲ ਤੋਂ ਆਉਂਦਾ। ਵਾਰੀ ਵਾਲੇ ਕਿਸੇ ਦਿਨ ਜੇ ਕੋਈ ਡਾਕ ਨਾ ਹੁੰਦੀ ਜਾਂ ਇਕ-ਅੱਧ ਕਾਰਡ-ਲਿਫਾਫਾ ਹੀ ਹੁੰਦਾ, ਡਾਕਖਾਨੇ ਦਾ ਬਾਬੂ ਉਹਨੂੰ ਗੇੜਾ ਰੱਦ ਕਰਨ ਲਈ ਆਖ ਕੇ ਕੋਈ ਹੋਰ ਨਿੱਜੀ ਜਾਂ ਸਰਕਾਰੀ ਕੰਮ ਦੇ ਦਿੰਦਾ। ਇਹ ਫਰਜ਼ ਦੀ ਕੋਤਾਹੀ ਤਾਂ ਸੀ ਪਰ ਬਾਬੂ ਆਪਣੀ ਥਾਂ ਠੀਕ ਵੀ ਸੀ। ਡਾਕੀਆ ਇਕ-ਅੱਧ ਕਾਰਡ-ਲਿਫਾਫੇ ਖਾਤਰ ਕਾਹਦੇ ਲਈ ਕੋਹਾਂ ਵਾਟ ਕਰੇ! ਨਾਲੇ ਚਿੱਠੀ ਵਿਚ ਕਿਹੜਾ ਕੋਈ ਬਹੁਤ ਛੇਤੀ ਪਹੁੰਚਦੀ ਕਰਨ ਵਾਲੀ ਗੱਲ ਲਿਖੀ ਹੋਈ ਹੋਣੀ ਸੀ। ਉਦੋਂ ਲੋਕ ਜ਼ਰੂਰੀ ਗੱਲ ਵਾਸਤੇ ਚਿੱਠੀ ਨਹੀਂ ਸਨ ਲਿਖਦੇ। ਡਾਕ ਦਾ ਪ੍ਰਬੰਧ ਜਿੰਨਾ ਵੀ ਸੀ, ਚੰਗਾ ਸੀ। ਤਾਂ ਵੀ ਸਦੀਆਂ ਤੋਂ ਜ਼ੁਬਾਨੀ ਸੁਨੇਹੇ ਭੇਜਦੇ ਆਏ ਸਮਾਜ ਨੂੰ ਅਜੇ ਡਾਕ ਉਤੇ ਪੂਰਾ ਭਰੋਸਾ ਨਹੀਂ ਸੀ। ਆਮ ਮੱਤ ਸੀ, ਚਿੱਠੀ ਦਾ ਕੀ ਪਤਾ, ਕਦੋਂ ਪਹੁੰਚੇ!


ਮੇਰੇ ਨਾਨਕੇ ਰੁਮਾਣਾ ਅਜੀਤ ਸਿੰਘ ਸਾਡੇ ਪਿੰਡ ਪਿੱਥੋ ਤੋਂ ਪੂਰੇ ਪੰਦਰਾਂ ਕੋਹ ਵਾਟ ਹਨ। ਚੌਵੀ ਕੈਰਟ ਅਨਪੜ੍ਹ ਮਾਮੇ ਮੱਘਰ ਦੀ ਹਦਾਇਤ ਸੀ ਕਿ ਉਹਨੂੰ ਚਿੱਠੀ ਬਿਲਕੁਲ ਨਾ ਲਿਖੀ ਜਾਵੇ। ਉਹ ਆਖਦਾ, "ਲਾਗੀ ਭੇਜੋ, ਮੈਂ ਨੰਗ ਤਾਂ ਨਹੀਂ ਜੋ ਉਹਨੂੰ ਖੇਸ-ਖੱਦਰ ਤੇ ਰੁਪਈਆ ਨਾ ਦੇ ਸਕਾਂ।" ਜੇ ਅਸੀਂ ਕਿਸੇ ਬਿਲਕੁਲ ਹੀ ਸਾਧਾਰਨ ਗੱਲ ਵਾਸਤੇ ਚਿੱਠੀ ਲਿਖ ਹੀ ਦਿੰਦੇ, ਉਹ ਪੜ੍ਹਾਏ ਬਿਨਾਂ ਆਲੇ ਵਿਚ ਰੱਖ ਛਡਦਾ। ਮਹੀਨੇ, ਦੋ ਮਹੀਨੀਂ ਜਦੋਂ ਸਾਡੇ ਤਿੰਨਾਂ ਵਿਚੋਂ ਕੋਈ ਭਰਾ ਮਿਲਣ ਜਾਂਦਾ, ਉਹ ਕਾਰਡ ਫੜਾ ਕੇ ਆਖਦਾ, "ਭਾਣਜੇ, ਐਹ ਕਾਟ ਦੇਖੀਂ, ਕੀਹਨੇ ਭੇਜਿਆ ਐ।" ਜਦੋਂ ਦੱਸਣਾ ਕਿ ਇਹ ਤਾਂ ਅਸੀਂ ਲਿਖਿਆ ਸੀ ਅਤੇ ਆਖਣਾ, "ਮਾਮਾ ਜੀ, ਪੜ੍ਹਾ ਤਾਂ ਲੈਣਾ ਸੀ", ਉਹਨੇ ਬਹੁਤ ਗੁੱਸੇ ਹੋਣਾ, "ਥੋਨੂੰ ਕਿੰਨੇ ਵਾਰ ਵਰਜਿਆ ਹੈ, ਮੈਨੂੰ ਕਾਟ ਨਾ ਪਾਇਆ ਕਰੋ, ਲਾਗੀ ਭੇਜਿਆ ਕਰੋ।...ਪੜ੍ਹਾਵਾਂ ਕੀਹਤੋਂ? ਜੇ ਕੋਈ ਘਤਿੱਤ ਨਾਲ ਥੋਡੀ ਲਿਖੀ ਗੱਲ ਦੀ ਥਾਂ ਹੋਰ ਹੀ ਕੁਛ ਦੱਸ ਦੇਵੇ?"

ਮਾਮਾ ਮੱਘਰ ਕੋਈ ਇਕੱਲਾ ਨਹੀਂ ਸੀ। ਉਸ ਜ਼ਮਾਨੇ ਵਿਚ ਬਹੁਤ ਲੋਕ ਮਾਮੇ ਮੱਘਰ ਹੀ ਸਨ। ਉਹ ਡਾਕ ਨਾਲ ਨਾਤਾ ਨਹੀਂ ਸਨ ਜੋੜਦੇ। ਸਾਧਾਰਨ ਸੁਨੇਹੇ ਲਈ ਵੀ ਉਹ ਮਰਾਸੀ-ਨਾਈ ਨੂੰ ਹੀ ਭੇਜਦੇ। ਵਿਆਹ ਦੀ ਗੰਢ ਤੇ ਸੋਗ ਦੀ ਸੁਣਾਉਣੀ ਵਾਸਤੇ ਤਾਂ ਉਚੇਚਾ ਮਰਾਸੀ ਜਾਂ ਨਾਈ ਹੀ ਭੇਜਿਆ ਜਾਂਦਾ ਸੀ। ਉਹਨੂੰ ਆਇਆ ਦੇਖ ਕੇ ਘਰਵਾਲਿਆਂ ਦਾ ਘਬਰਾਉਣਾ ਸੁਭਾਵਿਕ ਹੁੰਦਾ ਸੀ। ਕੀ ਪਤਾ ਚੰਗੀ-ਮਾੜੀ ਕੀ ਖ਼ਬਰ ਲੈ ਕੇ ਆਇਆ ਹੈ! ਉਹ ਵੀ ਪੀੜ੍ਹੀਓ-ਪੀੜ੍ਹੀ ਦੇ ਅਨੁਭਵ ਨਾਲ ਇੰਨੇ ਸਿਆਣੇ ਹੋ ਗਏ ਸਨ ਕਿ ਘਰ ਵੜਦਿਆਂ ਮੂੰਹੋਂ ਬੋਲ ਕੇ ਖ਼ਬਰ ਦੱਸਣ ਤੋਂ ਪਹਿਲਾਂ ਹੀ ਖੁਸ਼ੀ-ਗਮੀ ਦਾ ਇਸ਼ਾਰਾ ਕਰ ਦਿੰਦੇ। ਉਦੋਂ ਘਰਾਂ ਦੇ ਦਰ ਖੁੱਲ੍ਹੇ ਹੀ ਰਹਿੰਦੇ ਸਨ। ਜੇ ਉਹ ਬੂਹੇ ਵੜਦਾ "ਓ ਘਰੇ ਹੀ ਹੋ ਬਈ ਲਾਣੇਦਾਰੋ" ਜਿਹਾ ਕੁਛ ਆਖਣ ਲਗਦਾ ਤੇ ਮੰਜੇ-ਪੀੜ੍ਹੀ ਉਤੇ ਬੈਠ ਜਾਂਦਾ, ਘਰ ਵਾਲੇ ਸੁਖ ਦਾ ਸਾਹ ਲੈਂਦੇ। ਜੇ ਉਹ ਚੁੱਪ ਕਰ ਕੇ ਅੰਦਰ ਆਉਂਦਾ ਤੇ "ਵਾਖਰੂ, ਵਾਖਰੂ" ਆਖਦਾ ਭੁੰਜੇ ਬੈਠ ਜਾਂਦਾ, ਘਰ ਵਿਚ ਪਿੱਟ-ਸਿਆਪਾ ਪੈ ਜਾਂਦਾ।

ਮਗਰੋਂ ਜਦੋਂ ਲੋਕ ਇਨ੍ਹਾਂ ਕੰਮਾਂ ਵਾਸਤੇ ਡਾਕ ਦੀ ਵਰਤੋਂ ਕਰਨ ਲੱਗੇ, ਲੋਕ-ਸਿਆਣਪ ਸਦਕਾ ਚਿੱਠੀ ਪੜ੍ਹਨ ਤੋਂ ਪਹਿਲਾਂ ਦੇਖ ਕੇ ਹੀ ਉਸ ਵਿਚ ਆਈ ਖੁਸ਼ੀ-ਗਮੀ ਦੀ ਖਬਰ ਦੀ ਸੋਅ ਮਿਲ ਜਾਂਦੀ। ਜੇ ਕਾਰਡ-ਲਿਫਾਫੇ ਉਤੇ ਹਲਦੀ ਵਾਲੇ ਪਾਣੀ ਦੇ ਛਿੱਟੇ ਮਾਰੇ ਹੋਏ ਹੁੰਦੇ, ਘਰ ਵਾਲੇ ਖੁਸ਼ ਹੋ ਕੇ ਅੰਦਾਜ਼ੇ ਲਾਉਣ ਲਗਦੇ ਕਿ ਕਿਹੜੇ ਰਿਸ਼ਤੇਦਾਰ ਨੇ ਕਿਸ ਮੁੰਡੇ-ਕੁੜੀ ਦਾ ਵਿਆਹ ਰੱਖ ਲਿਆ ਹੋਵੇਗਾ। ਜੇ ਕਾਰਡ-ਲਿਫਾਫੇ ਦੀ ਕੰਨੀ ਪਾਟੀ ਹੋਈ ਹੁੰਦੀ, ਸਭ ਦੇ ਦਿਲ ਡੁੱਬ ਜਾਂਦੇ, ਕਿਹੜੀ ਰਿਸ਼ਤੇਦਾਰੀ ਵਿਚ ਕੌਣ ਚੱਲ ਵਸਿਆ! ਪਰਿਵਾਰ ਵਿਚ ਕੋਈ ਪੜ੍ਹਿਆ ਨਾ ਹੋਣ ਦੀ ਸੂਰਤ ਵਿਚ ਗੁਆਂਢਣਾਂ ਕਾਲਜਾ ਫੜ ਕੇ "ਵਾਖ਼ਰੂ-ਵਾਖ਼ਰੂ" ਕਰਦੀਆਂ ਮੇਰੇ ਵਰਗੇ ਕਿਸੇ ਪਾੜ੍ਹੇ ਵੱਲ ਭਜਦੀਆਂ, "ਦੇਖੀਂ ਵੇ ਪੁੱਤਾ, ਕੀ ਭਾਣਾ ਵਰਤ ਗਿਆ!" ਕਈ ਵਾਰ ਕਿਸੇ ਚਿੱਠੀ ਦਾ ਕਿਨਾਰਾ ਰਾਹ ਵਿਚ ਕਿਸੇ ਕਾਰਨ ਤ੍ਰੇੜਿਆ ਜਾਂਦਾ। ਉਹਨੂੰ ਦੇਖ ਕੇ ਵੀ ਘਰ ਵਾਲਿਆਂ ਦਾ ਦਿਲ ਬੈਠ ਜਾਂਦਾ। ਚਿੱਠੀ ਪੜ੍ਹ-ਪੜ੍ਹਾ ਕੇ ਹੀ ਉਹ ਸੁਖ ਦਾ ਸਾਹ ਲੈਂਦੇ।

ਇਹ ਸੀ ਉਹ ਜ਼ਮਾਨਾ ਜਦੋਂ ਡਾਕੀਆ ਮੰਡੀ ਫੂਲ ਤੋਂ ਸਾਡੇ ਪਿੰਡ ਆਉਂਦਾ। ਉਹਦਾ ਨਾਂ ਮੋਹਨ ਲਾਲ ਸੀ ਪਰ ਸਭ ਉਹਨੂੰ ਪੰਡਿਤ ਡਾਕੀਆ ਹੀ ਆਖਦੇ। ਉਹ ਨੇੜੇ ਨੇੜੇ ਦੇ ਕਈ ਪਿੰਡਾਂ ਦਾ ਡਾਕੀਆ ਸੀ। ਉਹਦੇ ਮੋਢੇ ਚਮੜੇ ਦਾ ਮਜ਼ਬੂਤ ਥੈਲਾ ਹੁੰਦਾ ਅਤੇ ਹੱਥ ਵਿਚ ਘੁੰਗਰੂ ਵਾਲਾ ਸਰਕਾਰੀ ਬਰਛਾ ਹੁੰਦਾ। ਰਾਹ ਵਿਚ ਜਦੋਂ ਉਹ ਬਰਛਾ ਹਿਲਾਉਂਦਾ ਹੋਇਆ ਤੁਰਦਾ, ਘੁੰਗਰੂ ਦੀ ਆਵਾਜ਼ ਸੁਣ ਕੇ ਬਾਕੀ ਸਭ ਅਣਜਾਣੇ ਰਾਹੀ ਉਹਤੋਂ ਵਿੱਥ ਰਖਦੇ। ਉਹ ਚਿੱਠੀਆਂ ਦੇ ਨਾਲ ਹੀ ਮਨੀ-ਆਰਡਰ ਵੀ ਲੈ ਕੇ ਜਾ ਰਿਹਾ ਹੋ ਸਕਦਾ ਸੀ। ਇਸ ਕਰਕੇ ਅਣਜਾਣੇ ਲੋਕਾਂ ਦਾ ਉਹਤੋਂ ਦੂਰ ਰਹਿਣਾ ਹੀ ਠੀਕ ਸੀ ਤਾਂ ਜੋ ਉਹ ਸੁਰੱਖਿਅਤ ਤੁਰਿਆ ਜਾਵੇ। ਉਸ ਸਮੇਂ ਉਹ ਸਰਕਾਰ ਦਾ ਪ੍ਰਤੀਨਿਧ ਹੁੰਦਾ ਸੀ।

ਉਹ ਦੂਜੀ ਸੰਸਾਰ ਜੰਗ ਦਾ ਸਮਾਂ ਸੀ। ਮੇਰੇ ਬਾਪੂ ਜੀ ਫੌਜ ਵਿਚ ਸਨ। ਕੁਝ ਦਿਨਾਂ ਮਗਰੋਂ ਉਨ੍ਹਾਂ ਦੀ ਚਿੱਠੀ ਆਉਂਦੀ ਅਤੇ ਮਹੀਨੇ ਮਗਰੋਂ ਮਨੀ-ਆਰਡਰ। ਕੁਦਰਤੀ ਸੀ, ਦੋਵਾਂ ਚੀਜ਼ਾਂ ਦੀ ਉਡੀਕ ਰਹਿੰਦੀ। ਜੰਗ ਸਮੇਂ ਫੌਜੀ ਦੀ ਸੁੱਖ-ਸਾਂਦ ਦੀ ਚਿੱਠੀ ਦਾ ਮਹੱਤਵ ਤਾਂ, ਮੈਂ ਹੁਣ ਦੀ ਸਮਝ ਅਨੁਸਾਰ ਕਹਿ ਸਕਦਾ ਹਾਂ, ਸਿਰਫ਼ ਉਹਦਾ ਪਰਿਵਾਰ ਹੀ ਸਮਝ ਸਕਦਾ ਹੈ। ਖ਼ੈਰ, ਇਕ ਦਿਨ ਪੰਡਿਤ ਡਾਕੀਆ ਆਇਆ। ਉਹਨੇ ਮੰਜੇ ਉਤੇ ਬੈਠ ਕੇ ਪਾਣੀ-ਧਾਣੀ ਪੀਤਾ ਅਤੇ ਥੈਲੇ ਵਿਚੋਂ ਮਨੀ-ਆਰਡਰ ਕੱਢ ਕੇ ਪੈਸੇ ਫੜਾਏ। ਫੇਰ ਉਹਨੇ ਮਨੀ-ਆਰਡਰ ਫਾਰਮ ਦੇ ਹੇਠੋਂ ਬਾਪੂ ਜੀ ਦੀ ਚਿੱਠੀ ਪਾੜ ਕੇ ਦੇ ਦਿੱਤੀ। (ਹੁਣ ਕੁਝ ਸਮੇਂ ਤੋਂ



ਫਾਰਮਾਂ ਤੋਂ ਇਹ ਚਿੱਠੀ ਦੀ ਸਹੂਲਤ, ਪਤਾ ਨਹੀਂ ਕਿਉਂ, ਖ਼ਤਮ ਕਰ ਦਿੱਤੀ ਗਈ ਹੈ।)

ਪੈਸੇ ਪਹਿਲਾਂ ਨਾਲੋਂ ਵੱਧ ਸਨ। ਮੇਰੀ ਮਾਂ ਨੇ ਉਮੀਦ ਨਾਲ ਸੋਚਿਆ, ਸ਼ਾਇਦ ਤਨਖ਼ਾਹ ਵਧ ਗਈ ਹੋਵੇ। ਉਦੋਂ ਤਨਖ਼ਾਹ ਵਿਚ ਥੋੜ੍ਹਾ ਵਾਧਾ ਵੀ ਵੱਡੀ ਗੱਲ ਹੁੰਦੀ ਸੀ। ਰੁਪਏ ਦੀ ਬਹੁਤ ਕੀਮਤ ਸੀ। ਬਾਪੂ ਜੀ ਦਸਦੇ ਹੁੰਦੇ ਸਨ, ਜਦੋਂ ਉਹ ਕੋਈ ਤਿੰਨ ਦਹਾਕੇ ਪਹਿਲਾਂ, ਪਹਿਲੀ ਸੰਸਾਰ ਜੰਗ ਵੇਲੇ, ਭਰਤੀ ਹੋਏ ਸਨ, ਸਿਪਾਹੀ ਦੀ ਤਨਖ਼ਾਹ ਸਾਢੇ ਸੱਤ ਰੁਪਏ ਹੁੰਦੀ ਸੀ। ਇਸ ਵਾਰ ਵੱਧ ਪੈਸੇ ਆਇਆਂ ਦਾ ਕਾਰਨ ਜਾਣਨ ਵਾਸਤੇ ਮਾਂ ਕਹਿਣ ਲੱਗੀ, "ਮੋਹਨ ਲਾਲ, ਭਾਈ, ਇਹ ਪਰਚੀ ਪੜ੍ਹ ਕੇ ਵੀ ਸੁਣਾ ਦੇ।"

ਉਹਨੇ ਪੜ੍ਹਿਆ, "...ਮੈਂ ਰਾਜ਼ੀ-ਖ਼ੁਸ਼ੀ ਹਾਂ, ਤੁਹਾਡੀ ਸਭ ਦੀ ਰਾਜ਼ੀ-ਖ਼ੁਸ਼ੀ ਵਾਹਿਗੁਰੂ ਤੋਂ ਚਾਹੁੰਦਾ ਹਾਂ। ਅੱਗੇ ਹਵਾਲ ਇਹ ਹੈ ਕਿ ਮੇਰੀ ਤਨਖ਼ਾਹ ਵਧ ਗਈ ਹੈ। ਹੁਣ ਹਰ ਮਹੀਨੇ ਮੈਂ ਵੱਧ ਪੈਸੇ ਭੇਜਿਆ ਕਰੂੰਗਾ।...ਪੈਸੇ ਵਧਿਆਂ ਦੀ ਖੁਸ਼ੀ ਵਿਚ ਡਾਕੀਏ ਨੂੰ ਕੁਛ ਦੇਣ ਦੀ ਕੋਈ ਲੋੜ ਨਹੀਂ। ਉਹਨੂੰ ਏਸ ਕੰਮ ਦੀ ਮੇਰੇ ਵਾਂਗੂੰ ਸਰਕਾਰੀ ਤਨਖ਼ਾਹ ਮਿਲਦੀ ਹੈ।..."


ਪਰਚੀ ਪੂਰੀ ਪੜ੍ਹ ਕੇ ਉਹਨੇ ਬਿਲਕੁਲ ਸਹਿਜ ਨਾਲ, ਕੁਝ ਕਹੇ ਬਿਨਾਂ ਮੇਰੀ ਮਾਂ ਨੂੰ ਫੜਾ ਦਿੱਤੀ ਅਤੇ ਤੁਰਨ ਵਾਸਤੇ ਉਠ ਖਲੋਤਾ। ਉਹ ਹੱਸੀ, "ਭਾਈ ਮੋਹਨ ਲਾਲ, ਉਨ੍ਹਾਂ ਨੇ ਤਾਂ ਤੇਰੀ ਚੁਆਨੀ-ਅਠਿਆਨੀ ਹੀ ਮਾਰ ਦਿੱਤੀ। ਪਰ ਤੂੰ ਆਪਣੇ ਉਲਟ ਲਿਖਿਆ ਪੜ੍ਹ ਕੇ ਵੀ ਕੋਈ ਰੋਸਾ ਦਿਖਾਏ ਤੋਂ ਬਿਨਾਂ ਹੀ ਤੁਰ ਚੱਲਿਆ!"

ਉਹ ਰੁਕਿਆ, "ਬੀਬੀ, ਮੈਂ ਰੋਜ਼ ਰੋਜ਼ ਜਿਨ੍ਹਾਂ ਲੋਕਾਂ ਨੂੰ ਡਾਕ ਵੰਡਦਾ ਹਾਂ, ਉਨ੍ਹਾਂ ਵਿਚੋਂ ਬਹੁਤੇ ਅਨਪੜ੍ਹ ਹੀ ਹੁੰਦੇ ਨੇ। ਉਹ ਮੈਨੂੰ ਹੀ ਚਿੱਠੀ-ਪੱਤਰ ਪੜ੍ਹ ਕੇ ਸੁਣਾਉਣ ਨੂੰ ਆਖਦੇ ਨੇ। ਡਾਕੀਏ ਵਜੋਂ ਮੇਰਾ ਧਰਮ ਹੈ ਜੋ ਲਿਖਿਆ ਹੋਵੇ, ਸਹੀ ਸਹੀ ਸੁਣਾ ਦੇਵਾਂ।" ਉਹ ਵੀ ਹੱਸਿਆ, "ਸੂਬੇਦਾਰ ਸਾਹਿਬ ਨੇ ਜੋ ਲਿਖਿਆ, ਉਹ ਕੁਛ ਵੀ ਹੋਵੇ, ਪੜ੍ਹ ਕੇ ਜਿਉਂ ਦਾ ਤਿਉਂ ਸੁਣਾਉਣਾ ਮੇਰਾ ਧਰਮ ਸੀ!"

ਮੇਰੀ ਮਾਂ ਬੋਲੀ, "ਵੇ ਭਾਈ ਮੋਹਨ ਲਾਲ, ਮੈਂ ਆਪੇ ਉਨ੍ਹਾਂ ਤੋਂ ਮਾਫ਼ੀ ਮੰਗ ਲਊਂ...", ਤੇ ਹੱਥ ਵਿਚ ਫੜੇ ਹੋਏ ਪੈਸਿਆਂ ਵਿਚੋਂ ਇਕ ਰੁਪਈਆ ਕੱਢ ਕੇ ਕਹਿੰਦੀ, "ਅੱਜ ਤਾਂ ਤੂੰ ਇਹ ਲੈ ਕੇ ਹੀ ਜਾ! ਇਹ ਡਾਕੀਆ ਹੋਣ ਕਰਕੇ ਨਹੀਂ, ਵੀਰਾ, ਇਹ ਤੇਰੇ ਡਾਕੀਏ ਵਾਲੇ ਧਰਮ ਕਰਕੇ ਹੈ!"

# ਮਾਹੌਲ ਨੂੰ ਪਲੀਤਾ ਲਾਉਣ ਤੁਰੇ ਧਰਮ ਪਰਿਵਰਤਨ ਦੇ ਝੰਡਾਬਰਦਾਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

*ਪਾਰਲੀਮੈਂਟ ਵਿਚ ਆਗਰੇ ਵਾਲੇ ਧਰਮ ਪਰਿਵਰਤਨ ਬਾਰੇ ਬਹਿਸ ਹੋ ਰਹੀ ਸੀ, ਇੱਕ ਭਗਵੇਂ ਚੋਲੇ ਵਾਲੇ ਪਾਰਲੀਮੈਂਟ ਮੈਂਬਰ ਨੇ ਸਦਨ ਤੋਂ ਬਾਹਰ ਕਹਿ ਦਿੱਤਾ ਕਿ ਇਹ ਗਾਂਧੀ ਦਾ ਦੇਸ਼ ਹੈ, ਜਿਹੜੇ ਲੋਕਾਂ ਨੂੰ ਰਾਮ ਦਾ ਨਾਂ ਲੈਣ ਤੋਂ ਇਤਰਾਜ਼ ਹੈ, ਉਹ ਗਾਂਧੀ ਦੀ ਸਮਾਧੀ ਉਤੇ ਲਿਖਿਆ 'ਹੇ ਰਾਮ' ਮਿਟਾ ਕੇ ਆਉਣ। ਕਹਿਣ ਵਾਲੀ ਸੁਰ ਇਸ ਤਰ੍ਹਾਂ ਦੀ ਸੀ, ਜਿਵੇਂ ਉਹ ਮਹਾਤਮਾ ਗਾਂਧੀ ਦਾ ਬੜਾ ਵੱਡਾ ਪੈਰੋਕਾਰ ਹੋਵੇ, ਪਰ ਦੋ ਦਿਨਾਂ ਪਿੱਛੋਂ ਉਹੋ ਸਾਧੂ ਪਾਰਲੀਮੈਂਟ ਮੈਂਬਰ ਮਹਾਤਮਾ ਗਾਂਧੀ ਨੂੰ ਕਤਲ ਕਰਨ ਦੇ ਦੋਸ਼ ਵਿਚ ਫਾਂਸੀ ਲੱਗੇ ਨੱਥੂ ਰਾਮ ਗੌਡਸੇ ਦੇ ਸੋਹਲੇ ਗਾਉਣ ਪਿੱਛੋਂ ਪਾਰਲੀਮੈਂਟ ਵਿਚ ਨਵੇਂ ਹੰਗਾਮੇ ਪੈਦਾ ਹੋਣ ਦਾ ਕਾਰਨ ਬਣਿਆ ਤੇ ਮੁਆਫੀਆਂ ਮੰਗ ਕੇ ਛੁੱਟਿਆ ਸੀ।*

ਧਰਮ ਖਤਰੇ ਵਿਚ ਹੈ, ਇਸ ਲਈ ਖਤਰੇ ਵਿਚ ਨਹੀਂ ਕਿ ਧਰਮ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ, ਬਲਕਿ ਇਸ ਲਈ ਖਤਰੇ ਵਿਚ ਹੈ ਕਿ ਕੁਝ ਲੋਕ ਆਪਣੇ ਆਪ ਨੂੰ ਇਸ ਦੇ ਠੇਕੇਦਾਰ ਬਣਾ ਕੇ ਧਰਮ ਦਾ ਝੰਡਾ ਚੁੱਕ ਕੇ ਹੋਰ ਲੋਕਾਂ ਨੂੰ ਧਰਮ ਦੇ ਨਾਂ ਉਤੇ ਧਮਕਾਉਣ ਤੁਰ ਪਏ ਹਨ। ਕੁਝ ਲੋਕ ਧਰਮ ਨੂੰ ਇੱਕ ਜੀਵਨ-ਜਾਚ ਮੰਨਦੇ ਹਨ। ਉਹ ਵੀ ਠੀਕ ਹੋ ਸਕਦੇ ਹਨ, ਪਰ ਬਹੁਤੇ ਇਸ ਨੂੰ ਪਰਮਾਤਮਾ ਤੱਕ ਪਹੁੰਚਣ ਦਾ ਇੱਕ ਰਾਹ ਸਮਝਦੇ ਹਨ ਤੇ ਨਾਲ ਇਹ ਵੀ ਮੰਨੀ ਫਿਰਦੇ ਹਨ ਕਿ ਸਿਰਫ ਸਾਡਾ ਰਾਹ ਠੀਕ ਹੈ, ਬਾਕੀ ਸਭ ਗਲਤ ਹਨ। ਇਹ ਵਰਤਾਰਾ ਧਰਮ ਪਰਿਵਰਤਨ ਦੀ ਉਸ ਮੁਹਿੰਮ ਤੱਕ ਪਹੁੰਚ ਜਾਂਦਾ ਹੈ, ਜਿਸ ਦੇ ਰੌਲੇ ਨੇ ਇਸ ਹਫਤੇ ਭਾਰਤ ਦੀ ਪਾਰਲੀਮੈਂਟ ਦਾ ਚੋਖਾ ਵਕਤ ਖਾ ਲਿਆ ਤੇ ਸਿੱਟਾ ਫਿਰ ਕੋਈ ਨਹੀਂ ਨਿਕਲਿਆ। ਧੱਕੇਸ਼ਾਹੀ ਕਰਨ ਵਾਲਿਆਂ ਨੇ ਆਪਣੀ ਗੱਲ ਕਹੀ ਤੇ ਇਸ ਦਾ ਵਿਰੋਧ ਕਰਨ ਵਾਲੇ ਆਪਣੀ ਗੱਲ ਕਹਿ ਗਏ, ਪਰ ਜਿਸ ਮੁੱਦੇ ਲਈ ਚਾਂਦਮਾਰੀ ਕੀਤੀ ਗਈ, ਉਹ ਉਥੇ ਦਾ ਉਥੇ ਰਿਹਾ। ਭਾਰਤ ਦਾ ਸਭ ਤੋਂ ਵੱਡਾ ਪਾਗਲਖਾਨਾ ਜਿਸ ਆਗਰੇ ਸ਼ਹਿਰ ਵਿਚ ਦੱਸਿਆ ਜਾਂਦਾ ਹੈ, ਉਥੇ ਇੱਕ ਜਥੇਬੰਦੀ ਨੇ ਦੂਸਰੇ ਧਰਮ ਦੇ ਕੁਝ ਲੋਕਾਂ ਨੂੰ ਮਦਦ ਕਰਨ ਦੇ ਲਾਰੇ ਨਾਲ ਆਪਣੇ ਕੋਲ ਸੱਦ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰ ਦਿੱਤਾ। ਸ਼ਾਮ ਪੈਂਦੀ ਤੱਕ ਇਹ ਬਿਆਨ ਦੇ ਦਿੱਤਾ ਕਿ ਅਜੇ ਤਾਂ ਮਸਾਂ ਦੋ ਸੌ ਜਣਿਆਂ ਦਾ ਧਰਮ ਪਰਿਵਰਤਨ ਕਰਾਇਆ ਹੈ, ਪੰਜ ਹਜ਼ਾਰ ਹੋਰ ਅਗਲੇ ਦਿਨਾਂ ਵਿਚ ਸ਼ੁੱਧੀ ਕਰ ਕੇ ਉਨ੍ਹਾਂ ਦੇ ਪੁਰਾਣੇ ਧਰਮ ਵਿਚ ਮੋੜ ਲਿਆਂਦੇ ਜਾਣਗੇ। ਦੇਸ਼ ਵਿਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦਾ ਇੱਕ ਪਾਰਲੀਮੈਂਟ ਮੈਂਬਰ ਇਸ ਮੰਤਵ ਦੀ ਉਚੇਚੀ ਮੁਹਿੰਮ ਚਲਾਉਣ ਲਈ ਖੁੱਲ੍ਹ ਕੇ ਮੈਦਾਨ ਵਿਚ ਆ ਗਿਆ ਤੇ ਦੇਸ਼ ਦੀ ਵਿਰੋਧੀ ਧਿਰ ਇਸ ਦੇ ਵਿਰੋਧ ਵਿਚ ਭੜਕ ਪਈ।

ਹਿੰਦੂਤੱਵ ਦੇ ਝੰਡਾਬਰਦਾਰ ਕਹਿੰਦੇ ਹਨ ਕਿ ਜਿਹੜੇ ਲੋਕਾਂ ਨੇ ਪਿਛਲੇ ਸਮਿਆਂ ਵਿਚ ਆਪ ਜਾਂ ਉਨ੍ਹਾਂ ਦੇ ਮਾਂ-ਬਾਪ ਨੇ ਕਦੀ ਇਹ ਧਰਮ ਛੱਡਿਆ ਤੇ ਦੂਸਰੇ ਧਰਮ ਵਿਚ ਚਲੇ ਗਏ ਸਨ, ਉਨ੍ਹਾਂ ਦੀ ਸ਼ੁੱਧੀ ਕਰ ਕੇ ਹੁਣ ਹਿੰਦੂ ਧਰਮ ਵਿਚ ਵਾਪਸ ਲਿਆਉਣੇ ਹਨ। ਸਿੱਖਾਂ ਦੀ ਆਬਾਦੀ ਢਾਈ ਕਰੋੜ ਤੋਂ ਵੱਧ ਹੈ ਤੇ ਉਨ੍ਹਾਂ ਵਿਚੋਂ ਨੱਬੇ ਫੀਸਦੀ ਤੋਂ ਵੱਧ ਦੇ ਵੱਡੇ-ਵਡੇਰੇ ਪਹਿਲਾਂ ਹਿੰਦੂ ਹੁੰਦੇ ਸਨ। ਕੀ ਕੋਈ ਏਨੇ ਲੋਕਾਂ ਦਾ ਧਰਮ ਪਰਿਵਰਤਨ ਕਰਵਾ ਸਕਦਾ ਹੈ? ਉਹ ਕਹਿਣਗੇ ਕਿ ਇਹ ਲੋਕ ਪਿਛਲੀਆਂ ਸਦੀਆਂ ਵਿਚ ਹਿੰਦੂ ਤੋਂ ਸਿੱਖ ਧਰਮ ਵਿਚ ਗਏ ਸਨ, ਪਰ ਉਹ ਇਸ ਸੱਚ ਬਾਰੇ ਕਿਹੜੀ ਦਲੀਲ ਪੇਸ਼ ਕਰਨਗੇ ਕਿ ਆਜ਼ਾਦੀ ਲਹਿਰ ਵੇਲੇ ਵੀ ਨਾਨਕ ਚੰਦ ਆਪਣਾ ਧਰਮ ਛੱਡ ਕੇ ਹਿੰਦੂ ਤੋਂ ਸਿੱਖ ਬਣਿਆ ਸੀ ਤੇ ਸਿੱਖਾਂ ਨੇ ਮਾਸਟਰ ਤਾਰਾ ਸਿੰਘ ਨਾਂ ਦੇ ਉਸ ਬੰਦੇ ਨੂੰ ਆਪਣਾ ਆਗੂ ਮੰਨ ਲਿਆ ਸੀ। ਉਸ ਦੀ ਰਾਜਨੀਤੀ ਨਾਲ ਮੱਤਭੇਦ ਹੋ ਸਕਦੇ ਹਨ, ਪਰ ਸਿੱਖਾਂ ਵਿਚ ਉਸ ਦਾ ਨਾਂ ਅੱਜ ਵੀ ਸਤਿਕਾਰ ਨਾਲ ਹੀ ਲਿਆ ਜਾਂਦਾ ਹੈ।

ਮੇਰਾ ਧਰਮ ਮੇਰਾ ਹੈ, ਮੇਰੀ ਮਰਜ਼ੀ ਹੈ ਕਿ ਮੈਂ ਕਿਸ ਧਰਮ ਵਿਚ ਰਹਿਣਾ ਹੈ ਤੇ ਇਹ ਵੀ ਮੇਰੀ ਮਰਜ਼ੀ ਹੈ ਕਿ ਮੈਂ ਕਿਸੇ ਧਰਮ ਵਿਚ ਰਹਿਣਾ ਹੈ ਕਿ ਇੱਕ ਖੋਜੀ ਨਾਸਤਿਕ ਬਣ ਕੇ ਜ਼ਿੰਦਗੀ ਕੱਟਣੀ ਹੈ? ਕਈ ਧਾਰਮਿਕ ਸੋਚ ਵਾਲੇ ਬੰਦੇ ਅਸੀਂ ਕੁਝ ਸਮੇਂ ਪਿੱਛੋਂ ਨਾਸਤਿਕ ਹੁੰਦੇ ਵੇਖੇ ਹੋਏ ਹਨ ਤੇ ਕਈ ਨਾਸਤਿਕਾਂ ਨੂੰ ਧਰਮ ਦੀ ਓੜਕ ਵੀ ਉਲੰਘਦੇ ਤੇ ਅੰਧ-ਵਿਸ਼ਵਾਸੀ ਬਣਦੇ ਵੇਖਿਆ ਹੈ। ਇਹ ਉਨ੍ਹਾਂ ਦੀ ਨਿੱਜੀ ਆਜ਼ਾਦੀ ਦਾ ਮਾਮਲਾ ਹੈ। ਜਿੰਨੇ ਵੀ ਧਰਮ ਦੇ ਠੇਕੇਦਾਰ ਹਨ, ਉਹ ਸਿਆਸੀ ਰੰਗ ਦੇ ਵੀ ਹੋ ਸਕਦੇ ਹਨ ਤੇ ਬਿਨਾਂ ਰਾਜਨੀਤੀ ਤੋਂ ਉਂਜ ਵੀ ਫਿਰਕੂਪੁਣੇ ਦਾ ਝੰਡਾ ਚੁੱਕ ਸਕਦੇ ਹਨ, ਪਰ ਉਨ੍ਹਾਂ ਸਭ ਦਾ ਨਿਸ਼ਾਨਾ ਗਰੀਬ ਲੋਕ ਹੁੰਦੇ ਹਨ। ਜਦੋਂ ਕਿਸੇ ਵੱਡੇ ਆਦਮੀ ਦੀ ਗੱਲ ਹੋਵੇ, ਇਹ ਲੋਕ ਇਹੋ ਜਿਹੀ ਮੁਹਿੰਮ ਕਦੀ ਨਹੀਂ ਚਲਾਉਂਦੇ। ਮੁੰਬਈ ਵਿਚ ਫਿਲਮ ਨਗਰੀ ਵਿਚ ਚਲੇ ਜਾਓ, ਉਥੇ ਕਈ ਮੁੰਡੇ ਅਤੇ ਕੁੜੀਆਂ ਨੇ ਆਪਣੇ ਧਰਮ ਛੱਡ ਕੇ ਦੂਸਰੇ ਧਰਮ ਅਪਨਾਏ ਤੇ ਮਰਜ਼ੀ ਦੇ ਸਾਥੀ ਨਾਲ ਜ਼ਿੰਦਗੀ ਕੱਟਣ ਦਾ ਫੈਸਲਾ ਲੈ ਲਿਆ, ਧਰਮ ਦੇ ਠੇਕੇਦਾਰਾਂ ਦੀ ਰੋਕਣ ਦੀ ਹਿੰਮਤ ਨਹੀਂ ਪਈ। ਗਰੀਬ ਪਰਿਵਾਰ ਦੇ ਪੁੱਤਰ ਜਾਂ ਧੀ ਨੇ ਇਹੋ ਜਿਹਾ ਫੈਸਲਾ ਲੈ ਲਿਆ ਤਾਂ ਸਾਰਿਆਂ ਨੂੰ ਰੜਕਣ ਲੱਗ ਜਾਂਦਾ ਹੈ। ਉਨ੍ਹਾਂ ਗਰੀਬਾਂ ਦੀ ਗਰੀਬੀ ਤਾਂ ਕਦੇ ਨਹੀਂ ਰੜਕੀ।



ਅੱਜ ਸੁਨੀਤਾ ਵਿਲੀਅਮਜ਼ ਪੁਲਾੜ ਵਿਚ ਉਡਾਰੀਆਂ ਲਾਉਂਦੀ ਹੈ, ਉਸ ਦਾ ਪਰਿਵਾਰਕ ਪਿਛੋਕੜ ਵੀ ਹਿੰਦੂ ਹੈ। ਜਿਸ ਅਮਰੀਕਾ ਦੇਸ਼ ਦੀ ਸੁਨੀਤਾ ਹੈ, ਉਸੇ ਦੇਸ਼ ਦੇ ਇੱਕ ਰਾਜ ਦੀ ਗਵਰਨਰ ਨਿੱਕੀ ਹੇਲੇ ਨਾਂ ਵਾਲੀ ਪੰਜਾਬਣ ਹੈ। ਨਿੱਕੀ ਦਾ ਅਸਲ ਨਾਂ ਨਿਮਰਤਾ ਰੰਧਾਵਾ ਹੈ ਤੇ ਉਹ ਸੁਲਝੇ ਹੋਏ ਸਿੱਖ ਪਰਿਵਾਰ ਦੀ ਧੀ ਹੈ। ਉਸ ਦੇ ਮਾਪੇ ਕੱਟੜਤਾ ਤੋਂ ਦੂਰ ਹਨ। ਜਦੋਂ ਨਿੱਕੀ ਭਾਰਤ ਆਈ ਤਾਂ ਅੰਮ੍ਰਿਤਸਰ ਵੀ ਗਈ ਤੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਵੇਲੇ ਉਸ ਦੇ ਨਾਲ ਉਸ ਦਾ ਪਤੀ ਵੀ ਸੀ। ਚੰਗੀ ਗੱਲ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲਿਆਂ ਨੇ ਪੂਰਾ ਸਤਿਕਾਰ ਦਿੱਤਾ, ਪਰ ਇੱਕ ਗੱਲ ਉਥੇ ਹੋਰ ਹੋ ਗਈ। ਇੱਕ ਗ੍ਰੰਥੀ ਸਿੰਘ ਨੇ ਆਪਣੀ ਧਾਰਮਿਕ ਮਰਿਆਦਾ ਵਾਲੀ ਕਿਰਪਾਨ ਹੀ ਉਸ ਦੇ ਪਤੀ ਨੂੰ ਭੇਟ ਕਰ ਦਿੱਤੀ। ਕੁਝ ਲੋਕਾਂ ਨੇ ਇਸ ਨੂੰ ਧਾਰਮਿਕ ਅਵੱਗਿਆ ਕਿਹਾ, ਬਾਕੀਆਂ ਨੇ ਚੁੱਪ ਨਹੀਂ ਸੀ ਤੋੜੀ। ਚੁੱਪ ਰਹਿਣ ਦਾ ਕਾਰਨ ਇਹ ਸੀ ਕਿ ਮਾਮਲਾ ਇੱਕ ਵੀ.ਆਈ.ਪੀ. ਬੀਬੀ ਨਾਲ ਸਬੰਧਿਤ ਸੀ।

ਨਿੱਕੀ ਤਾਂ ਅਮਰੀਕਾ ਤੋਂ ਆਈ ਸੀ, ਉਸ ਦਾ ਸਤਿਕਾਰ ਕੀਤਾ ਗਿਆ ਤਾਂ ਚੰਗੀ ਗੱਲ ਹੈ, ਅਸੀਂ ਕਿਰਪਾਨ ਦੇ ਵਿਵਾਦ ਵਿਚ ਨਹੀਂ ਪੈਂਦੇ, ਪਰ ਪੰਜਾਬ ਦੇ ਆਪਣੇ ਵੀ.ਆਈ.ਪੀਜ਼ ਦੇ ਬਾਰੇ ਵੀ ਏਦਾਂ ਹੀ ਹੁੰਦਾ ਹੈ। ਹਾਲੇ ਕੁਝ ਦਿਨ ਹੋਏ, ਨਵਜੋਤ ਸਿੰਘ ਸਿੱਧੂ ਦੇ ਖਿਲਾਫ ਇੱਕ ਅਕਾਲੀ ਆਗੂ ਨੇ ਬਿਆਨ ਦੇ ਦਿੱਤਾ ਕਿ ਸਿੱਧੂ ਆਪਣੇ ਘਰ ਵਿਚ ਹਵਨ ਕਰਾਉਂਦਾ ਤੇ ਸਨਾਤਨੀ ਪੂਜਾ ਕਰਦਾ ਹੈ, ਇਸ ਲਈ ਸਿੱਖ ਨਹੀਂ। ਤਿੰਨ ਦਿਨ ਬਾਅਦ ਅਕਾਲੀ ਦਲ ਦਾ ਪ੍ਰਧਾਨ ਸ਼ਨੀ ਮੰਦਰ ਵਿਚ ਜਾ ਕੇ ਪੂਜਾ ਕਰਦਾ ਵੇਖਿਆ ਗਿਆ, ਉਦੋਂ ਕਿਸੇ ਸਿੱਖ ਆਗੂ ਜਾਂ ਕਿਸੇ ਤਖਤ ਦੇ ਜਥੇਦਾਰ ਸਾਹਿਬ ਨੇ ਕੋਈ ਗੱਲ ਨਹੀਂ ਕਹੀ। ਜਿਵੇਂ ਹਿੰਦੂ ਧਰਮ ਦੇ ਕੁਝ ਸਿਆਸੀ ਝੰਡਾਬਰਦਾਰ ਮਰਜ਼ੀ ਦੇ ਮਾਮਲੇ ਚੁੱਕਦੇ ਅਤੇ ਗਰੀਬਾਂ ਦੇ ਗਲ ਅੰਗੂਠਾ ਦੇਣ ਤੁਰ ਪੈਂਦੇ ਹਨ, ਉਸੇ ਤਰ੍ਹਾਂ ਸਿੱਖਾਂ ਵਿਚ ਕੋਈ ਉਲੰਘਣਾ ਹੋਈ ਜਾਂ ਨਹੀਂ, ਇਸ ਨੂੰ ਉਸ ਬੰਦੇ ਦੀ ਰਾਜ ਕਰਦੀ ਧਿਰ ਦੀ ਲੀਡਰਸ਼ਿਪ ਨਾਲ ਵਫਾਦਾਰੀ ਜਾਂ ਵਿਰੋਧ ਤੋਂ ਮਿਣਿਆ ਜਾ ਰਿਹਾ ਹੈ।

ਇਸ ਹਫਤੇ ਜਦੋਂ ਪਾਰਲੀਮੈਂਟ ਵਿਚ ਆਗਰੇ ਵਾਲੇ ਧਰਮ ਪਰਿਵਰਤਨ ਬਾਰੇ ਬਹਿਸ ਹੋ ਰਹੀ ਸੀ, ਇੱਕ ਭਗਵੇਂ ਚੋਲੇ ਵਾਲੇ ਪਾਰਲੀਮੈਂਟ ਮੈਂਬਰ ਨੇ ਸਦਨ ਤੋਂ ਬਾਹਰ ਕਹਿ ਦਿੱਤਾ ਕਿ ਇਹ ਗਾਂਧੀ ਦਾ ਦੇਸ਼ ਹੈ, ਜਿਹੜੇ ਲੋਕਾਂ ਨੂੰ ਰਾਮ ਦਾ ਨਾਂ ਲੈਣ ਤੋਂ ਇਤਰਾਜ਼ ਹੈ, ਉਹ ਗਾਂਧੀ ਦੀ ਸਮਾਧੀ ਉਤੇ ਲਿਖਿਆ 'ਹੇ ਰਾਮ' ਮਿਟਾ ਕੇ ਆਉਣ। ਕਹਿਣ ਵਾਲੀ ਸੁਰ ਇਸ ਤਰ੍ਹਾਂ ਦੀ ਸੀ, ਜਿਵੇਂ ਉਹ ਮਹਾਤਮਾ ਗਾਂਧੀ ਦਾ ਬੜਾ ਵੱਡਾ ਪੈਰੋਕਾਰ ਹੋਵੇ, ਪਰ ਦੋ ਦਿਨਾਂ ਪਿੱਛੋਂ ਉਹੋ ਸਾਧੂ ਪਾਰਲੀਮੈਂਟ ਮੈਂਬਰ ਮਹਾਤਮਾ ਗਾਂਧੀ ਨੂੰ ਕਤਲ ਕਰਨ ਦੇ ਦੋਸ਼ ਵਿਚ ਫਾਂਸੀ ਲੱਗੇ ਨੱਥੂ ਰਾਮ ਗੌਡਸੇ ਦੇ ਸੋਹਲੇ ਗਾਉਣ ਪਿੱਛੋਂ ਪਾਰਲੀਮੈਂਟ ਵਿਚ ਨਵੇਂ ਹੰਗਾਮੇ ਪੈਦਾ ਹੋਣ ਦਾ ਕਾਰਨ ਬਣਿਆ ਤੇ ਮੁਆਫੀਆਂ ਮੰਗ ਕੇ ਛੁੱਟਿਆ ਸੀ।

ਮਹਾਤਮਾ ਗਾਂਧੀ ਦੀ ਗੱਲ ਚੱਲੀ ਹੈ ਤਾਂ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਗਾਂਧੀ ਨੇ ਆਪਣੇ ਆਪ ਨੂੰ ਕਦੀ ਹਿੰਦੂ ਰੰਗਣ ਵਿਚ ਇਸ ਤਰ੍ਹਾਂ ਨਹੀਂ ਸੀ ਰੰਗਿਆ, ਜਿਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ। ਉਸ ਦਾ ਪੁੱਤਰ ਹਿੰਦੂ ਧਰਮ ਨੂੰ ਛੱਡ ਕੇ ਮੁਸਲਮਾਨ ਹੋ ਗਿਆ ਤਾਂ ਗਾਂਧੀ ਨੇ ਇਸ ਉਤੇ ਕੋਈ ਚੀਕ-ਚਿਹਾੜਾ ਨਹੀਂ ਸੀ ਪਾਇਆ। ਸਾਰਿਆਂ ਨੂੰ ਇਹ ਗੱਲ ਪਤਾ ਹੈ ਕਿ ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਸੀ, ਉਦੋਂ ਦੇਸ਼ ਦੀ ਵੰਡ ਕਾਰਨ ਕਈ ਥਾਂਈਂ ਦੰਗੇ ਹੋਣ ਲੱਗ ਪਏ ਸਨ। ਅਗਲੀ ਇਹ ਗੱਲ ਬਹੁਤੇ ਲੋਕ ਨਹੀਂ ਜਾਣਦੇ ਕਿ ਪੰਦਰਾਂ ਅਗਸਤ ਨੂੰ ਜਦੋਂ ਰਾਤ ਬਾਰਾਂ ਵਜੇ ਬਰਤਾਨੀਆ ਦੀ ਹਕੂਮਤ ਦਾ ਝੰਡਾ ਉਤਾਰ ਕੇ ਭਾਰਤ ਦਾ ਤਿਰੰਗਾ ਝੁਲਾਉਣ ਅਤੇ ਨਵੇਂ ਹਾਕਮਾਂ ਨੂੰ ਸਹੁੰ ਚੁਕਾਉਣ ਦੀ ਰਸਮ ਹੋ ਰਹੀ ਸੀ, ਉਦੋਂ ਮਹਾਤਮਾ ਗਾਂਧੀ ਦਿੱਲੀ ਵਿਚ ਨਹੀਂ ਸੀ। ਮਹਾਤਮਾ ਗਾਂਧੀ ਨੂੰ ਨਾ ਆਜ਼ਾਦੀ ਆਈ ਮਾੜੀ ਲੱਗਦੀ ਸੀ ਤੇ ਨਾ ਝੰਡਾ ਝੁਲਾਉਣ ਦਾ ਮੱਤਭੇਦ ਸੀ, ਪਰ ਦਿੱਲੀ ਵਿਚ ਇਸ ਲਈ ਨਹੀਂ ਸੀ ਕਿ ਉਹ ਉਥੇ ਚਲਾ ਗਿਆ ਸੀ, ਜਿੱਥੇ ਦੰਗਿਆਂ ਦੌਰਾਨ ਮੁਸਲਮਾਨਾਂ ਉਤੇ ਹਮਲੇ ਹੋ ਰਹੇ ਸਨ। ਜਿਹੜਾ ਗਾਂਧੀ ਦੰਗਿਆਂ ਵੇਲੇ ਇਸ ਤਰ੍ਹਾਂ ਦਾ ਪੈਂਤੜਾ ਮੱਲਣ ਤੱਕ ਚਲਾ ਗਿਆ, ਉਸ ਦੀ ਸਮਾਧੀ ਉਤੇ ਲਿਖਿਆ 'ਹੇ ਰਾਮ' ਉਸ ਦੀ ਨਿੱਜੀ ਜ਼ਿੰਦਗੀ ਦੀ ਸ਼ਰਧਾ ਤਾਂ ਪ੍ਰਗਟ ਕਰਦਾ ਹੈ, ਪਰ ਇਸ 'ਹੇ ਰਾਮ' ਤੋਂ ਉਹ ਭਾਵਨਾ ਨਹੀਂ ਕੱਢੀ ਜਾ ਸਕਦੀ, ਜਿਹੜੀ ਨੱਥੂ ਰਾਮ ਗੌਡਸੇ ਦੀਆਂ ਸਿਫਤਾਂ ਕਰਨ ਮਗਰੋਂ ਮੁਆਫੀ ਮੰਗਣ ਵਾਲੇ ਕਿਸੇ ਸਿਆਸੀ ਸਾਧੂ ਨੇ ਕੱਢਣ ਦਾ ਯਤਨ ਕੀਤਾ ਹੈ।

ਸਥਿਤੀ ਦਾ ਇੱਕ ਹੋਰ ਪਹਿਲੂ ਵੀ ਹੈ, ਜਿਸ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਭਾਰਤ ਦੀ ਆਜ਼ਾਦੀ ਦੇ ਮੌਕੇ ਇਸ ਦਾ ਇੱਕ ਹਿੱਸਾ ਵੱਖਰਾ ਕਰ ਕੇ ਮੁਸਲਮਾਨਾਂ ਲਈ ਪਾਕਿਸਤਾਨ ਬਣਵਾਉਣ ਵਾਲੇ ਮੁਹੰਮਦ ਅਲੀ ਜਿਨਾਹ ਦੀ ਪਤਨੀ ਜਵਾਨੀ ਵੇਲੇ ਮਰ ਗਈ ਅਤੇ ਇੱਕ ਛੋਟੀ ਜਿਹੀ ਬੱਚੀ ਛੱਡ ਗਈ ਸੀ। ਜਿਨਾਹ ਨੇ ਬੜੇ ਚਾਵਾਂ ਨਾਲ ਉਸ ਬੱਚੀ ਨੂੰ ਪਾਲਿਆ ਤੇ ਜਦੋਂ ਉਹ ਮੁਟਿਆਰ ਹੋਈ ਤਾਂ ਉਸ ਕੁੜੀ ਨੇ ਕਰੋੜਾਂ ਮੁਸਲਮਾਨ ਮੁੰਡੇ ਛੱਡ ਕੇ ਇੱਕ ਪਾਰਸੀ ਨਾਲ ਵਿਆਹ ਕਰ ਲਿਆ ਸੀ। ਇਸ ਤੋਂ ਪਿਓ-ਧੀ ਦੀ ਬਹਿਸ ਵੀ ਹੋਈ। ਧੀ ਨੇ ਇਹ ਕਹਿ ਕੇ ਬਾਪ ਦੀ ਜ਼ੁਬਾਨ ਬੰਦ ਕਰਵਾ ਦਿੱਤੀ ਸੀ ਕਿ ਕਰੋੜਾਂ ਮੁਸਲਮਾਨ ਕੁੜੀਆਂ ਛੱਡ ਕੇ ਤੁਸੀਂ ਵੀ ਇੱਕ ਗੈਰ-ਮੁਸਲਿਮ ਕੁੜੀ ਨਾਲ ਵਿਆਹ ਕੀਤਾ ਸੀ, ਕਿਉਂਕਿ ਉਸ ਉਮਰ ਵਿਚ ਤੁਸੀਂ ਸੈਕੂਲਰ ਹੁੰਦੇ ਸੀ, ਅੱਜ ਮੈਂ ਉਸ ਉਮਰ ਵਿਚ ਹਾਂ। ਇਸ ਦੇ ਪਿੱਛੋਂ ਜਿਨਾਹ ਨੇ ਆਪਣੇ ਮਨੋਰਥ ਦੀ ਪ੍ਰਾਪਤੀ ਕਰ ਲਈ, ਇੱਕ ਦੇਸ਼ ਇਸਲਾਮ ਦੇ ਨਾਂ ਉਤੇ ਬਣਾ ਲਿਆ, ਪਰ ਉਸ ਦੀ ਇਕਲੌਤੀ ਔਲਾਦ, ਦੀਨਾ ਨਾਂ ਦੀ ਉਹ ਧੀ, ਉਸ ਨਾਲ ਪਾਕਿਸਤਾਨ ਨਹੀਂ ਗਈ, ਸੈਕੂਲਰ ਭਾਰਤ ਵਿਚ ਹੀ ਰਹੀ ਸੀ। ਭਾਰਤ ਦਾ ਜਾਣਿਆ-ਪਛਾਣਿਆ ਉਦਯੋਗਪਤੀ ਬੰਬੇ ਡਾਈਂਗ ਕੰਪਨੀ ਦਾ ਮਾਲਕ ਨੁਸਲੀ ਵਾਡੀਆ ਉਸੇ ਦੀਨਾ ਦਾ ਪੁੱਤਰ ਤੇ ਮੁਹੰਮਦ ਅਲੀ ਜਿਨਾਹ ਦਾ ਦੋਹਤਾ ਹੈ। ਭਾਰਤ ਵਿਚ ਘਟੋ-ਘਟ ਤਿੰਨ ਰਾਜਸੀ ਟੱਬਰ ਹਨ, ਜਿਨ੍ਹਾਂ ਦਾ ਕੋਈ ਨਾ ਕੋਈ ਜੀਅ ਆਪਣੇ ਰਾਜ ਦਾ ਮੁੱਖ ਮੰਤਰੀ ਬਣ ਚੁੱਕਾ ਹੈ, ਪਰ ਉਨ੍ਹਾਂ ਨੇ ਆਪਣੇ ਧਰਮ ਤੋਂ ਬਾਹਰ ਰਿਸ਼ਤੇ ਕੀਤੇ ਹਨ। ਕਿਸੇ ਦੀ ਧੀ ਨੇ ਦੂਸਰੇ ਧਰਮ ਵਿਚ ਵਿਆਹ ਕਰਵਾਇਆ ਤੇ ਕਿਸੇ ਦੀ ਭੈਣ ਨੇ ਕਰਵਾ ਲਿਆ, ਪਰ ਕਦੀ ਕਿਸੇ ਲੀਡਰ ਨੇ ਉਨ੍ਹਾਂ ਬਾਰੇ ਕੋਈ ਇਤਰਾਜ਼ ਨਹੀਂ ਕੀਤਾ, ਕਿਉਂਕਿ ਉਹ ਹੈਸੀਅਤ ਵਾਲੇ ਵੱਡੇ ਲੋਕ ਹਨ।


ਇਸ ਤਰ੍ਹਾਂ ਦੀਆਂ ਕਈ ਮਿਸਾਲਾਂ ਗਿਣਾਈਆਂ ਜਾ ਸਕਦੀਆਂ ਹਨ, ਪਰ ਪੰਜਾਬੀ ਮੁਹਾਵਰਾ ਹੈ ਕਿ ਅੰਨ੍ਹੇ ਅੱਗੇ ਰੋਣਾ ਅੱਖਾਂ ਦਾ ਖੌਅ ਹੁੰਦਾ ਹੈ। ਜਿਹੜੇ ਲੋਕ ਅੱਜ ਧਰਮ ਦਾ ਝੰਡਾ ਚੁੱਕ ਕੇ ਭਾਰਤ ਦੀ ਏਕਤਾ ਤੇ ਭਾਈਚਾਰਕ ਮਾਹੌਲ ਨੂੰ ਪਲੀਤਾ ਲਾਉਣ ਤੁਰੇ ਹੋਏ ਹਨ, ਉਨ੍ਹਾਂ ਉਤੇ ਇਸ ਦਾ ਅਸਰ ਨਹੀਂ ਹੋਣਾ। ਇਸ ਦੇ ਬਾਵਜੂਦ ਜੇ ਅਸੀਂ ਇਸ ਮੁੱਦੇ ਬਾਰੇ ਗੱਲ ਕਰਦੇ ਹਾਂ ਤਾਂ ਉਨ੍ਹਾਂ ਲਈ ਨਹੀਂ ਕਰ ਰਹੇ। ਅਸੀਂ ਆਪਣੇ ਦੇਸ਼ ਦੇ ਲੋਕਾਂ ਨੂੰ ਇਹ ਕਹਿਣਾ ਚਾਹੁੰਦੇ ਹਾਂ ਕਿ ਉਹ ਧਰਮ ਦੇ ਖੇਤਰ ਵਿਚ ਰਾਜਨੀਤੀ ਦੀਆਂ ਚਾਲਾਂ ਤੋਂ ਸੁਚੇਤ ਰਹਿਣ। ਜਦੋਂ ਵੀ ਭਾਰਤ ਦੀ ਤਕਦੀਰ ਕੁਰਾਹੇ ਪਈ, ਹਰ ਵਾਰ ਉਨ੍ਹਾਂ ਲੋਕਾਂ ਨੇ ਪਾਈ ਹੈ, ਜਿਹੜੇ ਧਰਮ ਨੂੰ ਰਾਜਨੀਤੀ ਲਈ ਵਰਤਦੇ ਹਨ। ਉਰਦੂ ਦਾ ਇੱਕ ਸ਼ੇਅਰ ਹੈ ਕਿ 'ਵੋ ਵਕਤ ਭੀ ਦੇਖਾ ਤਾਰੀਖ ਕੀ ਘੜੀਓਂ ਨੇ, ਲਮਹੋਂ ਨੇ ਖਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।' ਭਾਰਤ ਦੀ ਰਵਾਨੀ ਨੂੰ ਇੱਕ ਵਾਰ ਫਿਰ ਠੇਡਾ ਲੱਗਣ ਤੋਂ ਬਚਾਉਣ ਲਈ ਇਸ ਦੇ ਲੋਕਾਂ ਨੂੰ ਸਾਵਧਾਨ ਹੋਣਾ ਪਵੇਗਾ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਗਦਰੀ ਮੇਲੇ ਵਿਚ 'ਕਾਮਾਗਾਟਾ ਮਾਰੂ ਸਫਰ ਜਾਰੀ ਹੈ' ਦੀ ਸਫਲ ਪੇਸ਼ਕਾਰੀ

**ਸੈਕਰਾਮੈਂਟੋ (ਐਸ. ਅਸ਼ੋਕ ਭੌਰਾ):** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਵਲੋਂ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਸਾਲਾਨਾ ਮੇਲੇ ਵਿਚ ਇਥੇ ਕੰਜ਼ਿਊਮਰਜ਼ ਓਕਲ



ਹਾਈ ਸਕੂਲ ਦੇ ਪ੍ਰਫਾਰਮਿੰਗ ਆਰਟ ਸੈਂਟਰ (ਐਲਕ ਗਰੋਵ) ਵਿਖੇ ਜਿਥੇ ਗਦਰ ਇਤਿਹਾਸ ਤੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ, ਉਥੇ ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਅਲਬਰਟਾ ਵਲੋਂ ਦਵਿੰਦਰ ਦਮਨ ਦੇ ਲਿਖੇ ਤੇ ਨਿਰਦੇਸ਼ਤ ਕੀਤੇ ਨਾਟਕ 'ਕਾਮਾਗਾਟਾ ਮਾਰੂ ਸਫਰ ਜਾਰੀ ਹੈ' ਨੇ ਨਵੀਆਂ ਨਸਲਾਂ ਨੂੰ ਆਪਣਾ ਮਹਾਨ ਤੇ ਮਰ-ਮਿਟਣ ਵਾਲਾ ਵਿਰਸਾ ਦਿਖਾ ਕੇ ਸਹੀ ਅਰਥਾਂ ਵਿਚ ਗਦਰ ਲਹਿਰ ਦੀ ਬਾਤ ਪਾਈ। ਇਸ ਨਾਟਕ ਨੂੰ ਜੋਗਿੰਦਰ ਰੰਧਾਵਾ ਦੀ ਅਗਵਾਈ ਹੇਠਲੀ ਪੰਦਰਾਂ ਮੈਂਬਰੀ ਟੀਮ ਨੇ ਪੇਸ਼ ਕੀਤਾ।

ਫਾਊਡੇਸ਼ਨ ਦੇ ਮੁੱਖ ਪ੍ਰਬੰਧਕਾਂ ਕੁਲਦੀਪ ਸਿੰਘ ਅਟਵਾਲ ਤੇ ਸੁਰਜੀਤ ਸਿੰਘ ਅਟਵਾਲ ਨੇ ਕਿਹਾ ਕਿ ਮੇਲੇ 'ਤੇ ਨਾਟਕ ਦਾ ਪ੍ਰਬੰਧ ਕਰ ਕੇ ਉਨ੍ਹਾਂ ਨੂੰ ਲੱਗਾ ਹੈ ਕਿ ਜ਼ਿੰਦਗੀ ਦਾ ਕੋਈ ਅਧੂਰਾ ਰਹਿੰਦਾ ਕਾਰਜ ਪੂਰਾ ਕਰ ਲਿਆ ਹੈ। ਦੋਹਾਂ ਭਰਾਵਾਂ ਮੁਤਾਬਕ ਨਾਟਕ ਟੀਮ ਦੇ ਪੰਦਰਾਂ ਮੈਂਬਰਾਂ ਜਿਨ੍ਹਾਂ ਵਿਚ ਪੰਦਰਾਂ-ਸੋਲਾਂ ਸਾਲਾਂ ਦੇ ਗੱਭਰੂ ਤੇ ਆਪਣੀ ਜ਼ਿੰਦਗੀ ਖਾਸ ਉਦੇਸ਼ ਨਾਲ ਜੋੜਨ ਵਾਲੇ ਲੋਕ ਸਨ, ਨਾਲ ਰਹਿ/ਵਿਚਾਰ ਕੇ ਮਹਿਸੂਸ ਹੋਇਆ ਹੈ ਕਿ ਹਾਲੇ ਜ਼ਿੰਦਗੀ ਵਿਚ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਉਨ੍ਹਾਂ ਸਮੁੱਚੀ ਟੀਮ ਦੀ ਭਾਵਨਾ ਤੇ ਸਮਰਪਿਤ ਸੋਚ ਨੂੰ ਸਲਾਮ ਕਰਦਿਆਂ ਅਗਾਂਹ ਨੂੰ ਵੀ ਅਜਿਹੇ ਕਾਰਜ ਕਰਨ ਦੀ ਸੰਕਲਪ ਲਿਆ।


ਦੁਪਹਿਰੇ ਕਰੀਬ ਇਕ ਵਜੇ ਪੰਮੀ ਮਾਨ, ਅਨੂਪ ਚੀਮਾ ਤੇ ਤਰਲੋਕ ਸਿੰਘ ਦੇ ਗਦਰ ਲਹਿਰ ਅਤੇ ਸਿੰਘ ਸੂਰਮਿਆਂ ਦੇ ਗੀਤਾਂ ਨਾਲ ਅਰੰਭ ਹੋਏ ਇਸ ਮੇਲੇ ਵਿਚ ਇੰਡੋ-ਅਮੈਰਿਕਨ ਹੈਰੀਟੇਜ ਸੁਸਾਇਟੀ ਤੇ ਬੇ-ਏਰੀਆ ਕਲਚਰਲ ਤੇ ਸਪੋਰਟਸ ਐਸੋਸੀਏਸ਼ਨ ਦੇ ਅਹੁਦੇਦਾਰਾਂ-ਗੁਰਦੀਪ ਸਿੰਘ ਅਣਖੀ, ਸੁਰਿੰਦਰ ਮੰਡਾਲੀ ਤੇ ਅਵਤਾਰ ਤਾਰੀ ਨੇ ਵੀ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਨ੍ਹਾਂ ਸੰਸਥਾਵਾਂ ਨੇ ਵੀ ਨਾਟਕ 'ਕਾਮਾਗਾਟਾ ਮਾਰੂ ਸਫਰ ਜਾਰੀ ਹੈ' ਬੇ-ਏਰੀਆ ਵਿਚ ਹੇਵਰਡ ਤੇ ਫਰਿਜ਼ਨੋ ਵਿਚ ਪੇਸ਼ ਕੀਤਾ ਸੀ।



ਇਸ ਮੌਕੇ ਵਿਦਵਾਨ ਡਾ. ਗੁਰੂਮੇਲ ਸਿੱਧੂ ਨੇ ਜਿਥੇ ਮੇਲੇ ਦੇ ਪ੍ਰਬੰਧ ਲਈ ਵਧਾਈ ਦਿੱਤੀ, ਉਥੇ ਗਦਰ ਲਹਿਰ ਦੇ ਇਤਿਹਾਸ ਬਾਰੇ ਚਾਨਣਾ ਪਾਉਂਦਿਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਸ ਨੂੰ ਹੋਰ ਵੀ ਸਾਰਥਿਕ ਢੰਗ ਨਾਲ ਸੰਭਾਲਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦਵਿੰਦਰ ਦਮਨ ਦਾ ਨਾਟਕ ਆਪਣੇ-ਆਪ ਵਿਚ ਇਸ ਇਤਿਹਾਸ ਦਾ ਮੂੰਹ ਬੋਲਦਾ ਦਸਤਾਵੇਜ਼ ਹੈ। ਮੇਲੇ ਦੌਰਾਨ ਗਦਰ ਲਹਿਰ ਦੀ ਬਾਤ ਪਾਉਣ ਅਤੇ ਇਸ ਨੂੰ ਸੰਭਾਲਣ ਦੇ ਯਤਨ ਵਿਚ ਲੱਗੇ ਲੋਕਾਂ ਦੇ ਸਹਿਯੋਗ ਲਈ ਡਾ. ਸਤਨਾਮ ਸਿੰਘ ਉਪਲ-ਮਰਸਡ, ਸਰਬਜੀਤ ਸਿੰਘ ਅਟਵਾਲ ਦੇ ਪੁੱਤਰਾਂ ਡਾ. ਪਾਲ ਅਟਵਾਲ ਤੇ ਜੈਸੀ ਅਟਵਾਲ, ਪਰਮਜੀਤ ਸਿੰਘ ਤੇ ਸਰਬਜੀਤ ਸਿੰਘ ਜੌਹਲ, ਰਮਿੰਦਰ ਸਿੰਘ ਜੌਹਲ, ਬਲਜੀਤ ਸਿੰਘ ਬਾਸੀ, ਸੈਮ ਸਮਰਾ, ਅਮਰਜੀਤ ਸਿੰਘ ਕੰਦੋਲਾ, ਮੁਲਖ ਰਾਜ ਸ਼ਰਮਾ, ਡਾ. ਗੁਰੂਮੇਲ ਸਿੱਧੂ ਤੇ ਮੇਲੇ ਦੇ ਹੁਣ ਤੱਕ ਰੂਹੇ-ਰਵਾਂ ਰਹੇ ਚਰਨ ਸਿੰਘ ਜੱਜ ਨੂੰ ਉਨ੍ਹਾਂ ਦੀਆਂ ਬਿਹਤਰੀਨ ਸੇਵਾਵਾਂ ਲਈ ਸਨਮਾਨਤ ਕੀਤਾ ਗਿਆ। ਗਦਰੀ ਬਾਬਿਆਂ ਦੇ ਪਰਿਵਾਰ ਵਿਚੋਂ ਨਰੰਜਣ ਸਿੰਘ ਸਮਰਾ, ਸੈਮ ਸਮਰਾ, ਆਜ਼ਾਦੀ ਘੁਲਾਟੀਏ ਬਾਬਾ ਕਰਮ ਸਿੰਘ ਦੀ ਪੋਤਰੀ ਯਸ਼ਵਿੰਦਰ ਕੌਰ ਉਪਲ, ਡਾ. ਸਤਨਾਮ ਸਿੰਘ ਉਪਲ ਦੀ ਹਾਜ਼ਰੀ ਮੇਲੇ ਦਾ ਧੰਨ-ਭਾਗ ਵੀ ਰਹੀ ਤੇ ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਪੂਰਾ ਮਾਣ ਵੀ ਦਿੱਤਾ ਗਿਆ। ਸਮੁੱਚੇ ਮੇਲੇ ਦੀ ਪ੍ਰਧਾਨਗੀ ਗੁਰਦੀਪ ਸਿੰਘ ਅਣਖੀ, ਸੁਰਿੰਦਰ ਸਿੰਘ ਮੰਡਾਲੀ, ਮਹਿੰਦਰ ਸਿੰਘ ਢਾਹ, ਬਲਦੇਵ ਸਿੰਘ ਧਾਰੀਵਾਲ ਤੇ ਪਰਮਜੀਤ ਸਿੰਘ ਢਿੱਲੋਂ ਨੇ ਕੀਤੀ।

ਦਵਿੰਦਰ ਦਮਨ ਨੇ ਨਾਟਕ 'ਕਾਮਾਗਾਟਾ ਮਾਰੂ ਸਫ਼ਰ ਜਾਰੀ ਹੈ' ਨੂੰ ਦਰਸ਼ਕਾਂ ਨੇ ਸਾਹ ਰੋਕ ਕੇ ਵੇਖਿਆ ਤੇ ਮਾਣਿਆ। ਦਵਿੰਦਰ ਦਮਨ ਨੇ ਸਮੂਹ ਕਲਾਕਾਰਾਂ ਖਾਸ ਤੌਰ 'ਤੇ ਜੋਗਿੰਦਰ ਰੰਧਾਵਾ ਦੀ ਅਦਾਕਾਰੀ ਦੀ ਗੱਲ ਕੀਤੀ ਅਤੇ ਕਿਹਾ











ਕਿ ਚਮੜੀ ਦਾ ਰੰਗ ਭਾਵੇਂ ਬਦਲ ਗਿਆ ਹੈ, ਪਰ ਭਿੰਨ-ਭੇਦ ਦੇ ਰੰਗ-ਢੰਗ ਨਹੀਂ ਬਦਲੇ; ਇਸ ਲਈ ਇਹ ਨਾਟਕ ਵਰਤਮਾਨ ਸਮੇਂ ਵਿਚ ਵੀ ਉਨਾ ਹੀ ਪ੍ਰਸੰਗਕ ਹੈ।

ਅਮਰੀਕ ਸਿੰਘ ਪਰਿਹਾਰ, ਰਸ਼ਪਾਲ ਸਿੰਘ ਫਰਵਾਲਾ, ਪ੍ਰੋ. ਮੱਖਣ ਸਿੰਘ ਸੰਧੂ, ਜਨਕ ਰਾਜ ਸਿੰਧਰਾ, ਮਦਨ ਲਾਲ ਸ਼ਰਮਾ, ਮੱਖਣ ਸਿਘ ਬਾਸੀ, ਹਰਭਜਨ ਸਿੰਘ ਬਾਸੀ, ਮਲਕੀਤ ਸਿੰਘ ਸੰਧੂ, ਰਸ਼ਪਾਲ ਸਿੰਘ ਬਿੱਲਾ, ਅਵਤਾਰ ਸਿੰਘ ਤਾਰੀ, ਮਹਿੰਗਾ ਸਿੰਘ ਸਰਪੰਚ, ਬਲਵੀਰ ਸਿੰਘ ਜੌਹਲ, ਸਤਨਾਮ ਸਿੰਘ ਖਹਿਰਾ, ਸੁਖਦੇਵ ਸਿੰਘ, ਅਮਰਜੀਤ ਸਿੰਘ ਕੰਦੋਲਾ, ਲਖਵਿੰਦਰ ਸਿੰਘ, ਕਮਲਪ੍ਰੀਤ ਸਿੰਘ ਤੱਖਰ, ਹਰਮਨਦੀਪ ਸ਼ੇਰਗਿੱਲ, ਸਰਬਜੀਤ ਸਿੰਘ ਸਾਬੀ, ਚਰਨ ਸਿੰਘ ਸੈਕਰਾਮੈਂਟੋ ਤੇ ਦਸਮੇਸ਼ ਦਰਬਾਰ ਗੁਰੂਘਰ ਤੋਂ ਅਵਤਾਰ ਸਿੰਘ ਅਟਵਾਲ ਦੀ ਵੀ ਪ੍ਰਬੰਧਕਾਂ ਵਲੋਂ ਆਓ-ਭਗਤ ਅਤੇ ਮਹਿਮਾਨ-ਨਿਵਾਜ਼ੀ ਕੀਤੀ ਗਈ। ਕੁਲਵੰਤ ਸਿੰਘ ਢੇਸੀ ਦਾ ਉਚੇਚਾ ਸਨਮਾਨ ਕੀਤਾ ਗਿਆ।

ਧੰਨਵਾਦੀ ਲਫ਼ਜ਼ਾਂ ਵਿਚ ਚੇਅਰਮੈਨ ਕੁਲਦੀਪ ਸਿੰਘ ਅਟਵਾਲ ਤੇ ਪ੍ਰਧਾਨ ਸੁਰਜੀਤ ਸਿੰਘ ਅਟਵਾਲ ਨੇ ਕਿਹਾ ਕਿ ਉਹ ਭਵਿੱਖ ਵਿਚ ਗਦਰ ਲਹਿਰ ਤੇ ਇਤਿਹਾਸ ਦੀ ਸਾਂਭ-ਸੰਭਾਲ ਲਈ ਤਨੋ, ਮਨੋ ਤੇ ਧਨੋ ਸੇਵਾ ਕਰਨਗੇ। ਕਮੇਟੀ ਮੈਂਬਰਾਂ ਸਤਵੀਰ ਸਿੰਘ ਬਾਜਵਾ, ਜਰਨੈਲ ਸਿੰਘ ਮੰਡੇਰ, ਜਗਜੀਤ ਸਿੰਘ ਕੰਦੋਲਾ, ਯਾਦਵਿੰਦਰ ਸਿੰਘ ਹੈਪੀ, ਬਲਦੇਵ ਸਿੰਘ ਬੋਲੀਨਾ, ਬਲਵੀਰ ਸਿੰਘ ਗਿੱਲ, ਹਰਮਨ ਸਿੰਘ ਤੇ ਸਤਿੰਦਰਪਾਲ ਸਿੰਘ ਸਰਹੱਦੀ ਦੀ ਦਿਨ-ਰਾਤ ਮਿਹਨਤ ਮੇਲੇ ਦੀ ਸਫਲਤਾ ਦੀ ਗਵਾਹ ਬਣੀ।

ਮੇਲੀਆਂ ਲਈ ਚਾਹ, ਫਰੂਟ ਤੇ ਖਾਣ-ਪੀਣ ਦਾ ਪੂਰਾ ਪ੍ਰਬੰਧ ਸੀ। ਸਟੇਜ ਸੰਚਾਲਨ ਆਸ਼ਾ ਸ਼ਰਮਾ ਨੇ ਕੀਤਾ।







## 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ 3 ਜਨਵਰੀ ਨੂੰ ਸਨੀਵੇਲ 'ਚ

**ਫਰੀਮਾਂਟ (ਬਿਊਰੋ):** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਤੇ ਐਸ. ਅਸ਼ੋਕ ਭੌਰਾ ਵਲੋਂ ਪੰਜਾਬ ਲੋਕ ਰੰਗ ਅਤੇ ਪੰਜ ਦਰਿਆ ਡਾਂਸ ਅਕੈਡਮੀ ਦੇ ਸਹਿਯੋਗ ਨਾਲ ਨਵੇਂ ਵਰ੍ਹੇ 2015 ਨੂੰ ਜੀ ਆਇਆਂ ਆਖਦਾ ਰੰਗਾਰੰਗ ਪ੍ਰੋਗਰਾਮ 3 ਜਨਵਰੀ ਨੂੰ ਸ਼ਾਮ 6 ਵਜੇ ਸਨੀਵੇਲ ਦੇ ਪ੍ਰਫਾਰਮਿੰਗ ਕਮਿਊਨਿਟੀ ਸੈਂਟਰ ਵਿਚ ਆਯੋਜਿਤ ਕੀਤਾ ਜਾ ਰਿਹਾ ਹੈ।



*ਸਤਵਿੰਦਰ ਬਿੱਟੀ*

ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐਸ. ਅਸ਼ੋਕ ਭੌਰਾ ਅਨੁਸਾਰ ਪੰਜਾਬ ਦੀ ਪ੍ਰਸਿੱਧ ਲੋਕ ਗਾਇਕਾ ਸਤਵਿੰਦਰ ਬਿੱਟੀ ਗਾਇਕੀ ਦਾ ਮੁੱਖ ਆਕਰਸ਼ਣ ਹੋਵੇਗੀ ਜਦੋਂਕਿ ਸੰਗੀਤ ਗਰੁਪ ਆਫ ਕੈਲੀਫੋਰਨੀਆ ਦੇ ਅਨੂਪ ਚੀਮਾ, ਤਰਲੋਕ ਸਿੰਘ, ਅਮਰਜੀਤ ਦੁਲਾਈ ਤੋਂ ਸਿਵਾ ਸੱਤੀ ਪਾਬਲਾ, ਮੰਗਜੀਤ ਮੰਗਾ ਤੇ ਤਰਸੇਮ ਅਟਵਾਲ ਵੀ ਆਪਣੇ ਗੀਤਾਂ ਨਾਲ ਦਰਸ਼ਕਾਂ ਦੇ ਰੂਬਰੂ ਹੋਣਗੇ। ਪ੍ਰੋਗਰਾਮ ਦਾ ਟਾਈਟਲ ਗੀਤ 'ਜਦੋਂ ਪਿਆ ਛਣਕਾਟਾ ਮੇਰੀ ਵੰਗ ਦਾ' ਸੁਰ ਸਰਤਾਜ ਜੇਤੂ ਗਾਇਕਾ ਮਨਦੀਪ ਕੌਰ ਮਾਛੀਵਾੜਾ ਨੇ ਗਾਇਆ ਹੈ। ਪੰਜਾਬ ਤੋਂ ਆਈ ਸੁਰੀਲੀ ਕੁੜੀ ਜੋਤ ਰਣਜੀਤ ਦਿਲਕਸ਼ ਪਹਿਰਾਵੇ ਵਿਚ ਢੱਡ 'ਤੇ ਵਾਰ ਗਾ ਕੇ ਪ੍ਰੋਗਰਾਮ ਦਾ ਆਗਾਜ਼ ਕਰੇਗੀ। ਬਲਜੀਵਨ, ਵਿਜੈ ਤੇ ਜਸਵਿੰਦਰ ਧਨੋਆ ਦੀਆਂ ਸਕਿੱਟਾਂ ਦੀ ਪੇਸ਼ਕਾਰੀ ਹੋਵੇਗੀ ਤੇ ਸੰਚਾਲਨ ਵੱਖਰੇ ਅੰਦਾਜ ਵਿਚ ਤਾਇਆ ਨਾਜਰ, ਜਾਗਰ ਤੇ ਤਾਈ ਪ੍ਰੀਤੋ ਕਰਨਗੇ। ਬਿੱਟੀ ਦੇ ਖੁੱਲ੍ਹੇ ਅਖਾੜੇ ਵਰਗੇ ਸੰਗੀਤਕ ਮਾਹੌਲ ਵਿਚ ਗਿੱਧਾ ਵੀ ਧਿਆਨ ਖਿੱਚੇਗਾ। ਸਮੁੱਚੇ ਪ੍ਰੋਗਰਾਮ ਨੂੰ ਗਲੋਬਲ ਪੰਜਾਬ ਟੀ ਵੀ ਚੈਨਲ ਵਲੋਂ ਜਗਦੇਵ ਭੰਡਾਲ ਤੇ ਰਾਹੁਲ ਐਸ ਕੁਮਾਰ ਦੀ ਅਗਵਾਈ ਹੇਠ ਰਿਕਾਰਡ ਕਰਕੇ ਵਿਖਾਇਆ ਜਾਵੇਗਾ। ਜਾਣਕਾਰੀ ਲਈ ਪਾਲੀ ਧਨੋਲਾ 408-661-5879 ਜਾਂ ਮਨਵੀਰ ਨਾਲ 510-695-4836 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਤ੍ਰਾਸਦੀ ਦਾ ਬਿਆਨ: 'ਕਾਮਾਗਾਟਾ ਮਾਰੂ ਸਫਰ ਜਾਰੀ ਹੈ'

**ਫਰਿਜ਼ਨੋ (ਬਿਊਰੋ):** ਕਾਮਾਗਾਟਾ ਮਾਰੂ ਜਹਾਜ ਦੇ ਦੁਖਾਂਤ ਨੂੰ ਵਾਪਰਿਆਂ ਸੌ ਸਾਲ ਹੋ ਚੁੱਕੇ ਹਨ ਪਰ ਅੱਜ ਵੀ ਬਹੁਤੇ ਲੋਕ ਇਸ ਇਤਿਹਾਸਕ ਤ੍ਰਾਸਦੀ ਅਤੇ ਇਹਦੇ ਨਾਲ ਜੁੜੇ ਪੱਖਾਂ ਤੋਂ ਅਣਜਾਣ ਹਨ। ਨਾਟਕ 'ਕਾਮਾਗਾਟਾ ਮਾਰੂ ਸਫਰ ਜਾਰੀ ਹੈ' ਦੇ ਲੇਖਕ ਦਵਿੰਦਰ ਦਮਨ ਹੁਰਾਂ ਨੇ ਇਸ ਘਟਨਾ ਨਾਲ ਜੁੜੇ ਸਾਰੇ ਪੱਖਾਂ ਦੀ ਘੋਖ ਕਰਕੇ ਇਹ ਨਾਟਕ ਲਿਖਿਆ ਹੈ।

ਇਹ ਨਾਟਕ ਇਕ ਵੱਖਰੇ ਕੋਣ ਤੋਂ ਲਿਖਿਆ ਗਿਆ ਹੈ ਤੇ ਇਸ ਵਿਚ ਉਸ ਵਕਤ ਦੀ ਕੈਨੇਡਾ ਸਰਕਾਰ ਦੀਆਂ ਪੱਖਪਾਤੀ ਅਤੇ ਅਨਿਆ ਵਾਲੀਆਂ ਨੀਤੀਆਂ ਤੋਂ ਪਰਦਾ ਉਠਾਇਆ ਗਿਆ ਹੈ। ਕਲਕੱਤੇ ਦੇ ਬਜ ਬਜ ਘਾਟ 'ਤੇ ਜਹਾਜ਼ ਦੇ ਮੁਸਾਫਰਾਂ 'ਤੇ ਹੋਈ ਗੋਲੀਬਾਰੀ ਦੇ ਦ੍ਰਿਸ਼ ਨਾਲ ਸ਼ੁਰੂ ਹੁੰਦਾ ਇਹ ਨਾਟਕ ਜਹਾਜ਼ ਕਰਾਏ 'ਤੇ ਲੈਣ ਅਤੇ ਕੈਨੇਡਾ ਰਵਾਨਾ ਹੋਣ ਤੋਂ ਪਹਿਲਾਂ ਦੀ ਕਾਨੂੰਨੀ ਜਦੋਜਹਿਦ ਨੂੰ ਬਾਖੂਬੀ ਪੇਸ਼ ਕਰਦਾ ਹੈ। ਇਹ ਨਾਟਕ ਗਦਰ ਪਾਰਟੀ ਵਲੋਂ ਜਹਾਜ਼ ਦੇ ਮੁਸਾਫਰਾਂ ਲਈ ਹਰ ਤਰ੍ਹਾਂ ਕੀਤੀ ਹੋਈ ਸਹਾਇਤਾ ਨੂੰ ਵੀ ਦਰਸ਼ਕਾਂ ਸਾਹਮਣੇ ਰੱਖਦਾ ਹੈ। ਸਾਰੇ ਕਲਾਕਾਰਾਂ ਨੇ ਆਪਣਾ ਆਪਣਾ ਰੋਲ ਬੜੀ ਮੁਹਾਰਤ ਨਾਲ ਕੀਤਾ ਹੈ। ਬਾਬਾ ਗੁਰਦਿਤ ਸਿੰਘ ਦੇ ਮੁਖ ਰੋਲ ਵਿਚ ਜੋਗਿੰਦਰ ਸਿੰਘ ਰੰਧਾਵਾ ਹੁਣਾ ਦਾ ਕੰਮ ਬੇਹੱਦ ਪ੍ਰਭਾਵਸ਼ਾਲੀ ਹੈ।

ਇਸ ਨਾਟਕ ਨੂੰ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਉਣ ਦਾ ਜਿੰਮਾ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰੀਕਾ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਬੇਅ ਏਰੀਆ ਅਤੇ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਨੇ ਨਿਭਾਇਆ। ਇਸ ਲੜੀ ਦਾ ਪਹਿਲਾ ਨਾਟਕ ਹੇਵਰਡ ਵਿਚ 5 ਦਸੰਬਰ ਨੂੰ ਖੇਡਿਆ ਗਿਆ ਅਤੇ 6 ਦਸੰਬਰ ਨੂੰ ਇਹ ਨਾਟਕ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰੀਕਾ ਵਲੋਂ ਸੈਕਰਾਮੈਂਟੋ ਵਿਚ ਕਰਵਾਏ ਗਏ ਗਦਰੀ ਬਾਬਿਆਂ ਦੇ ਮੇਲੇ ਦਾ ਮੁਖ ਆਕਰਸ਼ਨ ਬਣਿਆ। ਇਸ ਲੜੀ ਦਾ ਆਖਰੀ ਨਾਟਕ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ 7 ਦਸੰਬਰ ਨੂੰ ਫਰਿਜ਼ਨੋ ਵਿਚ ਪੇਸ਼ ਕੀਤਾ ਗਿਆ। ਸਨੀ ਸਾਈਡ ਹਾਈ ਸਕੂਲ ਦੇ ਆਡੀਟੋਰੀਅਮ ਵਿਚ ਹੋਏ ਇਸ ਨਾਟਕ ਦਾ ਸਮੂਹ ਲੋਕਾਂ ਨੇ ਭਰਪੂਰ ਅਨੰਦ ਮਾਣਿਆ। ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਇਸਤਰੀ ਵਿੰਗ ਦੀ 13 ਦਸੰਬਰ ਨੂੰ ਹੋਈ ਮੀਟਿੰਗ ਵਿਚ ਇਸ ਨਾਟਕ ਨੂੰ ਦੇਖਣ ਲਈ ਪਹੁੰਚਣ ਵਾਲੇ ਅਤੇ ਇਸ ਨਾਟਕ ਦੀ ਸਫਲਤਾ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਨ ਵਾਲੇ ਲੋਕਾਂ ਦਾ ਧੰਨਵਾਦ ਕੀਤਾ ਗਿਆ।





Sant Attar Singh Ji
(1866 – 1927)






Sant Teja Singh Ji
(1877 – 1965)

# ਅਕਾਲ ਯੂਨੀਵਰਸਿਟੀ – ਗੁਰੂ ਕੀ ਕਾਸ਼ੀ ਦਮਦਮਾ ਸਾਹਿਬ

# ਐਜੂਕੇਸ਼ਨਲ ਸੈਮੀਨਾਰ

# Akal University - Guru Ki Kahsi Damdama Sahib Educational Seminars

WWW.BARUSAHIB.ORG

Chaired by Baba Iqbal Singh Ji

## 20 December 2014

**Saturday** *5:00 PM Onwards*
Sikh Gurudwara San Jose
3636 Murillo Ave.,
San Jose, CA 95148

## 21 December 2014

**Sunday** *5:00 PM Onwards*
Raja Sweets
1275 Winton Ave.,
Hayward, CA 94545

## 26 December 2014

**Friday** *5:00 PM Onwards*
Mirage Banquet Hall
2159 El Camino Ave.,
Sacramento, CA 95821

## 28 December 2014

**Sunday** *5:00 PM Onwards*
The Taj Fine Indian Cuisine
1400 Whyler Rd.,
Yuba City, CA 95993


## 4 January 2014

**Sunday** *11:30 PM Onwards*
Gurdwara Sahib Stockton
1930 South Sikh Temple Street,
Stockton, CA 95206

#BaruSahibHP

**For Registration, Please Text: Ravideep Kaur Mukta 972-693-1077**
**Email: mukta@barusahib.org**
**No Registration Fees, Complimentary Dinner.**

@kalgidhartrust




# THE KALGIDHAR SOCIETY - BARU SAHIB

# ਕੇਂਦਰੀ ਮਦਦ ਉਡੀਕ ਰਹੀ ਬਾਦਲ ਸਰਕਾਰ ਦਾ ਸਬਰ ਟੁੱਟਿਆ

## ਕੇਂਦਰੀ ਪੂਲ ਲਈ ਅਨਾਜ ਖਰੀਦਣ ਬਦਲੇ 24431 ਕਰੋੜ ਦਾ ਬਿੱਲ ਭੇਜਿਆ



**ਚੰਡੀਗੜ੍ਹ:** ਕੇਂਦਰ ਵਿਚ ਭਾਜਪਾ ਦੀ ਸਰਕਾਰ ਆਉਣ ਪਿੱਛੋਂ ਵੱਡੀ ਰਾਹਤ ਦੀ ਉਡੀਕ ਕਰ ਰਹੀ ਪੰਜਾਬ ਸਰਕਾਰ ਦਾ ਸਬਰ ਟੁੱਟਣ ਲੱਗਾ ਹੈ। ਨਮੋਸ਼ੀ ਝੱਲ ਰਹੀ ਸੂਬਾ ਸਰਕਾਰ ਨੇ ਨਰੇਂਦਰ ਮੋਦੀ ਸਰਕਾਰ ਪ੍ਰਤੀ ਸਖ਼ਤ ਲਹਿਜ਼ਾ ਅਪਣਾ ਲਿਆ ਤੇ ਪਿਛਲੇ ਕੁਝ ਸਾਲਾਂ ਦੌਰਾਨ ਕੇਂਦਰੀ ਪੂਲ ਲਈ ਅਨਾਜ ਖਰੀਦਣ ਬਦਲੇ ਉਸ ਨੂੰ 24431 ਕਰੋੜ ਰੁਪਏ ਦਾ ਬਿੱਲ ਭੇਜ ਦਿੱਤਾ ਹੈ ਤੇ ਨਾਲ ਹੀ ਕਣਕ ਦੀ ਅਗਲੀ ਫਸਲ ਲਈ ਬਾਰਦਾਨਾ ਖਰੀਦਣ ਲਈ 1500 ਕਰੋੜ ਰੁਪਏ ਪੇਸ਼ਗੀ ਮੰਗ ਲਏ ਹਨ।

ਕੇਂਦਰ ਸਰਕਾਰ ਨੇ ਹੁਣੇ ਖ਼ਤਮ ਹੋਏ ਝੋਨੇ ਦੇ ਸੀਜ਼ਨ ਕੈਸ਼ ਕ੍ਰੈਡਿਟ ਲਿਮਿਟ (ਸੀ.ਸੀ.ਐਲ.) ਤਹਿਤ ਫੰਡ ਜਾਰੀ ਕਰਨ ਲਈ ਸੂਬਾ ਸਰਕਾਰ ਨੂੰ ਕਾਫੀ ਲੰਮਾ ਇੰਤਜ਼ਾਰ ਕਰਵਾਇਆ ਸੀ ਤੇ ਇਸ ਕਾਰਨ ਕਿਸਾਨ ਤੇ ਆੜ੍ਹਤੀ ਜਥੇਬੰਦੀਆਂ ਨੇ ਸਰਕਾਰ ਦੀ ਕਾਫੀ ਖਿਚਾਈ ਕੀਤੀ ਸੀ।

ਕੇਂਦਰੀ ਵਿੱਤ ਮੰਤਰਾਲੇ ਨੇ ਸੀ.ਸੀ.ਐਲ. ਤਹਿਤ ਫੰਡ ਇਸ ਆਧਾਰ 'ਤੇ ਰੋਕ ਲਏ ਸਨ ਕਿ ਸੂਬਾ ਸਰਕਾਰ ਪਹਿਲਾਂ 42,000 ਕਰੋੜ ਰੁਪਏ ਦੇ ਖੁਰਾਕ ਕੋਟੇ ਦਾ ਹਿਸਾਬ-ਕਿਤਾਬ ਸਾਫ਼ ਕਰੇ। ਪੰਜਾਬ ਸਰਕਾਰ ਦਾ ਕਹਿਣਾ ਸੀ ਕਿ ਇਸ ਮਾਮਲੇ ਦੇ ਕਈ ਨੁਕਤਿਆਂ ਬਾਰੇ ਰੌਲ-ਘਚੌਲਾ ਹੈ। ਹੁਣ ਸੂਬਾ ਸਰਕਾਰ ਨੇ ਕੇਂਦਰ ਦੀ ਘੁੰਡੀ ਦਾ ਤੋੜ ਲੱਭਣ ਲਈ ਪਿਛਲੇ ਕਈ ਸਾਲਾਂ ਦੌਰਾਨ ਕੇਂਦਰੀ ਪੂਲ ਲਈ ਖਰੀਦੀਆਂ ਜਿਣਸਾਂ ਦੇ 24431 ਰੁਪਏ ਦਾ ਹਿਸਾਬ ਕੱਢ ਲਿਆ ਹੈ। ਇਸ ਦਾ ਕਹਿਣਾ ਹੈ ਕਿ ਉਹ ਕੇਂਦਰ ਵੱਲੋਂ ਮੰਗੀ 42000 ਕਰੋੜ ਰੁਪਏ ਦੀ ਰਕਮ ਵਿਚੋਂ 24431 ਕਰੋੜ ਰੁਪਏ ਘਟਾ ਕੇ ਬਾਕੀ ਬਚਦੀ ਰਕਮ ਕੇਂਦਰੀ ਪੂਲ ਵਿਚ ਹੋਰ ਜਿਣਸ ਭੇਜ ਕੇ ਹਿਸਾਬ ਬਰਾਬਰ ਕਰ ਦੇਵੇਗਾ।

ਸੂਤਰਾਂ ਨੇ ਦੱਸਿਆ ਕਿ ਪੰਜਾਬ ਦੇ ਫੂਡ ਸਪਲਾਈਜ਼ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਚਾਹੁੰਦੇ ਹਨ ਕਿ ਅਗਲੇ ਸਾਲ ਅਪਰੈਲ ਤੋਂ ਪਹਿਲਾਂ-ਪਹਿਲਾਂ ਇਹ ਵਿਵਾਦ ਹੱਲ ਕਰ ਲਿਆ ਜਾਵੇ। ਕੇਂਦਰ ਵੱਲ ਕੱਢੇ 24431 ਕਰੋੜ ਵਿਚ ਸਰਕਾਰ ਨੇ 1506 ਕਰੋੜ ਰੁਪਏ ਢੋਆ-ਢੁਆਈ ਦੇ ਖਰਚੇ ਜੋੜੇ ਹਨ ਤੇ ਇਸ 'ਤੇ 1309 ਕਰੋੜ ਰੁਪਏ ਦਾ ਵਿਆਜ ਵੀ ਜੋੜਿਆ ਹੈ। ਇਨ੍ਹਾਂ ਤੋਂ ਇਲਾਵਾ ਰਾਜ ਸਰਕਾਰ ਨੇ 16381 ਕਰੋੜ ਰੁਪਏ ਦੇ ਇਤਫਾਕਨ ਖਰਚੇ ਵੀ ਸ਼ਾਮਲ ਕੀਤੇ ਹਨ। ਇਨ੍ਹਾਂ ਵਿਚ 9001 ਕਰੋੜ ਰੁਪਏ ਦੀ ਮੂਲ ਰਕਮ ਤੇ 7380 ਕਰੋੜ ਰੁਪਏ ਵਿਆਜ ਦੇ ਬਣਦੇ ਹਨ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 2003-04 ਤੋਂ ਬਾਅਦ ਇਤਫ਼ਾਕਨ ਖਰਚਿਆਂ ਵਿਚ ਭਾਰੀ ਵਾਧਾ ਹੋਇਆ ਹੈ ਪਰ ਕੇਂਦਰ ਪੁਰਾਣੀਆਂ ਦਰਾਂ ਮੁਤਾਬਕ ਹੀ ਅਦਾਇਗੀ ਕਰ ਰਿਹਾ ਹੈ। ਬੁਨਿਆਦੀ ਢਾਂਚਾ ਕਰ ਵਜੋਂ ਕੇਂਦਰ ਦੋ ਫੀਸਦੀ ਦੇ ਹਿਸਾਬ ਨਾਲ ਅਦਾਇਗੀ ਕਰ ਰਿਹਾ ਹੈ ਜਦਕਿ ਰਾਜ ਸਰਕਾਰ ਇਸ ਨੂੰ ਵਧਾ ਕੇ ਤਿੰਨ ਫੀਸਦੀ ਕਰ ਚੁੱਕੀ ਹੈ ਤੇ ਇਸ ਨਾਲ 1350 ਕਰੋੜ ਰੁਪਏ ਦਾ ਖੱਪਾ ਹੈ। ਇਸ ਤੋਂ ਇਲਾਵਾ ਸਰਕਾਰ ਨੇ 1994-95 ਦੌਰਾਨ ਖੁੱਲ੍ਹੀ ਮੰਡੀ ਵਿਚ ਚੌਲ ਵੇਚਣ ਕਰਕੇ ਪਏ 1129 ਕਰੋੜ ਰੁਪਏ ਦੀ ਘਾਟੇ ਦੀ ਭਰਪਾਈ ਦੀ ਵੀ ਮੰਗ ਕੀਤੀ ਹੈ।

## ਪੰਜਾਬ ਦੇ ਰੋਣੇ-ਧੋਣੇ ਜਿਉਂ ਦੇ ਤਿਉਂ

**ਚੰਡੀਗੜ੍ਹ:** ਕੇਂਦਰ ਵੱਲੋਂ ਭਾਵੇਂ ਫੰਡਾਂ ਦੇ ਤਬਾਦਲੇ ਵਿਚ 38 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ ਪਰ ਚਾਲੂ ਮਾਲੀ ਸਾਲ ਦੀਆਂ ਪਹਿਲੀਆਂ ਦੋ ਤਿਮਾਹੀਆਂ ਦੌਰਾਨ ਪੰਜਾਬ ਦੀ ਵਿੱਤੀ ਹਾਲਤ ਨੂੰ ਕੋਈ ਢਾਰਸ ਨਹੀਂ ਮਿਲ ਰਹੀ। ਦਰਅਸਲ ਪੰਜਾਬ ਸਰਕਾਰ 560 ਕਰੋੜ ਰੁਪਏ ਦੀ ਪੇਸ਼ਗੀ ਹੱਦ ਪਹਿਲਾਂ ਹੀ ਪੂਰੀ ਕਰ ਚੁੱਕੀ ਹੈ ਤੇ ਇਸ ਦਾ ਓਵਰਡਰਾਫਟ 170 ਕਰੋੜ ਰੁਪਏ 'ਤੇ ਪੁੱਜ ਗਿਆ। ਉਂਜ ਰਾਜ ਦੇ ਸੰਚਿਤ ਖਜ਼ਾਨੇ ਵਿਚ ਵਾਧਾ ਹੋਣ ਤੇ ਕੇਂਦਰ ਤੋਂ ਸਿੱਧੀ ਅਦਾਇਗੀ ਹੋਣ ਕਰਕੇ ਇਸ ਸਾਲ ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹਾਂ ਦੀ ਅਦਾਇਗੀ ਸਮੇਂ ਸਿਰ ਹੋ ਰਹੀ ਹੈ।

ਪਤਾ ਚੱਲਿਆ ਹੈ ਕਿ ਇਸ ਸਾਲ ਦੂਜੀ ਤਿਮਾਹੀ (ਅਪਰੈਲ-ਸਤੰਬਰ) ਦੌਰਾਨ ਕੇਂਦਰ ਤੋਂ ਮਿਲਣ ਵਾਲੀਆਂ ਗਰਾਂਟਾਂ 106 ਫੀਸਦੀ ਤੇ ਕੇਂਦਰੀ ਟੈਕਸਾਂ ਵਿਚ ਰਾਜ ਦੀ ਹਿੱਸਾਪਤੀ ਵਿਚ 11 ਫੀਸਦੀ ਵਾਧਾ ਹੋਇਆ ਹੈ।ਇਸ ਸਾਲ ਸਤੰਬਰ ਤੱਕ ਕੇਂਦਰ ਸਰਕਾਰ ਵੱਲੋਂ 4032.45 ਕਰੋੜ ਰੁਪਏ ਦੇ ਫੰਡ ਤਬਦੀਲ ਹੋਏ ਹਨ ਜੋ ਪਿਛਲੇ ਸਾਲ ਇਸ ਅਰਸੇ ਤੱਕ 2910.26 ਕਰੋੜ ਰੁਪਏ ਸਨ। ਉਂਜ ਇਸ ਦੇ ਬਾਵਜੂਦ ਰਾਜ ਸਰਕਾਰ ਕੇਂਦਰੀ ਸਹਾਇਤਾ ਨਾਲ ਚੱਲਣ ਵਾਲੀਆਂ ਸਕੀਮਾਂ ਲਈ ਆਪਣੇ ਵੱਲੋਂ 1000 ਕਰੋੜ ਰੁਪਏ ਦਾ ਯੋਗਦਾਨ ਪਾਉਣ ਵਿਚ ਨਾਕਾਮ ਰਹੀ ਹੈ ਤੇ ਪਿਛਲੇ ਕਾਫੀ ਸਮੇਂ ਵੱਡੀ ਤਦਾਦ ਵਿਚ ਬਿੱਲ ਖਜ਼ਾਨੇ ਵਿਚ ਅਟਕੇ ਪਏ ਹਨ।

# ਬਾਦਲ ਕੇਸ ਨਾਲ ਜੁੜੇ ਤਿੰਨ ਅਫਸਰਾਂ ਨੂੰ ਰਾਹਤ ਮਿਲੀ

**ਚੰਡੀਗੜ੍ਹ:** ਮੁਹਾਲੀ ਦੀ ਅਦਾਲਤ ਵੱਲੋਂ ਚਾਰ ਸਾਲ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੇ ਪੁੱਤਰ ਸੁਖਬੀਰ ਬਾਦਲ ਤੇ ਪਤਨੀ ਸੁਰਿੰਦਰ ਕੌਰ ਬਾਦਲ ਨੂੰ ਬਰੀ ਕੀਤੇ ਜਾਣ ਤੋਂ ਬਾਅਦ ਪੰਜਾਬ ਹਰਿਆਣਾ ਹਾਈਕੋਰਟ ਨੇ ਤਿੰਨ ਆਈ.ਪੀ.ਐਸ. ਅਧਿਕਾਰੀਆਂ ਬੀ.ਕੇ. ਉੱਪਲ, ਐਸ. ਚਟੋਪਾਧਿਆਏ ਤੇ ਸੁਰਿੰਦਰ ਪਾਲ ਸਿੰਘ ਖ਼ਿਲਾਫ਼ ਅਦਾਲਤ ਨੂੰ ਗੁਮਰਾਹ ਕਰਨ ਦਾ ਕੇਸ ਖਾਰਜ ਕਰ ਦਿੱਤਾ ਹੈ।

ਬਾਦਲਾਂ ਖ਼ਿਲਾਫ਼ ਕੇਸ ਨੂੰ ਕਮਜ਼ੋਰ ਕਰਨ ਤੇ ਤੱਥਾਂ ਨੂੰ ਪੇਸ਼ ਕਰਨ ਵਿਚ ਨਾਕਾਮ ਰਹਿਣ 'ਤੇ ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਅਕਤੂਬਰ 2010 ਵਿਚ ਇਨ੍ਹਾਂ ਅਧਿਕਾਰੀਆਂ ਖ਼ਿਲਾਫ਼ ਕੇਸ ਚਲਾਉਣ ਦੇ ਨਿਰਦੇਸ਼ ਦਿੱਤੇ ਸਨ। ਸ੍ਰੀ ਉੱਪਲ ਕੇਸ ਦੇ ਨਿਗਰਾਨੀ ਅਫਸਰ ਸਨ। ਉਨ੍ਹਾਂ ਆਪਣੇ ਵਕੀਲ ਆਰ.ਐਸ. ਚੀਮਾ ਰਾਹੀਂ ਪਾਈ ਅਪੀਲ ਵਿਚ ਵਿਸ਼ੇਸ਼ ਜੱਜ ਦੇ ਫੈਸਲੇ ਨੂੰ ਜਲਦਬਾਜ਼ੀ ਵਿਚ ਲਿਆ ਗਿਆ ਦੱਸਿਆ।

ਉਨ੍ਹਾਂ ਕਿਹਾ ਕਿ ਵਿਸ਼ੇਸ਼ ਜੱਜ ਨੇ ਧਾਰਾ 313 ਤਹਿਤ ਮੁਲਜ਼ਮਾਂ ਦੇ ਬਿਆਨਾਂ ਨੂੰ ਦਰਜ ਕਰਨਾ ਵੀ ਮੁਨਾਸਿਬ ਨਹੀਂ ਸਮਝਿਆ ਤੇ ਜਲਦਬਾਜ਼ੀ ਵਿਚ ਉਨ੍ਹਾਂ ਨੂੰ ਬਰੀ ਕਰ ਦਿੱਤਾ। ਉਨ੍ਹਾਂ ਆਪਣੀ ਦਲੀਲ ਵਿਚ ਕਿਹਾ ਕਿ ਕਈ ਗਵਾਹਾਂ ਨੇ ਰਿਪੋਰਟਾਂ, ਪੜਤਾਲਾਂ, ਛਾਪਿਆਂ ਆਦਿ ਬਾਰੇ ਗਵਾਹੀ ਦਿੱਤੀ ਪਰ ਉਨ੍ਹਾਂ ਦੇ ਪੱਖ 'ਤੇ ਵਿਚਾਰ ਨਹੀਂ ਕੀਤਾ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਦੋਵੇਂ ਬਚਾਅ ਪੱਖ ਤੇ ਸਰਕਾਰੀ ਵਕੀਲ ਮੁਲਜ਼ਮਾਂ ਨੂੰ ਬਚਾਉਣ ਵਿਚ ਲੱਗੇ ਹੋਏ ਸਨ।

# ਵਿਦੇਸ਼ ਉਡਾਰੀ ਵਾਲੇ ਮੁਲਾਜ਼ਮਾਂ ਬਾਰੇ ਜਾਂਚ ਦਾ ਅਮਲ ਸ਼ੁਰੂ

**ਜਲੰਧਰ:** ਪੰਜਾਬ ਸਰਕਾਰ ਦੇ ਕਈ ਵਿਭਾਗਾਂ ਨੇ ਛੁੱਟੀ ਲੈ ਕੇ ਵਿਦੇਸ਼ਾਂ ਵਿਚ ਗਏ ਮੁਲਾਜ਼ਮਾਂ ਬਾਰੇ ਆਈ ਸ਼ਿਕਾਇਤ ਤੋਂ ਬਾਅਦ ਜਾਂਚ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਇਕ ਸੰਸਥਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮੇਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਿਕਾਇਤ ਭੇਜੀ ਸੀ ਕਿ ਸੂਬੇ ਵਿਚ ਤਕਰੀਬਨ 3000 ਮੁਲਾਜ਼ਮ ਛੁੱਟੀ ਲੈ ਕੇ ਵਿਦੇਸ਼ਾਂ ਵਿਚ ਜਾ ਕੇ ਕੰਮ ਕਰ ਰਹੇ ਹਨ ਤੇ ਕਈ ਤਾਂ ਉਥੋਂ ਜਿਹੜੀ ਰਕਮ ਭੇਜਦੇ ਹਨ, ਉਹ ਹਵਾਲਾ ਰਾਹੀਂ ਆ ਰਹੀ ਹੈ। ਸਰਕਾਰੀ ਵਿਭਾਗਾਂ ਦੇ ਵਿਦੇਸ਼ ਗਏ ਕੁਝ ਮੁਲਾਜ਼ਮ ਤਾਂ ਵਿਦੇਸ਼ਾਂ ਵਿਚ ਘੁੰਮਣ ਦਾ ਕਹਿ ਕੇ ਜਾਂਦੇ ਸਨ ਪਰ ਸਾਲਾਂ ਤੋਂ ਵਿਦੇਸ਼ਾਂ ਵਿਚ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਹਨ।


ਪੰਜਾਬ ਐਂਟੀ ਕੁਰੱਪਸ਼ਨ ਫੋਰਮ ਦੇ ਜੁਆਇੰਟ ਸਕੱਤਰ ਮਨਮੋਹਨ ਟੁਟੇਜਾ ਵੱਲੋਂ ਕੀਤੀ ਗੰਭੀਰ ਸ਼ਿਕਾਇਤ ਵਿਚ ਕਿਹਾ ਗਿਆ ਸੀ ਕਿ ਵੱਖ-ਵੱਖ ਵਿਭਾਗਾਂ ਦੇ ਤਕਰੀਬਨ 3000 ਮੁਲਾਜ਼ਮ ਹੀ ਪੰਜ ਸਾਲਾਂ ਦੀਆਂ ਛੁੱਟੀਆਂ ਲੈ ਕੇ ਵਿਦੇਸ਼ਾਂ ਵਿਚ ਰਹਿ ਰਹੇ ਹਨ ਤੇ ਉੱਥੇ ਉਨ੍ਹਾਂ ਨੇ ਪੱਕੀ ਨਾਗਰਿਕਤਾ ਹਾਸਲ ਕਰ ਲਈ ਹੈ। ਇਸ ਤਰ੍ਹਾਂ ਨਾਲ ਛੁੱਟੀ ਲੈ ਕੇ ਵਿਦੇਸ਼ਾਂ ਵਿਚ ਕੰਮ ਕਰ ਰਹੇ ਹਨ ਤੇ ਕਈ ਮੁਲਾਜ਼ਮ ਤਾਂ ਆਪਣੀਆਂ ਰਕਮਾਂ ਨੂੰ ਹਵਾਲਾ ਰਾਹੀਂ ਭਾਰਤ ਵਿਚ ਭੇਜ ਰਹੇ ਹਨ। ਕੈਨੇਡਾ ਸਮੇਤ ਹੋਰ ਦੇਸ਼ਾਂ ਤੋਂ ਹਵਾਲਾ ਰਾਹੀਂ ਰਕਮਾਂ ਆ ਰਹੀਆਂ ਹਨ।

ਜੇਕਰ ਜਾਂਚ ਹੋਏ ਤਾਂ ਹਵਾਲਾ ਰਾਹੀ ਕਰੋੜਾਂ ਰੁਪਏ ਦੀ ਰਕਮ ਦੇ ਆਉਣ ਦਾ ਖ਼ੁਲਾਸਾ ਹੋ ਸਕਦਾ ਹੈ। ਵਿਦੇਸ਼ਾਂ ਵਿਚ ਗਏ ਮੁਲਾਜ਼ਮਾਂ ਦੇ ਬਾਕਾਇਦਾ ਪਾਸਪੋਰਟਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜਿੰਨਾ ਸਮਾਂ ਵਿਦੇਸ਼ਾਂ ਵਿਚ ਉਕਤ ਮੁਲਾਜ਼ਮ ਰਹੇ ਹਨ ਕਿ ਉਨ੍ਹਾਂ ਨੇ ਆਪਣੀ ਆਮਦਨ ਕਰ ਦੀਆਂ ਰਿਟਰਨਾਂ ਭਰੀਆਂ ਹਨ। ਸ਼ਿਕਾਇਤਕਰਤਾ ਨੇ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਲਿਖਿਆ ਹੈ ਕਿ ਮਾਮਲੇ ਦੀ ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਜਾਂਚ ਕਰਵਾਉਣੀ ਚਾਹੀਦੀ ਹੈ।

ਜਾਣਕਾਰਾਂ ਦਾ ਕਹਿਣਾ ਸੀ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਨੇ ਗੰਭੀਰ ਸ਼ਿਕਾਇਤ ਮਿਲਣ ਤੋਂ ਬਾਅਦ ਇਸ ਨੂੰ ਸਬੰਧਤ ਵਿਭਾਗਾਂ ਨੂੰ ਅਗਲੀ ਜਾਂਚ ਲਈ ਭੇਜ ਦਿੱਤਾ ਹੈ। ਚਾਹੇ ਇਸ ਮਾਮਲੇ ਵਿਚ ਜਥੇਬੰਦੀ ਨੇ ਸ਼ਿਕਾਇਤ ਕੀਤੀ ਹੈ ਪਰ ਇਸ ਬਾਰੇ ਤਾਂ ਪਹਿਲਾਂ ਹੀ ਕਈ ਸਰਕਾਰੀ ਵਿਭਾਗਾਂ ਵਿਚ ਅਜਿਹੇ ਮੁਲਾਜ਼ਮਾਂ ਦੀ ਪਛਾਣ ਕਰਨ ਦਾ ਕੰਮ ਸ਼ੁਰੂ ਹੋ ਗਿਆ ਸੀ ਜਿਹੜੇ ਕਿ ਸਾਲਾਂ ਤੋਂ ਛੁੱਟੀ ਲੈ ਕੇ ਵਿਦੇਸ਼ਾਂ ਵਿਚ ਗਏ ਹੋਏ ਹਨ।

# ਹੁਣ ਪੰਜਾਬ ਮੰਡੀ ਬੋਰਡ ਦਾ ਵੀ ਨਿਕਲਿਆ ਦੀਵਾਲਾ

## ਪੁਰਾਣੇ ਦਫਤਰ ਤੇ ਕਿਸਾਨ ਆਰਾਮਘਰ ਵੇਚਣ ਦੀ ਤਿਆਰੀ



**ਬਠਿੰਡਾ:** ਪੰਜਾਬ ਮੰਡੀ ਬੋਰਡ ਨੂੰ ਕਰਜ਼ਿਆਂ ਨੇ ਨੱਪ ਲਿਆ ਹੈ। ਪਤਲੀ ਆਰਥਿਕ ਹਾਲਤ ਕਾਰਨ ਬੋਰਡ ਨੇ ਪੁਰਾਣੇ ਕਿਸਾਨ ਅਰਾਮਘਰ ਤੇ ਪੁਰਾਣੇ ਦਫ਼ਤਰ ਨਿਲਾਮ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਮੰਡੀ ਬੋਰਡ ਨੇ ਹੁਣ 44 ਸੰਪਤੀਆਂ ਦੀ ਸ਼ਨਾਖ਼ਤ ਕੀਤੀ ਹੈ ਜਿਨ੍ਹਾਂ ਨੂੰ ਨਿਲਾਮ ਕੀਤੇ ਜਾਣਾ ਹੈ। ਮੰਡੀ ਬੋਰਡ ਖੁਦ ਹੁਣ ਮਾਲੀ ਸੰਕਟ ਵਿਚ ਹੈ ਤੇ ਕਰਜ਼ੇ ਦਾ ਬੋਝ ਵੀ ਕੋਈ ਘੱਟ ਨਹੀਂ ਹੈ। ਮਾਰਕੀਟ ਕਮੇਟੀਆਂ ਲਿੰਕ ਸੜਕਾਂ ਦਾ ਨਿਰਮਾਣ ਤੇ ਮੁਰੰਮਤ ਕਰਜ਼ਾ ਲੈ ਕੇ ਕਰਨ ਵਾਸਤੇ ਮਜਬੂਰ ਹਨ।

ਮਿਲੇ ਵੇਰਵਿਆਂ ਮੁਤਾਬਕ ਬੋਰਡ ਨੇ ਇਕ ਅਪਰੈਲ 2007 ਤੋਂ ਦਸੰਬਰ 2013 ਤੱਕ 3466 ਪਲਾਟ ਤੇ ਸੱਤ ਸਾਈਟਾਂ 'ਚੰਕ ਬੇਸਿਸ' ਉੱਤੇ ਵੇਚੀਆਂ ਹਨ ਤੇ ਇਨ੍ਹਾਂ ਤੋਂ ਬੋਰਡ ਨੂੰ 509.26 ਕਰੋੜ ਰੁਪਏ ਦੀ ਕਮਾਈ ਹੋਈ। ਪੰਜਾਬ ਮੰਡੀ ਬੋਰਡ ਨੂੰ ਲਿੰਕ ਸੜਕਾਂ ਵਾਸਤੇ ਹਰ ਵਰ੍ਹੇ ਕਰਜ਼ਾ ਚੁੱਕਣਾ ਪੈਂਦਾ ਹੈ ਤੇ ਇਸ ਵੇਲੇ ਤਕਰੀਬਨ 250 ਕਰੋੜ ਰੁਪਏ ਦਾ ਕਰਜ਼ਾ ਬੋਰਡ ਸਿਰ ਹੈ। ਓਰੀਐਂਟਲ ਬੈਂਕ ਆਫ਼ ਕਾਮਰਸ ਨੇ 21 ਜੁਲਾਈ 2011 ਨੂੰ ਪੰਜਾਬ ਦੀਆਂ ਮਾਰਕੀਟ ਕਮੇਟੀਆਂ ਵਾਸਤੇ 263.52 ਕਰੋੜ ਰੁਪਏ ਦਾ ਕਰਜ਼ਾ ਪ੍ਰਵਾਨ ਕੀਤਾ ਸੀ। ਇਹ ਕਰਜ਼ਾ ਮਾਰਕੀਟ ਕਮੇਟੀਆਂ ਦੇ ਸਿਰ ਖੜ੍ਹਾ ਹੈ।

17 ਸਤੰਬਰ 2014 ਨੂੰ ਬੋਰਡ ਦੀ ਮੀਟਿੰਗ ਵਿਚ 44 ਪੁਰਾਣੀਆਂ ਸੰਪਤੀਆਂ ਨੂੰ 'ਚੰਕ ਬੇਸਿਸ' ਉੱਤੇ ਵੇਚਣ ਦਾ ਫੈਸਲਾ ਲਿਆ ਗਿਆ ਸੀ। ਇਨ੍ਹਾਂ ਸੰਪਤੀਆਂ ਨੂੰ ਵੇਚਣ ਵਾਸਤੇ ਹੁਣ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਬਠਿੰਡਾ ਜ਼ਿਲ੍ਹੇ ਵਿਚ ਰਾਮਪੁਰਾ ਫੂਲ ਮਾਰਕੀਟ ਕਮੇਟੀ ਦੇ ਪੁਰਾਣੇ ਦਫ਼ਤਰ ਤੇ ਕਿਸਾਨ ਅਰਾਮਘਰ ਦੀ ਚਾਰ ਹਜ਼ਾਰ ਵਰਗ ਗਜ਼ ਤੋਂ ਇਲਾਵਾ ਪੁਰਾਣੇ ਗੱਡਾਖਾਨਾ ਤੇ ਬਜਟ ਹੋਟਲ ਵਾਲੀ ਜਗ੍ਹਾ ਵੀ ਵੇਚੀ ਜਾਣੀ ਹੈ। ਬਰਨਾਲਾ ਦੇ ਗੱਡਾਖਾਨਾ ਦੀ ਸੱਤ ਕਨਾਲ ਤੇ ਪੁਰਾਣੇ ਦਫ਼ਤਰ ਦੀ 533 ਵਰਗ ਗਜ਼ ਜਗ੍ਹਾ ਵੀ ਨਿਲਾਮੀ ਵਾਸਤੇ ਸ਼ਨਾਖ਼ਤ ਕੀਤੀ ਗਈ ਹੈ। ਤਪਾ ਮੰਡੀ ਵਿਚਲੀ ਪੁਰਾਣੇ ਦਫ਼ਤਰ ਵਾਲੀ 4000 ਵਰਗ ਗਜ਼ ਜਗ੍ਹਾ ਤੇ ਮੁੱਖ ਯਾਰਡ ਗੋਨਿਆਣਾ ਦੀ ਪੁਰਾਣੀ ਦਫ਼ਤਰੀ ਇਮਾਰਤ (2 ਕਨਾਲ) ਵੇਚੀ ਜਾਣੀ ਹੈ।

ਖੰਨਾ ਦੇ ਅਨਾਜ ਮੰਡੀ ਰੈਸਟ ਹਾਊਸ ਦੀ 3400 ਗਜ਼ ਤੇ ਇਥੇ ਹੀ ਪੁਰਾਣੇ ਦਫ਼ਤਰ ਵਾਲੀ 331 ਗਜ਼ ਜ਼ਮੀਨ ਤੋਂ ਇਲਾਵਾ ਪੰਜ ਦੁਕਾਨਾਂ ਵੀ ਨਿਸ਼ਾਨੇ 'ਤੇ ਹਨ। ਸੰਗਰੂਰ ਦੇ ਪੁਰਾਣੇ ਰੈਸਟ ਹਾਊਸ ਦੀ ਇਮਾਰਤ ਦੀ 1111 ਗਜ਼ ਤੇ ਨਾਭਾ ਦੀ ਪੁਰਾਣੀ ਦਫ਼ਤਰੀ ਇਮਾਰਤ ਦੀ 2500 ਗਜ਼ ਜਗ੍ਹਾ ਦੀ ਸ਼ਨਾਖ਼ਤ ਕੀਤੀ ਗਈ ਹੈ। ਸੁਨਾਮ ਦੇ ਕਿਸਾਨ ਅਰਾਮਘਰ ਦੀ 158 ਗਜ਼, ਮਾਲੇਰਕੋਟਲਾ ਤੇ ਲਹਿਰਾਗਾਗਾ ਦੀਆਂ ਕੁਝ ਦੁਕਾਨਾਂ ਤੇ ਪਲਾਟਾਂ ਤੋਂ ਇਲਾਵਾ ਸਰਹਿੰਦ ਦੀ ਪੁਰਾਣੀ ਦਫ਼ਤਰੀ ਇਮਾਰਤ ਨੂੰ ਵੀ ਨਿਲਾਮ ਕੀਤਾ ਜਾਣਾ ਹੈ। ਇਨ੍ਹਾਂ ਨੂੰ ਵੇਚਣ ਵਾਸਤੇ ਕੁਝ ਤਕਨੀਕੀ ਅੜਿੱਚਣਾ ਨੂੰ ਦੂਰ ਕਰਨ ਲਈ ਬੋਰਡ ਨੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ।

ਕੋਟਕਪੂਰਾ ਦੇ ਪੁਰਾਣੇ ਦਫ਼ਤਰ ਦੀ 10 ਕਨਾਲ, ਪੁਰਾਣੀ ਦਾਣਾ ਮੰਡੀ ਵਿਚਲੀ 10 ਕਨਾਲ, ਨਵੀਂ ਦਾਣਾ ਮੰਡੀ ਵਿਚਲੀ 02 ਏਕੜ ਜਗ੍ਹਾ ਵੀ ਸ਼ਨਾਖ਼ਤ ਕਰ ਲਈ ਗਈ ਹੈ। ਬਾਘਾ ਪੁਰਾਣਾ ਵਿਚਲੇ ਪੁਰਾਣੇ ਦਫ਼ਤਰ ਦੀ 750 ਗਜ ਤੇ ਮਾਰਕੀਟ ਕਮੇਟੀ ਜੈਤੋਂ ਦੀ ਪੁਰਾਣੀ ਦਫ਼ਤਰੀ ਇਮਾਰਤ ਦੀ 1166 ਗਜ਼ ਜਗ੍ਹਾ ਵੀ ਵਿਕਰੀ ਲਈ ਤਿਆਰ ਕੀਤੀ ਜਾ ਰਹੀ ਹੈ। ਮਲੋਟ ਦੀ ਦਫ਼ਤਰੀ ਇਮਾਰਤ ਦੀ 581 ਗਜ਼, ਗਿੱਦੜਬਾਹਾ ਦੀ ਪੁਰਾਣੀ ਮੰਡੀ ਦੀਆਂ ਪੰਜ ਦੁਕਾਨਾਂ ਤੇ ਮੁਕਤਸਰ ਵਿਖੇ ਅਬੋਹਰ ਰੋਡ 'ਤੇ ਪਈ 5.29 ਏਕੜ ਜਗ੍ਹਾ ਨੂੰ ਵੀ ਬੋਰਡ ਵੇਚਣਾ ਚਾਹੁੰਦਾ ਹੈ।

ਇਸੇ ਤਰ੍ਹਾਂ ਜਲਾਲਾਬਾਦ, ਜ਼ੀਰਾ, ਮੋਗਾ, ਅਜਨਾਲਾ 'ਤੇ ਪੱਟੀ ਦੇ ਪੁਰਾਣੇ ਦਫ਼ਤਰਾਂ ਵਾਲੀ ਜਗ੍ਹਾ ਵੀ ਸ਼ਨਾਖ਼ਤ ਕਰ ਲਈ ਗਈ ਹੈ। ਮਾਰਕੀਟ ਕਮੇਟੀ ਅੰਮ੍ਰਿਤਸਰ ਦਾ ਦਫ਼ਤਰ ਦੋ ਮਹੀਨੇ ਵਿਚ ਸ਼ਿਫਟ ਕਰਕੇ ਇਸ ਜਗ੍ਹਾ ਨੂੰ ਵੀ 'ਚੰਕ ਬੇਸਿਸ' ਉੱਤੇ ਨਿਲਾਮ ਕੀਤਾ ਜਾਣਾ ਹੈ। ਪੰਜਾਬ ਮੰਡੀ ਬੋਰਡ ਦੇ ਸਕੱਤਰ ਦੀਪਇੰਦਰ ਸਿੰਘ ਦਾ ਕਹਿਣਾ ਸੀ ਕਿ ਬੋਰਡ ਦੀ ਪੁਰਾਣੀ ਸੰਪਤੀ ਜੋ ਵਰਤੋਂ ਵਿਚ ਨਹੀਂ ਆ ਰਹੀ ਤੇ ਬੇਕਾਰ ਪਈ ਹੈ, ਉਸ ਨੂੰ ਹੀ ਵੇਚਿਆ ਜਾਣਾ ਹੈ। ਇਸ ਸੰਪਤੀ 'ਤੇ ਨਾਜਾਇਜ਼ ਕਬਜ਼ੇ ਹੋਣ ਦਾ ਵੀ ਡਰ ਬਣਿਆ ਹੋਇਆ ਸੀ। ਇਸ ਸੰਪਤੀ ਤੋਂ ਤਕਰੀਬਨ 150 ਕਰੋੜ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ। ਸੰਪਤੀ ਦੀ ਵੇਚ ਵੱਟਤ ਵਾਲਾ ਸਾਰਾ ਪੈਸਾ ਬੋਰਡ ਕੋਲ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਲਿੰਕ ਸੜਕਾਂ ਵਾਸਤੇ ਕਰਜ਼ਾ ਲਿਆ ਵੀ ਜਾਂਦਾ ਹੈ ਤੇ ਨਿਯਮਤ ਤੌਰ 'ਤੇ ਮੋੜਿਆ ਵੀ ਜਾ ਰਿਹਾ ਹੈ।

## ਬੋਰਡ ਦੀ ਕਮਾਈ 'ਤੇ ਸਰਕਾਰ ਨੇ ਫੇਰਿਆ ਹੱਥ

ਮੰਡੀ ਬੋਰਡ ਦਾ ਅਨਾਜ ਮੰਡੀਆਂ ਵਿਚਲੀਆਂ ਦੁਕਾਨਾਂ ਦੀ ਵੇਚ ਵੱਟਤ ਤਾਂ ਰੁਟੀਨ ਵਿਚ ਚੱਲਦੀ ਹੀ ਰਹਿੰਦੀ ਹੈ ਪਰ 'ਚੰਕ ਬੇਸਿਸ' ਉੱਤੇ ਜਾਇਦਾਦਾਂ ਹੁਣ ਵੇਚਣੀਆਂ ਸ਼ੁਰੂ ਕੀਤੀਆਂ ਹਨ। ਪੰਜਾਬ ਮੰਡੀ ਬੋਰਡ ਦੀ ਆਮਦਨ ਦਾ ਸਰੋਤ ਦੋ ਫੀਸਦੀ ਦਿਹਾਤੀ ਵਿਕਾਸ ਫੰਡ ਤੇ ਦੋ ਫੀਸਦੀ ਮਾਰਕੀਟ ਫੀਸ ਹੈ।

ਮੰਡੀ ਬੋਰਡ ਤੋਂ ਦਿਹਾਤੀ ਵਿਕਾਸ ਫੰਡ ਤਾਂ ਸਿੱਧਾ ਸਰਕਾਰ ਲੈ ਲੈਂਦੀ ਹੈ ਜੋ ਕਿ ਸਾਲਾਨਾ 550 ਤੋਂ 600 ਕਰੋੜ ਦੇ ਕਰੀਬ ਹੁੰਦਾ ਹੈ। ਮਾਰਕੀਟ ਫੀਸ ਵਿਚੋਂ ਕੁਝ ਹਿੱਸਾ ਬੋਰਡ ਦੇ ਖਾਤੇ ਜਮ੍ਹਾਂ ਹੁੰਦਾ ਹੈ ਤੇ ਬਾਕੀ ਮਾਰਕੀਟ ਕਮੇਟੀ ਕੋਲ ਰਹਿ ਜਾਂਦਾ ਹੈ। ਸੂਤਰ ਆਖਦੇ ਹਨ ਕਿ ਪਹਿਲਾਂ ਮੰਡੀ ਬੋਰਡ ਤੇ ਮਾਰਕੀਟ ਕਮੇਟੀਆਂ ਦੀ ਮਾਲੀ ਹਾਲਤ ਕਾਫ਼ੀ ਚੰਗੀ ਹੁੰਦੀ ਸੀ ਪਰ ਹੁਣ ਬੋਰਡ ਦੇ ਫੰਡ ਸਰਕਾਰ ਵਰਤਣ ਲੱਗੀ ਹੈ ਤੇ ਬੋਰਡ ਕਰਜ਼ਿਆਂ 'ਤੇ ਨਿਰਭਰ ਹੋਣ ਲੱਗਾ ਹੈ।


S. ASHOK BHAURA
& IKKI INTERNATIONAL ENTERTAINMENT
In association with
Global Punjab TV, Punjab Lok Rang and 5 Darya Dance Academy
proudly presents
S. Ashok Bhaura
IKKI INTERNATIONAL ENT.
ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦਾ ਰੰਗਾਰੰਗ ਪ੍ਰੋਗਰਾਮ
ਛਣਕਾਟਾ ਵੰਗਾਂ ਦਾ 2015
CHHANKATA VANGAN DA
On
Saturday 3rd Jan 2015
From 6:00 pm to late night.
SUNNYVALE COMMUNITY CENTRE
450 Persion Dr Sunnyvale, CA 94089
ਮੁੱਖ ਆਕਰਸ਼ਨ
ਪੰਜਾਬ ਦੀ ਪ੍ਰਸਿੱਧ ਗਾਇਕਾ
ਸਤਵਿੰਦਰ ਬਿੱਟੀ
ਸੰਗੀਤ ਗਰੁੱਪ ਆਫ ਕੈਲੇਫੋਰਨੀਆਂ ਦੇ ਅਨੂਪ ਚੀਮਾ, ਤਰਲੋਕ ਸਿੰਘ ਤੇ ਅਮਰਜੀਤ ਸਿੰਘ ਦੁਲਾਈ,
ਸੱਤੀ ਪਾਬਲਾ, ਮੰਗਜੀਤ ਮੰਗਾ, ਤਰਸੇਮ ਅਟਵਾਲ ਵੀ ਗੀਤਾਂ ਦਾ ਰੰਗ ਵਿਖਾਉਣਗੇ।
ਟਾਈਟਲ ਗੀਤ
ਮਨਦੀਪ ਕੌਰ ਮਾਛੀਵਾੜਾ
(ਸੁਰ ਸਰਤਾਜ ਜੇਤੂ ਗਾਇਕਾ)
ਹਾਸਰਸ
ਬਲਜੀਵਨ, ਦਰਸ਼ਨ ਕਹਿਲ, ਕਨਵਰ,
ਝਿੰਪਲ ਜੋਸ਼ੀ, ਜਸਵਿੰਦਰ ਧਨੋਆ
ਮੰਚ ਸੰਚਾਲਨ
ਤਾਇਆ ਨਾਜਰ, ਜਾਗਰ
ਤੇ ਤਾਈ ਪ੍ਰੀਤੋ
ਪਰਿਵਾਰਾਂ ਸਮੇਤ
ਪਹੁੰਚਣ ਦੀ
ਬੇਨਤੀ
ਪੰਜਾਬ ਤੋਂ ਆਈ
ਨਵੀਂ ਤੇ ਸੁਰੀਲੀ ਅਵਾਜ਼
ਜੋਤ ਰਣਜੀਤ
ਦੇਖ ਰੇਖ:
ਸ਼ਕਤੀ ਮਾਣਕ
Ticket $20
Tikets available at: Pereet Fabrics Fremont, Shalimar, New Indian
Market Union City, Kash Fabrics, Hayward and Punjab Bazar San Jose.
Programe Record
by Global Punjab TV
For Inquiry call: Palli Dhanola 408 661 5879, Jagtar Gill 408 857 4455, S. ASHOK BHAURA 510 415 3315



# ਸਾਰਾ ਸ਼ਗੁਫਤਾ

## ਧੀਆਂ ਦੇ ਹਿੱਸੇ ਦਾ ਆਸਮਾਨ

ਕਲਾ ਪਰਿਕਰਮਾ


ਸਾਰਾ ਸ਼ਗੁਫਤਾ ਦਾ ਨਾਂ ਸਾਹਮਣੇ ਆਉਂਦਿਆਂ ਹੀ ਅੱਖਾਂ ਸਾਹਵੇਂ ਉਦਾਸੀ ਜਿਹੀ ਵਿਛ ਜਾਂਦੀ ਹੈ। ਤੀਹ ਸਾਲ ਪਹਿਲਾਂ, 1984 ਵਿਚ ਪਾਕਿਸਤਾਨ ਦੀ ਇਹ ਜਾਈ ਕਵਿਤਾ ਲਿਖਦੀ, ਇਤਿਹਾਸ ਦੀ ਗੋਦ ਵਿਚ ਸਮਾ ਗਈ ਸੀ... ਉਹਨੇ ਖੁਦਕੁਸ਼ੀ ਕਰ ਲਈ ਸੀ। ਉਸ ਵੇਲੇ ਉਹਦੀ ਉਮਰ ਤੀਹ ਸਾਲ ਸੀ, ਪਰ ਉਸ ਨੇ ਸਦੀਆਂ ਦਾ ਦਰਦ ਹੰਢਾਅ ਲਿਆ ਸੀ। ਇਸ ਉਮਰ ਦੌਰਾਨ ਉਸ ਨੇ ਕਵਿਤਾਵਾਂ ਦੀਆਂ ਚਾਰ ਕਿਤਾਬਾਂ ਲਿਖੀਆਂ- ਬਲਦੇ ਅੱਖਰ, ਨੀਂਦ ਕੇ ਰੰਗ, ਆਂਖੇਂ ਅਤੇ ਲੁੱਕਣ-ਮੀਟੀ। ਸਾਲ 1954 ਵਿਚ ਜੰਮੀ ਸਾਰਾ ਸ਼ਗੁਫਤਾ ਅੱਜ ਭਾਵੇਂ ਇਸ ਦੁਨੀਆਂ ਵਿਚ ਨਹੀਂ ਹੈ, ਪਰ ਆਪਣੇ ਅੱਖਰਾਂ ਦੇ ਆਸਰੇ ਉਹ ਧੀਆਂ ਦੇ ਹਿੱਸੇ ਦਾ ਦਰਦ ਗਾਹੇ-ਬਗਾਹੇ ਅੱਜ ਵੀ ਬਿਆਨ ਕਰ ਦਿੰਦੀ ਹੈ।

ਨਵੀਂ ਦਿੱਲੀ ਵਿਚ ਵਿੰਗਜ਼ ਕਲਚਰਲ ਸੁਸਾਇਟੀ ਨੇ ਸਾਰਾ ਸ਼ਗੁਫਤਾ ਦੀ ਜ਼ਿੰਦਗੀ ਦੀ ਬਾਤ ਪਾਉਂਦਾ ਨਾਟਕ 'ਸਾਰਾ ਕਾ ਸਾਰਾ ਆਸਮਾਨ' ਖੇਡਿਆ। ਹਿੰਦੀ ਵਿਚ ਇਹ ਨਾਟਕ ਦਾਨਿਸ਼ ਇਕਬਾਲ ਨੇ ਲਿਖਿਆ ਹੈ ਅਤੇ ਇਸ ਨਾਟਕ ਦਾ ਨਿਰਦੇਸ਼ਨ ਰੰਗਕਰਮੀ ਮਹੇਸ਼ ਦੱਤਾਨੀ ਨੇ ਦਿੱਤਾ ਹੈ। ਕੁਝ ਸਮਾਂ ਪਹਿਲਾਂ ਸਾਰਾ ਬਾਰੇ ਇਕ ਹੋਰ ਨਾਟਕ ਸ਼ਾਹਿਦ ਅਨਵਰ ਨੇ ਵੀ ਲਿਖਿਆ ਸੀ।

'ਸਾਰਾ ਕਾ ਸਾਰਾ ਆਸਮਾਨ' ਨਾਟਕ ਦਾ ਆਧਾਰ ਦਾਨਿਸ਼ ਇਕਬਾਲ ਨੇ ਸਾਰਾ ਸ਼ਗੁਫਤਾ ਦੀਆਂ ਕਵਿਤਾਵਾਂ ਅਤੇ ਪ੍ਰਸਿੱਧ ਪੰਜਾਬੀ ਲੇਖਕਾ ਅੰਮ੍ਰਿਤਾ ਪ੍ਰੀਤਮ ਵਲੋਂ ਸਾਰਾ ਸ਼ਗੁਫਤਾ ਬਾਰੇ ਲਿਖੀ ਕਿਤਾਬ ਨੂੰ ਬਣਾਇਆ ਹੈ। ਇਸ ਨਾਟਕ ਵਿਚ ਔਰਤ ਦੀ ਉਹ ਤਸਵੀਰ ਪੇਸ਼ ਹੋਈ ਹੈ ਜਿਸ ਲਈ ਹੌਲੀ-ਹੌਲੀ ਕਰ ਕੇ ਸਾਰੇ ਰਾਸਤੇ ਬੰਦ ਹੁੰਦੇ ਚਲੇ ਜਾਂਦੇ ਹਨ। ਸਾਰਾ ਸ਼ਗੁਫਤਾ ਦੀ ਕਵਿਤਾ ਵਿਚ ਉਤਰੇ ਦਰਦ ਨੂੰ ਨਾਟਕਕਾਰ ਨੇ ਆਪਣੇ ਸੰਵਾਦਾਂ ਰਾਹੀ ਉਜਾਗਰ ਕਰਨ ਦਾ ਯਤਨ ਕੀਤਾ ਹੈ। ਸਾਰਾ ਉਹ ਕੁੜੀ ਸੀ ਜਿਹੜੀ ਸਾਰੀ ਉਮਰ ਮਰਦ-ਪ੍ਰਧਾਨ ਸਮਾਜ ਦੀਆਂ ਜ਼ਿਆਦਤੀਆਂ ਖਿਲਾਫ ਆਪਣੀ ਆਵਾਜ਼ ਬੁਲੰਦ ਕਰਦੀ ਰਹੀ। ਇਹ ਆਵਾਜ਼ ਬੁਲੰਦ ਕਰਨ ਲਈ ਉਸ ਨੂੰ ਆਪਣੀ ਜਾਨ ਦੇਣ ਪਈ।



*ਸਾਰਾ ਸ਼ਗੁਫਤਾ ਅਤੇ (ਹੇਠਾਂ) ਨਾਟਕ ਦੇ ਦੋ ਦ੍ਰਿਸ਼।*





ਦੋ ਸਾਲ ਪਹਿਲਾਂ ਵੀ ਇਹ ਨਾਟਕ ਭਾਰਤ ਵਿਚ ਖੇਡਿਆ ਗਿਆ ਸੀ। ਉਦੋਂ ਮੁੰਬਈ ਵਾਲੇ ਸ਼ੋਅ ਦਾ ਸ਼ਿਵ ਸੈਨਾ ਨੇ ਤਿੱਖਾ ਵਿਰੋਧ ਕੀਤਾ ਸੀ। ਅਸਲ ਵਿਚ ਸ਼ਿਵ ਸੈਨਾ ਦੇ ਵਿਰੋਧ ਦਾ ਆਧਾਰ ਸਿਰਫ ਇੰਨਾ ਸੀ ਕਿ ਨਾਟਕ ਪਾਕਿਸਤਾਨੀ ਲੇਖਕਾ ਦੀ ਜ਼ਿੰਦਗੀ ਉਤੇ ਆਧਾਰਤ ਸੀ, ਪਰ ਸ਼ਿਵ ਸੈਨਾ ਦੇ ਲੀਡਰਾਂ ਨੇ ਨਾਟਕ ਡੱਕਣ ਲਈ ਬਹਾਨਾ ਇਹ ਬਣਾਇਆ ਕਿ ਨਾਟਕ ਵਿਚ ਮੰਦੀ ਭਾਸ਼ਾ ਵਰਤੀ ਗਈ ਹੈ।


ਖੈ'ਰ! ਨਾਟਕ ਦੀ ਕਹਾਣੀ ਬੜੀ ਦਰਦਨਾਕ ਹੈ ਅਤੇ ਦੱਸਦੀ ਹੈ ਕਿ ਸਮਾਜ ਵਿਚ ਵਿਚਰ ਰਹੀ ਔਰਤ ਨੂੰ ਕਿਹੜੇ-ਕਿਹੜੇ ਹਾਲਾਤ ਵਿਚੋਂ ਨਿਕਲਣਾ ਪੈਂਦਾ ਹੈ। ਨਾਇਕਾ ਦਾ ਵਿਆਹ ਛੋਟੀ ਉਮਰ ਵਿਚ ਹੀ ਹੋ ਜਾਂਦਾ ਹੈ। ਉਹ ਦੇਖਦੀ ਹੈ ਕਿ ਉਸ ਦਾ ਪਤੀ ਤਾਂ ਕਿਸੇ ਕੁੜੀ ਨਾਲ ਬਲਤਾਕਾਰ ਕਰ ਰਿਹਾ ਹੈ...ਉਹ ਸਵਾਲ ਕਰਦੀ ਹੈ ਤਾਂ ਪਤੀ ਤਲਾਕ ਦੇ ਦਿੰਦਾ ਹੈ। ਉਹ ਆਪਣਾ ਬੱਚਾ ਹਾਸਲ ਕਰਨ ਲਈ ਆਪਣੇ ਉਤੇ ਬਦਕਾਰ ਹੋਣ ਦਾ ਇਲਜ਼ਾਮ ਵੀ ਲੈ ਲੈਂਦੀ ਹੈ। ਦੂਜੇ ਪਾਸੇ ਪਿਤਾ ਬੱਚੇ ਦੇ ਮਨ ਵਿਚ ਉਸ ਲਈ ਨਫਰਤ ਭਰ ਦਿੰਦਾ ਹੈ। ਫਿਰ ਉਸ ਦਾ ਵਿਆਹ ਇਕ ਸ਼ਾਇਰ ਨਾਲ ਹੁੰਦਾ ਹੈ ਜੋ ਕਦੀ ਉਸ ਦਾ ਸਾਥ ਨਹੀਂ ਦਿੰਦਾ। ਜਦੋਂ ਉਸ ਨੂੰ ਇਕੱਲੀ ਨੂੰ ਹੀ ਜਣੇਪੇ ਲਈ ਹਸਪਤਾਲ ਜਾਣਾ ਪੈਂਦਾ ਹੈ, ਤਾਂ ਉਹ ਵਾਪਸ ਆ ਕੇ ਤਹੱਈਆ ਕਰਦੀ ਹੈ ਕਿ ਉਹ ਖੁਦ ਕਵਿਤਾ ਲਿਖੇਗੀ ਅਤੇ ਨਕਲੀ ਸ਼ਾਇਰ ਦੇ ਸਿਰਜੇ ਸੰਸਾਰ ਨੂੰ ਵੰਗਾਰੇਗੀ। ਇਉਂ ਉਸ ਅੰਦਰ ਸ਼ਾਇਰਾ ਜਨਮ ਲੈਂਦੀ ਹੈ। ਉਂਜ ਉਸ ਦੀਆਂ ਔਕੜਾਂ ਇਥੇ ਹੀ ਨਹੀਂ ਮੁੱਕਦੀਆਂ। ਉਸ ਦਾ ਤੀਜਾ ਪਤੀ ਅਮੀਰ, ਪਰ ਬਹੁਤ ਰੂੜੀਵਾਦੀ ਹੈ। ਫਿਰ ਉਸ ਨੂੰ ਸਈਦ ਦੇ ਰੂਪ ਵਿਚ ਇਕ ਖਰਾ ਦੋਸਤ ਮਿਲਦਾ ਹੈ, ਪਰ ਹਾਲਾਤ ਇਸ ਤਰ੍ਹਾਂ ਦੇ ਬਣਦੇ ਹਨ ਕਿ ਉਹ ਖੁਦਕੁਸ਼ੀ ਕਰ ਲੈਂਦੀ ਹੈ।

**-ਗੁਰਬਖਸ਼ ਸਿੰਘ ਸੋਢੀ**

### ਸਾਰਾ ਸ਼ਗੁਫਤਾ ਤੇ ਅੰਮ੍ਰਿਤਾ ਪ੍ਰੀਤਮ

*ਅੰਮ੍ਰਿਤਾ ਪ੍ਰੀਤਮ ਨੇ ਸਾਰਾ ਸ਼ਗੁਫਤਾ ਬਾਰੇ ਕਿਤਾਬ ਲਿਖ ਕੇ ਅਤੇ ਉਸ ਦੀਆਂ ਕਵਿਤਾਵਾਂ ਛਾਪ ਕੇ ਉਸ ਨੂੰ ਭਾਰਤੀ ਪਾਠਕਾਂ ਦੇ ਨੇੜੇ ਲਿਆਂਦਾ। ਅੰਮ੍ਰਿਤਾ ਪ੍ਰੀਤਮ ਦੀ ਕਿਤਾਬ ਹੀ ਸਾਰਾ ਸ਼ਗੁਫਤਾ ਬਾਰੇ ਲਿਖੇ ਨਾਟਕਾਂ ਦੀ ਆਧਾਰ ਬਣੀ ਹੈ। ਅੰਮ੍ਰਿਤਾ ਪ੍ਰੀਤਮ ਨੇ ਆਪਣੇ ਮਾਸਕ ਪਰਚੇ 'ਨਾਗਮਣੀ' ਵਿਚ ਸਾਰਾ ਦੀਆਂ ਕਵਿਤਾਵਾਂ ਛਾਪੀਆਂ। ਸਾਰਾ ਦੀ ਇਕ ਨਜ਼ਮ ਹੈ: ਆਤਿਸ਼-ਦਾਨ। ਇਹ ਕਵਿਤਾ ਜਿੰਨੀ ਨਿੱਕੀ ਹੈ, ਉਤਨਾ ਹੀ ਵੱਡਾ ਇਸ ਵਿਚ ਦੁੱਖ ਸਮਾਇਆ ਹੋਇਆ ਹੈ:*

*ਆਤਿਸ਼-ਦਾਨੋਂ ਸੇ*
*ਆਪਨੇ ਧੜਕਤੇ ਹੂਏ ਸੀਨੇ ਨਿਕਾਲ ਲੋ...*
*ਵਰਨਾ ਆਖ਼ਿਰ ਦਿਨ*
*ਆਗ ਔਰ ਲਕੜੀ ਕੋ ਅਸ਼ਰਫ-ਉਲ-ਮਖਲੂਕ*
*ਬਨਾ ਦੀਆ ਜਾਏਗਾ।*




## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਦਸੰਬਰ 2014 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-148



**ਪਾ ਲਈ ਵਰਦੀ, ਲਾ ਲਿਆ ਮੋਢੇ ਬਸਤਾ ਭਾਰਾ ਮੈਂ,**
**ਗੁੰਦੀਆਂ ਮੀਢੀਆਂ ਚਾਅ ਨਾਲ ਕੰਮ ਮੁਕਾ ਲਿਆ ਸਾਰਾ ਮੈਂ।**
**ਸਾਈਕਲ ਉਤੇ ਬੈਠ ਕੇ ਮੰਮੀ ਲਾ ਲਵਾਂ ਮੈਂ ਇੱਕ ਗੇੜਾ,**
**ਵੈਨ ਸਕੂਲ ਦੀ ਆਉਣ 'ਚ ਰਹਿੰਦਾ ਹਾਲੇ ਟਾਈਮ ਬਥੇਰਾ।**

### ਕੈਪਸ਼ਨ ਮੁਕਾਬਲਾ-146



ਬੇਬੇ ਮਿੱਟੀ ਢੋਈ ਜਾਵੇ
ਪੱਥੀ ਜਾਵਾਂ ਮੈਂ ਪਥੇਰ।
ਸਾਰਾ ਟੱਬਰ ਟੁੱਟ ਟੁੱਟ ਮਰਦਾ
ਸਾਡੇ ਹਿੱਸੇ ਫਿਰ ਵੀ ਨ੍ਹੇਰ।
ਬੇਕਦਰੀ ਹੈ ਕਿਰਤ ਦੀ ਹੁੰਦੀ
ਧੱਕਾ ਚੱਲੇ ਚਾਰ-ਚੁਫੇਰ।
ਕਿਰਤੀ ਨੇ ਜਦ ਸੱਚ ਜਾਣ ਲਿਆ
ਸੂਹੀ ਆਊ ਫੇਰ ਸਵੇਰ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਇੱਟਾਂ ਪੱਥਦਾ ਬਾਪੂ ਮੇਰਾ,
ਛੱਡ ਕੇ ਤੁਰਿਆ ਅਗਲੇ ਜਹਾਨ।
ਪੜ੍ਹਨ ਲਿਖਣ ਦਾ ਸੁਪਨਾ ਟੁੱਟਿਆ,
ਪੱਲੇ ਰਹਿ ਗਏ ਕੱਖ ਤੇ ਕਾਨ।
ਮਾਂ ਹੀ ਹੁਣ ਹੈ ਮੇਰਾ ਸਹਾਰਾ,
ਮਾਂ ਧੀ ਮਿਲ ਕੇ ਕਰੀਏ ਗੁਜ਼ਾਰਾ।
ਸਰਕਾਰ ਆਵੇ ਅਤੇ ਲੰਘ ਜਾਵੇ,
ਸਾਨੂੰ ਤਾਂ ਕੰਮ ਦਾ ਹੀ ਸਹਾਰਾ।
ਭੀਖ ਨਹੀਂ ਮੰਗਦੇ, ਮਿਹਨਤ ਕਰੀਏ।
ਬੰਦੇ ਤੋਂ ਕੀ ਡਰਨਾ, ਉਸ ਰੱਬ ਤੋਂ ਡਰੀਏ।

**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

---

ਕਰਨੀ ਸੀ ਤੂੰ ਕਿਉਂ ਮਜ਼ਦੂਰੀ
ਢਿੱਡ ਹੁੰਦਾ ਜੇ ਨਾ ਖਾਲੀ।
ਕਿੰਨੀ ਦੇਰ ਤੂੰ ਸਬਰ ਕਰ ਲੂ?
ਪੱਥ ਪੱਥ ਇੱਟਾਂ ਢਿੱਡ ਭਰ ਲੂ।
ਮਜ਼ਦੂਰੀ ਨਾਮ ਹੈ ਵਗਾਰ
ਲੁੱਟੀ ਜਾਂਦੀ ਉਜਰਤ ਜਿੱਥੇ
ਲੁੱਟੇ ਜਾਂਦੇ ਅਰਮਾਨ।
ਪੱਥ ਪੱਥ ਇੱਟਾਂ ਢੇਰ ਲਗਾਵੇਂ
ਤੂੰ ਹੀ ਹੈਂ ਜੋ ਮਹਿਲ ਬਣਾਵੇਂ।

**-ਦਰਸ਼ਨਪਾਲ ਦੋਸਾਂਝ**

---

ਮਹਿਲਾਂ ਖਾਤਿਰ ਦਿਨ ਭਰ
ਇੱਟਾਂ ਪੱਥ ਪੱਥ ਕੇ
ਸੌਂ ਜਾਈਏ ਘਰ ਜਾ ਕੇ
ਭੁੱਖੇ ਢਿੱਡ ਅਸੀਂ।
ਘੁੱਗੂ ਵੱਜਦਾ, ਧੂੰਆਂ ਵੇਖ
ਭੱਠੇ ਦੀ ਚਿਮਨੀ 'ਚੋਂ
ਉਠ ਕੇ ਭੱਜੀਏ ਪੂੰਝਦੇ
ਅੱਖੀਓਂ ਗਿੱਡ ਅਸੀਂ।
ਸਾਡਾ ਨਸੀਬ ਜੰਮਦਿਆਂ
ਜੁੜ ਗਿਆ ਮਿੱਟੀ ਨਾਲ
ਮਨ ਵਿਚ ਰੀਝਾਂ ਡੁਸਕਣ
ਕਮਲ ਦਵਾਤ ਦੀਆਂ।
ਦਿਨੇ ਮੁਸ਼ੱਕਤ ਕਰਨੀ
ਵੱਡਿਆਂ ਲੋਕਾਂ ਲਈ
ਠੰਢੇ ਸੌਂ ਕੇ ਲੰਘਾਉਣੀਆਂ
ਘੜੀਆਂ ਕੱਕਰ ਰਾਤ ਦੀਆਂ।
ਸੁਣਿਆ ਸੀ ਕਿ ਅੰਗਰੇਜ਼
ਦੇਸ਼ 'ਚੋਂ ਚਲੇ ਗਏ
ਆਜ਼ਾਦੀ ਦੀ ਵਾਹ
ਸਾਡੇ ਉਪਰੋਂ ਲੰਘ ਗਈ।
'ਕੈਲ' ਭੁੱਖੇ ਢਿੱਡ ਨੂੰ
ਦੋ ਡੰਗ ਝੋਕਾ ਦੇਣ ਲਈ
'ਬਾਲ ਮਜਦੂਰੀ' ਸਾਡਾ
ਬਚਪਨ ਡੰਗ ਗਈ।


**-ਕਰਨੈਲ ਕੈਲ, ਸਿਆਟਲ**
**ਫੋਨ: 206-557-9419**

---

ਫੋਟੋ ਖਿੱਚਣ ਵਾਲੇ ਭਾਈ
ਗਰੀਬ ਦੀ ਧੀ ਦੇਵੇ ਦੁਹਾਈ।
ਇੱਟਾਂ ਪੱਥ ਪੱਥ ਪਵੇ ਨਾ ਪੂਰੀ
ਮਿਹਨਤ ਦੀ ਕਿਸੇ ਕਦਰ ਨਾ ਪਾਈ।

**-ਗੁਰਦੇਵ ਸਿੰਘ ਵਿਰਦੀ**
**ਓਂਟਾਰੀਓ, ਕੈਨੇਡਾ।**

# ਯੂਬਾ ਸਿਟੀ ਵਿਚ 'ਧੀਆਂ ਮਰ ਜਾਣੀਆਂ' ਦਾ ਸਫਲ ਮੰਚਨ





**ਯੂਬਾ ਸਿਟੀ (ਬਿਊਰੋ):** ਅਜਮੇਰ ਔਲਖ ਦੇ ਲਿਖੇ ਨਾਟਕ 'ਧੀਆਂ ਮਰ ਜਾਣੀਆਂ' ਦਾ ਯੂਬਾ ਸਿਟੀ ਹਾਈ ਸਕੂਲ ਵਿਚ ਸਫਲ ਮੰਚਨ ਹੋਇਆ ਜਿਸ ਦਾ ਯੂਬਾ ਸਿਟੀ ਤੇ ਆਸ-ਪਾਸ ਦੇ ਦਰਸ਼ਕਾਂ ਨੇ ਖੂਬ ਅਨੰਦ ਮਾਣਿਆ। ਪ੍ਰੋਡਿਊਸਰ ਰੇ ਵਾਲੀਆ, ਡਾਇਰੈਕਟਰ ਅਸ਼ੋਕ ਟਾਂਗਰੀ ਦੀ



ਨਿਰਦੇਸ਼ਨਾ ਹੇਠ ਤਿਆਰ ਹੋਏ ਇਸ ਨਾਟਕ ਦੀ ਪੇਸ਼ਕਾਰੀ ਨੂੰ ਵੇਖ ਦਰਸ਼ਕ ਅਸ਼ ਅਸ਼ ਕਰ ਉਠੇ।

ਇਹ ਨਾਟਕ ਯੂ. ਐਸ. ਏ. ਪੰਜਾਬੀ ਵੂਮਨ ਕਲਚਰਲ ਐਸੋਸੀਏਸ਼ਨ ਯੂਬਾ ਸਿਟੀ, ਪੰਜਾਬੀ ਵੂਮਨਜ਼ ਵਲੰਟੀਅਰ ਅਕਸਿਲਿਰੀ (ਲਾਈਵ ਓਕ ਤੇ ਗਰਿਡਲੀ ਤੀਆਂ) ਅਤੇ ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ-ਯੂਬਾ ਸਿਟੀ ਵਲੋਂ ਸਾਂਝੇ ਤੌਰ 'ਤੇ ਕਰਵਾਇਆ ਗਿਆ ਸੀ।

ਮਾਦਾ ਭਰੂਣ ਹੱਤਿਆ ਦੇ ਵਿਸ਼ੇ ਉਤੇ ਰੋਸ਼ਨੀ ਪਾਉਂਦੇ ਤੇ ਧੀਆਂ ਨੂੰ ਕੁੱਖਾਂ ਵਿਚ ਨਾ ਮਾਰਨ ਦੀ ਨਸੀਹਤ ਦਿੰਦੇ ਇਸ ਨਾਟਕ ਨੂੰ ਭਾਰੀ ਗਿਣਤੀ ਵਿਚ ਵੇਖਣ ਆਏ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਵਿਚ ਦਰਸ਼ਕਾਂ ਵਲੋਂ ਹਰੇਕ ਸੀਨ ਤੋਂ ਬਾਅਦ ਲਗਦੀਆਂ ਤਾੜੀਆਂ ਇਸ ਗੱਲ ਦੀਆਂ ਗਵਾਹ ਸਨ ਕਿ ਸੀਨ ਦਰਸ਼ਕਾਂ ਦਾ ਮਨ ਮੋਹ ਰਹੇ ਹਨ।

ਨਾਟਕ ਦੌਰਾਨ ਜਿੱਥੇ ਹਾਸੇ ਦੀਆਂ ਫੁਹਾਰਾਂ ਫੁੱਟਦੀਆਂ ਰਹੀਆਂ, ਉਥੇ ਨਾਲ ਨਾਲ ਕਈ ਸੀਨ ਅਜਿਹੇ ਸਨ ਜਿਨ੍ਹਾਂ ਨੂੰ ਵੇਖ ਕੇ ਦਰਸ਼ਕਾਂ ਦੀਆਂ ਅੱਖਾਂ ਵਿਚੋਂ ਹੰਝੂ ਵੀ ਛਲਕੇ। ਇਸ ਨਾਟਕ ਦੀਆਂ ਪ੍ਰਬੰਧਕ ਬੀਬੀਆਂ ਹਰਜੀਤ ਕੌਰ ਉਪਲ, ਜਸਮਿੰਦਰ ਕੌਰ ਮੱਟੂ, ਭੁਪਿੰਦਰ ਕੌਰ ਤੱਖਰ ਤੇ ਜਸਜੀਤ ਸਿੰਘ ਕੰਗ ਵਲੋਂ ਕੀਤੀ ਸਖਤ ਮਿਹਨਤ ਸਦਕਾ ਨਾਟਕ ਕਾਮਯਾਬ ਰਿਹਾ।

ਨਾਟਕ ਵਿਚ ਕੁਲਵਿੰਦਰ ਕੌਰ ਵਾਲੀਆ, ਜਸਵੰਤ ਸਿੰਘ ਸ਼ਾਦ, ਡਿੰਪਲ ਬੈਂਸ, ਸਿਮਰਨ ਕੌਰ ਸੰਘਾ, ਨਰਿੰਦਰ ਕੌਰ ਸੰਘਾ, ਜਾਨਵੀ ਬੈਂਸ, ਰੇਅ ਵਾਲੀਆ, ਰਾਜਬੀਰ ਕੌਰ ਢਿੱਲੋਂ, ਨਿਤਿਨ ਕਪੂਰ, ਤਾਰਾ ਸਿੰਘ ਸਾਗਰ ਤੇ ਅਨੂ ਵਰਮਾ ਨੇ ਮੁੱਖ ਕਿਰਦਾਰ ਨਿਭਾਏ।

ਜ਼ਿਕਰਯੋਗ ਹੈ ਕਿ ਇਸ ਨਾਟਕ ਨੂੰ ਦਰਸ਼ਕਾਂ ਨੇ ਇੰਨਾ ਪਿਆਰ ਦਿੱਤਾ ਕਿ ਇਹ ਨਾਟਕ ਮਈ ਤੋਂ ਲੈ ਕੇ ਹੁਣ ਤੱਕ ਕੈਲੀਫੋਰਨੀਆ ਦੇ ਪੰਜ ਸ਼ਹਿਰਾਂ ਵਿਚ ਸਫਲ ਪੇਸ਼ਕਾਰੀ ਕਰ ਚੁੱਕਾ ਹੈ। ਬਦਲਦੇ ਮੌਸਮ ਦੇ ਕਾਰਨ ਕਈ ਸ਼ੋਅ ਮਾਰਚ 2015 ਤੱਕ ਅੱਗੇ ਪਾਏ ਗਏ ਹਨ ਜਿਨ੍ਹਾਂ ਦੀਆਂ ਤਰੀਕਾਂ ਫਰਵਰੀ ਵਿਚ ਐਲਾਨੀਆਂ ਜਾਣਗੀਆਂ।

# 'ਉਮਰਾਂ ਲੰਘੀਆਂ ਪੱਬਾਂ ਭਾਰ' ਦੀ ਪੇਸ਼ਕਾਰੀ 20 ਨੂੰ

**ਸੈਨ ਹੋਜ਼ੇ (ਅਸ਼ੋਕ ਭੌਰਾ):** 'ਪੰਜਾਬ ਲੋਕ ਰੰਗ' ਵਲੋਂ ਐਵਰ ਗ੍ਰੀਨ ਸਕੂਲ ਕੁੰਭੀ ਰੋਡ, ਸੈਨ ਹੋਜ਼ੇ ਦੇ ਪ੍ਰਫਾਰਮਿੰਗ ਸੈਂਟਰ ਵਿਚ ਸਨਿਚਰਵਾਰ, 20 ਦਸੰਬਰ ਨੂੰ ਸ਼ਾਮ 6 ਵਜੇ ਪੰਜਾਬੀ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ' ਖੇਡਿਆ ਜਾਵੇਗਾ। ਇਸ ਮੌਕੇ ਦੂਰਦਰਸ਼ਨ ਦੀ ਨਾਮੀ ਹਸਤੀ ਤੇ ਰਿਲੀਜ਼ ਹੋਣ ਵਾਲੀ 'ਭਗਤ ਪੂਰਨ ਸਿੰਘ' 'ਤੇ ਬਣੀ ਫਿਲਮ 'ਏਹੁ ਜਨਮੁ ਤੁਮਾਰ੍ਹੇ ਲੇਖੇ' ਦੇ ਨਿਰਦੇਸ਼ਕ ਹਰਜੀਤ ਸਿੰਘ ਮੁੱਖ ਮਹਿਮਾਨ ਹੋਣਗੇ। ਨਾਟਕ ਦੇ ਲੇਖਕ ਤੇ ਨਿਰਦੇਸ਼ਕ ਸੁਰਿੰਦਰ ਧਨੋਆ ਨੇ ਦੱਸਿਆ ਕਿ ਨਾਟਕ ਨੂੰ ਵੇਖਣ ਲਈ ਦਰਸ਼ਕਾਂ ਅੰਦਰ ਕਾਫੀ ਉਤਸ਼ਾਹ ਹੈ ਤੇ ਟਿਕਟਾਂ ਹੱਥੋ ਹੱਥੀ ਵਿਕ ਵੀ ਗਈਆਂ ਹਨ।

ਮੁੱਖ ਪ੍ਰਬੰਧਕ ਪਾਲੀ ਧਨੌਲਾ ਅਨੁਸਾਰ ਨਾਟਕ ਤੋਂ ਅਗਲੇ ਦਿਨ 21 ਦਸੰਬਰ ਨੂੰ ਹਰਜੀਤ ਸਿੰਘ ਹੋਰਾਂ ਨਾਲ ਪੰਜਾਬ ਲੋਕ ਰੰਗ ਵਲੋਂ ਬੰਬੇ ਗਾਰਡਨ ਵਿਚ ਸ਼ਾਮ 4 ਵਜੇ ਰੱਖੇ ਗਏ ਰੂਬਰੂ ਪ੍ਰੋਗਰਾਮ ਵਿਚ ਉਨ੍ਹਾਂ ਲਈ ਜਲੰਧਰ ਦੂਰਦਰਸ਼ਨ ਲਈ ਕੀਤੀਆਂ ਨਾਟਕ ਤੇ ਸੰਗੀਤਕ ਪ੍ਰੋਗਰਾਮਾਂ ਲਈ ਸੇਵਾਵਾਂ ਬਦਲੇ ਸਨਮਾਨਿਤ ਵੀ ਕੀਤਾ ਜਾਵੇਗਾ। ਉਪਰੰਤ ਹਰਜੀਤ ਸਿੰਘ ਨਾਟਕ ਦੇ ਕਲਾਕਾਰਾਂ ਦਾ ਸਨਮਾਨ ਕਰਨਗੇ।

# ਪੁਸਤਕ 'ਮਾਂ ਧੀ ਦਾ ਸੰਵਾਦ' ਦੀ ਘੁੰਡ ਚੁਕਾਈ



**ਫਰਿਜ਼ਨੋ (ਬਿਊਰੋ):** ਕੈਨੇਡਾ ਤੋਂ ਪਹੁੰਚੀ ਲੇਖਕ ਸ੍ਰੀਮਤੀ ਬਖਸ਼ ਦੀ ਪੁਸਤਕ 'ਮਾਂ ਧੀ ਦਾ ਸੰਵਾਦ' ਦੀ ਘੁੰਢ ਚੁਕਾਈ ਫਰਿਜ਼ਨੋ ਵਿਖੇ ਕੀਤੀ ਗਈ।

ਇਸ ਪੁਸਤਕ ਵਿਚ ਮਾਂ ਅਤੇ ਧੀ ਦੇ ਦਰਮਿਆਨ ਦੋ ਪੀੜੀਆਂ ਦੇ ਫਾਸਲੇ ਨੂੰ ਤਹਿ ਕਰਦੇ ਹੋਏ ਸਾਰੇ ਵਾਰਤਾਲਾਪ ਨੂੰ ਕਾਵਿਕ ਰੂਪ ਵਿਚ ਬਿਆਨਿਆ ਗਿਆ ਹੈ ਜੋ ਆਧੁਨਿਕ ਸਮਾਜ ਅੰਦਰ ਧੀਆਂ ਪ੍ਰਤੀ ਵਿਤਕਰਾ ਅਤੇ ਗੈਰ-ਸਮਾਜੀ ਨੀਤੀਆਂ ਦਾ ਜ਼ਿਕਰ ਬਾਖੂਬੀ ਕਰਦੀ ਹੈ। ਸਮਾਗਮ ਦਾ ਆਯੋਜਨ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਕੀਤਾ ਗਿਆ ਸੀ।





*ਗੁਰਦੁਆਰਾ ਸੈਨ ਹੋਜ਼ੇ ਵਿਚ ਸ਼ੁਰੂ ਕੀਤੀ ਗਈ ਗੁਰੂ ਨਾਨਕ ਫਰੀ ਮੈਡੀਕਲ ਕਲੀਨਿਕ ਦੌਰਾਨ ਲੰਘੇ ਐਤਵਾਰ ਪ੍ਰਬੰਧਕਾਂ ਵਲੋਂ ਵਾਲਗਰੀਨ ਦੇ ਸਹਿਯੋਗ ਨਾਲ ਸੰਗਤਾਂ ਨੂੰ ਮੁਫਤ ਫਲੂ ਸ਼ਾਟ ਲਾਏ ਗਏ। ਪ੍ਰਬੰਧਕਾਂ ਅਨੁਸਾਰ ਜਿਨ੍ਹਾਂ ਕੋਲ ਮੈਡੀਕਲ ਇੰਸ਼ੋਰੈਂਸ ਨਹੀਂ ਹੈ, ਉਹ ਇਸ ਕਲੀਨਿਕ ਦਾ ਲਾਭ ਉਠਾ ਰਹੇ ਹਨ।*

# ਪੰਜਾਬੀ ਸਾਹਿਤ ਸਭਾ ਨੇ ਕਰਵਾਇਆ ਸਾਹਿਤਕ ਸਮਾਗਮ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਥਾਨਕ ਇਕਾਈ ਵਲੋਂ ਕਰਵਾਏ ਗਏ ਸਾਹਿਤਕ ਸਮਾਗਮ ਵਿਚ ਜਿਥੇ ਕਹਾਣੀ ਦਾ ਦੌਰ ਚੱਲਿਆ, ਉਥੇ ਇਨ੍ਹਾਂ ਕਹਾਣੀਆਂ 'ਤੇ ਭਖਵੀਂ ਬਹਿਸ ਵੀ ਹੋਈ।

ਸਮਾਗਮ ਦੌਰਾਨ ਚਾਰ ਕਹਾਣੀਆਂ ਪੜ੍ਹੀਆਂ ਗਈਆਂ। ਪ੍ਰੋ. ਹਰਭਜਨ ਸਿੰਘ ਦੀ ਕਹਾਣੀ 'ਕ੍ਰਾਂਤੀ ਗੀਤ' ਸ਼ਾਇਰ ਮਨਦੀਪ ਗੋਰਾ ਨੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਪੇਸ਼ ਕੀਤੀ। ਇਸ ਕਹਾਣੀ ਵਿਚ ਪਰਵਾਸੀ ਲੋਕਾਂ ਦੀਆਂ ਸਮੱਸਿਆਵਾਂ ਅਤੇ 'ਲੀਗਲ ਸਟੇਟਸ' ਲਈ ਸੰਘਰਸ਼ ਨੂੰ ਵਿਸ਼ਵ ਸਰਵਹਾਰਾ ਅੰਦੋਲਨ ਦੇ ਸੰਦਰਭ ਵਿਚ ਰੱਖ ਕੇ ਇਕ ਸ਼ਾਨਦਾਰ ਬਿਰਤਾਂਤ ਸਿਰਜਿਆ ਗਿਆ ਹੈ। ਇਸ ਕਹਾਣੀ ਉਪਰ ਵਿਚਾਰ-ਵਟਾਂਦਰੇ ਦਾ ਅਰੰਭ ਸਾਹਿਤਕਾਰ ਇੰਦਰ ਸਿੰਘ ਖਾਮੋਸ਼ ਨੇ ਆਪਣੇ ਪੇਪਰ 'ਕ੍ਰਾਂਤੀ ਗੀਤ: ਇਕ ਕ੍ਰਾਂਤੀਕਾਰੀ ਇਤਿਹਾਸਕ ਸੰਦਰਭ' ਨਾਲ ਕੀਤਾ। ਇਸ ਪੇਪਰ ਵਿਚ ਉਨ੍ਹਾਂ ਨੇ ਇਸ ਕਹਾਣੀ ਨੂੰ ਸਮਕਾਲੀ ਪ੍ਰਸਥਿਤੀਆਂ ਵਿਚ ਇਨਕਲਾਬੀ ਸੰਦਰਭ ਅਤੇ ਹਾਂ-ਪੱਖੀ ਨਜ਼ਰੀਏ ਤੋਂ ਸਿਰਜੀ ਗਈ ਇਕ ਸ਼ਕਤੀਸ਼ਾਲੀ ਰਚਨਾ ਕਿਹਾ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰੋ. ਹਰਭਜਨ ਨੇ ਇਸ ਕਹਾਣੀ ਵਿਚ ਲੋਕ-ਪੱਖੀ ਸਾਹਿਤ ਅਤੇ ਇਨਕਲਾਬੀ ਸੰਘਰਸ਼ ਦੇ ਸੁਮੇਲ ਅਤੇ ਸਮਰਥਨ ਦੇ ਮੁੱਦੇ ਨੂੰ ਵੀ ਬਾਖੂਬੀ ਫੋਕਸ ਵਿਚ ਲਿਆਂਦਾ ਹੈ।

ਕਹਾਣੀ 'ਪਿੰਜਰਾ' ਇਸ ਸਮਾਗਮ ਦੇ ਮੁੱਖ ਮਹਿਮਾਨ ਅਮਰਜੀਤ ਚਾਹਲ ਨੇ ਪੇਸ਼ ਕੀਤੀ। ਵਿਚਾਰ-ਵਟਾਂਦਰੇ ਦੀ ਸ਼ੁਰੂਆਤ ਹਰਜਿੰਦਰ ਪੰਧੇਰ ਵਲੋਂ ਪੜ੍ਹੇ ਗਏ ਅਜਮੇਰ ਰੋਡੇ ਦੇ ਸੰਖੇਪ ਰੀਵਿਊ-ਨੁਮਾ ਪੇਪਰ ਨਾਲ ਹੋਈ। ਇਸ ਪੇਪਰ ਵਿਚ ਅਜਮੇਰ ਰੋਡੇ ਨੇ ਇਸ ਕਹਾਣੀ ਨੂੰ ਆਮ ਰਵਾਇਤੀ ਤਕਨੀਕ ਤੋਂ ਹਟ ਕੇ ਇਕ ਸਫਲ ਨਵਾਂ ਤਜਰਬਾ ਕਿਹਾ। ਉਨ੍ਹਾਂ ਕਿਹਾ, "ਕਹਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਲੇਖਕ ਆਮ ਕਹਾਣੀਆਂ ਵਾਂਗ ਘਟਨਾ 'ਤੇ ਜ਼ੋਰ ਨਹੀਂ ਦਿੰਦਾ। ਪਾਠਕਾਂ ਨੂੰ ਪ੍ਰਭਾਵਿਤ ਕਰਨ ਲਈ ਪਰਿਵਾਰਕ ਹਿੰਸਾ ਦੇ ਜਲਵੇ ਨਹੀਂ ਦਿਖਾਉਂਦਾ। ਇਸ ਤੋਂ ਉਲਟ ਇਸ ਹਿੰਸਾ ਤੋਂ ਉਪਜੀ ਪਾਤਰਾਂ ਦੀ ਮਾਨਸਿਕ ਟੁੱਟ ਭੱਜ 'ਤੇ ਜ਼ੋਰ ਦਿੰਦਾ ਹੈ।"

ਹਰਜਿੰਦਰ ਪੰਧੇਰ ਵਲੋਂ ਪੇਸ਼ ਕੀਤੀ ਕਹਾਣੀ 'ਕੁੱਤਾ ਤੇ ਮਨੁੱਖ' ਬਾਰੇ ਚਰਚਾ ਕਰਦਿਆਂ ਪ੍ਰੋ. ਹਰਭਜਨ ਸਿੰਘ ਨੇ ਇਸ ਕਹਾਣੀ ਨੂੰ ਵਿਸ਼ਵ ਪ੍ਰਸਥਿਤੀਆਂ ਦੇ ਸਮਕਾਲੀ ਸੰਦਰਭ ਵਿਚ, ਵਿਸ਼ੇਸ਼ ਕਰ ਕੇ ਨਵ-ਬਸਤੀਵਾਦੀ ਪਾਸਾਰ ਲਈ ਨਵੀਆਂ ਸਾਮਰਾਜੀ ਜੰਗਾਂ ਦੀ ਤਬਾਹੀ ਅਤੇ ਕਾਰਪੋਰੇਟ ਸੈਕਟਰ ਦੀ ਕੁੱਤਾ ਖੋਹੀ ਦੇ ਦੌਰ ਵਿਚ ਮਨੁੱਖ ਦੀ ਹੋ ਰਹੀ ਬੇਹੁਰਮਤੀ ਤੇ ਬੇਕਦਰੀ ਬਾਰੇ ਇਕ ਬੇਹਤਰੀਨ ਕਹਾਣੀ ਕਹਿ ਕੇ ਸਵਾਗਤ ਕੀਤਾ। ਕਹਾਣੀ 'ਬੈਸਟ ਮਦਰਜ਼ ਡੇਅ' ਨੀਲਮ ਸੈਣੀ ਨੇ ਪੇਸ਼ ਕੀਤੀ। ਪ੍ਰਿੰ. ਹਰਨੇਕ ਸਿੰਘ ਨੇ ਇਸ ਨੂੰ ਸਕੂਲ ਟੀਚਰ ਦੇ ਬਹੁ-ਸਭਿਆਚਾਰਕ ਆਦਾਨ-ਪ੍ਰਦਾਨ ਅਤੇ ਪਰਵਾਸੀ ਭਾਈਚਾਰਿਆਂ ਦੇ ਅੰਤਰ-ਵਿਰੋਧਾਂ ਬਾਰੇ ਨਿਜੀ ਅਨੁਭਵ ਵਿਚੋਂ ਉਪਜੀ ਇਕ ਵਧੀਆ ਕਹਾਣੀ ਕਿਹਾ। ਉਨ੍ਹਾਂ ਨੇ ਇਸ ਕਹਾਣੀ ਦੇ ਅੰਤ ਨੂੰ ਮੁੜ-ਵਿਚਾਰਨ ਅਤੇ ਪੁਨਰ-ਸਿਰਜਣ ਬਾਰੇ ਸੁਝਾਅ ਵੀ ਦਿੱਤਾ।

ਇਸ ਉਪਰੰਤ ਇਨ੍ਹਾਂ ਕਹਾਣੀਆਂ ਉਪਰ ਭਖਵੀਂ ਬਹਿਸ ਵੀ ਹੋਈ ਜਿਨ੍ਹਾਂ ਵਿਚ ਇੰਦਰ ਸਿੰਘ ਖਾਮੋਸ਼, ਅਮਰਜੀਤ ਚਾਹਲ, ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਰਾਠੀ ਸੂਰਾਪੁਰੀ, ਪ੍ਰਿੰ. ਹਰਨੇਕ ਸਿੰਘ ਤੋਂ ਇਲਾਵਾ ਨੀਲਮ ਸੈਣੀ, ਤਾਰਾ ਸਾਗਰ, ਮਨਦੀਪ ਗੋਰਾ, ਕੁਲਦੀਪ ਸਿੰਘ ਤੱਖਰ, ਕਾਮਰੇਡ ਸਰਨ ਪਾਲ ਬੈਂਸ, ਇੰਦਰਜੀਤ ਗਰੇਵਾਲ ਨੇ ਹਿੱਸਾ ਲਿਆ। ਵਿਚਾਰ-ਚਰਚਾ ਦੌਰਾਨ ਕਹਾਣੀ ਵਿਧਾ, ਕਲਾ, ਤਕਨੀਕ, ਭਾਸ਼ਾ ਆਦਿ ਨਾਲ ਸਬੰਧਿਤ ਅਨੇਕ ਨਵੇਂ-ਪੁਰਾਣੇ ਸੰਕਲਪ ਪੇਸ਼ ਹੋਏ। ਇਸ ਨੇ ਸਾਰੇ ਹਾਜ਼ਰ ਕਹਾਣੀਕਾਰਾਂ ਨੂੰ ਬੇਹੱਦ ਉਤਸ਼ਾਹਿਤ ਵੀ ਕੀਤਾ। ਇਨ੍ਹਾਂ ਕਹਾਣੀਆਂ ਦੇ ਪਾਠ ਅਤੇ ਖੁੱਲ੍ਹੀ ਬਹਿਸ ਦਾ ਸੰਚਾਲਨ ਪ੍ਰੋ. ਹਰਭਜਨ ਸਿੰਘ ਨੇ ਬਹੁਤ ਹੀ ਭਾਵਪੂਰਤ ਅੰਦਾਜ਼ ਵਿਚ ਕੀਤਾ।

ਸਮਾਗਮ ਦੇ ਅਰੰਭ ਵਿਚ ਹਰਜਿੰਦਰ ਪੰਧੇਰ ਨੇ 'ਕਾਮਾਗਾਟਾ ਮਾਰੂ ਜਹਾਜ਼' ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ, ਇਹ ਸਮਾਗਮ ਸਮੁੱਚੀ ਗਦਰ ਲਹਿਰ ਦੇ ਉਨ੍ਹਾਂ ਅਧੂਰੇ ਸੁਪਨਿਆਂ ਦੇ ਨਾਂ ਕਰ ਦਿੱਤਾ, ਜੋ ਅਧੂਰੇ ਹੀ ਰਹਿ ਗਏ।

ਅਮਰਜੀਤ ਚਾਹਲ ਨੇ ਕਹਾਣੀ ਵਿਧਾ ਨਾਲ ਸਬੰਧਿਤ ਕਲਾ, ਭਾਸ਼ਾ, ਤਕਨੀਕ, ਵਿਸ਼ਾ-ਵਸਤੂ ਆਦਿ ਪਹਿਲੂਆਂ ਬਾਰੇ ਕੁੰਜੀਵਤ ਭਾਸ਼ਣ ਕੀਤਾ। ਪ੍ਰੋ. ਹਰਭਜਨ ਸਿੰਘ ਨੇ ਵੀ ਆਪਣੇ ਅਨੁਭਵ ਸਾਂਝੇ ਕੀਤੇ। ਅਖੀਰ 'ਚ ਕਾਵਿ-ਮਹਿਫਿਲ ਦਾ ਆਗਾਜ਼ ਕਰਦਿਆਂ ਡਾ. ਤਨਵੀ ਚੌਹਾਨ ਨੇ ਦੋ ਲੋਕ ਗੀਤ ਗਾ ਕੇ ਖੂਬ ਵਾਹ-ਵਾਹ ਖੱਟੀ। ਗੁਰਚਰਨ ਕੌਰ ਨੇ ਵੀ ਇਕ ਹੋਰ ਲੋਕ ਗੀਤ ਪੇਸ਼ ਕੀਤਾ ਅਤੇ ਅਮਰਪਾਲ ਨੇ ਆਪਣਾ ਇਕ ਕ੍ਰਾਂਤੀਕਾਰੀ ਗੀਤ ਗਾਇਆ। ਫਿਰ ਇੰਦਰਜੀਤ ਗਰੇਵਾਲ, ਰਾਠੀ ਸੂਰਾਪੁਰੀ, ਨੀਲਮ ਸੈਣੀ, ਮਨਦੀਪ ਗੋਰਾ ਆਦਿ ਨੇ ਆਪਣੀਆਂ ਕਾਵਿ-ਰਚਨਾਵਾਂ ਤੇ ਗਜ਼ਲਾਂ ਪੇਸ਼ ਕੀਤੀਆਂ।






# ਪੰਜਾਬ ਵਿਚ ਬੇਅਸਰ ਰਿਹਾ ਜੇਲ੍ਹਾਂ 'ਚੋਂ ਭੀੜ ਘਟਾਉਣ ਵਾਲਾ ਨੁਕਤਾ

**ਬਠਿੰਡਾ:** ਜੇਲ੍ਹਾਂ ਵਿਚ ਭੀੜ ਘਟਾਉਣ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਦਾ ਫਾਰਮੂਲਾ ਪੰਜਾਬ ਸਰਕਾਰ ਦੇ ਕਿਸੇ ਕੰਮ ਨਹੀਂ ਆਇਆ। ਗ੍ਰਹਿ ਮੰਤਰਾਲੇ ਨੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖਿਆ ਸੀ ਤੇ ਡੀ.ਜੀ.ਪੀ (ਜੇਲ੍ਹਾਂ) ਨੂੰ ਹਦਾਇਤ ਕੀਤੀ ਸੀ ਕਿ ਹਵਾਲਾਤੀਆਂ ਵਿਚੋਂ ਜੋ ਆਪਣੇ ਕੀਤੇ ਜੁਰਮ ਦੀ ਬਣਦੀ ਸਜ਼ਾ ਵਿਚੋਂ ਅੱਧਾ ਸਮਾਂ ਜੇਲ੍ਹਾਂ ਵਿਚ ਬਿਤਾ ਚੁੱਕੇ ਹਨ, ਉਨ੍ਹਾਂ ਨੂੰ ਰਿਹਾਅ ਕਰਕੇ ਜੇਲ੍ਹਾਂ ਨੂੰ ਸਾਹ ਦਿਵਾਇਆ ਜਾਵੇ। ਜੇਲ੍ਹ ਵਿਭਾਗ, ਪੰਜਾਬ ਵੱਲੋਂ ਜਦੋਂ ਜੇਲ੍ਹਾਂ ਵਿਚ ਅਜਿਹੇ ਬੰਦੀਆਂ ਦੀ ਸ਼ਨਾਖਤ ਕੀਤੀ ਗਈ ਤਾਂ ਸਿਰਫ ਡੇਢ ਦਰਜਨ ਬੰਦੀ ਹੀ ਲੱਭੇ। ਇਨ੍ਹਾਂ ਬੰਦੀਆਂ ਦੀ ਰਿਹਾਈ ਨਾਲ ਜੇਲ੍ਹਾਂ ਦੀ ਭੀੜ ਘਟਣੀ ਮੁਸ਼ਕਲ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੀ ਸੂਚਨਾ ਮੁਤਾਬਕ ਦੇਸ਼ ਭਰ ਦੀਆਂ ਜੇਲ੍ਹਾਂ ਵਿਚ 12889 ਬੰਦੀ ਅਜਿਹੇ ਹਨ ਜਿਨ੍ਹਾਂ ਦੇ ਕੇਸ ਤਿੰਨ ਵਰ੍ਹਿਆਂ ਤੋਂ ਵਿਚਾਰ-ਅਧੀਨ ਹਨ। ਸਭ ਤੋਂ ਵੱਧ ਬਿਹਾਰ ਵਿਚ 1707 ਅਜਿਹੇ ਬੰਦੀ ਹਨ।

ਪੰਜਾਬ ਵਿਚ ਕੇਂਦਰੀ ਮੁਹਿੰਮ ਨੂੰ ਉਮੀਦ ਦਾ ਫਲ ਨਹੀਂ ਲੱਗ ਸਕਿਆ। ਬਠਿੰਡਾ ਜੇਲ੍ਹ ਵਿਚ ਸਿਰਫ ਇਕ ਹੀ ਅਜਿਹਾ ਬੰਦੀ ਲੱਭਿਆ ਜੋ ਵਿਚਾਰ-ਅਧੀਨ ਮੁਕੱਦਮੇ ਦੌਰਾਨ ਬਣਦੀ ਸਜ਼ਾ ਦਾ ਅੱਧਾ ਸਮਾਂ ਕੱਟ ਚੁੱਕਾ ਹੈ। ਉਂਜ ਉਸ 'ਤੇ ਇਕ ਹੋਰ ਕੇਸ ਦਰਜ ਹੈ ਜਿਸ ਕਰਕੇ ਉਸ ਨੂੰ ਕੇਂਦਰੀ ਮੁਹਿੰਮ ਦਾ ਫਾਇਦਾ ਨਹੀਂ ਮਿਲ ਸਕੇਗਾ। ਕੇਂਦਰੀ ਮੁਹਿੰਮ ਦਾ ਦੂਸਰੇ ਸੂਬਿਆਂ ਦੇ ਅਜਿਹੇ ਬੰਦੀਆਂ ਨੂੰ ਜ਼ਿਆਦਾ ਫਾਇਦਾ ਮਿਲੇਗਾ ਪਰ ਪੰਜਾਬ ਵਿਚ ਸਥਿਤੀ ਹੋਰ ਹੈ। ਮਿਲੇ ਵੇਰਵਿਆਂ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਵੇਲੇ ਕੁੱਲ 26790 ਬੰਦੀ ਹਨ ਜਿਨ੍ਹਾਂ ਵਿਚੋਂ 12490 ਬੰਦੀ ਤਾਂ ਇਕੱਲੇ ਨਸ਼ਿਆਂ ਦੀ ਤਸਕਰੀ ਵਾਲੇ ਹਨ, ਜੋ ਜੇਲ੍ਹਾਂ ਦੀ ਭੀੜ ਦਾ 47 ਫੀਸਦੀ ਬਣਦੇ ਹਨ। ਐਨ.ਡੀ.ਪੀ.ਐਸ. ਕੇਸਾਂ ਵਾਲੇ 12490 ਬੰਦੀਆਂ ਵਿਚੋਂ 8290 ਹਵਾਲਾਤੀ ਹਨ ਜਦੋਂਕਿ 4200 ਸਜ਼ਾ ਯਾਫਤਾ ਹਨ। ਨਸ਼ਿਆਂ ਦੇ ਕੇਸਾਂ ਤੋਂ ਬਾਅਦ ਬਿਨ੍ਹਾਂ ਬਾਕੀ ਕੇਸਾਂ ਵਿਚ ਜੇਲ੍ਹਾਂ ਵਿਚ ਕੁੱਲ 14300 ਬੰਦੀ ਹਨ ਜਿਨ੍ਹਾਂ ਵਿਚੋਂ 7800 ਹਵਾਲਾਤੀ ਹਨ।

ਇਸ ਤਰ੍ਹਾਂ ਦੇਖਿਆ ਜਾਵੇ ਤਾਂ ਪੰਜਾਬ ਦੀਆਂ ਜੇਲ੍ਹਾਂ ਵਿਚ ਹਵਾਲਾਤੀਆਂ ਦੀ ਗਿਣਤੀ 16090 ਹੈ ਜੋ ਕਿ ਕੁੱਲ ਦਾ 60 ਫੀਸਦੀ ਬਣਦੀ ਹੈ। ਜੇਲ੍ਹਾਂ ਵਿਚ ਵੱਡੀ ਭੀੜ ਨਸ਼ਿਆਂ ਦੇ ਤਸਕਰਾਂ ਦੀ ਹੈ ਜਿਸ ਕਰਕੇ ਕੇਂਦਰੀ ਮੁਹਿੰਮ ਬਹੁਤਾ ਅਸਰ ਨਹੀਂ ਦਿਖਾ ਸਕੀ ਹੈ। ਪੰਜਾਬ ਦੀਆਂ ਜੇਲ੍ਹਾਂ ਦੀ ਸਮਰੱਥਾ ਇਸ ਵੇਲੇ 18685 ਬੰਦੀਆਂ ਦੀ ਹੈ ਜਦੋਂਕਿ ਜੇਲ੍ਹਾਂ ਵਿਚ 26790 ਬੰਦੀਆਂ ਦੀ ਭੀੜ ਹੈ। ਇਸ ਵੇਲੇ 73 ਵਿਦੇਸ਼ੀ ਬੰਦੀ ਹਨ ਜਦੋਂ ਕਿ 94 ਸਿਵਲ ਕੇਸਾਂ ਦੇ ਬੰਦੀ ਹਨ। 1585 ਔਰਤਾਂ ਵੀ ਬੰਦੀ ਹਨ। ਬਠਿੰਡਾ, ਮਾਨਸਾ, ਫਿਰੋਜ਼ਪੁਰ, ਫਰੀਦਕੋਟ, ਅੰਮ੍ਰਿਤਸਰ ਤੇ ਸੰਗਰੂਰ ਦੀਆਂ ਜੇਲ੍ਹਾਂ ਵਿਚ ਐਨ.ਡੀ.ਪੀ.ਐਸ. ਕੇਸਾਂ ਦੇ ਬੰਦੀ ਜ਼ਿਆਦਾ ਹਨ। ਜੇਲ੍ਹ ਵਿਭਾਗ ਵੱਲੋਂ ਬੈਰਕਾਂ ਵਿਚ 1600 ਹੋਰ ਬੰਦੀਆਂ ਨੂੰ ਰੱਖਣ ਵਿਚ ਵਾਧਾ ਕੀਤਾ ਜਾ ਰਿਹਾ ਹੈ।

ਇਸੇ ਤਰ੍ਹਾਂ ਮੁਕਤਸਰ, ਬਠਿੰਡਾ, ਤਰਨਤਾਰਨ ਤੇ ਗੋਇੰਦਵਾਲ ਸਾਹਿਬ ਵਿਚ ਚਾਰ ਨਵੀਆਂ ਜੇਲ੍ਹਾਂ ਬਣ ਰਹੀਆਂ ਹਨ ਜਿਸ ਨਾਲ ਚਾਰ ਹਜ਼ਾਰ ਬੰਦੀਆਂ ਨੂੰ ਰੱਖਣ ਦੀ ਸਮਰੱਥਾ ਵਧ ਜਾਣੀ ਹੈ। ਡੀ.ਜੀ.ਪੀ (ਜੇਲ੍ਹਾਂ) ਰਾਜਪਾਲ ਮੀਨਾ ਦਾ ਕਹਿਣਾ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਅਜਿਹੇ ਹਵਾਲਾਤੀ ਬਹੁਤ ਹੀ ਘੱਟ ਹਨ ਜੋ ਆਪਣੇ ਜੁਰਮ ਦੀ ਬਣਦੀ ਸਜ਼ਾ ਦਾ ਅੱਧਾ ਸਮਾਂ ਜੇਲ੍ਹਾਂ ਵਿਚ ਕੱਟ ਚੁੱਕੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ ਦੀ ਪਾਲਣਾ ਸ਼ੁਰੂ ਕੀਤੀ ਗਈ ਹੈ ਪਰ ਪੰਜਾਬ ਵਿਚ ਅਜਿਹੇ ਬੰਦੀ ਬਹੁਤ ਹੀ ਘੱਟ ਨਿਕਲੇ ਹਨ। ਉਨ੍ਹਾਂ ਦੱਸਿਆ ਕਿ ਜੱਜ ਸਾਹਿਬਾਨ ਜੇਲ੍ਹਾਂ ਵਿਚ ਅਦਾਲਤ ਲਗਾ ਕੇ ਅਜਿਹੇ ਕੇਸਾਂ ਦਾ ਨਿਪਟਾਰਾ ਵੀ ਕਰ ਰਹੇ ਹਨ।

## ਕੈਦੀਆਂ ਦੇ ਦਵਾ-ਦਾਰੂ 'ਤੇ ਕਰੋੜਾਂ ਦਾ ਖਰਚਾ

**ਚੰਡੀਗੜ੍ਹ:** ਆਰ.ਟੀ.ਆਈ. ਤਹਿਤ ਮਿਲੀ ਜਾਣਕਾਰੀ ਮੁਤਾਬਕ ਜੇਲ੍ਹਾਂ ਵਿਚ 27 ਬੰਦੀ ਅਜਿਹੇ ਆਏ ਹਨ ਜਿਨ੍ਹਾਂ ਦੇ ਇਲਾਜ 'ਤੇ ਜੇਲ੍ਹ ਪ੍ਰਸ਼ਾਸਨ ਨੂੰ ਡੇਢ ਲੱਖ ਤੋਂ 3.50 ਲੱਖ ਰੁਪਏ ਪ੍ਰਤੀ ਬੰਦੀ ਖਰਚ ਕਰਨੇ ਪਏ ਹਨ। ਇਨ੍ਹਾਂ ਵਿਚੋਂ 14 ਬੰਦੀ ਦਿਲ ਦੀ ਬੀਮਾਰੀ ਤੋਂ ਪੀੜਤ ਸਨ। ਦੋ ਦਰਜਨ ਬੰਦੀਆਂ ਦਾ ਇਲਾਜ ਪੀ.ਜੀ.ਆਈ. ਵਿਚ ਚੱਲਿਆ। ਪਟਿਆਲਾ ਜੇਲ੍ਹ ਨੂੰ ਹਾਲ ਹੀ ਵਿਚ ਬੰਦੀ ਗੁਰਮੁਖ ਦੇ ਦਿਲ ਦੇ ਅਪਰੇਸ਼ਨ 'ਤੇ 3.50 ਲੱਖ ਰੁਪਏ ਖਰਚ ਕਰਨੇ ਪਏ ਜਦੋਂਕਿ ਬਖ਼ਸ਼ੀਸ਼ ਸਿੰਘ ਦੇ ਦਿਲ ਦੇ ਅਪਰੇਸ਼ਨ 'ਤੇ ਢਾਈ ਲੱਖ ਰੁਪਏ ਦਾ ਖਰਚ ਕਰਨਾ ਪਿਆ। ਮੁਕਤਸਰ ਜੇਲ੍ਹ ਵਿਚ ਬੰਦ ਸੁਪਰੀਮ ਸਿੰਘ ਦੇ ਦਿਲ ਵਿਚ ਛੇਕ ਸੀ ਜਿਸਦੇ ਇਲਾਜ 'ਤੇ 2.99 ਲੱਖ ਰੁਪਏ ਖਰਚ ਆਇਆ। ਮੁਕਤਸਰ ਜੇਲ੍ਹ ਦਾ ਸਾਲਾਨਾ 13.14 ਲੱਖ ਇਲਾਜ 'ਤੇ ਖਰਚ ਹੋਇਆ ਜਿਸ ਵਿਚੋਂ ਤਕਰੀਬਨ ਤਿੰਨ ਲੱਖ ਰੁਪਏ ਇਕੋ ਬੰਦੀ ਦੇ ਇਲਾਜ 'ਤੇ ਲੱਗ ਗਏ।

ਕੇਂਦਰੀ ਜੇਲ੍ਹ ਲੁਧਿਆਣਾ ਨੇ ਬੀਤੇ ਅੱਠ ਵਰ੍ਹਿਆਂ ਵਿਚ ਬੰਦੀਆਂ ਦੇ ਇਲਾਜ 'ਤੇ 6.02 ਕਰੋੜ ਰੁਪਏ ਖਰਚ ਕੀਤੇ ਹਨ। ਦੋ ਬੰਦੀਆਂ ਦੀ ਦਿਲ ਦੀ ਬੀਮਾਰੀ ਦਾ ਇਲਾਜ ਕਰਵਾਉਣਾ ਜੇਲ੍ਹ ਨੂੰ 2.88 ਲੱਖ ਰੁਪਏ ਵਿਚ ਪਿਆ ਹੈ। ਪਟਿਆਲਾ ਜੇਲ੍ਹ ਨੇ ਇਨ੍ਹਾਂ ਅੱਠ ਵਰ੍ਹਿਆਂ ਦੌਰਾਨ ਇਲਾਜ 'ਤੇ 3.62 ਕਰੋੜ ਰੁਪਏ ਖਰਚੇ ਹਨ। ਜੇਲ੍ਹ ਦੇ ਡਿਪਟੀ ਸੁਪਰਡੈਂਟ ਰਾਜਨ ਕਪੂਰ ਨੇ ਦੱਸਿਆ ਕਿ ਇਕ ਬੰਦੀ ਦੀ ਦਿਲ ਦੀ ਬੀਮਾਰੀ ਦੇ ਇਲਾਜ 'ਤੇ ਜੇਲ੍ਹ ਪ੍ਰਸ਼ਾਸਨ ਨੂੰ ਪੰਜ ਲੱਖ ਰੁਪਏ ਖਰਚਣੇ ਪਏ ਸਨ। ਆਰ.ਟੀ.ਆਈ. ਤਹਿਤ ਪ੍ਰਾਪਤ ਜਾਣਕਾਰੀ ਅਨੁਸਾਰ ਫਿਰੋਜ਼ਪੁਰ ਜੇਲ੍ਹ ਵਿਚ ਪੰਜ ਬੰਦੀ ਅਜਿਹੇ ਹਨ ਜਿਨ੍ਹਾਂ ਦੇ ਇਲਾਜ 'ਤੇ ਪ੍ਰਤੀ ਕੈਦੀ ਇਕ ਲੱਖ ਰੁਪਏ ਤੋਂ ਜ਼ਿਆਦਾ ਖਰਚਾ ਆ ਚੁੱਕਿਆ ਹੈ। ਇਨ੍ਹਾਂ ਕੈਦੀਆਂ ਦੇ ਇਲਾਜ 'ਤੇ ਜੇਲ੍ਹ ਨੇ 6.84 ਲੱਖ ਰੁਪਏ ਖਰਚ ਕੀਤੇ ਹਨ।

# ਬੇਰੁਜ਼ਗਾਰਾਂ ਦੀ ਫੌਜ ਵਲੋਂ ਬਾਦਲ ਨੂੰ ਘੇਰਾ

**ਚੰਡੀਗੜ੍ਹ:** ਪੰਜਾਬ ਵਿਚ ਖਤਰਨਾਕ ਹੱਦ ਤੱਕ ਫੈਲੀ ਬੇਰੁਜ਼ਗਾਰੀ ਬਾਦਲ ਸਰਕਾਰ ਲਈ ਸਿਰਦਰਦੀ ਬਣ ਸਕਦੀ ਹੈ। ਅਕਾਲੀ ਦਲ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਪੰਜ ਸਾਲਾਂ ਦੌਰਾਨ ਪੰਜ ਲੱਖ ਨੌਜਵਾਨਾਂ ਨੂੰ ਨੌਕਰੀਆਂ ਦੇਣ ਤੇ ਸੂਚਨਾ ਤਕਨਾਲੋਜੀ ਵਿਚ ਇਕ ਲੱਖ ਨੌਕਰੀਆਂ ਪੈਦਾ ਕਰਨ ਦਾ ਸੁਪਨਾ ਦਿਖਾਇਆ ਸੀ। ਇਸ ਤੋਂ ਇਲਾਵਾ 10 ਲੱਖ ਨੌਕਰੀਆਂ ਪੈਦਾ ਕਰਨ ਲਈ 'ਹੁਨਰ ਵਿਕਾਸ ਕੇਂਦਰ' ਖੋਲ੍ਹਣ ਦਾ ਵਾਅਦਾ ਵੀ ਕੀਤਾ ਸੀ ਪਰ ਸਰਕਾਰ ਆਪਣੇ ਵਾਅਦੇ ਦੇ ਨੇੜੇ-ਤੇੜੇ ਵੀ ਨਹੀਂ ਅੱਪੜ ਸਕੀ ਜਿਸ ਕਾਰਨ ਬੇਰੁਜ਼ਗਾਰੀ ਸਭ ਤੋਂ ਵੱਡਾ ਮੁੱਦਾ ਬਣ ਗਈ ਹੈ।

ਇਕ ਅੰਮ੍ਰਿਤਧਾਰੀ ਕੁੜੀ ਵੱਲੋਂ ਬੇਰੁਜ਼ਗਾਰੀ ਤੋਂ ਦੁਖੀ ਹੋ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਰਿਹਾਇਸ਼ ਅੱਗੇ ਆਤਮਦਾਹ ਦਾ ਯਤਨ ਕਰਨ ਪਿੱਛੋਂ ਸਰਕਾਰ ਪੱਲੇ ਕਾਫੀ ਨਮੋਸ਼ੀ ਪਈ ਹੈ। ਸੂਬੇ ਵਿਚ ਬੇਰੁਜ਼ਗਾਰਾਂ ਦੀ ਫ਼ੌਜ ਮਾਨਸਿਕ ਪ੍ਰੇਸ਼ਾਨੀ ਵਿਚੋਂ ਗੁਜ਼ਰ ਰਹੀ ਹੈ ਤੇ ਉੱਚ ਯੋਗਤਾ ਪ੍ਰਾਪਤ ਵਰਗ ਵੀ ਸਰਕਾਰ ਦੀ ਠੇਕਾ ਆਧਾਰਤ ਪ੍ਰਣਾਲੀ ਕਾਰਨ ਨਿਗੂਣੀਆਂ ਤਨਖਾਹਾਂ ਉਪਰ ਨੌਕਰੀਆਂ ਕਰਕੇ ਵਿੱਤੀ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ।




## ਨੌਕਰੀ ਉਡੀਕਦੇ ਛੇ ਹਜ਼ਾਰ ਬੇਰੁਜ਼ਗਾਰ ਅਧਿਆਪਕ ਹੋਏ ਓਵਰਏਜ਼

**ਬਠਿੰਡਾ:** ਪੰਜਾਬ ਵਿਚ ਤਕਰੀਬਨ ਛੇ ਹਜ਼ਾਰ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਓਵਰਏਜ ਹੋ ਚੁੱਕੇ ਹਨ। ਪੰਜਾਬ ਵਿਚ ਇਸ ਵੇਲੇ 24572 ਟੈੱਟ ਪਾਸ ਬੇਰੁਜ਼ਗਾਰ ਹਨ, ਜਿਨ੍ਹਾਂ ਵਿਚੋਂ ਸਰਕਾਰ ਨੇ ਸਿਰਫ 3672 ਨੂੰ ਹੀ ਨੌਕਰੀ ਦਿੱਤੀ ਹੈ। ਨੌਕਰੀ ਵੀ ਸਿਰਫ ਛੇ ਹਜ਼ਾਰ ਪ੍ਰਤੀ ਮਹੀਨਾ ਤਨਖਾਹ ਵਾਲੀ। ਮੰਡੀ ਖੁਰਦ ਦੇ ਹਰਜੀਤ ਸਿੰਘ ਦਾ ਜਦੋਂ ਟੈੱਟ ਦਾ ਨਤੀਜਾ ਆਇਆ ਤਾਂ ਉਦੋਂ ਉਹ ਓਵਰਏਜ ਹੋ ਗਿਆ। ਟੈੱਟ ਪਾਸ ਹੋਣ ਦਾ ਚਾਅ ਉਮਰ ਨੇ ਫਿੱਕਾ ਪਾ ਦਿੱਤਾ। ਜੰਡਾਂਵਾਲਾ ਦਾ ਸਰਦੂਲ ਸਿੰਘ ਤਾਂ ਨੌਕਰੀ ਦੀ ਆਸ ਵਿਚ ਵਿਆਹ ਵਾਲੀ ਉਮਰ ਵੀ ਟਪਾ ਬੈਠਾ ਹੈ। ਏਦਾਂ ਦੇ ਹਜ਼ਾਰਾਂ ਨੌਜਵਾਨ ਹਨ ਜਿਨ੍ਹਾਂ ਦੇ ਝੋਲੇ ਵਿਚ ਡਿਗਰੀਆਂ ਤਾਂ ਹਨ ਪਰ ਹੱਥ ਖਾਲੀ ਹਨ। ਇਨ੍ਹਾਂ ਨੂੰ ਸਰਕਾਰ ਵੱਲੋਂ ਐਲਾਨਿਆਂ ਬੇਰੁਜ਼ਗਾਰੀ ਭੱਤਾ ਵੀ ਕਦੇ ਨਹੀਂ ਮਿਲਿਆ ਹੈ।

ਇਸ ਵੇਲੇ ਪੰਜਾਬ ਵਿਚ ਤਕਰੀਬਨ ਸਾਢੇ ਤਿੰਨ ਲੱਖ ਬੀ.ਐਡ. ਤੇ ਈ.ਟੀ.ਟੀ. ਦਾ ਕੋਰਸ ਪਾਸ ਕਰਨ ਵਾਲੇ ਮੁੰਡੇ ਤੇ ਕੁੜੀਆਂ ਬੇਰੁਜ਼ਗਾਰੀ ਦੀ ਅੱਗ ਵਿਚ ਭੁੱਜ ਰਹੇ ਹਨ। ਭਾਰਤ ਸਰਕਾਰ ਵੱਲੋਂ ਸਿੱਖਿਆ ਦੇ ਅਧਿਕਾਰ (ਆਰ.ਟੀ.ਈ.) ਤਹਿਤ ਅਧਿਆਪਕ ਭਰਤੀ ਕਰਨ ਤੋਂ ਪਹਿਲਾਂ ਅਧਿਆਪਕ ਯੋਗਤਾ ਟੈਸਟ (ਟੀ.ਈ.ਟੀ.) ਪਾਸ ਕਰਨ ਦੀ ਸ਼ਰਤ ਲਗਾ ਦੇਣ ਕਾਰਨ ਅਧਿਆਪਕਾਂ ਦੇ ਰੁਜ਼ਗਾਰ ਅੱਗੇ ਇਹ ਟੈਸਟ ਕੰਧ ਬਣ ਗਿਆ ਹੈ। ਪੰਜਾਬ ਦੇ ਤਕਰੀਬਨ 21 ਹਜ਼ਾਰ ਯੋਗਤਾ ਪ੍ਰਾਪਤ ਅਧਿਆਪਕ ਟੀ.ਈ.ਟੀ. ਪਾਸ ਕਰ ਚੁੱਕੇ ਹਨ ਪਰ ਪੰਜਾਬ ਸਰਕਾਰ ਇਨ੍ਹਾਂ ਵਿਚੋਂ ਵੀ ਸਿਰਫ 3900 ਉਮੀਦਵਾਰਾਂ ਨੂੰ ਹੀ ਨੌਕਰੀਆਂ ਦੇ ਸਕੀ ਹੈ। ਹੁਣ ਭਰਤੀ ਕੀਤੇ 1872 ਪੇਂਡੂ ਸਹਿਯੋਗੀ ਅਧਿਆਪਕਾਂ ਨੂੰ ਠੇਕੇ ਦੇ ਆਧਾਰ 'ਤੇ ਮਹਿਜ਼ ਛੇ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਉਪਰ ਰੱਖਿਆ ਗਿਆ ਹੈ। ਟੀ.ਈ.ਟੀ. ਅਧਿਆਪਕਾਂ ਨੇ ਸਰਕਾਰ ਨੂੰ ਪੇਸ਼ਕਸ਼ ਕੀਤੀ ਹੈ ਕਿ ਉਹ ਆਪਣੇ ਮੱਥੇ ਉਪਰੋਂ ਬੇਰੁਜ਼ਗਾਰੀ ਦਾ ਕਲੰਕ ਧੋਣ ਲਈ ਇਕ ਸਾਲ ਮੁਫ਼ਤ ਨੌਕਰੀ ਕਰਨ ਲਈ ਵੀ ਤਿਆਰ ਹਨ।

ਈ.ਟੀ.ਟੀ. ਪਾਸ ਅਧਿਆਪਕ ਯੂਨੀਅਨ ਦੇ ਜਨਰਲ ਸਕੱਤਰ ਰਘਬੀਰ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਸ. ਬਾਦਲ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਦੇ ਦਰ ਹਮੇਸ਼ਾ ਹਰੇਕ ਲਈ ਖੁੱਲ੍ਹੇ ਰਹਿੰਦੇ ਹਨ ਜਦੋਂ ਕਿ ਮੁਲਾਜ਼ਮ ਜਥੇਬੰਦੀਆਂ ਨੂੰ ਰੈਲੀਆਂ ਕਰਨ ਤੇ ਪੁਲਿਸ ਦੀਆਂ ਡਾਂਗਾਂ ਖਾਣ ਬਾਅਦ ਹੀ ਮੁੱਖ ਮੰਤਰੀ ਨਾਲ ਮੀਟਿੰਗ ਨਸੀਬ ਹੁੰਦੀ ਹੈ। ਜੇਕਰ ਸਰਕਾਰ ਉਨ੍ਹਾਂ ਨੂੰ ਟੀ.ਈ.ਟੀ. ਪਾਸ ਕਰਨ 'ਤੇ ਵੀ ਨੌਕਰੀਆਂ ਦੇਣ ਤੋਂ ਅਸਮਰਥ ਹੈ ਤਾਂ ਹੁਣ ਉਨ੍ਹਾਂ ਕੋਲ ਵੀ ਗੁਰਪ੍ਰੀਤ ਕੌਰ ਵਾਲਾ ਰਸਤਾ ਹੀ ਰਹਿ ਗਿਆ ਹੈ ਕਿਉਂਕਿ ਉਨ੍ਹਾਂ ਵਿਚੋਂ ਵੀ ਤਕਰੀਬਨ 600 ਬੇਰੁਜ਼ਗਾਰ ਗੁਰਪ੍ਰੀਤ ਵਾਂਗ ਓਵਰ-ਏਜ ਹੋ ਚੁੱਕੇ ਹਨ। ਮਿਲੀ ਜਾਣਕਾਰੀ ਅਨੁਸਾਰ ਸੂਬੇ ਦੇ ਤਕਰੀਬਨ 90 ਹਜ਼ਾਰ ਵਿਸ਼ੇਸ਼ ਬੱਚਿਆਂ (ਅਪਾਹਜ) ਨੂੰ ਪੜ੍ਹਾਉਣ ਵਾਲੇ 1358 ਇਨਕਲੂਸਿਵ ਐਜੂਕੇਸ਼ਨ ਵਲੰਟੀਅਰਾਂ (ਆਈਈਵੀ) ਨੂੰ ਪਿਛਲੇ ਅੱਠ ਮਹੀਨਿਆਂ ਤੋਂ ਮਾਣ ਭੱਤਾ ਨਸੀਬ ਨਹੀਂ ਹੋਇਆ ਹੈ। ਇਨ੍ਹਾਂ ਵਿਚੋਂ 800 ਤੋਂ ਵੱਧ ਮਹਿਲਾ ਵਲੰਟੀਅਰ ਹਨ। ਕੇਂਦਰ ਸਰਕਾਰ ਨੇ ਇਸ ਸਕੀਮ ਦਾ ਭੋਗ ਪਾ ਦਿੱਤਾ ਹੈ। ਪੰਜਾਬ ਸਰਕਾਰ ਵੀ ਇਨ੍ਹਾਂ ਵਲੰਟੀਅਰਾਂ ਦਾ ਭਵਿੱਖ ਬਚਾਉਣ ਲਈ ਕੋਈ ਰਾਹ ਨਹੀਂ ਲੱਭ ਸਕੀ। ਯੂਨੀਅਨ ਦੀ ਪ੍ਰਧਾਨ ਪਰਮਜੀਤ ਕੌਰ ਨੇ ਕਿਹਾ ਕਿ ਉਹ ਮਾਣ ਭੱਤਾ ਵਧਾ ਕੇ 12000 ਰੁਪਏ ਕਰਨ ਦੀ ਮੰਗ ਕਰ ਰਹੇ ਸਨ ਪਰ ਸਰਕਾਰ ਨੇ ਇਸ ਦੇ ਉਲਟ 4500 ਰੁਪਏ ਮਾਣ ਭੱਤਾ ਵੀ ਪਿਛਲੇ ਅੱਠ ਮਹੀਨਿਆਂ ਤੋਂ ਨਹੀਂ ਦਿੱਤਾ ਹੈ।

# ਸਿੱਖ ਕੈਦੀਆਂ ਦੀ ਰਿਹਾਈ ਬਾਰੇ ਆਸ ਬੱਝੀ

**ਕੁਰੂਕਸ਼ੇਤਰ (ਬਿਊਰੋ):** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਤੇ ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਪੱਕੀ ਰਿਹਾਈ ਲਈ ਸੰਘਰਸ਼ ਕਰ ਰਹੇ ਭਾਈ ਗੁਰਬਖ਼ਸ਼ ਸਿੰਘ ਖਾਲਸਾ ਦੇ ਯਤਨ ਸਫ਼ਲ ਹੋਣ ਦੀ ਸੰਭਾਵਨਾ ਵਿਖਾਈ ਦੇਣ ਲੱਗੀ ਹੈ।

ਜੇਲ੍ਹਾਂ ਵਿਚ ਬੰਦ ਦੋ ਸਿੱਖ ਕੈਦੀਆਂ ਦੀ ਰਿਹਾਈ ਲਈ ਕਾਗਜ਼ੀ ਪ੍ਰਕਿਰਿਆ ਜਾਰੀ ਹੈ ਜਦਕਿ ਤਿੰਨ ਸਿੱਖ ਕੈਦੀਆਂ ਨੂੰ ਪੈਰੋਲ ਦਾ ਲਾਭ ਦਿੱਤਾ ਗਿਆ ਹੈ। ਸਜ਼ਾ ਭੁਗਤ ਚੁੱਕੇ ਜਿਨ੍ਹਾਂ ਸੱਤ ਬੰਦੀ ਸਿੱਖਾਂ ਦੀ ਪੱਕੀ ਰਿਹਾਈ ਦੀ ਉਹ ਮੰਗ ਕਰ ਰਹੇ ਹਨ, ਉਨ੍ਹਾਂ ਵਿਚ ਭਾਈ ਵਰਿਆਮ ਸਿੰਘ (ਬਰੇਲੀ ਜੇਲ੍ਹ, ਯੂ.ਪੀ. ਵਿਚ 1990 ਤੋਂ ਬੰਦ ਹੈ), ਭਾਈ ਲਾਲ ਸਿੰਘ (ਨਾਭਾ ਜੇਲ੍ਹ, ਪੰਜਾਬ ਵਿਚ 1992 ਤੋਂ ਬੰਦ ਹੈ), ਭਾਈ ਗੁਰਦੀਪ ਸਿੰਘ ਖੈਰਾ (ਗੁਲਬਰਗ ਜੇਲ੍ਹ, ਕਰਨਾਟਕ ਵਿਚ 1990 ਤੋਂ ਬੰਦ ਹੈ), ਭਾਈ ਗੁਰਮੀਤ ਸਿੰਘ, ਭਾਈ ਲਖਵਿੰਦਰ ਸਿੰਘ ਤੇ ਭਾਈ ਸ਼ਮਸ਼ੇਰ ਸਿੰਘ (ਬੁੜੈਲ ਜੇਲ੍ਹ, ਚੰਡੀਗੜ੍ਹ ਵਿਚ 1995 ਤੋਂ ਬੰਦ ਹਨ) ਤੇ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ (ਤਿਹਾੜ ਜੇਲ੍ਹ, ਦਿੱਲੀ ਵਿਚ 1995 ਤੋਂ ਬੰਦ) ਸ਼ਾਮਲ ਹਨ।

ਇਨ੍ਹਾਂ ਸਾਰੇ ਸੱਤ ਬੰਦੀ ਸਿੱਖਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ, ਜਦਕਿ ਉਹ 19-24 ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ। ਬਰੇਲੀ ਜੇਲ੍ਹ ਯੂ.ਪੀ. ਵਿਚ ਬੰਦ ਭਾਈ ਵਰਿਆਮ ਸਿੰਘ ਦੇ ਪੁੱਤਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਨੇ ਭਾਈ ਵਰਿਆਮ ਸਿੰਘ ਨਾਲ ਸਬੰਧਤ ਦਸਤਾਵੇਜ਼ ਮੰਗੇ ਹਨ, ਜਿਨ੍ਹਾਂ ਨੂੰ ਉਹ ਛੇਤੀ ਹੀ ਪੂਰਾ ਕਰਕੇ ਬਰੇਲੀ ਜੇਲ੍ਹ ਪ੍ਰਸ਼ਾਸਨ ਨੂੰ ਸੌਂਪ ਦੇਣਗੇ। ਉਧਰ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੂੰ ਗੁਰਦੁਆਰਾ ਸ੍ਰੀ ਲਖਨੌਰ ਸਾਹਿਬ ਵਿਚ ਮਿਲਣ ਲਈ ਪੁੱਜੇ ਭਾਜਪਾ ਕਿਸਾਨ ਮੋਰਚਾ ਦੇ ਕੌਮੀ ਸਕੱਤਰ ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਵੀ ਪੁਸ਼ਟੀ ਕੀਤੀ ਕਿ ਬਰੇਲੀ ਜੇਲ੍ਹ ਯੂ.ਪੀ. ਵਿਚ ਬੰਦ ਭਾਈ ਵਰਿਆਮ ਸਿੰਘ ਤੇ ਨਾਭਾ ਜੇਲ੍ਹ ਵਿਚ ਬੰਦ ਭਾਈ ਲਾਲ ਸਿੰਘ ਦੀ ਰਿਹਾਈ ਛੇਤੀ ਹੀ ਸੰਭਵ ਹੋਵੇਗੀ।



## ਪੱਕੀ ਰਿਹਾਈ ਲਈ ਸੰਘਰਸ਼ ਨੂੰ ਚੁਫੇਰਿਓਂ ਹਮਾਇਤ

**ਅੰਬਾਲਾ:** ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਵੱਲੋਂ ਬੰਦੀ ਸਿੰਘਾਂ ਦੀ ਪੱਕੀ ਰਿਹਾਈ ਲਈ ਸ਼ੁਰੂ ਕੀਤੇ ਸੰਘਰਸ਼ ਨੂੰ ਚੁਫੇਰਿਓਂ ਹਮਾਇਤ ਮਿਲਣ ਲੱਗੀ ਹੈ। ਭਾਰਤ ਤੋਂ ਇਲਾਵਾ ਆਸਟਰੇਲੀਆ ਦੇ ਸਭ ਤੋਂ ਵੱਡੇ ਗੁਰਦੁਆਰੇ ਗਲੈਨਵੁੱਡ ਵਿਖੇ ਵੀ ਸੰਘਰਸ਼ ਦੇ ਹੱਕ ਵਿਚ ਭੁੱਖ ਹੜਤਾਲ ਸ਼ੁਰੂ ਹੋ ਗਈ ਹੈ। ਇਸ ਸੰਘਰਸ਼ ਨੂੰ ਆਸਟਰੇਲੀਅਨ ਸਿੱਖ ਐਸੋਸੀਏਸ਼ਨ, ਸ੍ਰੀ ਗੁਰੂ ਸਿੰਘ ਸਭਾ ਰਿਵਸਬੀ ਸਿੱਖ ਫੈਡਰੇਸ਼ਨ, ਅਖੰਡ ਕੀਰਤਨੀ ਜਥਾ, ਦਮਦਮੀ ਟਕਸਾਲ ਆਸਟਰੇਲੀਆ ਤੇ ਹਾਜ਼ਰ ਸਮੂਹ ਸੰਗਤਾਂ ਨੇ ਆਪਣੀ ਹਮਾਇਤ ਦਾ ਐਲਾਨ ਕੀਤਾ ਹੈ। ਉਧਰ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਲਿਖਦਿਆਂ ਛੇਤੀ ਕਾਰਵਾਈ ਮੁਕੰਮਲ ਕਰਨ ਵੱਲ ਧਿਆਨ ਦਿਵਾਇਆ ਹੈ। ਉਨ੍ਹਾਂ ਲਿਖਿਆ ਕਿ ਭਾਰਤ ਦੀਆਂ ਕਈ ਜੇਲ੍ਹਾਂ ਵਿਚ ਅਣਗਿਣਤ ਸਿੱਖ ਕੈਦੀ ਬੰਦ ਹਨ ਜੋ ਜਾਂ ਤਾਂ ਲੰਮੇਂ ਸਮੇਂ ਤੋਂ ਆਪਣੀ ਸੁਣਵਾਈ ਦੀ ਉਡੀਕ ਵਿਚ ਹਨ ਤੇ ਜਾਂ ਆਪਣੀ ਮਿਥੀ ਸਜ਼ਾ ਤੋਂ ਵੱਧ ਭੁਗਤ ਚੁੱਕੇ ਹਨ।

## ਪੰਜਾਬ ਸਰਕਾਰ ਬੰਦੀ ਸਿੱਖਾਂ ਨੂੰ ਰਿਹਾਅ ਕਰੇ: ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੀਤੇ ਲੰਮੇਂ ਸਮੇਂ ਤੋਂ ਕੈਦ ਕੱਟ ਰਹੇ ਤੇ ਵਿਚਾਰ ਅਧੀਨ ਸਿੱਖ ਬੰਦੀਆਂ ਦੀ ਰਿਹਾਈ ਲਈ ਸਿਰਫ 6-7 ਸਿੱਖਾਂ 'ਤੇ ਕੇਂਦਰਿਤ ਨਾ ਹੋ ਕੇ ਸਮੁੱਚੇ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਪੰਜਾਬ ਸਰਕਾਰ ਨੂੰ ਗੰਭੀਰ ਉਪਰਾਲੇ ਕਰਨੇ ਚਾਹੀਦੇ ਹਨ ਤੇ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਤੁਰੰਤ ਰਿਹਾਈ ਕਰਦਿਆਂ ਪਹਿਲ ਕਦਮੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਸਿੱਖਾਂ ਨਾਲ ਕੀਤੀਆਂ ਜ਼ਿਆਦਤੀਆਂ ਕਾਰਨ ਹੀ ਇਨ੍ਹਾਂ ਸਿੱਖਾਂ ਨੇ ਹਕੂਮਤ ਦਾ ਵਿਰੋਧ ਆਰੰਭਿਆ ਸੀ, ਜਿਨ੍ਹਾਂ ਨੂੰ ਹੁਣ ਹਾਲਾਤ ਬਦਲ ਜਾਣ ਕਾਰਨ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਮਾਮਲਿਆਂ ਵਿਚ ਕਿਉਂਕਿ ਦੁਨਿਆਵੀ ਅਦਾਲਤਾਂ ਸਰਕਾਰ ਦੀ ਸਿਫਾਰਸ਼ 'ਤੇ ਸਜ਼ਾ ਖਤਮ ਕਰਨ ਜਿਹੇ ਹੁਕਮ ਸੁਣਾਉਂਦੀਆਂ ਹਨ, ਸੋ ਇਸ ਲਈ ਪੰਜਾਬ ਸਰਕਾਰ ਨੂੰ ਪਹਿਲਾਂ ਸੂਬੇ ਵਿਚ ਬੰਦੀ ਸਿੱਖਾਂ ਨੂੰ ਰਿਹਾਅ ਕਰਦਿਆਂ, ਫਿਰ ਦੂਸਰੇ ਸੂਬਿਆਂ ਦੀਆਂ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਕੇਂਦਰ 'ਤੇ ਪ੍ਰਭਾਵ ਬਣਾ ਕੇ ਯਤਨ ਕਰਨੇ ਚਾਹੀਦੇ ਹਨ।

# ਸ਼ਾਮ ਸਿੰਘ ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਮੁੜ ਪ੍ਰਧਾਨ ਬਣੇ

**ਲਾਹੌਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਨੇ ਸ਼ਾਮ ਸਿੰਘ ਨੂੰ ਮੁੜ ਆਪਣਾ ਪ੍ਰਧਾਨ ਚੁਣ ਲਿਆ ਹੈ। ਇਥੇ ਪੀ.ਐਸ.ਜੀ.ਪੀ.ਸੀ. ਦੇ ਮੈਂਬਰਾਂ ਤੇ ਔਕਾਫ਼ ਬੋਰਡ ਦੇ ਪ੍ਰਧਾਨ ਸਾਦਿਕੁਲ ਫ਼ਾਰੂਕ ਵਿਚਕਾਰ ਹੋਈ ਮੀਟਿੰਗ ਤੋਂ ਬਾਅਦ ਸ਼ਾਮ ਸਿੰਘ ਨੂੰ ਮੁੜ ਪ੍ਰਧਾਨ ਚੁਣ ਲਿਆ ਗਿਆ। ਉਨ੍ਹਾਂ ਦੀ ਚੋਣ ਬਿਨਾਂ ਕਿਸੇ ਵਿਰੋਧ ਦੇ ਹੋਈ ਹੈ। ਚੋਣ ਤੋਂ ਬਾਅਦ ਸ਼ਾਮ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਮੁੱਖ ਤਰਜੀਹ ਗੁਰਧਾਮਾਂ ਦੀ ਯਾਤਰਾ ਲਈ ਆਉਣ ਵਾਲੇ ਸ਼ਰਧਾਲੂਆਂ ਲਈ ਬਿਹਤਰ ਸੁਵਿਧਾਵਾਂ ਮੁਹੱਈਆ ਕਰਾਉਣਾ ਹੈ। ਸਰਕਾਰ ਨੂੰ ਦੇਸ਼ ਅੰਦਰ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵੱਲ ਧਿਆਨ ਦੇਣ ਦੀ ਲੋੜ ਹੈ। ਸਾਦਿਕੁਲ ਫ਼ਾਰੂਕ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਛੇਤੀ ਹੀ ਸਿੱਖ ਆਗੂਆਂ ਨੂੰ ਮਿਲਣਗੇ। ਸਰਕਾਰ ਘੱਟ ਗਿਣਤੀਆਂ ਨੂੰ ਵਧੀਆ ਸਹੂਲਤਾਂ ਮੁਹੱਈਆ ਕਰਵਾ ਰਹੀ ਹੈ ਤੇ ਕਰਾਚੀ ਵਿਚ ਗੁਰਦੁਆਰੇ ਦੇ ਨਿਰਮਾਣ ਲਈ ਜ਼ਮੀਨ ਅਲਾਟ ਕਰਵਾਈ ਜਾ ਰਹੀ ਹੈ। ਇਸ ਤੋਂ ਇਲਾਵਾ ਸਿੱਖ ਸ਼ਰਧਾਲੂਆਂ ਲਈ 1000 ਤੋਂ ਵੱਧ ਨਵੇਂ ਕਮਰੇ ਬਣਾਏ ਜਾਣਗੇ। 'ਦਿ ਨੇਸ਼ਨ' ਦੀ ਰਿਪੋਰਟ ਮੁਤਾਬਕ ਨਨਕਾਣਾ ਸਾਹਿਬ ਨੂੰ ਆਦਰਸ਼ ਸ਼ਹਿਰ ਬਣਾਇਆ ਜਾਵੇਗਾ। ਇਸ ਦੇ ਨਾਲ ਪੰਜ ਵਿਦਿਅਕ ਸੰਸਥਾਵਾਂ ਨੂੰ ਚਲਾਉਣ ਲਈ ਬੋਰਡ ਬਣਾਇਆ ਜਾਵੇਗਾ। ਜਾਨਕੀ ਦੇਵੀ ਹਸਪਤਾਲ ਬਣਾਉਣ ਦੀ ਵੀ ਯੋਜਨਾ ਹੈ। ਕਮੇਟੀ ਮੈਂਬਰਾਂ ਨੇ ਸ਼ਾਮ ਸਿੰਘ ਨੂੰ ਸਾਲ 2015 ਲਈ ਪ੍ਰਧਾਨ ਚੁਣ ਲਿਆ। ਤਾਰਾ ਸਿੰਘ ਨੂੰ ਕਮੇਟੀ ਦਾ ਮੀਤ ਪ੍ਰਧਾਨ ਤੇ ਗੋਪਾਲ ਸਿੰਘ ਚਾਵਲਾ ਨੂੰ ਜਨਰਲ ਸਕੱਤਰ ਚੁਣ ਲਿਆ ਗਿਆ।

## ਸਿਮਰਨਜੀਤ ਸਿੰਘ ਮਾਨ ਦਾ ਸਰਦਾਰ-ਏ-ਆਜ਼ਮ ਖਾਲਸਾ ਖਿਤਾਬ ਨਾਲ ਸਨਮਾਨ

**ਅੰਮ੍ਰਿਤਸਰ:** ਅਕਾਲੀ ਦਲ (ਅੰਮ੍ਰਿਤਸਰ) ਦੇ ਇਥੇ ਹੋਏ ਡੈਲੀਗੇਟ ਇਜਲਾਸ ਵਿਚ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਪੰਥ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਸਰਦਾਰ-ਏ-ਆਜ਼ਮ ਖਾਲਸਾ ਦਾ ਖਿਤਾਬ ਦਿੱਤਾ ਗਿਆ।



ਇਸ ਮੌਕੇ ਐਲਾਨੇ ਪੰਜ ਨੁਕਾਤੀ ਪ੍ਰੋਗਰਾਮ ਵਿਚ ਸਿੱਖ ਜਸਟਿਸ ਕਮਿਸ਼ਨ ਕਾਇਮ ਕਰਨ ਦਾ ਐਲਾਨ ਕੀਤਾ ਗਿਆ, ਜਿਹੜਾ 1947 ਤੋਂ ਹੁਣ ਤੱਕ ਸਿੱਖਾਂ ਨਾਲ ਕੀਤੇ ਗਏ ਰਾਜਸੀ ਵਰਤਾਰੇ ਦੀ ਰਿਪੋਰਟ ਤਿਆਰ ਕਰੇਗਾ। ਇਹ ਵੀ ਕਿਹਾ ਗਿਆ ਕਿ ਪਾਰਟੀ ਵੱਲੋਂ ਅਗਲੇ ਵਰ੍ਹੇ ਫਰਵਰੀ ਵਿਚ ਦੇਸ਼ ਦੀਆਂ ਘੱਟ ਗਿਣਤੀਆਂ ਦੀ ਕਨਵੈਨਸ਼ਨ ਕਰਵਾਈ ਜਾਵੇਗੀ, ਜਿਸ ਵਿਚ ਉਨ੍ਹਾਂ ਨਾਲ ਹੋ ਰਹੀਆਂ ਵਧੀਕੀਆਂ 'ਤੇ ਵਿਚਾਰ ਕੀਤਾ ਜਾਵੇਗਾ। ਇਹ ਸਾਲਾਨਾ ਡੈਲੀਗੇਟ ਇਜਲਾਸ ਸ਼੍ਰੋਮਣੀ ਅਕਾਲੀ ਦਲ ਦੀ 95ਵੀਂ ਵਰ੍ਹੇਗੰਢ ਨੂੰ ਸਮਰਪਤ ਸੀ।

## ਮਾਨ ਵਲੋਂ ਇਰਾਕ ਵਿਚ ਫਸੇ ਸਿੱਖ ਨੌਜਵਾਨਾਂ ਨੂੰ ਵਾਪਸ ਲਿਆਉਣ ਦੀ ਪੇਸ਼ਕਸ਼

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਜੇਕਰ ਇਰਾਕ ਵਿਚ ਫਸੇ ਸਿੱਖ ਨੌਜਵਾਨਾਂ ਦੇ ਪੀੜਤ ਪਰਿਵਾਰ ਉਨ੍ਹਾਂ ਕੋਲ ਪਹੁੰਚ ਕਰਦੇ ਹਨ ਤੇ ਉਨ੍ਹਾਂ ਨੂੰ ਬਚਾਉਣ ਲਈ ਕਹਿੰਦੇ ਹਨ ਤਾਂ ਉਹ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਉਪਰਾਲੇ ਕਰ ਸਕਦੇ ਹਨ। ਇਰਾਕ ਵਿਚ ਅਜੇ ਵੀ 40 ਪੰਜਾਬੀ ਫਸੇ ਹੋਏ ਹਨ। ਸ. ਮਾਨ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਉਨ੍ਹਾਂ ਨੂੰ ਬਚਾ ਕੇ ਵਾਪਸ ਲਿਆਉਣ ਲਈ ਯਤਨ ਨਹੀਂ ਕਰ ਰਹੀ।

ਉਨ੍ਹਾਂ ਕਿਹਾ ਕਿ ਆਈ.ਐਸ. ਨਾਲ ਸੰਪਰਕ ਕਰਕੇ ਹੀ ਅਜਿਹਾ ਸੰਭਵ ਹੋ ਸਕਦਾ ਹੈ। ਉਹ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਇਸ ਬਿਆਨ ਦਾ ਸਵਾਗਤ ਕਰਦੇ ਹਨ ਕਿ ਸਿੱਖ ਇਕ ਕੌਮ ਹੈ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਇਕ ਕੌਮ ਹੈ ਤਾਂ ਫਿਰ ਉਹ ਇਕ ਨੇਸ਼ਨ ਹੈ ਤੇ ਜੇਕਰ ਉਹ ਨੇਸ਼ਨ ਹੈ ਤਾਂ ਫਿਰ ਧਾਰਾ 25 ਬੀ ਖਤਮ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ. ਬਾਦਲ ਨੂੰ ਹੁਣ ਸਿੱਖ ਸਟੇਟ ਦੀ ਕਾਇਮੀ ਲਈ ਯਤਨ ਕਰਨੇ ਚਾਹੀਦੇ ਹਨ। ਖਾਲਿਸਤਾਨ ਬਣਨ ਨਾਲ ਹੀ ਸਿੱਖਾਂ ਦੇ ਮਸਲੇ ਹੱਲ ਹੋ ਸਕਦੇ ਹਨ। ਕੇਂਦਰ ਸਰਕਾਰ ਵੱਲੋਂ 1984 ਦੇ ਸਿੱਖ ਪੀੜਤਾਂ ਨੂੰ ਪੰਜ-ਪੰਜ ਲੱਖ ਰੁਪਏ ਦੇਣ ਦੇ ਕੀਤੇ ਐਲਾਨ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਸ. ਮਾਨ ਨੇ ਕਿਹਾ ਕਿ ਸਰਕਾਰ ਸਿੱਖਾਂ ਦੇ ਸਿਰਾਂ ਦਾ ਮੁੱਲ ਪਾ ਰਹੀ ਹੈ।

# ਧਾਰਾ 25-ਬੀ ਖਿਲਾਫ ਸੰਘਰਸ਼ ਨੂੰ ਵੱਡੀ ਹਮਾਇਤ

**ਜਲੰਧਰ:** ਵੱਖ-ਵੱਖ ਸਿੱਖ ਜਥੇਬੰਦੀਆਂ ਧਾਰਾ 25-ਬੀ ਨੂੰ ਖਤਮ ਕਰਨ ਵਿੱਢੀ ਮੁਹਿੰਮ ਦੀ ਹਮਾਇਤ ਵਿਚ ਆ ਗਈਆਂ ਹਨ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਮੰਗ ਕੀਤੀ ਹੈ ਕਿ ਹੁਣ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਨੇ ਸੰਵਿਧਾਨ ਦੀ ਧਾਰਾ 25ਬੀ ਖ਼ਿਲਾਫ ਇੱਕਜੁੱਟਤਾ ਦਿਖਾਈ ਹੈ ਤਾਂ ਇਸ ਧਾਰਾ ਵਿਰੁੱਧ ਪੰਜਾਬ ਵਿਧਾਨ ਸਭਾ ਅੰਦਰ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਕੇਂਦਰ ਸਰਕਾਰ ਤੱਕ ਪਹੁੰਚ ਕਰਨੀ ਚਾਹੀਦੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਭਾਰਤੀ ਸੰਵਿਧਾਨ ਦੀ ਧਾਰਾ 25-ਬੀ ਵਿਚ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸੇ ਜਾਣ ਵਾਲੀ ਮਦ ਨੂੰ ਰੱਦ ਕਰਵਾਉਣ ਲਈ ਸਿੱਖ ਫਾਰ ਜਸਟਿਸ ਜਥੇਬੰਦੀ ਵੱਲੋਂ ਆਰੰਭੀ ਲਹਿਰ ਵਿਚ ਯੋਗਦਾਨ ਪਾਉਂਦਿਆਂ ਜਿਥੇ ਪੰਜਾਬ ਤੋਂ ਸੰਸਦ ਮੈਂਬਰਾਂ ਨੂੰ ਉਕਤ ਧਾਰਾ ਰੱਦ ਕਰਵਾਉਣ ਲਈ ਸੰਸਦ ਵਿਚ ਆਵਾਜ਼ ਉਠਾਉਣੀ ਚਾਹੀਦੀ ਹੈ, ਉਥੇ ਸਿੱਖ ਕੌਮ ਨੂੰ ਇਕਜੁੱਟ ਹੁੰਦਿਆਂ ਸਿੱਖ ਪ੍ਰਭੂਸੱਤਾ ਵਿਰੋਧੀ ਉਕਤ ਧਾਰਾ ਨੂੰ ਖਤਮ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ। ਦਮਦਮੀ ਟਕਸਾਲ ਜਥਾ ਭਿੰਡਰਾਂ ਸੰਗਰਾਵਾਂ ਦੇ ਮੁਖੀ ਬਾਬਾ ਰਾਮ ਸਿੰਘ ਨੇ ਕਿਹਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਧਾਰਾ 25ਬੀ ਖ਼ਿਲਾਫ ਆਰੰਭੀ ਆਨਲਾਈਨ ਪਟੀਸ਼ਨ ਉੱਪਰ ਸਮੁੱਚੇ ਸਿੱਖਾਂ ਨੂੰ ਵਧ ਚੜ੍ਹ ਕੇ ਦਸਤਖ਼ਤ ਕਰਨ ਦੀ ਜ਼ਰੂਰਤ ਹੈ।

ਸਿੱਖ ਪ੍ਰਚਾਰਕ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਾ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਸਿੱਖ ਇਕ ਵੱਖਰੀ ਕੌਮ ਹੈ ਤੇ ਮੌਜੂਦਾ ਸਮੇਂ ਵਿਚ ਸਿੱਖਾਂ ਨੂੰ ਆਪਣੀ ਵੱਖਰੀ ਪਛਾਣ ਬਣਾਈ ਰੱਖਣ ਲਈ ਹਿੰਦੂ ਰਹੁਰੀਤਾਂ ਵਿਚੋਂ ਆਪਣੇ ਆਪ ਨੂੰ ਬਾਹਰ ਕੱਢਣਾ ਹੋਵੇਗਾ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਵੱਡਾ ਹਿੱਸਾ ਅੱਜ ਦੇ ਦੌਰ ਵਿਚ ਵੀ ਮਿਥਿਹਾਸ, ਅੰਧਵਿਸ਼ਵਾਸ ਤੇ ਜਾਤਪਾਤ ਦੇ ਕੋਹੜ ਵਿਚ ਜਕੜਿਆ ਪਿਆ ਹੈ। ਸੰਤ ਢੱਡਰੀਆਂ ਵਾਲਾ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿਖਸ ਫਾਰ ਜਸਟਿਸ ਵੱਲੋਂ ਧਾਰਾ 25ਬੀ ਖ਼ਿਲਾਫ ਆਰੰਭੀ ਦਸਤਖ਼ਤ ਮੁਹਿੰਮ ਦਾ ਪੂਰਨ ਸਮਰਥਨ ਕਰਦਿਆ ਇਸ ਉੱਪਰ ਵੱਧ ਤੋਂ ਵੱਧ ਦਸਤਖ਼ਤ ਕਰਨ ਦੀ ਅਪੀਲ ਕੀਤੀ। ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਧਾਰਾ 25ਬੀ ਖ਼ਿਲਾਫ ਅਵਾਜ ਬੁਲੰਦ ਕਰਨੀ ਇਕ ਸ਼ੁਭ ਸਗਨ ਹੈ ਪਰ ਇਹ ਹੁਣ ਬਿਆਨਬਾਜ਼ੀ ਤੱਕ ਸੀਮਤ ਨਹੀ ਰਹਿਣਾ ਚਾਹੀਦਾ।

ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁੱਖੀ ਭਾਈ ਬਲਦੇਵ ਸਿੰਘ ਨੇ ਕਿਹਾ ਹੈ ਕਿ ਧਾਰਾ 25ਬੀ ਨੂੰ ਖ਼ਤਮ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਸਮੇਤ ਸਮੁੱਚੇ ਸਿੱਖ ਸੰਸਦ ਮੈਂਬਰਾਂ ਨੂੰ ਇੱਕਜੁੱਟਤਾ ਨਾਲ ਪਾਰਲੀਮੈਂਟ ਤੇ ਰਾਜ ਸਭਾ ਵਿਚ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

## ਸਿੱਖਾਂ ਨੂੰ ਹੱਕਾਂ ਤੋਂ ਵਾਂਝਾ ਕਰਦੀ ਹੈ ਧਾਰਾ 25-ਬੀ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸਿੱਖ ਜਥੇਬੰਦੀਆਂ ਤੋਂ ਇੱਕ ਕਦਮ ਅਗਾਂਹ ਵਧਾਉਂਦਿਆਂ ਆਖਿਆ ਹੈ ਕਿ ਭਾਰਤੀ ਸੰਵਿਧਾਨ ਦੀ ਧਾਰਾ 25-ਬੀ ਨੂੰ ਖਤਮ ਕਰਨਾ ਚਾਹੀਦਾ ਹੈ ਕਿਉਂਕਿ ਇਹ ਧਾਰਾ ਸਿੱਖਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝੇ ਕਰਦੀ ਹੈ। ਇਥੋਂ ਜਾਰੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ 80 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ।



ਅੱਜ ਵੀ ਜੇਕਰ ਦੇਸ਼ ਨੂੰ ਕਿਤੇ ਜ਼ਰੂਰਤ ਹੁੰਦੀ ਹੈ ਤਾਂ ਦੁਸ਼ਮਣ ਫੌਜ ਅੱਗੇ ਸਿੱਖ ਭਾਈਚਾਰਾ ਸੀਨਾ ਤਾਣ ਕੇ ਖੜ੍ਹਾ ਹੋ ਜਾਂਦਾ ਹੈ। ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਧਾਰਾ 25-ਬੀ ਨੂੰ ਤੁਰੰਤ ਖ਼ਤਮ ਕਰੇ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਧਾਰਾ 25-ਬੀ ਵਿਚ ਸੋਧ ਕਰਨ ਬਾਰੇ ਦਿੱਤੇ ਬਿਆਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਸਭ ਤੋਂ ਵੱਡੀ ਪਾਰਟੀ ਹੈ, ਜੋ ਪੰਥਕ ਤੇ ਸਿੱਖ ਹਿੱਤਾਂ ਦੀ ਨੁਮਾਇੰਦਗੀ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਪਾਰਟੀ ਸਿੱਖਾਂ ਦੇ ਮਸਲਿਆਂ ਨੂੰ ਪ੍ਰਨਾਈ ਹੋਈ ਹੈ।

## ਅਨਿਲ ਜੋਸ਼ੀ ਨਾਲ ਟੱਕਰ ਲੈਣ ਵਾਲੇ ਵਕੀਲ 'ਤੇ ਮੁੜ ਹਮਲਾ

**ਅੰਮ੍ਰਿਤਸਰ:** ਕੈਬਨਿਟ ਮੰਤਰੀ ਅਨਿਲ ਜੋਸ਼ੀ ਨੂੰ ਦੋਹਰੀ ਵੋਟ ਬਣਾਉਣ ਦੇ ਮਾਮਲੇ ਵਿਚ ਅਦਾਲਤ ਦੇ ਕਟਹਿਰੇ ਤੱਕ ਲਿਆਉਣ ਵਾਲੇ ਐਡਵੋਕੇਟ ਵਨੀਤ ਮਹਾਜਨ ਉੱਤੇ ਮੁੜ ਜਾਨਲੇਵਾ ਹਮਲਾ ਕੀਤਾ ਗਿਆ। ਇਹ ਹਮਲਾ ਕਸ਼ਮੀਰ ਐਵੇਨਿਊ ਇਲਾਕੇ ਵਿਚ ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਕੀਤਾ ਗਿਆ ਹੈ। ਹਮਲਾਵਰਾਂ ਵੱਲੋਂ ਚਲਾਈ ਗਈ ਗੋਲੀ ਐਡਵੋਕੇਟ ਦੀ ਇਨੋਵਾ ਗੱਡੀ ਨੂੰ ਵੱਜੀ ਹੈ।



ਅਨਿਲ ਜੋਸ਼ੀ

ਕਾਂਗਰਸ ਸਮਰਥਕ ਐਡਵੋਕੇਟ ਵਨੀਤ ਮਹਾਜਨ ਤੇ ਐਡਵੋਕੇਟ ਸੰਦੀਪ ਗੋਰਸੀ ਦੋਵਾਂ ਵੱਲੋਂ ਕੈਬਨਿਟ ਮੰਤਰੀ ਅਨਿਲ ਜੋਸ਼ੀ ਤੇ ਉਸਦੇ ਪਰਿਵਾਰ ਨੂੰ ਦੋਹਰੀ ਵੋਟ ਬਣਾਉਣ ਦੇ ਮਾਮਲੇ ਵਿਚ ਅਦਾਲਤ ਦੇ ਕਟਹਿਰੇ ਵਿਚ ਲਿਆਂਦਾ ਸੀ। ਐਡਵੋਕੇਟ ਵਨੀਤ ਮਹਾਜਨ ਤੇ ਇਸ ਤੋਂ ਪਹਿਲਾਂ ਵੀ ਦੋ ਹਮਲੇ ਹੋ ਚੁੱਕੇ ਹਨ। 17 ਮਾਰਚ ਦੀ ਸ਼ਾਮ ਨੂੰ ਜਦੋਂ ਉਹ ਬਟਾਲਾ ਰੋਡ ਸਥਿਤ ਆਪਣੇ ਹੋਟਲ ਆਸ਼ੀਰਵਾਦ ਵਿਚ ਬੈਠਾ ਹੋਇਆ ਸੀ ਤਾਂ ਮੋਟਰਸਾਈਕਲ ਸਵਾਰਾਂ ਨੇ ਗੋਲੀ ਚਲਾ ਦਿੱਤੀ ਸੀ। 10 ਮਈ ਨੂੰ ਕੋਰਟ ਰੋਡ 'ਤੇ ਉਸ ਉਪਰ ਹਮਲਾ ਕੀਤਾ ਗਿਆ ਸੀ। ਇਸ ਮਾਮਲੇ ਵਿਚ ਭਾਜਪਾ ਕੌਂਸਲਰ ਪ੍ਰਭਜੀਤ ਸਿੰਘ ਰਟੌਲ ਅੱਜ ਕੱਲ੍ਹ ਨਿਆਇਕ ਹਿਰਾਸਤ ਵਿਚ ਹੈ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

**Homeopathic natural medicines supply**



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
**TEL: 209.547.9210**
FAX: 209.547.9211

**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
**TEL: 209.982.9996**
FAX: 209.982.9997

# ਨਸ਼ੇੜੀਆਂ ਨੇ ਫੜਿਆ ਡੋਲ ਰਹੀ ਸਰਕਾਰ ਦਾ ਹੱਥ

**ਬਠਿੰਡਾ:** ਮਾੜੇ ਆਰਥਿਕ ਹਾਲਾਤ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਦੇ ਜ਼ਿਆਦਾਤਰ ਵਿਭਾਗਾਂ ਦਾ ਕੰਮਕਾਜ ਸ਼ਰਾਬ ਤੋਂ ਹੁੰਦੀ ਕਮਾਈ ਦੇ ਸਿਰ 'ਤੇ ਚੱਲ ਰਿਹਾ ਹੈ। ਸ਼ਰਾਬ ਤੋਂ ਹੁੰਦੀ ਕਮਾਈ ਨਾਲ ਸੱਭਿਆਚਾਰ ਦੀ ਸੰਭਾਲ ਲਈ ਵੀ ਯਤਨ ਕੀਤੇ ਜਾ ਰਹੇ ਹਨ। ਬੀਤੇ ਪੌਣੇ ਤਿੰਨ ਸਾਲਾਂ ਵਿਚ ਸ਼ਰਾਬ ਵੇਚ ਕੇ 395 ਕਰੋੜ ਰੁਪਏ ਅਜਿਹੇ ਕਾਰਜਾਂ 'ਤੇ ਖਰਚੇ ਗਏ ਹਨ। ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਰਕਾਰ ਨੇ ਹਾਲ ਹੀ ਵਿਚ 70 ਕਰੋੜ ਰੁਪਏ ਨਸ਼ਾ ਛੁਡਾਊ ਕੇਂਦਰਾਂ ਤੇ ਮੁੜ ਵਸੇਬਾ ਕੇਂਦਰਾਂ 'ਤੇ ਵੀ ਖਰਚ ਕੀਤੇ ਹਨ। ਮਿਲੀ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਨੇ ਦੇਸੀ ਸ਼ਰਾਬ 'ਤੇ 10 ਰੁਪਏ ਪ੍ਰਤੀ ਪਰੂਫ਼ ਲਿਟਰ ਸਿੱਖਿਆ ਸੈੱਸ, ਅੱਠ ਰੁਪਏ ਪ੍ਰਤੀ ਪਰੂਫ਼ ਲਿਟਰ ਸਪੋਰਟਸ ਸੈੱਸ ਤੇ ਪੰਜ ਰੁਪਏ ਪ੍ਰਤੀ ਪਰੂਫ ਲਿਟਰ ਕਲਚਰ ਸੈੱਸ ਲਾਇਆ ਹੋਇਆ ਹੈ। ਸਾਲ 2013-14 ਵਿਚ 9 ਰੁਪਏ ਸਿੱਖਿਆ ਸੈੱਸ, ਸੱਤ ਰੁਪਏ ਸਪੋਰਟਸ ਸੈੱਸ ਤੇ ਦੋ ਰੁਪਏ ਕਲਚਰ ਸੈੱਸ ਸੀ। ਇਸ ਵੇਲੇ ਪ੍ਰਤੀ ਬੋਤਲ ਤਕਰੀਬਨ ਅੱਠ ਰੁਪਏ ਸਿੱਖਿਆ ਸੈੱਸ, ਤਿੰਨ ਰੁਪਏ ਸਪੋਰਟਸ ਸੈੱਸ ਤੇ ਦੋ ਰੁਪਏ ਕਲਚਰ ਸੈੱਸ ਹੈ। ਇਕ ਅਪਰੈਲ 2012 ਤੋਂ 31 ਅਕਤੂਬਰ 2014 ਤੱਕ 148.29 ਕਰੋੜ ਰੁਪਏ ਦਾ ਸਪੋਰਟਸ ਸੈੱਸ, 203 ਕਰੋੜ ਰੁਪਏ ਸਿੱਖਿਆ ਸੈੱਸ ਤੇ 43.76 ਕਰੋੜ ਕਲਚਰ ਸੈੱਸ ਵਜੋਂ ਸਰਕਾਰ ਨੂੰ ਪ੍ਰਾਪਤ ਹੋਏ।

ਪੰਜਾਬ ਸਰਕਾਰ ਨੂੰ ਸਾਲ 2012-13 ਵਿਚ ਤਿੰਨੋਂ ਤਰ੍ਹਾਂ ਦਾ ਸੈੱਸ 114.26 ਕਰੋੜ ਰੁਪਏ, ਸਾਲ 2013 -14 ਵਿਚ 162.59 ਕਰੋੜ ਰੁਪਏ ਪ੍ਰਾਪਤ ਹੋਇਆ ਹੈ। ਚਾਲੂ ਮਾਲੀ ਸਾਲ ਦੌਰਾਨ 31 ਅਕਤੂਬਰ ਤੱਕ 118.23 ਕਰੋੜ ਰੁਪਏ ਵਸੂਲ ਹੋ ਚੁੱਕੇ ਹਨ। ਕਰ ਤੇ ਆਬਕਾਰੀ ਵਿਭਾਗ ਪੰਜਾਬ ਵੱਲੋਂ ਇਹ ਰਕਮ ਸਰਕਾਰ ਦੇ ਖਾਤੇ ਵਿਚ ਪਾ ਦਿੱਤੀ ਜਾਂਦੀ ਹੈ। ਅੱਗਿਓਂ ਸਰਕਾਰ ਨੇ ਵੱਖ-ਵੱਖ ਵਿਭਾਗਾਂ ਨੂੰ ਬਣਦਾ ਸੈੱਸ ਦੇਣਾ ਹੁੰਦਾ ਹੈ। ਦੇਸੀ ਸ਼ਰਾਬ ਦੀ ਵਿਕਰੀ ਜ਼ਿਆਦਾ ਹੋਣ ਕਰਕੇ ਸਰਕਾਰ ਨੇ ਸਿਰਫ਼ ਦੇਸੀ ਸ਼ਰਾਬ 'ਤੇ ਹੀ ਇਹ ਸੈੱਸ ਲਾਏ ਹਨ। ਅਗਲੇ ਮਾਲੀ ਵਰ੍ਹੇ ਵਾਸਤੇ ਜੋ ਐਕਸਾਈਜ਼ ਨੀਤੀ ਬਣ ਰਹੀ ਹੈ, ਉਸ ਵਿਚ ਸੈੱਸ ਬਾਰੇ ਸੋਧ ਹੋ ਸਕਦੀ ਹੈ।

ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ ਦੇ ਡਾਇਰੈਕਟਰ ਨਵਜੋਤਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਸ਼ਰਾਬ ਸੈੱਸ ਤੇ ਉਸਾਰੀ ਕੰਮਾਂ ਤੋਂ ਸੈੱਸ ਦੇ ਰੂਪ ਵਿਚ ਜੋ ਪੈਸਾ ਮਿਲਦਾ ਹੈ, ਉਹ ਪੁਰਾਤਨ ਇਮਾਰਤਾਂ ਤੇ ਲੋੜ ਪੈਣ 'ਤੇ ਧਾਰਮ ਨਾਲ ਸਬੰਧਤ ਤੇ ਸ਼ਹੀਦੀ ਯਾਦਗਾਰਾਂ 'ਤੇ ਵੀ ਖਰਚ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜਿਥੇ ਕੇਂਦਰੀ ਫੰਡ ਨਹੀਂ ਮਿਲਦਾ, ਉਥੇ ਇਹ ਫੰਡ ਵਰਤਿਆ ਜਾਂਦਾ ਹੈ। ਇਸੇ ਪੈਸੇ ਨਾਲ ਸ਼ਹੀਦ ਭਗਤ ਸਿੰਘ ਯਾਦਗਾਰ ਤੇ ਸੁਲਤਾਨਪੁਰ ਲੋਧੀ ਦੇ ਗੇਟ ਦੀ ਮੁਰੰਮਤ ਕਰਵਾਈ ਗਈ ਹੈ। ਖੇਡ ਵਿਭਾਗ ਪੰਜਾਬ ਦੇ ਡਾਇਰੈਕਟਰ ਤੇਜਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਐਕਸਾਈਜ਼ ਸੈੱਸ ਵਾਲਾ ਪੈਸਾ ਰੈਗੂਲਰ ਮਿਲ ਰਿਹਾ ਹੈ ਤੇ ਤਕਰੀਬਨ 60 ਕਰੋੜ ਰੁਪਏ ਸਾਲਾਨਾ ਪ੍ਰਾਪਤ ਹੋ ਜਾਂਦੇ ਹਨ। ਇਹ ਪੈਸਾ ਖੇਡਾਂ ਲਈ ਵਰਤਿਆ ਜਾ ਰਿਹਾ ਹੈ। ਸਰਕਾਰ ਸ਼ਰਾਬ ਤੋਂ ਆਮਦਨ ਵੀ ਵਧਾਉਣਾ ਚਾਹੁੰਦੀ ਹੈ ਤੇ ਨਸ਼ਿਆਂ ਨੂੰ ਰੋਕਣਾ ਵੀ ਚਾਹੁੰਦੀ ਹੈ। ਇਸ ਸਾਲ ਸ਼ਰਾਬ ਦੇ ਠੇਕੇ ਕਾਫ਼ੀ ਮਹਿੰਗੇ ਦਿੱਤੇ ਗਏ ਸਨ ਤੇ ਬਹੁਤੇ ਠੇਕੇਦਾਰ ਇਹ ਭਾਰ ਝੱਲ ਨਹੀਂ ਸਕੇ। ਜਿਹੜੇ ਠੇਕੇਦਾਰ ਸਮੇਂ ਸਿਰ ਕਿਸ਼ਤਾਂ ਨਹੀਂ ਤਾਰ ਰਹੇ, ਉਨ੍ਹਾਂ ਠੇਕਿਆਂ ਨੂੰ ਸਰਕਾਰ ਤਾਲੇ ਵੀ ਲਾ ਰਹੀ ਹੈ।

### ਨਸ਼ਿਆਂ ਤੋਂ ਹੁੰਦੀ ਕਮਾਈ ਨਾਲ ਚੱਲ ਰਿਹਾ ਹੈ ਸਰਕਾਰੀ ਵਿਭਾਗਾਂ ਦਾ ਕੰਮ



### ਐਮ.ਬੀ.ਬੀ.ਐਸ. ਡਾਕਟਰਾਂ ਨੂੰ ਨਸ਼ਾ ਮੁਕਤੀ ਦੀ ਟ੍ਰੇਨਿੰਗ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਹੁਣ ਮਨੋਰੋਗ ਮਾਹਿਰ ਨਾ ਮਿਲਣ 'ਤੇ ਨਸ਼ੇੜੀਆਂ ਦੇ ਇਲਾਜ ਕਰਨ ਦੀ ਜ਼ਿੰਮੇਵਾਰੀ ਐਮ.ਬੀ.ਬੀ.ਐਸ. ਡਾਕਟਰਾਂ ਨੂੰ ਦੇ ਦਿੱਤੀ ਹੈ। ਸਰਕਾਰ ਵੱਲੋਂ ਇਨ੍ਹਾਂ ਡਾਕਟਰਾਂ ਨੂੰ ਤਿੰਨ ਮਹੀਨਿਆਂ ਦੀ ਟ੍ਰੇਨਿੰਗ ਦੇ ਕੇ ਨਸ਼ਾ ਛੁਡਾਊ ਕੇਂਦਰਾਂ ਵਿਚ ਤਾਇਨਾਤ ਕਰ ਦਿੱਤਾ ਗਿਆ ਹੈ। ਸਰਕਾਰ ਦੀ ਇਸ ਡੰਗ ਟਪਾਊ ਪਹੁੰਚ ਕਾਰਨ ਲੋਕ ਵੀ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਤੋਂ ਦੂਰ ਹੋਣ ਲੱਗ ਪਏ ਹਨ। ਜੁਲਾਈ ਵਿਚ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਚਾਰ ਮਹੀਨਿਆਂ ਬਾਅਦ ਹੀ ਠੁੱਸ ਹੋ ਕੇ ਰਹਿ ਗਈ ਹੈ। ਸਿਹਤ ਵਿਭਾਗ ਦੇ ਅੰਕੜੇ ਦੱਸਦੇ ਹਨ ਕਿ ਨਵੰਬਰ ਵਿਚ ਨਸ਼ਾ ਛੁਡਾਊ ਕੇਂਦਰਾਂ ਵਿਚ ਇਲਾਜ ਲਈ ਸਿਰਫ 13634 ਮਰੀਜ਼ ਆਏ ਹਨ ਤੇ ਇਨ੍ਹਾਂ ਵਿਚੋਂ 455 ਮਰੀਜ਼ਾਂ ਨੂੰ ਦਾਖ਼ਲ ਕਰਕੇ ਇਲਾਜ ਸ਼ੁਰੂ ਕੀਤਾ ਗਿਆ ਹੈ। ਜੁਲਾਈ ਵਿਚ ਨਸ਼ਾ ਛੁਡਾਊ ਕੇਂਦਰਾਂ ਦੀ ਓਪੀਡੀ ਵਿਚ ਮਰੀਜ਼ਾਂ ਦੀ ਗਿਣਤੀ 1,12,265 ਲੱਖ ਸੀ ਤੇ ਇਨ੍ਹਾਂ ਵਿਚੋਂ 22166 ਨੂੰ ਦਾਖ਼ਲ ਕੀਤਾ ਗਿਆ ਸੀ। ਅਗਸਤ ਵਿਚ ਓ.ਪੀ.ਡੀ. 60456 ਰਹਿ ਗਈ ਤੇ 2546 ਨੂੰ ਦਾਖ਼ਲ ਕਰਕੇ ਇਲਾਜ ਸ਼ੁਰੂ ਕਰ ਦਿੱਤਾ ਗਿਆ ਸੀ। ਅਕਤੂਬਰ ਵਿਚ ਜਾਂਚ ਲਈ 26643 ਮਰੀਜ਼ ਆਏ ਤੇ ਆਈ.ਪੀ.ਡੀ. 2654 ਦੀ ਦੱਸੀ ਗਈ ਸੀ। ਦਸੰਬਰ ਦੇ ਪਹਿਲੇ ਦਸ ਦਿਨਾਂ ਵਿਚ ਨਾਮਾਤਰ ਮਰੀਜ਼ ਹੀ ਇਲਾਜ ਲਈ ਦਾਖ਼ਲ ਹੋਏ ਹਨ।

ਨਵੇਂ ਨਸ਼ਾ ਛੁਡਾਊ ਕੇਂਦਰ ਰਾਜਪੁਰਾ, ਸੰਗਰੂਰ, ਮਾਲੇਰਕੋਟਲਾ, ਬਰਨਾਲਾ, ਧਨੌਲਾ, ਪਠਾਨਕੋਟ, ਤਲਵੰਡੀ ਸਾਬੋ, ਫ਼ਿਰੋਜ਼ਪੁਰ, ਗੁਰਦਾਸਪੁਰ, ਬਟਾਲਾ, ਫ਼ਗਵਾੜਾ, ਕਪੂਰਥਲਾ, ਦਸੂਹਾ, ਹੁਸ਼ਿਆਰਪੁਰ, ਬਲਾਚੌਰ, ਤਰਨਤਾਰਨ, ਪੱਟੀ, ਸਰਹਾਲੀ, ਮੁਹਾਲੀ, ਫਤਹਿਗੜ੍ਹ ਸਾਹਿਬ, ਜਗਰਾਉਂ, ਲੁਧਿਆਣਾ ਤੇ ਅਬੋਹਰ ਵਿਚ ਸ਼ੁਰੂ ਹੋ ਚੁੱਕੇ ਹਨ ਤੇ ਇਨ੍ਹਾਂ ਵਿਚੋਂ ਵਧੇਰੇ ਕੇਂਦਰਾਂ ਵਿਚ ਨਸ਼ੇੜੀਆਂ ਦੇ ਇਲਾਜ ਦੀ ਜ਼ਿੰਮੇਵਾਰੀ ਐਮ.ਬੀ.ਬੀ.ਐਸ. ਡਾਕਟਰਾਂ ਨੂੰ ਦੇ ਦਿੱਤੀ ਗਈ ਹੈ। ਇਹ ਕੇਂਦਰ ਸਰਕਾਰੀ ਹਸਪਤਾਲਾਂ ਦੇ ਕੰਪਲੈਕਸ ਵਿਚ ਬਣਾਏ ਗਏ ਹਨ। ਇਸ ਤਰ੍ਹਾਂ ਨਵੇਂ ਕੇਂਦਰਾਂ ਤੇ ਜ਼ਿਲ੍ਹਾ ਹਸਪਤਾਲਾਂ ਵਿਚ ਚੱਲ ਰਹੇ ਮਨੋਰੋਗ ਵਿਭਾਗਾਂ ਦੀ ਗਿਣਤੀ 48 ਨੂੰ ਟੱਪ ਗਈ ਹੈ ਜਦੋਂਕਿ ਸਰਕਾਰ ਕੋਲ ਮਨੋਰੋਗ ਦੇ 33 ਡਾਕਟਰ ਹਨ। ਇਨ੍ਹਾਂ ਵਿਚੋਂ ਇਕ ਹਿੱਸਾ ਗ਼ੈਰਹਾਜ਼ਰ ਜਾਂ ਲੰਬੀ ਛੁੱਟੀ 'ਤੇ ਚੱਲ ਰਹੇ ਹਨ। ਇਸ ਸਥਿਤੀ ਵਿਚ ਸਰਕਾਰ ਕੋਲ ਨਸ਼ਾ ਛੁਡਾਊ ਕੇਂਦਰ ਚਲਾਉਣ ਲਈ ਐਮ.ਬੀ.ਬੀ.ਐਸ. ਡਾਕਟਰਾਂ ਦਾ ਸਹਾਰਾ ਲਏ ਬਗ਼ੈਰ ਕੋਈ ਚਾਰਾ ਨਹੀਂ ਰਹਿ ਜਾਂਦਾ ਹੈ। ਸਿਹਤ ਵਿਭਾਗ ਵੱਲੋਂ ਮਨੋਰੋਗ ਦੇ ਡਾਕਟਰਾਂ ਦੀ ਘਾਟ ਪੂਰੀ ਕਰਨ ਲਈ ਕਈ ਤਰ੍ਹਾਂ ਦੇ ਯਤਨ ਕੀਤੇ ਗਏ ਹਨ ਪਰ ਐਮ.ਬੀ.ਬੀ.ਐਸ. ਤੇ ਮਾਹਿਰਾਂ ਦਾ ਤਨਖ਼ਾਹ ਸਕੇਲ ਬਰਾਬਰ ਹੋਣ ਕਰਕੇ ਉਮੀਦਵਾਰ ਸਰਕਾਰੀ ਨੌਕਰੀ ਨੂੰ ਪਹਿਲ ਦੇਣ ਤੋਂ ਹਟ ਗਏ ਹਨ।

# ਤਿੰਨ ਕਨਾਲਾਂ ਜ਼ਮੀਨ ਪਿਛੇ ਹੋਈ ਲੜਾਈ ਨੇ ਤਿੰਨ ਜਾਨਾਂ ਲਈਆਂ

**ਅੰਮ੍ਰਿਤਸਰ:** ਜ਼ਮੀਨੀ ਵਿਵਾਦ ਨੂੰ ਲੈ ਕੇ ਦੋ ਧੜਿਆਂ ਵਿਚਕਾਰ ਚੱਲੀ ਗੋਲੀ ਵਿਚ ਤਿੰਨ ਵਿਅਕਤੀਆਂ ਨਵਾਬ ਸਿੰਘ (30), ਜਗਤਾਰ ਸਿੰਘ (35) ਤੇ ਨਿੰਦਰ ਸਿੰਘ (52) ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂ ਕਿ ਚਾਰ ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਫੱਟੜਾਂ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ।




ਪੁਲਿਸ ਨੇ 14 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ ਤੇ ਪੰਜ ਹਥਿਆਰ ਜ਼ਬਤ ਕੀਤੇ ਹਨ। ਮਿਲੀ ਜਾਣਕਾਰੀ ਮੁਤਾਬਕ ਥਾਣਾ ਲੋਪੋਕੇ ਅਧੀਨ ਆਉਂਦੇ ਪਿੰਡ ਲੋਧੀ ਗੁੱਜਰ ਵਿਚ ਪਿੰਡ ਦੇ ਹੀ ਦੋ ਵਿਅਕਤੀਆਂ ਬਾਵਾ ਸਿੰਘ ਤੇ ਨਵਾਬ ਸਿੰਘ ਦੇ ਧੜਿਆਂ ਵਿਚਕਾਰ ਜ਼ਮੀਨ 'ਤੇ ਕਬਜ਼ੇ ਨੂੰ ਲੈ ਕੇ ਝਗੜਾ ਹੋਇਆ। ਦੋਵਾਂ ਪਰਿਵਾਰਾਂ ਵਿਚਕਾਰ ਤਕਰੀਬਨ ਤਿੰਨ ਕਨਾਲ ਜ਼ਮੀਨ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਝਗੜਾ ਚੱਲਦਾ ਆ ਰਿਹਾ ਹੈ।

ਇਸ ਜ਼ਮੀਨ 'ਤੇ ਬਾਵਾ ਸਿੰਘ ਦਾ ਕਬਜ਼ਾ ਸੀ ਤੇ ਜਦੋਂ ਨਵਾਬ ਸਿੰਘ ਕਬਜ਼ਾ ਲੈਣ ਆਇਆ ਤਾਂ ਦੋਵਾਂ ਧਿਰਾਂ ਵਿਚਕਾਰ ਝਗੜਾ ਸ਼ੁਰੂ ਹੋ ਗਿਆ। ਮ੍ਰਿਤਕ ਨਿੰਦਰ ਸਿੰਘ ਬਾਵਾ ਸਿੰਘ ਧੜੇ ਨਾਲ ਸਬੰਧਤ ਸੀ। ਗੋਲੀਆਂ ਲੱਗਣ ਕਾਰਨ ਸਾਬਾ, ਬਲਜੀਤ ਸਿੰਘ, ਮਖਤੂਲ ਸਿੰਘ ਤੇ ਜਸਪਾਲ ਸਿੰਘ ਜ਼ਖ਼ਮੀ ਹੋਏ ਹਨ। ਇਹ ਚਾਰੋਂ ਬਾਵਾ ਸਿੰਘ ਧੜੇ ਨਾਲ ਸਬੰਧਤ ਹਨ। ਪੁਲਿਸ ਨੇ ਇਸ ਮਾਮਲੇ ਵਿਚ 14 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਤੇ ਪੰਜ ਹਥਿਆਰ ਬਰਾਮਦ ਕੀਤੇ ਹਨ ਜਿਨ੍ਹਾਂ ਵਿਚ ਪਿਸਤੌਲ ਤੇ ਤੇਜ਼ਧਾਰ ਹਥਿਆਰ ਸ਼ਾਮਲ ਹਨ।

# ਘੋਲੀਆਂ ਖੁਰਦ ਦੇ ਨੌਜਵਾਨ ਦੀ ਫਿਲਪੀਨਜ਼ ਵਿਚ ਹੱਤਿਆ

**ਮੋਗਾ:** ਪਿੰਡ ਘੋਲੀਆ ਖੁਰਦ ਦੇ ਜਗਸੀਰ ਸਿੰਘ (35) ਦੀ ਫ਼ਿਲਪੀਨਜ਼ (ਮਨੀਲਾ) ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਤੋਂ ਪਹਿਲਾਂ ਮੋਗਾ ਜ਼ਿਲ੍ਹੇ ਦੇ ਦਰਜਨ ਤੋਂ ਵੱਧ ਨੌਜਵਾਨਾਂ ਦੀ ਫ਼ਿਲਪੀਨਜ਼ (ਮਨੀਲਾ) ਵਿਚ ਹੱਤਿਆ ਹੋ ਚੁੱਕੀ ਹੈ। ਜਗਸੀਰ ਸਿੰਘ ਨੌਂ ਸਾਲਾਂ ਤੋਂ ਮਨੀਲਾ ਵਿਚ ਰਹਿ ਰਿਹਾ ਸੀ।



ਜਗਸੀਰ ਇਥੇ ਕੱਪੜੇ ਦੇ ਵਪਾਰ ਨਾਲ ਫਾਇਨਾਂਸ ਦਾ ਕਾਰੋਬਾਰ ਵੀ ਕਰਦਾ ਸੀ। ਘਟਨਾ ਵਾਲੇ ਦਿਨ ਜਗਸੀਰ ਸਿੰਘ ਜਦੋਂ ਘਰ ਪਰਤ ਰਿਹਾ ਸੀ ਤਾਂ ਰਸਤੇ ਵਿਚ ਅਣਪਛਾਤੇ ਹਮਲਾਵਾਰਾਂ ਨੇ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਜਗਸੀਰ ਸਿੰਘ ਦੀ ਮਾਂ ਅਜਮੇਰ ਕੌਰ ਨੇ ਭਾਰਤ ਸਰਕਾਰ ਤੋਂ ਆਪਣੇ ਪੁੱਤਰ ਦੀ ਲਾਸ਼ ਮੰਗਵਾਉਣ ਲਈ ਮਦਦ ਦੀ ਅਪੀਲ ਕੀਤੀ ਤੇ ਕਿਹਾ ਕਿ ਫ਼ਿਲਪੀਨਜ਼ (ਮਨੀਲਾ) ਵਿਚ ਅਨੇਕਾਂ ਭਾਰਤੀਆਂ ਦੀ ਹੱਤਿਆ ਹੋ ਚੁੱਕੀ ਹੈ ਪਰ ਭਾਰਤ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ।

ਇਸ ਤੋਂ ਪਹਿਲਾਂ ਮਨੀਲਾ ਵਿਚ ਮੋਗਾ ਜ਼ਿਲ੍ਹੇ ਦੇ ਪਿੰਡ ਰੌਤਾਂ ਦੇ ਹਰਵੀਰ ਸਿੰਘ, ਕੋਕਰੀ ਕਲਾਂ ਦੇ ਬਲਜੀਤ ਸਿੰਘ, ਪਿੰਡ ਦੁਸਾਂਝ ਦੇ ਗੁਰਦਿਆਲ ਸਿੰਘ, ਪਿੰਡ ਭਿੰਡਰ ਕਲਾਂ ਦੇ ਦੋ ਸਕੇ ਭਰਾਵਾਂ ਗੁਰਮੀਤ ਸਿੰਘ ਤੇ ਵੀਰ ਸਿੰਘ, ਪਿੰਡ ਮਾਣੂੰਕੇ ਗਿੱਲ ਦੇ ਬਲਵਿੰਦਰ ਸਿੰਘ, ਪਿੰਡ ਦੌਧਰ ਦੇ ਜਗਰੂਪ ਸਿੰਘ, ਗੁਰਜੰਟ ਸਿੰਘ ਪਿੰਡ ਕੋਕਰੀ ਬੁੱਟਰਾਂ ਤੇ ਲਖਵੀਰ ਸਿੰਘ ਪਿੰਡ ਸਾਫ਼ੂਵਾਲਾ ਤੇ ਮਹੇਸਰੀ ਪਿੰਡ ਦੇ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ ਸੀ।

# ਕੈਨੇਡਾ ਦੀ ਕੋਰਟ ਨੇ ਪੰਜਾਬੀ ਖਿਲਾਫ ਫੈਸਲਾ ਬਦਲਿਆ

**ਟੋਰਾਂਟੋ:** ਕੈਨੇਡੀਅਨ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਕੋਰਟ ਆਫ ਅਪੀਲਜ਼ ਨੇ ਪੰਜਾਬੀ-ਕੈਨੇਡੀਅਨ ਗੁਰਦੇਵ ਸਿੰਘ ਢਿੱਲੋਂ ਦੀ ਅਪੀਲ ਸਵੀਕਾਰ ਕਰਦਿਆਂ ਉਸ ਨੂੰ ਜਿਣਸੀ ਹਮਲੇ ਦਾ ਦੋਸ਼ੀ ਕਰਾਰ ਦੇਣ ਦਾ ਫੈਸਲਾ ਰੱਦ ਕਰ ਦਿੱਤਾ। ਢਿੱਲੋਂ ਨੂੰ ਨੌਂ ਸਾਲ ਪਹਿਲਾਂ ਫਰਵਰੀ 2006 ਵਿਚ ਸਰੀ ਦੀ ਅਦਾਲਤ ਨੇ ਇਕ ਔਰਤ 'ਤੇ ਜਿਣਸੀ ਹਮਲਾ ਕਰਨ ਦਾ ਦੋਸ਼ੀ ਕਰਾਰ ਦਿੰਦਿਆਂ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਸੀ।




ਅਕਤੂਬਰ 2008 ਵਿਚ ਰਿਹਾਈ ਹੋਣ 'ਤੇ ਉਸ ਨੂੰ ਜਬਰੀ ਭਾਰਤ ਪਰਤਾ ਦਿੱਤਾ ਗਿਆ ਸੀ। ਢਿੱਲੋਂ ਨੇ ਇਸ ਫੈਸਲੇ ਖ਼ਿਲਾਫ਼ ਉਪਰਲੀ ਅਦਾਲਤ ਵਿਚ ਅਪੀਲ ਪਾਈ, ਪਰ ਇਹ ਪ੍ਰਵਾਨ ਨਾ ਹੋਈ। ਅੰਤ ਉਸ ਨੂੰ ਕੋਰਟ ਆਫ ਅਪੀਲਜ਼ ਕੋਲ ਜਾਣਾ ਪਿਆ। ਇਸ ਕੋਰਟ ਦੀ ਜਸਟਿਸ ਏਨ ਮੈਕੈਂਜ਼ੀ ਨੇ ਢਿੱਲੋਂ ਦੇ ਵਕੀਲ ਵੱਲੋਂ ਪੇਸ਼ ਡੀਐਨਏ ਦੇ ਸਬੂਤਾਂ ਉੱਤੇ ਵਿਚਾਰ ਕਰਕੇ ਢਿੱਲੋਂ ਨੂੰ ਦੋਸ਼ੀ ਕਰਾਰ ਦੇਣ ਦਾ ਫੈਸਲਾ ਰੱਦ ਕਰ ਦਿੱਤਾ ਕਿ ਉਸ ਦੇ ਹੱਕ ਵਿਚ ਪੇਸ਼ ਸਾਰੇ ਸਬੂਤਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਸੀ। ਉਂਜ, ਜਸਟਿਸ ਮੈਕੈਂਜ਼ੀ ਨੇ ਉਸ ਨੂੰ ਬਰੀ ਨਹੀਂ ਕੀਤਾ। ਇਸ ਤੋਂ ਭਾਵ ਹੈ ਕਿ ਢਿੱਲੋਂ ਖ਼ਿਲਾਫ਼ ਮੁਕੱਦਮਾ ਨਵੇਂ ਸਿਰਿਓਂ ਚੱਲੇਗਾ।

# ਸਰਫਾ ਮੁਹਿੰਮ ਦੀ ਪਿੱਠ 'ਤੇ ਆਈ ਸਰਕਾਰ

**ਜਲੰਧਰ:** ਸਰਕਾਰੀ ਵਿਭਾਗਾਂ ਵਿਚ ਫਿਜ਼ੂਲਖਰਚੀ ਰੋਕਣ ਤੇ ਕਿਫ਼ਾਇਤ ਕਰਨ ਲਈ ਵਿੱਢੀ ਸਰਫਾ ਮੁਹਿੰਮ ਬਾਰੇ ਪੰਜਾਬ ਸਰਕਾਰ ਨੇ ਸਖਤੀ ਕਰਨ ਦਾ ਫੈਸਲਾ ਲਿਆ ਹੈ। ਸਰਕਾਰੀ ਹੁਕਮਾਂ ਤੋਂ ਬਾਅਦ ਵੀ ਅਫਸਰਸ਼ਾਹੀ ਵੱਲੋਂ ਵਰਤੀ ਜਾ ਰਹੀ ਢਿੱਲ ਬਾਰੇ ਸਰਕਾਰ ਨੇ ਸਖਤ ਹੁਕਮ ਜਾਰੀ ਕੀਤੇ ਹਨ। ਸਰਕਾਰੀ ਦਫ਼ਤਰਾਂ ਵਿਚ ਡਾਇਰੈਕਟਰਾਂ ਦੀ ਪ੍ਰਵਾਨਗੀ ਤੋਂ ਬਿਨਾਂ ਸਰਕਾਰੀ ਖ਼ਰਚੇ 'ਤੇ ਰਾਤ ਜਾਂ ਦੁਪਹਿਰ ਦੇ ਖਾਣੇ 'ਤੇ ਰੋਕ ਲਾਈ ਹੈ। ਵਿਭਾਗਾਂ ਦੇ ਮੰਤਰੀ ਕਿਧਰੇ ਵੀ ਦੌਰੇ 'ਤੇ ਜਾਣਗੇ ਤਾਂ ਸਬੰਧਤ ਵਿਭਾਗ ਦਾ ਮੁਖੀ ਲੋੜ ਮੁਤਾਬਕ ਮੰਤਰੀ ਦੇ ਨਾਲ ਯਾਤਰਾ ਵਿਚ ਉਨ੍ਹਾਂ ਦਾ ਸਾਥ ਦੇਵੇਗਾ। ਦਫ਼ਤਰਾਂ ਵਿਚ ਨਵਾਂ ਫ਼ਰਨੀਚਰ, ਹੋਰ ਸਾਮਾਨ ਦੀ ਖ਼ਰੀਦ ਫਰਨਿਸ਼ ਕਰਨ 'ਤੇ ਰੋਕ ਲਾ ਦਿੱਤੀ ਹੈ।

ਸੂਬੇ ਵਿਚ ਕੀਤੀਆਂ ਜਾਣ ਵਾਲੇ ਕਾਨਫ਼ਰੰਸਾਂ ਤੇ ਸੈਮੀਨਾਰਾਂ ਬਾਰੇ ਕਿਹਾ ਹੈ ਕਿ ਇਹ ਲੋੜ ਪੈਣ 'ਤੇ ਹੀ ਕਰਵਾਏ ਜਾਣ। ਇਸ ਦਾ ਖਰਚਾ ਵੀ ਤਕਰੀਬਨ 20 ਫ਼ੀਸਦੀ ਘਟਾਇਆ ਜਾਏ। ਦੂਜੇ ਰਾਜਾਂ ਤੇ ਵਿਦੇਸ਼ਾਂ ਵਿਚ ਜਾਣ ਲਈ ਅਧਿਕਾਰੀਆਂ ਦੇ ਟੂਰਾਂ 'ਤੇ ਬਿਨਾਂ ਮਨਜ਼ੂਰੀ ਦੇ ਜਾਣ ਉਤੇ ਰੋਕ ਲਾਈ ਹੈ। ਸਰਕਾਰੀ ਟੈਲੀਫ਼ੋਨ ਤੇ ਬਿਜਲੀ ਦੇ ਖ਼ਰਚਿਆਂ ਵਿਚ 10 ਫ਼ੀਸਦੀ ਕਟੌਤੀ ਕਰਨ ਦੀ ਹਦਾਇਤ ਦਿੱਤੀ ਹੈ। ਅਧਿਕਾਰੀਆਂ, ਡਾਇਰੈਕਟਰਾਂ ਦੇ ਟੈਲੀਫ਼ੋਨ ਤੇ ਬਿਜਲੀ ਦੇ ਬਿੱਲਾਂ ਦਾ ਖਰਚਾ ਉਨ੍ਹਾਂ ਕੋਲੋਂ ਹੀ ਲੈਣ ਲਈ ਕਿਹਾ ਹੈ ਤੇ ਇਸ ਦਾ ਭਾਰ ਵਿਭਾਗ 'ਤੇ ਨਾ ਪਾਉਣ ਦੀ ਹਦਾਇਤ ਦਿੱਤੀ ਹੈ।

ਕੇਂਦਰ ਵਿਚ ਸਰਕਾਰ ਬਣਾਉਣ ਤੋਂ ਬਾਅਦ ਨਰੇਂਦਰ ਮੋਦੀ ਸਰਕਾਰ ਨੇ ਕਿਫ਼ਾਇਤ ਵਰਤਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਤੇ ਹੁਣ ਪੰਜਾਬ ਸਰਕਾਰ ਵੀ ਆਪਣੇ ਵਿਭਾਗਾਂ ਦੇ ਲਗਾਤਾਰ ਵਧ ਰਹੇ ਖ਼ਰਚਿਆਂ ਨੂੰ ਘਟਾਉਣ ਲਈ ਕਾਫ਼ੀ ਗੰਭੀਰ ਹੋ ਗਈ ਹੈ। ਇਹ ਕਿਹਾ ਜਾਂਦਾ ਹੈ ਕਿ ਸਰਕਾਰੀ ਵਿਭਾਗਾਂ ਵਿਚ ਕਾਫ਼ੀ ਫਜ਼ੂਲਖਰਚੀ ਚੱਲ ਰਹੀ ਹੈ ਜਿਸ ਕਰਕੇ ਹੁਣ ਪੰਜਾਬ ਸਰਕਾਰ ਨੂੰ ਇਹ ਨਵੀਆਂ ਹਦਾਇਤਾਂ ਜਾਰੀ ਕਰਨੀਆਂ ਪਈਆਂ ਹਨ। ਕਿਹਾ ਜਾਂਦਾ ਹੈ ਕਿ ਪਾਵਰਕਾਮ ਵਿਚ ਹੀ ਜੇਕਰ ਕਿਫ਼ਾਇਤ ਕੀਤੀ ਜਾਂਦੀ ਹੈ ਤਾਂ ਸਾਲਾਨਾ ਹੀ ਪਾਵਰਕਾਮ ਨੂੰ 300 ਤੋਂ 450 ਕਰੋੜ ਦਾ ਫ਼ਾਇਦਾ ਹੋਏਗਾ। ਪੰਜਾਬ ਲਘੂ ਉਦਯੋਗ ਭਾਰਤੀ ਦੇ ਸੀਨੀਅਰ ਉਪ ਪ੍ਰਧਾਨ ਵਿਜੇ ਤਲਵਾੜ ਦਾ ਕਹਿਣਾ ਹੈ ਕਿ ਇਸ 'ਤੇ ਨਜ਼ਰਸਾਨੀ ਰੱਖਣ ਲਈ ਵੀ ਵੱਖ ਵਿੰਗ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ।

### ਕੇਂਦਰੀ ਫੰਡਾਂ ਨੂੰ ਹੋਰ ਪਾਸੇ ਲਾਉਣ 'ਤੇ ਵੀ ਸਖਤੀ

**ਚੰਡੀਗੜ੍ਹ:** ਕੇਂਦਰ ਦੀ ਸਖ਼ਤੀ ਤੋਂ ਬਾਅਦ ਪੰਜਾਬ ਸਰਕਾਰ ਨੇ ਜਿਥੇ ਹੁਣ ਸਰਕਾਰੀ ਵਿਭਾਗਾਂ ਨੂੰ ਸਖ਼ਤ ਹਦਾਇਤਾਂ ਜਾਰੀ ਕਰਕੇ ਕੇਂਦਰੀ ਫ਼ੰਡਾਂ ਦੀ ਹੋਰ ਮੰਤਵ ਲਈ ਵਰਤੋਂ ਕਰਨ ਦੇ ਕੰਮ 'ਤੇ ਰੋਕ ਲਾ ਦਿੱਤੀ ਹੈ। ਸਰਕਾਰ ਨੇ ਹੁਣ ਕੇਂਦਰੀ ਸਕੀਮਾਂ ਲਈ ਆਏ ਫ਼ੰਡਾਂ ਲਈ ਨਵੀਆਂ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਹਨ ਤੇ ਇਸ 'ਤੇ ਸਭ ਤੋਂ ਪਹਿਲਾਂ ਤਾਂ ਪਾਵਰਕਾਮ ਨੇ ਅਮਲ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਮਾਮਲੇ ਵਿਚ ਸਾਰੇ ਅਧਿਕਾਰੀਆਂ ਨੂੰ ਪੱਤਰ ਭੇਜ ਕੇ ਜਾਣਕਾਰੀ ਦਿੱਤੀ ਹੈ। ਕੇਂਦਰੀ ਸਕੀਮਾਂ ਦੇ ਫ਼ੰਡਾਂ ਦੀ ਵਰਤੋਂ ਬਾਰੇ ਸਖ਼ਤੀ ਨਾਲ ਕਿਹਾ ਗਿਆ ਹੈ ਕਿ ਇਨ੍ਹਾਂ ਫ਼ੰਡ ਨੂੰ ਹੋਰ ਮੰਤਵ ਲਈ ਵਰਤਿਆ ਨਹੀਂ ਜਾ ਸਕੇਗਾ ਸਗੋਂ ਜਿਸ ਕੰਮ ਲਈ ਫ਼ੰਡ ਆਇਆ ਹੈ, ਉਸ ਕੰਮ ਲਈ ਉਸ ਦੀ ਵਰਤੋਂ ਕਰਨੀ ਯਕੀਨੀ ਬਣਾਈ ਜਾਏਗੀ ਤੇ ਇਸ ਲਈ ਸਕੀਮ ਦਾ ਇੰਚਾਰਜ ਜ਼ਿੰਮੇਵਾਰ ਹੋਏਗਾ।

ੴ ਸਤਿਗੁਰ ਪ੍ਰਸਾਦਿ

## ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ ਚੰਡੀਗੜ੍ਹ

# ਰੋਗ ਨਿਵਾਰਨ ਕੈਂਪ

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**

**ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥**



S. Hardial Singh
IAS Retired

ਕੈਂਪਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜੂਰੀ ਅੰਦਰ ਸੰਗਤੀ ਰੂਪ ਵਿਚ ਪਾਠ ਸ੍ਰੀ ਸੁਖਮਨੀ ਸਾਹਿਬ, ਰੋਗ ਨਵ੍ਰਿਤੀ ਸ਼ਬਦ ਜਾਪ, ਨਾਮ ਜਾਪ ਅਤੇ ਗੁਰਮਤਿ ਵੀਚਾਰਾਂ ਦੇ ਨਾਲ ਨਾਲ, ਰੋਗਾਂ ਦੇ ਮੂਲ ਕਾਰਨਾ ਦੀ ਵੀਚਾਰ ਵੀ ਹੁੰਦੀ ਹੈ । 1983 ਤੋਂ ਭਾਰਤ ਅਤੇ 1995 ਤੋਂ ਵਿਦੇਸ਼ਾਂ ਵਿੱਚ ਲਗਦੇ ਕੈਂਪਾਂ ਵਿੱਚ ਹਾਜ਼ਰੀ ਭਰ ਕੇ ਹੁਣ ਤੱਕ ਅਨੇਕਾਂ ਪ੍ਰਾਣੀ ਸਾਧ/ਅਸਾਧ ਰੋਗਾਂ ਤੋਂ ਰਾਹਤ ਪ੍ਰਾਪਤ ਕਰ ਚੁੱਕੇ ਹਨ । ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਕੈਂਪਾਂ ਵਿਚ ਹਾਜ਼ਰੀ ਭਰ ਕੇ ਦੁੱਖਾਂ/ ਰੋਗਾਂ ਤੋਂ ਰਾਹਤ ਅਤੇ ਨਾਮ / ਗੁਰਬਾਣੀ ਦੀ ਸੋਝੀ ਪ੍ਰਾਪਤ ਕਰਨ ਦੇ ਅਮੁੱਲ ਅਵਸਰ ਦਾ ਲਾਹਾ ਪ੍ਰਾਪਤ ਕਰੋ ਜੀ ।

ਨੋਟ: ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦੁਆਈ ਸਬੰਧੀ ਕੋਈ ਵੀ ਫੈਸਲਾ ਵੀਰ ਭੈਣ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰਨ ।

# San Jose Sikh Gurdwara

## USA (North Hall)

**3636 Murillo Ave., San Jose, California**

Narinder Pal Singh: 908-623-4977
Surjit Singh Bains: 408-394-3595
Sarabjit Singh Gobindpuri: 646-464-1818

| | |
|---|---|
| Thursday, December 25, 2014 | 1:00 pm To 7:00 pm |
| Friday, December 26, 2014 | 1:00 pm To 7:00 pm |
| Saturday, December 27, 2014 | 1:00 pm To 7:00 pm |
| Sunday, December 28, 2014 | 1:00 pm To 7:00 pm |

**Toronto Branch Team will be Coming to Organize This Camp**
**Surjit Singh, Gurmail Singh, Harpreet Singh, Ranjit Singh**

**416-617-0672 · 416-809-6121 · 647-376-7600 · 416-786-3079**

**E-mail: info@gurbanihealing.com**
**www.GurbaniHealing.com**

ਗੁਰਮਤਿ ਵਿਚਾਰ

# ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ



ਡਾ. ਗੁਰਨਾਮ ਕੌਰ, ਕੈਨੇਡਾ

ਗੁਰਮਤਿ ਦਰਸ਼ਨ ਵਿਚ ਇਸ ਸੰਸਾਰ ਨੂੰ ਝੂਠ ਦਾ ਪਸਾਰਾ ਕਿਹਾ ਹੈ, ਇਸ ਲਈ ਨਹੀਂ ਕਿ ਸ਼ੰਕਰਾਚਾਰੀਆ ਦੇ ਦਰਸ਼ਨ ਅਨੁਸਾਰ ਇਸ ਸੰਸਾਰ ਦੀ ਕੋਈ ਹੋਂਦ ਨਹੀਂ ਹੈ, ਇਹ ਝੂਠ ਦਾ ਪਸਾਰਾ ਇਸ ਲਈ ਹੈ ਕਿਉਂਕਿ ਇਹ ਸੰਸਾਰ ਬਿਨਸਣਹਾਰ ਹੈ। ਇਸ ਦੀ ਹੋਂਦ ਸਦੀਵੀ ਨਹੀਂ ਹੈ। ਇਸ ਦੀ ਰਚਨਾ ਅਕਾਲ ਪੁਰਖ ਨੇ ਕੀਤੀ ਹੈ ਅਤੇ ਰਚਨਾ ਭਾਵੇਂ ਕਿੰਨੀ ਵੀ ਲੁਭਾਉਣੀ ਅਤੇ ਪਾਏਦਾਰ ਹੋਵੇ ਉਸ ਨੇ ਇੱਕ ਦਿਨ ਨਸ਼ਟ ਹੋ ਜਾਣਾ ਹੁੰਦਾ ਹੈ। ਮਨੁੱਖ ਵੀ ਇਸ ਸੰਸਾਰ ਰਚਨਾ ਦਾ ਹੀ ਇੱਕ ਹਿੱਸਾ ਹੈ ਇਸ ਲਈ ਉਹ ਵੀ ਜਨਮ ਲੈਂਦਾ ਅਤੇ ਇਸ ਸੰਸਾਰ ਤੋਂ ਚਲਾ ਜਾਂਦਾ ਹੈ। ਇਸ ਲਈ ਮਨੁੱਖ ਦਾ ਇਸ ਸੰਸਾਰ 'ਤੇ ਆਉਣਾ ਅਤੇ ਇਸ ਤੋਂ ਕੂਚ ਕਰ ਜਾਣਾ ਅਕਾਲ ਪੁਰਖ ਦੇ ਭਾਣੇ ਵਿਚ ਹੀ ਹੈ।

ਅਗਲੀ ਅਲਾਹਣੀ ਵਿਚ ਗੁਰੂ ਨਾਨਕ ਸਾਹਿਬ ਸ੍ਰਿਸ਼ਟੀ ਰਚਨਾ ਦੇ ਇਸੇ ਸਿਧਾਂਤ ਪ੍ਰਤੀ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਇਹ ਦੁਨੀਆਂ ਨਾਸ਼ਵੰਤ ਪਸਾਰਾ ਹੈ, ਇਸ ਦੀ ਹੋਂਦ ਸਦੀਵੀ ਨਹੀਂ ਹੈ। ਇਸ ਲਈ ਇਸ ਬਿਨਸਣਹਾਰ ਦੁਨੀਆਂ 'ਤੇ ਜੋ ਮਨੁੱਖ ਵੀ ਜਨਮ ਲੈਂਦਾ ਹੈ ਉਸ ਨੇ ਇੱਕ ਦਿਨ ਇਸ ਸੰਸਾਰ ਨੂੰ ਅਲਵਿਦਾ ਵੀ ਕਹਿ ਦੇਣੀ ਹੈ, ਇਥੋਂ ਚਲਾ ਜਾਣਾ ਹੈ ਕਿਉਂਕਿ ਇਹ ਰਚਨਾ ਇੱਕ ਨਾਸ਼ਵੰਤ ਖੇਡ ਹੈ। ਇਸ ਦੀ ਹੋਂਦ ਹੈ ਪਰ ਇਹ ਸਦੀਵੀ ਨਹੀਂ ਹੈ। ਸਦੀਵੀ ਸਿਰਫ ਉਹ ਅਕਾਲ ਪੁਰਖ ਹੈ। ਇਸ ਲਈ ਜਿਹੜਾ ਮਨੁੱਖ ਉਸ ਸਦੀਵੀ ਸਤਿ ਦਾ ਸਿਮਰਨ ਕਰਦਾ ਹੈ, ਉਸ ਨੂੰ ਉਸ ਸਦੀਵੀ ਹੋਂਦ ਦੇ ਚਰਨਾਂ ਵਿਚ ਸਦਾ ਕਾਇਮ ਰਹਿਣ ਵਾਲਾ ਸਥਾਨ ਮਿਲ ਜਾਂਦਾ ਹੈ। ਸੱਚਾ ਠਿਕਾਣਾ ਸੱਚੇ ਵਾਹਿਗੁਰੂ ਦੇ ਸਿਮਰਨ ਤੋਂ ਮਿਲਦਾ ਹੈ, ਸੱਚ ਸਚਿਆਰ ਹੋਣ ਤੋਂ ਮਿਲਦਾ ਹੈ। ਇਸ ਲਈ ਜਿਹੜਾ ਮਨੁੱਖ ਉਸ ਸੱਚੇ ਦਾ ਸਿਮਰਨ ਕਰਦਾ ਹੈ, ਉਸ ਦਾ ਜੀਵਨ ਵੀ ਪਵਿੱਤਰ ਹੋ ਜਾਂਦਾ ਹੈ, ਉਹ ਆਪਣੇ ਅੰਦਰ ਉਸ ਨੂੰ ਅਨੁਭਵ ਕਰਨ ਦੇ ਯੋਗ ਅਤੇ ਉਸ ਦੇ ਚਾਨਣ ਨਾਲ ਰੁਸ਼ਨਾਏ ਜਾਣ ਦੇ ਯੋਗ ਹੋ ਜਾਂਦਾ ਹੈ। ਇਸ ਦੇ ਵਿਪਰੀਤ ਜਿਹੜਾ ਮਨੁੱਖ ਇਸ ਸੰਸਾਰਕ ਝੂਠੇ ਮਾਇਆ-ਮੋਹ ਵਿਚ ਆਪਣੇ ਆਪ ਨੂੰ ਮਸ਼ਰੂਫ ਕਰ ਲੈਂਦਾ ਹੈ, ਉਸ ਨੂੰ ਪਰਮਾਤਮਾ ਦੇ ਦਰ 'ਤੇ ਠਿਕਾਣਾ ਨਹੀਂ ਮਿਲਦਾ, ਉਹ ਪਰਮਾਤਮ-ਦਰ 'ਤੇ ਕਬੂਲ ਨਹੀਂ ਹੁੰਦਾ। ਜਿਵੇਂ ਕਿਸੇ ਉਜਾੜ ਪਏ ਘਰ ਵਿਚ ਕਾਂ ਨੂੰ ਖਾਣ ਲਈ ਕੁਝ ਨਹੀਂ ਲੱਭਦਾ, ਇਵੇਂ ਹੀ ਅਜਿਹੇ ਮਨੁੱਖ ਨੂੰ ਅਕਾਲ ਪੁਰਖ ਦੇ ਘਰ ਵਿਚ ਕੋਈ ਜੀ ਆਇਆਂ ਨਹੀਂ ਆਖਦਾ, ਉਸ ਦਾ ਕੋਈ ਸਵਾਗਤ ਨਹੀਂ ਕਰਦਾ। ਅਜਿਹੇ ਮਨੁੱਖ ਨੂੰ ਜੰਮਣ-ਮਰਨ ਦਾ ਚੱਕਰ ਭੁਗਤਣਾ ਹੀ ਪੈਂਦਾ ਹੈ ਅਤੇ ਅਕਾਲ ਪੁਰਖ ਤੋਂ ਉਸ ਦਾ ਲੰਮਾ ਵਿਛੋੜਾ ਹੋ ਜਾਂਦਾ ਹੈ। ਮਾਇਆਵੀ ਲੋਭ ਵਿਚ ਫਸ ਕੇ ਇਹ ਸੰਸਾਰ ਆਤਮਕ ਮੌਤ ਮਰਦਾ ਅਰਥਾਤ ਆਪਣੇ ਸੰਸਾਰ ਉਤੇ ਆਉਣ ਦੇ ਅਸਲੀ ਮਕਸਦ ਨੂੰ ਭੁੱਲ ਜਾਂਦਾ ਹੈ ਕਿ ਉਹ ਪਰਮਾਤਮ-ਅਨੁਭਵ ਲਈ ਇਥੇ ਆਇਆ ਹੈ, ਅਸਲੀ ਮਾਰਗ ਤੋਂ ਵਿਚਲਿਤ ਹੋ ਜਾਂਦਾ ਹੈ। ਇਸ ਤੋਂ ਖੁੰਝਣ ਕਰਕੇ ਕਾਲ ਮਨੁੱਖ ਦੇ ਸਿਰ 'ਤੇ ਖੜਾ ਉਸ ਨੂੰ ਰੁਆਉਂਦਾ ਰਹਿੰਦਾ ਹੈ,

ਬਾਬਾ ਆਇਆ ਹੈ ਉਠਿ ਚਲਣਾ
ਇਹੁ ਜਗੁ ਝੂਠੁ ਪਸਾਰੋਵਾ॥
ਸਚਾ ਘਰੁ ਸਚੜੈ ਸੇਵੀਐ
ਸਚੁ ਖਰਾ ਸਚਿਆਰੋਵਾ॥
ਕੂੜਿ ਲਬਿ ਜਾਂ ਥਾਇ ਨ ਪਾਸੀ
ਅਗੈ ਲਹੈ ਨ ਠਾਓ॥
ਅੰਤਰਿ ਆਉ ਨ ਬੈਸਹੁ ਕਹੀਐ
ਜਿਉ ਸੁੰਞੈ ਘਰਿ ਕਾਓ॥
ਜੰਮਣੁ ਮਰਣੁ ਵਡਾ ਵੇਛੋੜਾ
ਬਿਨਸੈ ਜਗੁ ਸਬਾਏ॥
ਲਬਿ ਧੰਧੈ ਮਾਇਆ ਜਗਤੁ ਭੁਲਾਇਆ
ਕਾਲੁ ਖੜਾ ਰੁਆਏ॥੧॥
(ਪੰਨਾ ੫੮੧-੮੨)

ਗੁਰੂ ਨਾਨਕ ਸਾਹਿਬ ਇਸ ਤੋਂ ਅੱਗੇ ਸਤਿ-ਸੰਗੀਆਂ ਨੂੰ ਪ੍ਰੇਰਦੇ ਹਨ ਕਿ ਆਉ ਸਾਰੇ ਇੱਕ ਦੂਸਰੇ ਨੂੰ ਪ੍ਰੇਮ ਨਾਲ ਗਲੇ ਮਿਲੀਏ ਅਤੇ ਮਿਲ ਕੇ ਅਸੀਸ ਦੇਈਏ ਅਰਥਾਤ ਸਤਿ-ਸੰਗਤਿ ਵਿਚ ਪ੍ਰੇਮ ਨਾਲ ਰਲ ਕੇ ਬੈਠੀਏ ਅਤੇ ਵਿਛੜੇ ਸਾਥੀ ਲਈ ਇਹ ਕਾਮਨਾ ਕਰੀਏ, ਉਸ ਲਈ ਰੱਬ ਸੱਚੇ ਅੱਗੇ ਅਰਦਾਸ ਕਰੀਏ ਕਿ ਉਸ ਸੱਚੇ ਪਰਵਰਦਗਾਰ ਪਿਆਰੇ ਨਾਲ ਉਸ ਦਾ ਮਿਲਾਪ ਹੋ ਜਾਵੇ, ਉਸ ਨੂੰ ਅਕਾਲ ਪੁਰਖ ਦੇ ਦਰ 'ਤੇ ਨਿਵਾਸ ਸਥਾਨ ਪ੍ਰਾਪਤ ਹੋ ਜਾਵੇ।

ਮਨੁੱਖ ਦਾ ਸਦੀਵੀ ਮਿਲਾਪ, ਚਿਰ-ਸਥਾਈ ਮਿਲਾਪ ਉਸ ਅਕਾਲ ਪੁਰਖ ਨਾਲ ਹੀ ਹੁੰਦਾ ਹੈ ਅਤੇ ਜਦੋਂ ਇਹ ਮਿਲਾਪ ਇੱਕ ਵਾਰ ਹੋ ਜਾਵੇ ਫਿਰ ਦੁਬਾਰਾ ਕਦੀ ਵਿਛੋੜਾ ਨਹੀਂ ਪੈਂਦਾ। ਇਸ ਲਈ ਉਸ ਅਕਾਲ ਪੁਰਖ ਦੇ ਮਿਲਾਪ ਲਈ ਹੀ ਅਸੀਸ ਦੇਣੀ ਚਾਹੀਦੀ ਹੈ, ਅਰਦਾਸ ਕਰਨੀ ਚਾਹੀਦੀ ਹੈ। ਮਨੁੱਖ ਨੂੰ ਅਕਾਲ ਪੁਰਖ ਦੀ ਭਗਤੀ ਕਰਨ ਦਾ, ਉਸ ਦੇ ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਕੀਤਾ ਹੈ ਕਿਉਂਕਿ ਉਸ ਦੇ ਨਾਮ ਦੀ ਭਗਤੀ ਰਾਹੀਂ ਹੀ ਉਸ ਨਾਲ ਮਿਲਾਪ ਹੁੰਦਾ ਹੈ। ਜਿਸ ਦਾ ਉਸ ਨਾਲ ਇੱਕ ਵਾਰ ਮਿਲਾਪ ਹੋ ਜਾਂਦਾ ਹੈ, ਜਿਸ ਦੀ ਸੁਰਤਿ ਉਸ ਦੀ ਸੁਰਤਿ ਵਿਚ ਮਿਲ ਜਾਂਦੀ ਹੈ, ਉਸ ਦਾ ਪਰਮਾਤਮਾ ਤੋਂ ਫਿਰ ਕਦੀ ਵੀ ਵਿਛੋੜਾ ਨਹੀਂ ਹੁੰਦਾ। ਕਹਿਣ ਤੋਂ ਭਾਵ ਹੈ ਕਿ ਉਸ ਸਿਰਜਣਹਾਰ ਨਾਲ ਜਦੋਂ ਇੱਕ ਵਾਰ ਮੇਲ ਹੋ ਜਾਂਦਾ ਹੈ, ਇਹ ਮੇਲ ਫਿਰ ਸਦੀਵੀ ਹੁੰਦਾ ਹੈ, ਸਦਾ ਕਾਇਮ ਰਹਿਣ ਵਾਲਾ ਹੁੰਦਾ ਹੈ।

***ਇਥੇ ਮਾਇਆ ਨੂੰ ਜਾਦੂਗਰਨੀ ਕਿਹਾ ਹੈ ਜੋ ਮਨੁੱਖ ਉਤੇ ਆਪਣਾ ਕਈ ਕਿਸਮ ਦਾ ਜਾਦੂ ਕਰਦੀ ਹੈ ਅਤੇ ਆਪਣੇ ਜਾਦੂ ਦੇ ਰੰਗ-ਬਰੰਗੇ ਧਾਗੇ ਉਸ ਦੇ ਗਲ ਵਿਚ ਪਾ ਕੇ ਆਪਣੇ ਜਾਦੂ ਵਿਚ ਵਲ ਲੈਂਦੀ ਹੈ, ਭਰਮਾ ਲੈਂਦੀ ਹੈ। ਇਹ ਮਾਇਆ ਮਨੁੱਖ ਨੂੰ ਕਈ ਤਰ੍ਹਾਂ ਨਾਲ ਭਰਮਾ ਲੈਂਦੀ ਹੈ ਅਤੇ ਇਸ ਦੇ ਭਰਮ ਜਾਲ ਵਿਚ ਫਸੇ ਹੋਏ ਮਨੁੱਖ ਦੀ ਮੱਤ ਹੋਛੀ ਹੋ ਜਾਂਦੀ ਹੈ, ਮੱਤ ਮਾਰੀ ਜਾਂਦੀ ਹੈ।***

ਗੁਰੂ ਨਾਨਕ ਸਾਹਿਬ ਅੱਗੇ ਦੱਸਦੇ ਹਨ ਕਿ ਇਸ ਸੰਸਾਰ 'ਤੇ ਕਈ ਮਨੁੱਖ ਅਜਿਹੇ ਵੀ ਹਨ ਜਿਹੜੇ ਪਰਮਾਤਮਾ ਦੇ ਨਾਮ ਨੂੰ ਭੁੱਲੀ ਫਿਰਦੇ ਹਨ, ਜਿਹੜੇ ਉਸ ਦੇ ਨਾਮ ਦਾ ਸਿਮਰਨ ਕਰਨ ਤੋਂ ਖੁੰਝੇ ਫਿਰਦੇ ਹਨ, ਰਸਤੇ ਤੋਂ ਭਟਕ ਗਏ ਹਨ ਅਤੇ ਉਸ ਸਦਾ ਕਾਇਮ ਰਹਿਣ ਵਾਲੇ ਪਰਵਰਦਗਾਰ ਦੇ ਟਿਕਾਣੇ ਤੋਂ ਉਖੜੇ ਫਿਰਦੇ ਹਨ। ਉਸ ਸਦੀਵੀ ਸਤਿ ਅਰਥਾਤ ਸਦਾ ਕਾਇਮ ਰਹਿਣ ਵਾਲੇ ਕਰਤਾਰ ਦਾ ਨਾਮ ਸਿਮਰਨ ਕਰਨਾ ਹੀ ਅਸਲੀ ਜੀਵਨ-ਖੇਡ ਹੈ, ਇਹ ਹੀ ਅਸਲੀ ਜੀਵਨ-ਜਾਚ ਹੈ ਅਤੇ ਇਸ ਜੀਵਨ-ਖੇਡ ਦੀ ਸੋਝੀ ਗੁਰੂ ਦੀ ਦੱਸੀ ਸਿੱਖਿਆ 'ਤੇ ਚੱਲ ਕੇ, ਗੁਰੂ ਦੇ ਸ਼ਬਦ ਦਾ ਅਨੁਸਾਰੀ ਹੋ ਕੇ ਹੀ ਆਉਂਦੀ ਹੈ, ਉਸ ਦੇ ਸ਼ਬਦ ਵਿਚ ਜੁੜ ਕੇ ਹੀ ਖੇਡੀ ਜਾ ਸਕਦੀ ਹੈ।

ਜਿਹੜੇ ਜੀਵ ਗੁਰੂ ਦੇ ਸ਼ਬਦ ਵਿਚ ਆਪਣੀ ਸੁਰਤਿ ਜੋੜੀ ਰੱਖਦੇ ਹਨ, ਜਿਹੜੇ ਗੁਰੂ ਦੇ ਸ਼ਬਦ ਵਿਚ ਲੀਨ ਹੋ ਜਾਂਦੇ ਹਨ, ਉਹ ਜਮ ਦੇ ਰਾਹ ਨਹੀਂ ਤੁਰਦੇ ਅਰਥਾਤ ਉਨ੍ਹਾਂ ਦੇ ਅੰਦਰੋਂ ਜਮ ਦਾ ਡਰ ਖਤਮ ਹੋ ਜਾਂਦਾ ਹੈ। ਉਹ ਸਦੀਵੀ ਤੌਰ 'ਤੇ ਉਸ ਪਰਮਾਤਮਾ ਨਾਲ ਇਕ-ਸੁਰ ਹੋ ਜਾਂਦੇ ਹਨ, ਉਨ੍ਹਾਂ ਦੀ ਸੁਰਤਿ ਉਸ ਅਕਾਲ ਪੁਰਖ ਵਿਚ ਜੁੜੀ ਰਹਿੰਦੀ ਹੈ ਜੋ ਸਦਾ ਅਟੱਲ ਹੈ, ਜਿਸ ਦਾ ਸਰੂਪ ਸਦੀਵੀ ਕਾਇਮ ਹੈ। ਗੁਰੂ ਨਾਨਕ ਸਾਹਿਬ ਮਨੁੱਖ ਨੂੰ ਸਤਿਸੰਗਤਿ ਵਿਚ ਮਿਲ ਕੇ ਬੈਠਣ ਦਾ ਉਪਦੇਸ਼ ਕਰਦੇ ਹਨ ਕਿਉਂਕਿ ਸਤਿਸੰਗਤਿ ਵਿਚ ਹੀ ਗੁਰੂ ਨਾਲ ਮੇਲ ਹੁੰਦਾ ਹੈ ਅਤੇ ਇਥੇ ਗੁਰੂ ਨੂੰ ਮਿਲ ਕੇ ਮਨੁੱਖ ਨੂੰ ਮਾਇਆ-ਮੋਹ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਦਾ, ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋਣ ਦਾ ਰਸਤਾ ਮਿਲਦਾ ਹੈ ਅਤੇ ਉਹ ਮਾਇਆਵੀ ਬੰਧਨਾਂ ਨੂੰ ਤੋੜ ਦਿੰਦਾ ਹੈ,

ਬਾਬਾ ਆਵਹੁ ਭਾਈਹੋ ਗਲਿ ਮਿਲਹ
ਮਿਲਿ ਮਿਲਿ ਦੇਹ ਆਸੀਸਾ ਹੇ॥
ਬਾਬਾ ਸਚੜਾ ਮੇਲੁ ਨ ਚੁਕਈ
ਪ੍ਰੀਤਮ ਕੀਆ ਦੇਹ ਅਸੀਸਾ ਹੇ॥
ਆਸੀਸਾ ਦੇਵਹੋ ਭਗਤਿ ਕਰੇਵਹੋ
ਮਿਲਿਆ ਕਾ ਕਿਆ ਮੇਲੋ॥
ਇਕਿ ਭੂਲੇ ਨਾਵਹੁ ਥੇਹਹੁ
ਥਾਵਹੁ ਗੁਰ ਸਬਦੀ ਸਚੁ ਖੇਲੋ॥
ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ
ਜੁਗਿ ਜੁਗਿ ਸਾਚੈ ਵੇਸੇ॥
ਸਾਜਨ ਸੈਣ ਮਿਲਹੁ ਸੰਜੋਗੀ
ਗੁਰ ਮਿਲਿ ਖੋਲੇ ਫਾਸੇ॥੨॥ (ਪੰਨਾ ੫੮੨)

ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਮਨੁੱਖ ਆਪਣੇ ਪਹਿਲਾਂ ਕੀਤੇ ਹੋਏ ਕਰਮਾਂ ਦੇ ਅਨੁਸਾਰ ਦੁੱਖ ਤੇ ਸੁੱਖ ਧੁਰੋਂ ਹੀ ਲਿਖਵਾ ਕੇ ਲਿਆਉਂਦਾ ਹੈ। ਭਾਵ ਮਨੁੱਖ ਨੇ ਜਿਹੋ ਜਿਹੇ ਕਰਮ ਪਹਿਲਾਂ ਕੀਤੇ ਹੋਏ ਹੁੰਦੇ ਹਨ, ਉਸ ਦੇ ਅਨੁਸਾਰ ਹੀ ਦੁੱਖ ਤੇ ਸੁੱਖ ਅਕਾਲ ਪੁਰਖ ਵਲੋਂ ਉਸ ਦੇ ਭਾਗਾਂ ਵਿਚ ਲਿਖੇ ਹੋਏ ਹੁੰਦੇ ਹਨ ਅਤੇ ਸੰਸਾਰ ਉਤੇ ਮਨੁੱਖ ਨੰਗਾ ਹੀ ਆਉਂਦਾ ਹੈ, ਜਨਮ ਸਮੇਂ ਹੀ ਮਨੁੱਖ ਨੇ ਜਦੋਂ ਇਥੋਂ ਵਾਪਸ ਜਾਣਾ ਹੈ, ਉਹ ਸਮਾਂ ਮੁਕੱਰਰ ਹੋ ਗਿਆ ਹੁੰਦਾ ਹੈ। ਸਾਹਾ ਉਹ ਘੜੀ ਹੈ ਜੋ ਸ਼ੁਭ ਦੇਖ ਕੇ ਕਿਸੇ ਮਨੁੱਖ ਦੇ ਵਿਆਹ ਦਾ ਸਮਾਂ ਨਿਰਧਾਰਤ ਕਰ ਦਿੱਤਾ ਜਾਂਦਾ ਹੈ। ਇਥੇ 'ਸਾਹੇ' ਨੂੰ ਮਨੁੱਖ ਦੇ ਇਸ ਸੰਸਾਰ ਤੋਂ ਤੁਰ ਜਾਣ ਦੇ ਮੁਕੱਰਰ ਸਮੇਂ ਦੇ ਪ੍ਰਤੀਕ ਵਜੋਂ ਵਰਤਿਆ ਹੈ ਕਿਉਂਕਿ ਇਹ ਅਕਾਲ ਪੁਰਖ ਨਾਲ ਮੇਲ ਦੀ ਘੜੀ ਹੈ। ਇਸੇ ਪ੍ਰਤੀਕ ਨੂੰ ਵਰਤਦਿਆਂ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਇਥੋਂ ਤੁਰ ਜਾਣ ਦਾ ਨਿਰਧਾਰਤ ਕੀਤਾ ਹੋਇਆ ਸਮਾਂ ਅੱਗੇ ਪਿੱਛੇ ਨਹੀਂ ਹੋ ਸਕਦਾ ਅਤੇ ਨਾ ਹੀ ਉਸ ਦੁੱਖ ਤੇ ਸੁੱਖ ਨੂੰ ਟਾਲਿਆ ਜਾ ਸਕਦਾ ਹੈ ਜੋ ਮਨੁੱਖ ਦੇ ਪੂਰਬਲੇ ਕੀਤੇ ਹੋਏ ਕਰਮਾਂ ਅਨੁਸਾਰ ਧੁਰੋਂ ਲਿਖਿਆ ਹੋਇਆ ਆਉਂਦਾ ਹੈ। ਉਸ ਸਦੀਵੀ ਕਾਇਮ ਰਹਿਣ ਵਾਲੇ ਸਿਰਜਣਹਾਰ ਨੇ ਜੀਵ ਦੇ ਕੀਤੇ ਹੋਏ ਕਰਮਾਂ ਅਨੁਸਾਰ ਸੋਚ-ਵਿਚਾਰ ਕੇ ਇਹ ਵੀ ਲਿਖ ਦਿੱਤਾ ਹੁੰਦਾ ਹੈ ਕਿ ਉਸ ਨੇ ਆਪਣੇ ਜੀਵਨ-ਸਫਰ ਵਿਚ ਇਸ ਸੰਸਾਰ 'ਤੇ ਰਹਿੰਦਿਆਂ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਕੇ ਆਪਣਾ ਜੀਵਨ-ਪੰਧ ਸੁਖਾਲਾ ਕਰਨਾ ਹੈ ਅਤੇ ਨਵੇਂ ਜੀਵਨ ਵਿਚ ਅੰਮ੍ਰਿਤ ਵਿਹਾਝਣਾ ਹੈ ਜਾਂ ਦੁਨੀਆਂ 'ਤੇ ਰਹਿੰਦਿਆਂ ਮੋਹ-ਮਾਇਆ ਦੇ ਜਾਲ ਵਿਚ ਫਸ ਕੇ ਵਿਸ਼ੇ-ਵਿਕਾਰਾਂ ਦਾ ਜ਼ਹਿਰ ਇਕੱਠਾ ਕਰਨਾ ਹੈ। ਇਸ ਤਰ੍ਹਾਂ ਪਹਿਲਾਂ ਕੀਤੇ ਹੋਏ ਕਰਮਾਂ ਅਨੁਸਾਰ ਅਕਾਲ ਪੁਰਖ ਆਪਣੇ ਹੁਕਮ ਵਿਚ ਹੀ ਮਨੁੱਖ ਨੂੰ ਜਿਸ ਪਾਸੇ ਲਾਉਂਦਾ ਹੈ, ਉਹ ਉਸੇ ਪਾਸੇ ਲੱਗ ਜਾਂਦਾ ਹੈ।

ਇਥੇ ਮਾਇਆ ਨੂੰ ਜਾਦੂਗਰਨੀ ਕਿਹਾ ਹੈ ਜੋ ਮਨੁੱਖ ਉਤੇ ਆਪਣਾ ਕਈ ਕਿਸਮ ਦਾ ਜਾਦੂ ਕਰਦੀ ਹੈ ਅਤੇ ਆਪਣੇ ਜਾਦੂ ਦੇ ਰੰਗ-ਬਰੰਗੇ ਧਾਗੇ ਉਸ ਦੇ ਗਲ ਵਿਚ ਪਾ ਕੇ ਆਪਣੇ ਜਾਦੂ ਵਿਚ ਵਲ ਲੈਂਦੀ ਹੈ, ਭਰਮਾ ਲੈਂਦੀ ਹੈ। ਇਹ ਮਾਇਆ ਮਨੁੱਖ ਨੂੰ ਕਈ ਤਰ੍ਹਾਂ ਨਾਲ ਭਰਮਾ ਲੈਂਦੀ ਹੈ ਅਤੇ ਇਸ ਦੇ ਭਰਮ ਜਾਲ ਵਿਚ ਫਸੇ ਹੋਏ ਮਨੁੱਖ ਦੀ ਮੱਤ ਹੋਛੀ ਹੋ ਜਾਂਦੀ ਹੈ, ਮੱਤ ਮਾਰੀ ਜਾਂਦੀ ਹੈ ਅਤੇ ਉਸ ਦਾ ਮਨ ਵੀ ਹੋਛਾ ਹੋ ਜਾਂਦਾ ਹੈ, ਅਰਥਾਤ ਮਨੁੱਖ ਮਾਇਆ ਵਿਚ ਫਸ ਕੇ ਸਵਾਰਥੀ ਹੋ ਜਾਂਦਾ ਹੈ ਅਤੇ ਆਪਣੇ ਸਵਾਰਥ ਤੋਂ ਬਾਹਰ ਕੁਝ ਵੀ ਨਹੀਂ ਦੇਖਦਾ। ਜਿਵੇਂ ਮੱਖੀ ਗੁੜ ਨੂੰ ਖਾਂਦੀ ਹੈ ਅਤੇ ਫਿਰ ਗੁੜ ਨਾਲ ਚਿਪਕ ਕੇ ਹੀ ਮਰ ਜਾਂਦੀ ਹੈ, ਇਸੇ ਤਰ੍ਹਾਂ ਮਨੁੱਖ ਮਾਇਆ-ਜਾਲ ਵਿਚ ਫਸ ਕੇ ਆਤਮਕ ਮੌਤ ਮਰ ਜਾਂਦਾ ਹੈ। ਮਨੁੱਖ ਇਸ ਦੁਨੀਆਂ 'ਤੇ ਬੇਮਰਿਆਦਾ ਅਰਥਾਤ (ਨੰਗਾ ਹੀ ਆਉਂਦਾ ਹੈ ਅਤੇ ਨੰਗਾ ਹੀ ਬੰਨ੍ਹ ਕੇ ਮੌਤ ਉਸ ਨੂੰ ਅੱਗੇ ਲਾ ਲੈਂਦੀ ਹੈ,

ਬਾਬਾ ਨਾਂਗੜਾ ਆਇਆ ਜਗ ਮਹਿ
ਦੁਖੁ ਸੁਖੁ ਲੇਖੁ ਲਿਖਾਇਆ॥
ਲਿਖਿਅੜਾ ਸਾਹਾ ਨਾ ਟਲੈ
ਜੇਹੜਾ ਪੁਰਬਿ ਕਮਾਇਆ॥
ਬਹਿ ਸਾਚੈ ਲਿਖਿਆ ਅੰਮ੍ਰਿਤੁ
ਬਿਖਿਆਜਿਤੁ ਲਾਇਆ ਤਿਤੁ ਲਾਗਾ॥
ਕਾਮਣਿਆਰੀ ਕਾਮਣ ਪਾਏ
ਬਹੁ ਰੰਗੀ ਗਲਿ ਤਾਗਾ॥
ਹੋਛੀਮਤਿ ਭਇਆ ਮਨੁ ਹੋਛਾ
ਸਾ ਮਖੀ ਖਾਇਆ॥
ਨਾ ਮਰਜਾਦੁ ਆਇਆ ਕਲਿ ਭੀਤਰਿ
ਨਾਂਗੋ ਬੰਧਿ ਚਲਾਇਆ॥੩॥ (ਪੰਨਾ ੫੮੨)

ਗੁਰੂ ਨਾਨਕ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਹੇ ਸਤਿਸੰਗੀਓ! ਕਿਸੇ ਦੇ ਇਸ ਸੰਸਾਰ ਤੋਂ ਤੁਰ ਜਾਣ 'ਤੇ ਰੋਣ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਰੋਣ ਨਾਲ ਮਨੁੱਖ ਦੇ ਇਥੋਂ ਕੂਚ ਕਰ ਜਾਣ ਨੂੰ ਟਾਲਿਆ ਨਹੀਂ ਜਾ ਸਕਦਾ। ਜਦੋਂ ਉਸ ਪਰਵਰਦਗਾਰ ਦਾ ਬੁਲਾਵਾ ਆ ਗਿਆ ਤਾਂ ਇਥੋਂ ਜਾਣਾ ਹੀ ਪੈਣਾ ਹੈ, ਕਿਉਂਕਿ ਇਹ ਇੱਕ ਨਾ ਟਾਲਿਆ ਜਾ ਸਕਣ ਵਾਲਾ ਨਿਯਮ ਹੈ। ਫਿਰ ਵੀ ਜੇ ਕਿਸੇ ਨੇ ਇਸ ਬੁਲਾਵੇ ਨੂੰ ਟਾਲਣ ਲਈ ਰੋ ਰੋ ਕੇ ਦੇਖਣਾ ਹੈ ਤਾਂ ਦੇਖ ਲਵੇ। ਜਾਨ ਤੋਂ ਪਿਆਰੇ ਸਬੰਧੀ ਨੂੰ ਮੌਤ ਦੇ ਦੂਤਾਂ ਨੇ ਬੰਨ੍ਹ ਕੇ ਅੱਗੇ ਤੋਰ ਲਿਆ ਹੈ, ਕੋਈ ਇਸ ਨੂੰ ਰੋਕ ਨਹੀਂ ਸਕਦਾ। ਮਨੁੱਖ ਦੇ ਇਥੋਂ ਕੂਚ ਕਰ ਜਾਣ ਵਾਸਤੇ ਅਕਾਲ ਪੁਰਖ ਨੇ ਜੋ ਸਮਾਂ ਲਿਖ ਕੇ ਉਸ ਨੂੰ ਸੰਸਾਰ 'ਤੇ ਭੇਜਿਆ ਸੀ, ਜੋ ਸਮਾਂ ਪਹਿਲਾਂ ਹੀ ਨਿਰਧਾਰਤ ਹੈ, ਉਸ ਨੂੰ ਕੋਈ ਵੀ ਮਿਟਾ ਨਹੀਂ ਸਕਦਾ, ਪਰਮਾਤਮਾ ਦੀ ਦਰਗਾਹ ਤੋਂ ਜਦੋਂ ਬੁਲਾਵਾ ਆ ਗਿਆ, ਉਸ ਨੂੰ ਟਾਲਿਆ ਨਹੀਂ ਜਾ ਸਕਦਾ। ਅਕਾਲ ਪੁਰਖ ਦੀ ਰਜ਼ਾ ਵਿਚ ਜਦੋਂ ਉਸ ਨੂੰ ਚੰਗਾ ਲੱਗਦਾ ਹੈ ਤਾਂ ਉਹ ਜੀਵ ਨੂੰ ਕੂਚ ਕਰਨ ਦਾ ਬੁਲਾਵਾ ਭੇਜ ਦਿੰਦਾ ਹੈ, ਰੋਣ ਵਾਲੇ ਨਜ਼ਦੀਕੀ ਰੋਂਦੇ ਹਨ।

ਗੁਰੂ ਨਾਨਕ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਸਾਰੇ ਨੇੜਲੇ ਰਿਸ਼ਤੇ-ਨਾਤੇ ਵਾਲੇ ਜਿਵੇਂ ਪੁੱਤਰ, ਭਰਾ, ਭਤੀਜੇ, ਪ੍ਰੇਮੀ, ਜਿਨ੍ਹਾਂ ਨੂੰ ਜਾਣ ਵਾਲਾ ਬਹੁਤ ਪਿਆਰਾ ਹੁੰਦਾ ਹੈ, ਸਾਰੇ ਸਾਕ-ਸਬੰਧੀ ਰੋਂਦੇ ਹਨ। ਪਿੱਛੇ ਰਹਿ ਗਏ ਸਬੰਧੀ ਤੁਰ ਜਾਣੇ ਵਾਲੇ ਆਪਣੇ ਪਿਆਰੇ ਦੇ ਪਿੱਛੇ ਵਾਪਰਨ ਵਾਲੇ ਦੁੱਖਾਂ ਦੇ ਭੈ ਤੋਂ ਰੋਂਦੇ ਹਨ, ਉਸ ਦੇ ਗੁਣਾਂ ਨੂੰ ਵਾਰ ਵਾਰ ਯਾਦ ਕਰਕੇ ਰੋਂਦੇ ਹਨ ਪਰ ਕਦੇ ਵੀ ਕੋਈ ਸਬੰਧੀ ਤੁਰ ਗਏ ਪ੍ਰਾਣੀ ਦੇ ਨਾਲ ਮਰਦਾ ਨਹੀਂ ਹੈ ਕਿਉਂਕਿ ਜੀਵਨ ਹਰ ਇੱਕ ਨੂੰ ਪਿਆਰਾ ਲੱਗਦਾ ਹੈ। ਮੌਤ ਅਕਾਲ ਪੁਰਖ ਦੇ ਹੱਥ ਵਿਚ ਹੈ। ਹਰ ਕੋਈ ਆਪਣੀ ਵਾਰੀ ਆਉਣ 'ਤੇ ਹੀ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਸੰਸਾਰ ਉਤੇ ਆਉਣ-ਜਾਣ ਦਾ ਸਿਲਸਿਲਾ ਇਸੇ ਤਰ੍ਹਾਂ ਕਾਇਮ ਰਹਿਣਾ ਹੈ, ਇਹ ਇੱਕ ਅਟੱਲ ਸੱਚਾਈ ਅਤੇ ਕੁਦਰਤੀ ਨੇਮ ਹੈ। ਉਹ ਜੀਵ, ਉਹ ਮਨੁੱਖ ਸਿਆਣੇ ਹਨ, ਸਮਝਦਾਰ ਹਨ ਜਿਹੜੇ ਉਸ ਸਦੀਵੀ ਕਾਇਮ ਰਹਿਣ ਵਾਲੀ ਹਸਤੀ, ਉਸ ਭੰਨਣ-ਘੜਨ ਵਾਲੀ ਹਸਤੀ ਦੇ ਗੁਣਾਂ ਦਾ ਸਿਮਰਨ ਕਰਦੇ ਹਨ, ਉਸ ਦੇ ਗੁਣਾਂ ਨੂੰ ਆਪਣੇ ਅੰਦਰ ਵਸਾ ਕੇ ਮਾਇਆ-ਮੋਹ ਵਲੋਂ ਉਦਾਸੀਨ ਹੋ ਜਾਂਦੇ ਹਨ ਅਰਥਾਤ ਆਪਣੇ ਆਪ ਨੂੰ ਮਾਇਆ ਦੇ ਲੋਭ-ਮੋਹ ਵਿਚ ਫਸਣ ਨਹੀਂ ਦਿੰਦੇ,

ਬਾਬਾ ਰੋਵਹੁ ਜੇ ਕਿਸੈ ਰੋਵਣਾ
ਜਾਨੀਅੜਾ ਬੰਧਿ ਪਠਾਇਆ ਹੈ॥
ਲਿਖਿਅੜਾ ਲੇਖੁ ਨ ਮੇਟੀਐ
ਦਰਿ ਹਾਕਾਰੜਾ ਆਇਆ ਹੈ॥
ਹਾਕਾਰਾ ਆਇਆ ਜਾ ਤਿਸੁ ਭਾਇਆ
ਰੁੰਨੇ ਰੋਵਣਹਾਰੇ॥
ਪੁਤ ਭਾਈ ਭਾਤੀਜੇ ਰੋਵਹਿ
ਪ੍ਰੀਤਮ ਅਤਿ ਪਿਆਰੇ॥
ਭੈ ਰੋਵੈ ਗੁਣ ਸਾਰਿ ਸਮਾਲੇ ਕੋ
ਮਰੈ ਨ ਮੁਇਆ ਨਾਲੇ॥
ਨਾਨਕ ਜੁਗਿ ਜੁਗਿ ਜਾਣ ਸਿਜਾਣਾ
ਰੋਵਹਿ ਸਚੁ ਸਮਾਲੇ॥੪॥੫॥
(ਪੰਨਾ ੫੮੨)

ਗੁਰਬਾਣੀ ਗਿਆਨ

## ਸਤਿਗੁਰ ਦਰਸਨਿ ਅਗਨਿ ਨਿਵਾਰੀ

**ਗਉੜੀ ਗੁਆਰੇਰੀ ਮਹਲਾ ੫**
ਸਤਿਗੁਰ ਦਰਸਨਿ ਅਗਨਿ ਨਿਵਾਰੀ॥
ਸਤਿਗੁਰ ਭੇਟਤ ਹਉਮੈ ਮਾਰੀ॥
ਸਤਿਗੁਰ ਸੰਗਿ ਨਾਹੀ ਮਨੁ ਡੋਲੈ॥
ਅੰਮ੍ਰਿਤ ਬਾਣੀ ਗੁਰਮੁਖਿ ਬੋਲੈ॥੧॥
ਸਭੁ ਜਗੁ ਸਾਚਾ ਜਾ ਸਚ ਮਹਿ ਰਾਤੇ॥
ਸੀਤਲ ਸਾਤਿ
ਗੁਰ ਤੇ ਪ੍ਰਭ ਜਾਤੇ॥੧॥ਰਹਾਉ॥
ਸੰਤ ਪ੍ਰਸਾਦਿ ਜਪੈ ਹਰਿ ਨਾਉ॥
ਸੰਤ ਪ੍ਰਸਾਦਿ ਹਰਿ ਕੀਰਤਨੁ ਗਾਉ॥
ਸੰਤ ਪ੍ਰਸਾਦਿ ਸਗਲ ਦੁਖ ਮਿਟੇ॥
ਸੰਤ ਪ੍ਰਸਾਦਿ ਬੰਧਨ ਤੇ ਛੁਟੇ॥੨॥
ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ॥
ਸਾਧ ਰੇਣ ਮਜਨ ਸਭਿ ਧਰਮ॥
ਸਾਧ ਕ੍ਰਿਪਾਲ ਦਇਆਲ ਗੋਵਿੰਦੁ॥
ਸਾਧਾ ਮਹਿ ਇਹ ਹਮਰੀ ਜਿੰਦੁ॥੩॥
ਕਿਰਪਾ ਨਿਧਿ ਕਿਰਪਾਲ ਧਿਆਵਉ॥
ਸਾਧਸੰਗਿ ਤਾ ਬੈਠਣੁ ਪਾਵਉ॥
ਮੋਹਿ ਨਿਰਗੁਣ ਕਉ
ਪ੍ਰਭਿ ਕੀਨੀ ਦਇਆ॥
ਸਾਧਸੰਗਿ ਨਾਨਕ ਨਾਮੁ ਲਇਆ॥੪॥

ਗੁਰਦੇਵ ਜੀ ਉਪਦੇਸ਼ ਕਰਦੇ ਹਨ- ਹੇ ਭਾਈ! ਸਤਿਗੁਰ ਦੇ ਦਰਸ਼ਨਾਂ ਨਾਲ ਜੀਵ ਆਪਣੇ ਹਿਰਦੇ ਵਿਚੋਂ ਤ੍ਰਿਸ਼ਨਾ ਰੂਪੀ ਅੱਗ ਬੁਝਾ ਲੈਂਦਾ ਹੈ; ਸਤਿਗੁਰ ਭੇਟਤ ਹਉਮੈ ਮਾਰੀ, ਸਤਿਗੂਰੂ ਨੂੰ ਮਿਲ ਕੇ ਇਹ ਜੀਵ ਆਪਣੇ ਮਨ ਵਿਚ ਵਸੀ ਹੋਈ ਹਉਮੈ ਨੂੰ ਵੀ ਮਾਰ ਲੈਂਦਾ ਹੈ; ਸਤਿਗੁਰ ਸੰਗਿ ਨਾਹੀ ਮਨੁ ਡੋਲੈ, ਹੇ ਭਾਈ! ਆਪਣੇ ਸਤਿਗੁਰ ਦੀ ਸੰਗਤ ਵਿਚ ਰਹਿ ਕੇ ਜੀਵ ਦਾ ਚੰਚਲ ਮਨ ਵਿਕਾਰਾਂ ਨੂੰ ਵੇਖ ਕੇ ਡੋਲਦਾ ਨਹੀਂ, ਕਿਉਂਕਿ ਗੁਰੂ ਦੀ ਸ਼ਰਨ ਵਿਚ ਰਹਿ ਕੇ ਜੀਵ ਮੁਖ ਵਿਚੋਂ ਅੰਮ੍ਰਿਤ ਬਾਣੀ ਹੀ ਬੋਲਦਾ ਹੈ।

ਸਭੁ ਜਗੁ ਸਾਚਾ ਜਾ ਸਚ ਮਹਿ ਰਾਤੇ॥
ਸੀਤਲ ਸਾਤਿ
ਗੁਰ ਤੇ ਪ੍ਰਭ ਜਾਤੇ॥੧॥ਰਹਾਉ॥

ਰਹਾਉ ਦੀ ਪੰਕਤੀ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਆਖਦੇ ਹਨ, ਹੇ ਭਾਈ ਜਦ ਉਸ ਸਦਾ ਹੀ ਅਟੱਲ ਰਹਿਣ ਵਾਲੇ ਮਿਹਰਵਾਨ ਪ੍ਰਭੂ ਦੇ ਰੰਗ ਵਿਚ ਰੰਗੇ ਜਾਈਦਾ ਹੈ; ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ, ਜਦੋਂ ਪੂਰੇ ਗੁਰੂ ਦੀ ਕਿਰਪਾ ਸਦਕਾ ਉਸ ਪ੍ਰਭੂ ਪਰਮਾਤਮਾ ਦੇ ਨਾਲ ਡੂੰਘੀ ਸਾਂਝ ਪਾ ਲਈਦੀ ਹੈ, ਉਦੋਂ ਸੜ ਰਿਹਾ ਹਿਰਦਾ ਵੀ ਠੰਢਾ-ਠਾਰ ਤੇ ਸੀਤਲ ਹੋ ਜਾਂਦਾ ਹੈ ਅਤੇ ਸਾਰਾ ਜਗਤ ਉਸ ਸਦਾ ਰਹਿਣ ਵਾਲੇ ਪ੍ਰਭੂ ਦਾ ਹੀ ਰੂਪ ਦਿਖਾਈ ਦਿੰਦਾ ਹੈ।

ਸੰਤ ਪ੍ਰਸਾਦਿ ਜਪੈ ਹਰਿ ਨਾਉ॥
ਸੰਤ ਪ੍ਰਸਾਦਿ ਹਰਿ ਕੀਰਤਨੁ ਗਾਉ॥
ਸੰਤ ਪ੍ਰਸਾਦਿ ਸਗਲ ਦੁਖ ਮਿਟੇ॥
ਸੰਤ ਪ੍ਰਸਾਦਿ ਬੰਧਨ ਤੇ ਛੁਟੇ॥੨॥

ਸਤਿਗੁਰੂ ਪਿਤਾ ਜੀ ਆਖਦੇ ਹਨ, ਹੇ ਭਾਈ! ਗੁਰੂ ਦੀ ਕਿਰਪਾ ਨਾਲ ਹੀ ਇਹ ਜੀਵ ਉਸ ਪਰਮੇਸ਼ਰ ਦਾ ਨਾਮ ਜਪਦਾ ਹੈ; ਗੁਰੂ ਦੀ ਕਿਰਪਾ ਨਾਲ ਹੀ ਇਹ ਜੀਵ ਹਰੀ ਪਰਮਾਤਮਾ ਦੇ ਗੁਣਾਂ ਦਾ ਕੀਰਤਨ ਕਰਦਾ ਹੈ ਅਤੇ ਸਤਿਗੁਰੂ ਦੀ ਕਿਰਪਾ ਸਦਕਾ ਨਾਮ ਜਪਣ ਤੇ ਹਰੀ ਪ੍ਰਭੂ ਦੇ ਗੁਣ ਗਾਉਣ ਕਰ ਕੇ ਇਸ ਜੀਵ ਦੇ ਸਾਰੇ ਹੀ ਦੁਖ ਤੇ ਕਲੇਸ਼ ਮਿਟ ਜਾਂਦੇ ਹਨ; ਸੰਤ ਪ੍ਰਸਾਦਿ ਬੰਧਨ ਤੇ ਛੁਟੇ, ਗੁਰੂ ਦੀ ਕਿਰਪਾ ਸਦਕਾ ਹੀ ਜੀਵ ਮੋਹ ਦੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ।

ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ॥
ਸਾਧ ਰੇਣ ਮਜਨ ਸਭਿ ਧਰਮ॥
ਸਾਧ ਕ੍ਰਿਪਾਲ ਦਇਆਲ ਗੋਵਿੰਦੁ॥
ਸਾਧਾ ਮਹਿ ਇਹ ਹਮਰੀ ਜਿੰਦੁ॥੩॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਸਤਿਗੁਰੂ ਦੀ ਮਿਹਰ ਨਾਲ ਵਿਕਾਰਾਂ ਰੂਪੀ ਮਾਇਆ ਦਾ ਮੋਹ ਅਤੇ ਮਾਇਆ ਲਈ ਸਾਰੀ ਭਟਕਣਾ ਵੀ ਖਤਮ ਹੋ ਜਾਂਦੀ ਹੈ। ਪੂਰੇ ਗੁਰੂ ਦੇ ਚਰਨਾਂ ਦੀ ਧੂੜ ਦਾ ਇਸ਼ਨਾਨ ਹੀ ਸਾਰੇ ਧਰਮਾਂ ਦਾ ਸਾਰ-ਅੰਸ਼ ਹੈ; ਸਾਧ ਕ੍ਰਿਪਾਲ ਦਇਆਲ ਗੋਵਿੰਦੁ, ਹੇ ਭਾਈ! ਜਿਸ ਵਡਭਾਗੇ ਜੀਵ ਉਤੇ ਗੁਰੂ ਦਇਆਵਾਨ ਹੋ ਜਾਂਦਾ ਹੈ, ਉਸ ਉਤੇ ਪ੍ਰਭੂ ਭੀ ਮਿਹਰਵਾਨ ਹੋ ਜਾਂਦਾ ਹੈ। ਇਸ ਲਈ ਮੇਰੀ ਇਹ ਜਿੰਦ ਗੁਰੂ ਚਰਨਾਂ ਤੋਂ ਵਾਰੇ ਜਾਂਦੀ ਹੈ।

ਕਿਰਪਾ ਨਿਧਿ ਕਿਰਪਾਲ ਧਿਆਵਉ॥
ਸਾਧਸੰਗਿ ਤਾ ਬੈਠਣੁ ਪਾਵਉ॥
ਮੋਹਿ ਨਿਰਗੁਣ ਕਉ
ਪ੍ਰਭਿ ਕੀਨੀ ਦਇਆ॥
ਸਾਧਸੰਗਿ ਨਾਨਕ ਨਾਮੁ ਲਇਆ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਜੀ ਆਖਦੇ ਹਨ, ਹੇ ਭਾਈ! ਮੈਂ ਨਿਰਗੁਣ ਭਾਵ ਗੁਣਾਂ ਤੋਂ ਹੀਣ ਉਤੇ ਜਦ ਮਿਹਰਾਂ ਦੇ ਮਾਲਕ ਪ੍ਰਭ ਨੇ ਦਇਆ ਕੀਤੀ, ਤਾਂ ਸਾਧ-ਸੰਗਤ ਵਿਚ ਬੈਠ ਕੇ ਮੈਂ ਉਸ ਮਿਹਰਵਾਨ ਪ੍ਰਭੂ ਦਾ ਨਾਮ ਜਪਣ ਲੱਗ ਪਿਆ। ਆਪਣੇ ਗੁਰੂ ਦੀ ਰਹਿਮਤ ਸਦਕਾ ਜਦੋਂ ਉਸ ਕਿਰਪਾ ਨਿਧਿ ਮਿਹਰਾਂ ਦੇ ਖ਼ਜ਼ਾਨੇ, ਮਿਹਰਾਂ ਦੇ ਸਾਗਰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹਾਂ, ਤਾਂ ਗੁਰੂ ਦੀ ਮਿਹਰ ਸਦਕਾ ਹੀ ਗੁਰੂ ਦੇ ਪਿਆਰਿਆਂ ਦੀ ਸੰਗਤ ਵਿਚ ਮੇਰਾ ਜੀਅ ਲਗਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਏਹੁ ਹਮਾਰਾ ਜੀਵਣਾ...

***'ਏਹੁ ਹਮਾਰਾ ਜੀਵਣਾ' ਵਿਚ ਪ੍ਰੋ. ਹਰਪਾਲ ਸਿੰਘ ਨੇ ਔਰਤ ਦੀ ਕਹਾਣੀ ਮੁੱਢ-ਕਦੀਮ ਤੋਂ ਸ਼ੁਰੂ ਕਰ ਕੇ ਸੁਣਾਈ ਹੈ ਅਤੇ ਦੱਸਿਆ ਹੈ ਕਿ ਭਾਰਤ ਵਿਚ ਆਰੀਅਨਾਂ ਦੇ ਆਗਮਨ ਤੋਂ ਪਹਿਲਾਂ ਔਰਤ ਦਾ ਸਮਾਜ ਵਿਚ ਰੁਤਬਾ ਕਿਸ ਤਰ੍ਹਾਂ ਦਾ ਸੀ। ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਅਸੀਂ ਪਾਠਕਾਂ ਲਈ ਪੇਸ਼ ਕਰ ਰਹੇ ਹਾਂ ਜਿਸ ਵਿਚ ਸਦੀਆਂ ਪਹਿਲਾਂ ਔਰਤ ਦੀ ਸਮਾਜਕ ਹੈਸੀਅਤ ਦਾ ਖੁਲਾਸਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਪਤਾ ਲਗਦਾ ਹੈ ਕਿ ਅੱਜ ਦੇ ਯੁੱਗ ਤੱਕ ਪੁੱਜਦਿਆਂ-ਪੁੱਜਦਿਆਂ ਔਰਤ ਦੀ ਹੁਣ ਵਾਲੀ ਹੌਲਨਾਕ ਹਾਲਤ ਕਿਸ ਤਰ੍ਹਾਂ ਬਣਾ ਦਿੱਤੀ ਗਈ। -ਸੰਪਾਦਕ***

ਮੁੱਢ-ਕਦੀਮ ਤੋਂ ਮਰਦ-ਪ੍ਰਧਾਨ ਸਮਾਜ ਦੇ ਜ਼ੁਲਮੋ-ਤਸ਼ੱਦਦ ਤੇ ਕਸ਼ਟ ਸਹਿੰਦੀ ਬੇਸਹਾਰਾ, ਬੇਵਸ ਅਤੇ ਲਾਚਾਰ ਔਰਤ ਦੀ ਕਹਾਣੀ ਹੈ ਇਹ। ਇਹ ਕਹਾਣੀ ਹੈ ਸਾਡੀ ਮਾਂ, ਭੈਣ ਤੇ ਧੀ ਦੀ; ਔਰਤ ਦੀ ਪੀੜਾ ਅਤੇ ਸੰਤਾਪ ਦੀ। ਹਰ ਯੁੱਗ, ਧਰਮ ਤੇ ਹਰ ਸਮਾਜ ਵਿਚ ਔਰਤ ਨੂੰ ਸਮਾਜ ਦੀ ਮੈਲ ਕਿਹਾ ਗਿਆ ਹੈ। 'ਨੀਚਾਂ ਵਿਚੋਂ ਨੀਚ'।

ਕੀਥ ਲਿਖਦਾ ਹੈ, "ਹਿੰਦ ਵਿਚ ਸਭ ਧਰਮਾਂ ਨੇ ਇਸਤਰੀ ਜਾਤੀ ਨਾਲ ਧੱਕਾ ਕੀਤਾ, ਪਰ ਜਿਤਨੀ ਬ੍ਰਾਹਮਣ ਗ੍ਰੰਥਾਂ ਦੇ ਸਮੇਂ ਦੇ ਬ੍ਰਾਹਮਣਾਂ ਨੇ ਇਸਤਰੀ ਨਾਲ ਘਿਰਣਾ ਕੀਤੀ, ਹੋਰ ਕਿਸੇ ਨੇ ਨਹੀਂ ਕੀਤੀ।" (The Religion and Philosophy of Vedas and upanishadas, Vol 32, Page 475)

ਮੈਤਰਿਆਣੀ ਸਮਹਤਾ, ਇਸਤਰੀ ਨੂੰ ਪਾਪ ਕਰਾਰ ਦਿੰਦਾ ਹੈ। ਸਤਪਤ ਬ੍ਰਾਹਮਣ ਗ੍ਰੰਥ (xiv, 1.39) ਇਸਤਰੀ, ਸ਼ੂਦਰ, ਕੁੱਤੇ ਅਤੇ ਕਾਂ ਨੂੰ ਝੂਠ ਦਾ ਨਮੂਨਾ ਮੰਨਦਾ ਹੈ। ਮਨੂੰ ਨੇ ਇਸਤਰੀਆਂ ਨੂੰ ਤਕਰੀਬਨ ਆਦਮੀ ਦੀ ਦਾਸੀ ਬਣਾ ਦਿੱਤਾ। ਉਹਨੇ ਨੀਯਤ ਕੀਤਾ ਕਿ ਪਤੀ ਦਾ ਆਪਣੀ ਪਤਨੀ ਉਪਰ ਪੂਰਾ ਅਧਿਕਾਰ ਹੈ। ਉਹ ਉਸ ਨੂੰ ਮਾਰ-ਕੁੱਟ ਸਕਦਾ ਹੈ। ਜੇ ਪਤਨੀ ਜ਼ਰਾ ਵੀ ਗੁਸੈਲੀ ਗੱਲ ਕਰੇ, ਤਾਂ ਉਸ ਨੂੰ ਇਕਦਮ ਤਿਆਗ ਸਕਦਾ ਹੈ ਅਤੇ ਪਤਨੀ



**ਪ੍ਰੋ. ਹਰਪਾਲ ਸਿੰਘ**
ਫੋਨ: 916-236-8830

ਲਈ ਉਚਿਤ ਹੈ ਕਿ ਉਹ ਦੇਵਤਾ ਸਮਝ ਕੇ ਆਪਣੇ ਪਤੀ ਦੀ ਪੂਜਾ ਕਰੇ, ਭਾਵੇਂ ਉਸ ਵਿਚ ਕੋਈ ਗੁਣ ਨਾ ਵੀ ਹੋਵੇ, ਤੇ ਭਾਵੇਂ ਉਹ ਬੇਗਾਨੀਆਂ ਇਸਤਰੀਆਂ ਨਾਲ ਐਸ਼ ਮਾਣਦਾ ਹੋਵੇ। ਇਸ ਤਰ੍ਹਾਂ ਇਸਤਰੀ ਦੇ ਦਰਜੇ ਨੂੰ ਸ਼ੂਦਰ ਦੇ ਦਰਜੇ ਤੀਕਰ ਪਹੁੰਚਾ ਦਿੱਤਾ ਗਿਆ। ਮਰਦ-ਪ੍ਰਧਾਨ ਸਮਾਜ ਨੇ ਔਰਤ ਦੀ ਜ਼ਿੰਦਗੀ ਦੇ ਹਰ ਪੱਖ ਨੂੰ ਗੁਲਾਮੀ ਅਤੇ ਅਧੀਨਤਾ ਦੀ ਦਲ-ਦਲ ਵਿਚ ਧੱਕਣ, ਉਨ੍ਹਾਂ ਦਾ ਸਨਮਾਨ ਘਟਾਉਣ ਅਤੇ ਉਨ੍ਹਾਂ ਦੁਆਰਾ ਜ਼ਿੰਦਗੀ ਵਿਚ ਕੁਝ ਕਰ ਗੁਜ਼ਰਨ ਦੀਆਂ ਤਾਂਘਾਂ ਨੂੰ ਕਾਬੂ ਕਰਨ ਲਈ ਸਖਤ ਪ੍ਰਬੰਧ ਕੀਤੇ, ਸਖਤ ਨਿਯਮ ਬਣਾਏ।

ਸਥਾਪਤ ਸਭਿਅਤਾਵਾਂ ਤੋਂ ਪਹਿਲਾਂ ਇਤਿਹਾਸ ਦੇ ਮੁੱਢਲੇ ਦੌਰ ਵਿਚ ਮਨੁੱਖ ਸ਼ਿਕਾਰੀ ਸੀ। ਉਸ ਦੀ ਪੂਰੀ ਜ਼ਿੰਦਗੀ ਸ਼ਿਕਾਰ 'ਤੇ ਨਿਰਭਰ ਸੀ। ਸ਼ਿਕਾਰ ਕਰਦਾ-ਕਰਦਾ ਉਹ ਦੂਰ-ਦੁਰੇਡੀਆਂ ਥਾਂਵਾਂ ਵੱਲ ਨਿਕਲ ਜਾਂਦਾ ਤੇ ਕਈ ਵਾਰ ਦਿਨ, ਹਫਤਾ ਜਾਂ ਮਹੀਨਾ ਆਪਣੇ ਪਰਿਵਾਰ ਵਿਚ ਵਾਪਸ ਨਾ ਆਉਂਦਾ। ਉਸ ਦੀ ਗੈਰ-ਹਾਜ਼ਰੀ ਵਿਚ ਪਰਿਵਾਰ ਨੂੰ ਸੰਭਾਲਣ ਅਤੇ ਹਰ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਦੀ ਜ਼ਿੰਮੇਵਾਰੀ ਘਰ ਦੀ ਔਰਤ ਦੀ ਹੁੰਦੀ। ਪਹਿਲੇ ਸਮਾਜ ਦੀ ਬਣਤਰ ਔਰਤ-ਪ੍ਰਧਾਨ ਸੀ।

"ਜਦੋਂ ਖਾਨਾ-ਬਦੋਸ਼ਾਂ ਵਾਲੀ ਜ਼ਿੰਦਗੀ ਜਿਉਂਦੇ ਆਦਮੀ ਦੀ ਜ਼ਿੰਦਗੀ ਸ਼ਿਕਾਰ 'ਤੇ ਹੀ ਨਿਰਭਰ ਸੀ, ਤਾਂ ਉਸ ਦੀ ਹਮੇਸ਼ਾ ਕਦੀ ਆਪਣੇ ਤੋਂ ਕਮਜ਼ੋਰ ਅਤੇ ਕਦੇ ਆਪਣੇ ਤੋਂ ਤਾਕਤਵਰ ਕਬੀਲੇ ਨਾਲ ਟੱਕਰ ਹੁੰਦੀ ਰਹਿੰਦੀ ਸੀ। ਉਸ ਦੇ ਪਰਿਵਾਰ ਜਾਂ ਕਬੀਲੇ ਲਈ ਟੱਕਰ ਤੋਂ ਬਾਅਦ ਲੁੱਟ ਦੇ ਮਾਲ ਦਾ ਅੱਗ ਬਾਲ ਕੇ ਅਨੰਦ ਲੈਣਾ ਉਸ ਦੀ ਜ਼ਿੰਦਗੀ ਦਾ ਕੁਦਰਤੀ ਤੌਰ 'ਤੇ ਉਘੜਵਾਂ ਅਤੇ ਮੁੱਖ ਭਾਗ ਸੀ। ਜਦੋਂ ਅੱਗ ਉਪਰ ਸ਼ਿਕਾਰ ਪੱਕ ਰਿਹਾ ਹੁੰਦਾ ਤਾਂ ਅੱਗ ਦੇ ਦੁਆਲੇ ਇਕੱਠੇ ਹੋ ਕੇ ਉਹ ਗਾਣੇ ਗਾਉਂਦੇ, ਕਈ ਵਾਰ ਉਹ ਆਪਣੇ ਪੁਰਖਿਆਂ ਨੂੰ ਯਾਦ ਕਰਦੇ ਜਿਹੜੇ ਕਦੋਂ ਦੇ ਗੁਜ਼ਰ ਚੁੱਕੇ ਹੁੰਦੇ ਅਤੇ ਜਿਨ੍ਹਾਂ ਨੂੰ ਰੱਬ ਨੇ ਸ਼ਕਤੀ ਤੇ ਸਫਲਤਾ ਨਾਲ ਨਿਵਾਜਿਆ ਹੁੰਦਾ ਸੀ। ਭੋਜਨ ਦਾ ਅਨੰਦ ਲੈਣ ਤੋਂ ਪਹਿਲਾਂ ਇਹ ਉਨ੍ਹਾਂ ਦਾ ਪਵਿੱਤਰ ਫਰਜ਼ ਹੁੰਦਾ ਕਿ ਉਹ ਖਾਣੇ ਦਾ ਇਕ ਹਿੱਸਾ ਆਪਣੇ ਗੁਜ਼ਰ ਚੁੱਕੇ ਪੁਰਖਿਆਂ ਤੇ ਅਣਦੇਖੀਆਂ ਤਾਕਤਾਂ (ਰੂਹਾਂ) ਦੇ ਨਾਂ ਅਗਨੀ ਨੂੰ ਅਰਪਿਤ ਕਰਦੇ, ਅੱਗ ਵਿਚ ਸੁੱਟਦੇ।" (ਹਿੰਦੂ ਸਾਮਰਾਜਵਾਦ ਦਾ ਇਤਿਹਾਸ, ਲੇਖਕ ਸਵਾਮੀ ਧਰਮ ਤੀਰਥ, ਅਨੁਵਾਦਕ ਸੋਢੀ ਸੁਲਤਾਨ ਸਿੰਘ, ਪੰਨਾ 70)

ਬਾਅਦ ਦੇ ਹਿੰਦੂ ਧਰਮ ਵਿਚ ਅਗਨੀ ਨੂੰ ਦੇਵਤਾ ਮੰਨ ਕੇ ਉਸ ਦੀ ਪੂਜਾ ਸ਼ੁਰੂ ਹੋ ਗਈ। ਅਗਨੀ ਦੇਵਤਾ ਟੱਚ ਵੁੱਡ ਦਾ ਅਰਥ ਇਹੀ ਹੈ ਕਿ ਮੈਂ ਲੱਕੜ ਵਿਚ ਛੁਪੇ ਹੋਏ ਅਗਨੀ ਦੇਵਤਾ ਦੀ ਸੁੰਹ ਚੁੱਕਦਾ ਹਾਂ।

ਮਨੁੱਖ ਜਾਤੀ ਦੇ ਜੀਵਨ ਦਾ ਦੂਜਾ ਦੌਰ ਉਦੋਂ ਸ਼ੁਰੂ ਹੋਇਆ ਜਦੋਂ ਉਹ ਚਰਵਾਹਾ ਬਣਿਆ। ਕੁਦਰਤ ਦੀ ਗੋਦ ਵਿਚ ਬੈਠੀਆਂ ਲਹਿ-ਲਹਾਉਂਦੀਆਂ ਲੰਮੀਆਂ ਚਰਾਂਦਾਂ ਵਿਚ ਉਹ ਆਪਣੇ ਪਰਿਵਾਰ ਨਾਲ ਲੰਮੀਆਂ ਯਾਤਰਾਵਾਂ 'ਤੇ ਨਿਕਲਿਆ। ਪਰਿਵਾਰ ਦੀ ਦੇਖ-ਰੇਖ ਅਤੇ ਪਰਿਵਾਰ ਨੂੰ ਪਾਲਣ ਦੀ ਜ਼ਿੰਮੇਵਾਰੀ ਔਰਤ ਅਤੇ ਮਰਦ- ਦੋਹਾਂ ਦੀ ਸਾਂਝੀ ਸੀ। ਔਰਤ ਅਤੇ ਮਰਦ ਇਕ-ਦੂਜੇ ਦੇ ਸਹਾਇਕ ਅਤੇ ਸਹਿਯੋਗੀ ਸਨ। ਜੇ ਮਰਦ ਪਸ਼ੂਆਂ ਦੀ ਦੇਖ-ਰੇਖ ਕਰਦਾ, ਤਾਂ ਔਰਤ ਸਮੁੱਚੇ ਪਰਿਵਾਰ ਦੀ।

ਮਨੁੱਖੀ ਸਭਿਅਤਾ ਦੇ ਵਿਕਾਸ ਦਾ ਤੀਜਾ ਪੜਾਅ ਉਦੋਂ ਸ਼ੁਰੂ ਹੋਇਆ ਜਦੋਂ ਮਨੁੱਖ ਨੇ ਧਰਤੀ ਦੇ ਇਕ ਖਾਸ ਟੁਕੜੇ 'ਤੇ ਕਬਜ਼ਾ ਕਰ ਕੇ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। ਇਹ ਯੁੱਗ ਖੇਤੀ ਪ੍ਰਧਾਨ ਸੀ। ਕਬੀਲੇ ਦੇ ਲੋਕ ਮੁੱਖ ਤੌਰ 'ਤੇ ਖੇਤੀਬਾੜੀ ਕਰਨ ਵਾਲੇ ਲੋਕ ਸਨ ਜੋ ਜੰਗਲਾਂ ਵਿਚ ਰਹਿੰਦੇ ਸਨ। ਇਨ੍ਹਾਂ ਦੇ ਸਿਰ ਉਪਰ ਲੰਮੇ-ਲੰਮੇ ਅਤੇ ਖੁਰਦਰੇ ਵਾਲ ਸਨ। ਸਰੀਰ ਉਪਰ ਵੀ ਵਾਲਾਂ ਦੀ ਲੰਮੀ ਜੱਤ ਹੁੰਦੀ ਸੀ। ਇਹ ਲੋਕ ਜੰਗਲਾਂ, ਖੇਤੀਬਾੜੀ ਤੇ ਦਰਿਆਵਾਂ ਦੇ ਮਾਲਕ ਸਨ ਅਤੇ ਜੰਗਲੀ ਪਸ਼ੂਆਂ ਨੂੰ ਸਿਧਾਅ ਕੇ ਵਰਤੋਂ ਵਿਚ ਲਿਆਉਂਦੇ ਸਨ। ਇਨ੍ਹਾਂ ਵਿਚ ਗਾਂਵਾਂ, ਮੱਝਾਂ ਅਤੇ ਭੇਡ-ਬੱਕਰੀਆਂ ਸ਼ਾਮਲ ਸਨ। ਮਨੁੱਖ ਵਿਚ ਮੁੱਢ ਕਦੀਮ ਤੋਂ ਹੀ ਕਬਜ਼ੇ ਦੀ ਭਾਵਨਾ ਰਹੀ ਹੈ। ਖੇਤੀਬਾੜੀ ਤੋਂ ਪੈਦਾ ਹੋਈ ਆਮਦਨ ਦਾ ਮਨੁੱਖ ਇਕੱਲਾ ਮਾਲਕ ਬਣ ਬੈਠਾ। ਔਰਤ ਘਰ ਦੀ ਚਾਰ-ਦੀਵਾਰੀ ਵਿਚ ਕੈਦ ਹੋ ਗਈ। ਸਮਾਜਕ ਰਸਮ-ਰਿਵਾਜ਼, ਧਾਰਮਿਕ ਕਰਮ-ਕਾਂਡਾਂ ਨੇ ਹੌਲੀ-ਹੌਲੀ ਔਰਤ ਦੇ ਸਮਾਜੀ ਰੁਤਬੇ ਨੂੰ ਸੰਨ੍ਹ ਲਾ ਦਿੱਤੀ ਅਤੇ ਔਰਤ ਕੇਵਲ ਮਰਦ ਦੀ ਵਸਤੂ ਬਣ ਕੇ ਰਹਿ ਗਈ। ਉਹ ਉਸ ਨੂੰ ਜਦੋਂ ਚਾਹੇ, ਜਿਵੇਂ ਚਾਹੇ ਰੱਖ ਸਕਦਾ ਸੀ, ਵਰਤ ਸਕਦਾ ਸੀ, ਵੇਚ ਸਕਦਾ ਸੀ, ਖਰੀਦ ਸਕਦਾ ਸੀ। ਆਰਥਿਕ ਪੱਖੋਂ ਸੰਪੂਰਨ ਮਰਦ-ਪ੍ਰਧਾਨ ਸਮਾਜ ਤੋਂ ਔਰਤ ਦੀ ਬਦਕਿਸਮਤੀ ਦੀ ਕਹਾਣੀ ਦਾ ਇਥੋਂ ਹੀ ਅਰੰਭ ਹੁੰਦਾ ਹੈ।

ਪ੍ਰਾਚੀਨ ਅੰਧਕਾਰ ਯੁੱਗ ਤੋਂ ਲੈ ਕੇ ਸਿੱਖ ਰਾਜ ਦੀ ਸਥਾਪਨਾ ਤੱਕ ਭਾਰਤ ਵਿਚ ਔਰਤ ਨੂੰ ਕਠਿਨ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਦਰਾਵੜ ਜਿਸ ਨੂੰ ਸੰਸਕ੍ਰਿਤ ਵਿਚ 'ਦਰਾਵਿੜਾ' ਕਹਿੰਦੇ ਹਨ, ਭਾਰਤ ਦੀਆਂ ਪ੍ਰਾਚੀਨਤਮ ਸਭਿਆ ਜਾਤੀਆਂ ਵਿਚੋਂ ਇਕ ਹੈ। ਬਹੁਤ ਸਾਰੇ ਵਿਦਵਾਨਾਂ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਉਹ ਭਾਰਤ ਦੇ ਪ੍ਰਾਚੀਨ ਮਨੁੱਖਾਂ ਦੀ ਹੀ ਸੰਤਾਨ ਹਨ ਜਿਹੜੇ ਹੌਲੀ-ਹੌਲੀ ਸਭਿਆਤਾ ਦੇ ਮਾਰਗ ਵੱਲ ਪੁੱਜੇ। ਅਨੇਕ ਪੱਛਮੀ ਵਿਦਵਾਨਾਂ ਦਾ ਮੱਤ ਹੈ ਕਿ ਦਰਾਵੜ ਮੈਡੀਟੇਰੀਅਨ ਜਾਤੀ ਨਾਲ ਸਬੰਧ ਰੱਖਦੇ ਸਨ। ਮਿੰਟਗੁਮਰੀ ਜ਼ਿਲ੍ਹੇ ਦੇ ਹੜੱਪਾ ਅਤੇ ਸਿੰਧ ਦੇ ਲਰਕਾਨਾ ਜ਼ਿਲ੍ਹੇ ਦੇ ਮੋਹਿੰਜੋ ਦਾੜੋ, ਪੰਜਾਬ ਦੀਆਂ ਕਈ ਥਾਂਵਾਂ ਤੋਂ ਉਪਰੰਤ ਅਤੇ ਬਲੋਚਿਸਤਾਨ ਦੀ ਕਲਾਤ ਰਿਆਸਤ ਦੇ ਨਲ ਆਦਿ ਥਾਂਵਾਂ ਤੋਂ ਮਹੱਤਵਪੂਰਨ ਪੁਰਾਤੱਤਵ ਖੋਜਾਂ ਰਾਹੀਂ ਸਿੱਧ ਹੁੰਦਾ ਹੈ ਕਿ ਰਿਗਵੇਦ ਯੁੱਗ ਤੋਂ ਕਈ ਸ਼ਤਾਬਦੀਆਂ ਪਹਿਲਾਂ ਸਿੰਧ ਨਦੀ ਦੇ ਕਿਨਾਰੇ ਮਾਨਵ ਜੀਵਨ ਦੇ ਕਈ ਸਭਿਆ ਕੇਂਦਰ ਸਨ। ਇਨ੍ਹਾਂ ਦੀ ਸੰਸਕ੍ਰਿਤੀ ਉਚੇ ਦਰਜੇ ਦੀ ਸੀ ਅਤੇ ਕਈ ਹਾਲਾਤ ਵਿਚ ਆਪਣੇ ਸਮਕਾਲੀਨ ਮੈਸੋਪਟਾਮੀਆ, ਏਲਮ ਅਤੇ ਮਿਸਰ ਦੀਆਂ ਸਭਿਆਤਾਵਾਂ ਨਾਲੋਂ ਉਤਮ ਸੀ। ਇਸ ਯੁੱਗ ਨੂੰ ਪੱਥਰ-ਧਾਤੂ ਯੁੱਗ ਕਿਹਾ ਜਾਂਦਾ ਹੈ। ਸ਼ਹਿਰੀ ਸਿੰਧ ਸੰਸਕ੍ਰਿਤੀ ਦਾ ਸਮਾਂ ਅਸੀਂ 3000 ਈਸਵੀ ਪੂਰਵ ਤੋਂ 2000 ਈਸਵੀ ਪੂਰਵ ਮੰਨ ਸਕਦੇ ਹਾਂ। ਵੱਧ ਤੋਂ ਵੱਧ 1750 ਈਸਵੀ ਪੂਰਵ ਦੇ ਕੁਝ ਸਮੇਂ ਪਿਛੋਂ ਹੀ ਇਸ ਸ਼ਹਿਰੀ ਸਭਿਅਤਾ ਦਾ ਅੰਤ ਹੋਇਆ।

ਸਿੰਧ ਘਾਟੀ ਦੇ ਮੂਲ ਨਿਵਾਸੀਆਂ ਨੂੰ ਰਿਗ ਵੇਦ ਵਿਚ ਦਸਯੂ ਕਿਹਾ ਗਿਆ ਹੈ। ਇਹ ਕਾਲੇ ਰੰਗ ਦੇ ਮਧਰੇ ਕੱਦ ਦੇ ਮੋਟੇ ਨੱਕ, ਮੋਟੇ ਬੁੱਲ੍ਹ ਅਤੇ ਮੋਟੀ ਆਵਾਜ਼ ਵਾਲੇ ਮਰਦ-ਔਰਤਾਂ ਸਨ। ਇਹ ਵਿਕਸਤ ਸ਼ਹਿਰੀ ਜੀਵਨ ਦੇ ਮੂਲ ਨਿਵਾਸੀ ਸਨ। ਆਰਥਿਕ ਤੌਰ 'ਤੇ ਅਮੀਰ ਲੋਕ ਸਨ। ਇਹ ਲਿੰਗ ਦੀ ਪੂਜਾ ਕਰਦੇ ਸਨ। ਸ਼ਾਇਦ ਬਾਅਦ ਵਿਚ ਆਉਣ ਵਾਲੇ ਆਰੀਆ ਨੇ ਲਿੰਗ ਪੂਜਾ ਦੀ ਰਸਮ ਦਰਾਵੜਾਂ ਤੋਂ ਲਈ ਹੋਵੇ। ਅੱਜ ਤੀਕਰ ਹਿੰਦੂ ਮੰਦਰਾਂ ਵਿਚ ਸ਼ਿਵ ਲਿੰਗ ਦੀ ਪੂਜਾ ਕੀਤੀ ਜਾਂਦੀ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਸ਼ਿਵ ਅਸਲ ਵਿਚ ਸਿੰਧੂ ਘਾਟੀ ਦੇ ਲੋਕਾਂ ਦਾ ਦੇਵਤਾ ਸੀ ਜਿਸ ਨੂੰ ਆਰੀਅਨਾਂ ਨੇ ਆਪਣੀ ਮੁੱਢਲੀ ਸਭਿਅਤਾ ਵਿਚ ਅਪਨਾਇਆ। ਇਕ ਮੋਹਰ ਉਤੇ ਪਸ਼ੂਆਂ ਨਾਲ ਘਿਰੇ ਹੋਏ ਤਿੰਨ ਮੂੰਹ ਵਾਲੇ ਇਕ ਦੇਵਤੇ 'ਮਗਰੋਂ' ਦੇ ਪਸ਼ੂਪਤੀ ਸ਼ਿਵ ਦੇ ਆਦਿ ਰੂਪ ਦੀ ਮੂਰਤੀ ਉਕਰੀ ਹੋਈ ਹੈ।

ਸਿੰਧ ਘਾਟੀ ਵਿਚ ਮਾਤਾ-ਸ਼ਕਤੀ (Mother of Goddess) ਸਭ ਤੋਂ ਵੱਧ ਪ੍ਰਤਿਸ਼ਠਾ ਵਾਲੀ ਦੇਵੀ ਸੀ ਜਿਸ ਦੀ ਪੂਜਾ ਪ੍ਰਾਚੀਨ ਕਾਲ ਵਿਚ ਈਰਾਨ ਤੋਂ ਲੈ ਕੇ ਇਜੀਅਨ ਸਮੁੰਦਰੀ ਤਟ ਤੱਕ ਹੁੰਦੀ ਸੀ। ਇਸ ਮਾਤਾ-ਪੂਜਾ ਲਈ

***ਪ੍ਰਾਚੀਨ ਅੰਧਕਾਰ ਯੁੱਗ ਤੋਂ ਲੈ ਕੇ ਸਿੱਖ ਰਾਜ ਦੀ ਸਥਾਪਨਾ ਤੱਕ ਭਾਰਤ ਵਿਚ ਔਰਤ ਨੂੰ ਕਠਿਨ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਦਰਾਵੜ ਜਿਸ ਨੂੰ ਸੰਸਕ੍ਰਿਤ ਵਿਚ 'ਦਰਾਵਿੜਾ' ਕਹਿੰਦੇ ਹਨ, ਭਾਰਤ ਦੀਆਂ ਪ੍ਰਾਚੀਨਤਮ ਸਭਿਆ ਜਾਤੀਆਂ ਵਿਚੋਂ ਇਕ ਹੈ। ਬਹੁਤ ਸਾਰੇ ਵਿਦਵਾਨਾਂ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਉਹ ਭਾਰਤ ਦੇ ਪ੍ਰਾਚੀਨ ਮਨੁੱਖਾਂ ਦੀ ਹੀ ਸੰਤਾਨ ਹਨ ਜਿਹੜੇ ਹੌਲੀ-ਹੌਲੀ ਸਭਿਆਤਾ ਦੇ ਮਾਰਗ ਵੱਲ ਪੁੱਜੇ।***

ਭਾਰਤ ਦੀ ਧਰਤੀ ਉਪਯੋਗੀ ਸਿੱਧ ਹੋਈ ਅਤੇ ਇਸ ਵਿਚੋਂ ਹੀ ਸ਼ਕਤੀ ਦੀ ਪੂਜਾ ਦੀਆਂ ਅਨੇਕਾਂ ਰਸਮਾਂ ਨਾਲ ਉਤਪਤੀ ਹੋਈ। ਪੂਜਾ ਦੇ ਇਸ਼ਨਾਨ ਕੁੰਡ ਦੇ ਪਵਿੱਤਰ ਜਲ ਵਿਚ ਪੁਰਸ਼ ਨਾ ਕੇਵਲ ਇਸ਼ਨਾਨ ਕਰਦੇ ਸਨ, ਸਗੋਂ ਦੇਵੀ ਮਾਤਾ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਉਨ੍ਹਾਂ ਦੇਵ-ਦਾਸੀਆਂ ਨਾਲ ਸੰਭੋਗ ਵੀ ਕਰਦੇ ਸਨ ਜੋ ਦੇਵ-ਦਾਸੀਆਂ ਗੜ੍ਹੀ ਦੇ ਭਵਨ-ਸਮੂਹ ਵਿਚ ਰਹਿੰਦੀਆਂ ਸਨ। ਦੇਵੀ ਦੀਆਂ ਮੂਰਤੀਆਂ ਬਣਾ ਕੇ ਪੂਜਾ ਕੀਤੀ ਜਾਂਦੀ ਸੀ ਜੋ ਜਨਮ ਅਤੇ ਮੌਤ ਉਤੇ ਅਧਿਕਾਰ ਰੱਖਣ ਵਾਲੀ ਮੰਨੀ ਜਾਂਦੀ ਸੀ। ਕਈ ਪ੍ਰਕਾਰ ਦੇ ਤਵੀਤ ਵੀ ਔਰਤਾਂ ਦੁਆਰਾ ਪਹਿਨੇ ਜਾਂਦੇ ਸਨ। ਧਾਰਮਿਕ ਨ੍ਰਿਤ ਵਿਚ ਔਰਤ ਦੀ ਸ਼ਮੂਲੀਅਤ ਜ਼ਰੂਰੀ ਸਮਝੀ ਜਾਂਦੀ ਸੀ। ਔਰਤ ਦਾ ਦਰਜਾ ਜਾਂ ਸਨਮਾਨ ਮਰਦ ਨਾਲੋਂ ਉਚਾ ਸੀ; ਕਿਉਂਕਿ ਔਰਤ ਨੂੰ ਜਨਨੀ ਸਮਝਿਆ ਜਾਂਦਾ ਸੀ। ਔਰਤ ਉਪਰ ਕੋਈ ਬੰਦਿਸ਼ ਨਹੀਂ ਸੀ। ਉਹ ਆਪਣਾ ਵਰ ਆਪ ਚੁਣ ਸਕਦੀ ਸੀ। ਬਾਲ ਵਿਆਹ ਦੀ ਪ੍ਰਥਾ ਦੀ ਅਣਹੋਂਦ ਸੀ। ਸਤੀ ਪ੍ਰਥਾ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਵਿਧਵਾ ਵਿਆਹ ਆਮ ਗੱਲ ਸੀ। ਔਰਤ ਸ਼ਿੰਗਾਰ ਕਰਦੀ ਸੀ ਅਤੇ ਆਪਣੇ ਸਰੀਰ ਨੂੰ ਸੋਨੇ ਦੇ ਗਹਿਣਿਆਂ ਨਾਲ ਸਜਾ ਕੇ ਰੱਖਦੀ ਸੀ। ਸਮਾਜ ਵਿਚ ਅਪਸਰਾਵਾਂ ਅਨੁਪਮ ਸੁੰਦਰੀਆਂ ਹੁੰਦੀਆਂ ਸਨ ਤੇ ਨਾਇਕਾ ਨੂੰ ਆਕਰਸ਼ਿਤ ਕਰ ਕੇ ਉਨ੍ਹਾਂ ਨਾਲ ਖੇਡ ਰਚਾਉਂਦੀਆਂ ਸਨ ਅਤੇ ਇਸ ਤਰ੍ਹਾਂ ਅੰਤ ਵਿਚ ਉਨ੍ਹਾਂ ਨੂੰ ਪਤਨ ਵੱਲ ਲੈ ਜਾਂਦੀਆਂ ਸਨ। ਇਹ ਅਨੁਪਮ ਸੁੰਦਰੀਆਂ ਨੱਚਣ-ਗਾਉਣ ਵਿਚ ਨਿਪੁੰਨ ਹੁੰਦੀਆਂ ਸਨ। ਇਨ੍ਹਾਂ ਅਰਧ-ਦੇਵੀ ਅਪਸਰਾਵਾਂ ਦੇ ਆਪਣੇ ਆਪਣੇ ਨਾਉਂ ਹੁੰਦੇ ਸਨ ਅਤੇ ਹਰ ਅਪਸਰਾ ਕਿਸੇ ਖਾਸ ਖੇਤਰ ਨਾਲ ਸਬੰਧਿਤ ਸੀ। ਅਨੇਕਾਂ ਪ੍ਰਾਚੀਨ ਭਾਰਤੀ ਰਾਜ ਘਰਾਣੇ ਕਿਸੇ ਨਾ ਕਿਸੇ ਅਪਸਰਾ ਨਾਲ ਕਿਸੇ ਨਾਇਕ ਦੇ ਅਸਥਾਈ ਮੇਲ ਤੋਂ ਉਤਪੰਨ ਹੋਏ ਮੰਨੇ ਜਾਂਦੇ ਹਨ। ਇਹ ਅਪਸਰਾਵਾਂ ਕਿਸੇ ਨਾਲ ਵਿਆਹ ਕਰ ਕੇ ਸਥਾਈ ਗ੍ਰਹਿਸਥ ਜੀਵਨ ਨਹੀਂ ਬਿਤਾ ਸਕਦੀਆਂ ਸਨ।

ਰਿਗਵੈਦਿਕ ਕਾਲ (12000-1400 ਬੀ.ਸੀ.): ਸਿੰਧ ਸਭਿਅਤਾ ਦੇ ਪਤਨ ਤੋਂ ਬਾਅਦ ਹਿੰਦ ਵਿਚ ਵੈਦਿਕ ਸਭਿਅਤਾ ਦਾ ਉਥਾਨ ਹੋਇਆ। ਵਧੇਰੇ ਇਤਿਹਾਸਕਾਰਾਂ ਅਨੁਸਾਰ 4000 ਸਾਲ ਪਹਿਲਾਂ ਆਰੀਅਨ ਮੱਧ ਏਸ਼ੀਆ ਵਿਚਲੇ ਆਪਣੇ ਜੱਦੀ ਘਰ ਤੋਂ ਉਠ ਕੇ ਭਾਰਤ ਦੇਸ਼ ਦੇ ਖਿੱਤੇ ਪੰਜਾਬ ਵਿਚ ਆ ਕੇ ਵਸ ਗਏ ਸਨ। ਪੱਛਮੀ ਬਾਲਕਣ ਤੋਂ ਪਾਰ ਵੋਲਗਾ ਦੀ ਘਾਟੀ ਤੱਕ ਇਕ ਬਹਾਦਰ ਜਾਤੀ ਦਾ ਵਸੇਬਾ ਸੀ ਜਿਸ ਕੋਲ ਪਸ਼ੂ-ਧਨ ਸੀ। ਇਹ ਲੋਕ ਘੋੜਿਆਂ 'ਤੇ ਸਵਾਰ ਦਿਨ-ਰਾਤ ਮੀਲਾਂ-ਬੱਧੀ ਸਫਰ ਕਰਨ ਦੇ ਆਦੀ ਸਨ। ਇਨ੍ਹਾਂ ਦੇ ਕਬੀਲੇ ਕਦੇ ਗੁਆਂਢੀਆਂ ਉਪਰ ਹਮਲੇ ਕਰਦੇ ਅਤੇ ਕਦੇ ਆਪਸ ਵਿਚ ਭਿੜ ਜਾਂਦੇ ਸਨ। ਇਹ ਆਪਣੇ ਆਪ ਨੂੰ ਆਰੀਆ ਕਿਹਾ ਕਰਦੇ ਸਨ। ਇਹ ਉਤਰ ਵਾਲੇ ਪਾਸਿਓਂ ਹੋ ਕੇ ਅਸੂਰੀਆ ਅਤੇ ਅਜ਼ਰਬੱਜਾਨ ਹੁੰਦੇ ਹੋਏ ਈਰਾਨ ਵਿਚ ਉਤਰ ਆਏ ਸਨ। ਉਨ੍ਹਾਂ ਦੀ ਆਪਣੀ ਮਾਤ-ਭੂਮੀ (ਆਧੁਨਿਕ ਉਜ਼ਬੇਕਿਸਤਾਨ) ਦੀਆਂ ਚਰਾਂਦਾਂ, ਸ਼ਾਇਦ ਲੰਮੇ ਸੋਕੇ ਦੇ ਕਾਰਨ ਪਸ਼ੂਆਂ ਤੇ ਉਨ੍ਹਾਂ ਦੇ ਮਾਲਕਾਂ ਦਾ ਪੇਟ ਭਰਨ ਲਈ ਕਾਫੀ ਨਹੀਂ ਸਨ।

ਹਿੰਦ ਆਰੀਆ ਸਭਿਅਤਾ ਕਾਫੀ ਅਰਸੇ ਤੱਕ ਪੇਂਡੂ ਅਤੇ ਖੇਤੀ ਪ੍ਰਧਾਨ ਸਭਿਅਤਾ ਬਣੀ ਰਹੀ। ਖੇਤੀਬਾੜੀ, ਪਸ਼ੂ ਚਾਰਨੇ, ਰੱਥ ਚਲਾਉਣੇ ਉਨ੍ਹਾਂ ਦੇ ਕੁਝ ਧੰਦੇ ਅਤੇ ਮਨੋਰੰਜਨ ਸਨ। ਉਨ੍ਹਾਂ ਦਾ ਜੀਵਨ ਦਾ ਦੂਜਾ ਯੁੱਗ, ਯਾਨਿ ਮਗਰਲਾ ਵੈਦਿਕ ਕਾਲ ਅਵਿਵਸਥਾ ਅਤੇ ਲੜਾਈ-ਝਗੜਿਆਂ ਦਾ ਯੁੱਗ ਸੀ।

ਰਿਗ ਵੇਦ ਸਭ ਤੋਂ ਪੁਰਾਣਾ ਸਾਹਿਤ ਹੈ ਜਿਹੜਾ ਆਰੀਆ ਲੋਕ, ਆਉਣ ਵਾਲੀਆਂ ਪੀੜ੍ਹੀਆਂ ਲਈ ਛੱਡ ਗਏ ਹਨ। ਇਹ ਗ੍ਰੰਥ 1017 ਸੂਤਰਾਂ ਦਾ ਜੋੜ ਹੈ ਜਿਸ ਨੂੰ ਦਸ ਮੰਡਲਾਂ (ਪੁਸਤਕਾਂ) ਵਿਚ ਲੜੀਵਾਰ ਜੋੜਿਆ ਗਿਆ ਹੈ। ਰਿਗ ਵੇਦ ਵਿਚ ਵਰਣਨ ਮਿਲਦਾ ਹੈ ਕਿ ਆਰੀਆ ਨੇ ਸੈਂਧਵਾਂ (ਸਿੰਧ ਘਾਟੀ ਦੇ ਲੋਕ) ਦਾ ਵੱਡੇ ਪੈਮਾਨੇ 'ਤੇ ਕਤਲ ਕੀਤਾ ਅਤੇ ਜੋ ਬਚ ਗਏ, ਉਨ੍ਹਾਂ ਨੂੰ ਦਾਸ ਬਣਾ ਲਿਆ। ਔਰਤਾਂ ਨੂੰ ਉਨ੍ਹਾਂ ਨੇ ਦਾਸੀਆਂ ਵਾਂਗ ਵਰਤਿਆ। ਰੱਥਾਂ ਦੇ ਰੱਥ ਭਰ ਕੇ ਉਨ੍ਹਾਂ ਨੇ ਔਰਤਾਂ ਆਪਣੇ ਗੁਰੂਆਂ ਤੇ ਪ੍ਰੋਹਿਤਾਂ ਨੂੰ ਦਾਨ ਵਿਚ ਦਿੱਤੀਆਂ; ਮਿੱਤਰਾਂ, ਨਾਤਿਆਂ ਨੂੰ ਭੇਟ ਵਿਚ ਦੇ ਦਿੱਤੀਆਂ। ਮਗਰੋਂ ਇਨ੍ਹਾਂ ਤੋਂ ਕੱਕਸ਼ੀਬਨ, ਕਵਸ਼, ਵਤਸ ਵਰਗੇ ਮਹਾਂਰਿਸ਼ੀਆਂ ਨੇ ਜਨਮ ਲਿਆ।

ਰਿਗ ਵੇਦ ਦੀ ਔਰਤ ਸ਼ਕਤੀ ਅਤੇ ਉਦਾਰਤਾ ਦੀ ਇਕ ਹੱਦ ਹੈ। ਪੁੱਤਰੀ ਦੀ ਹੈਸੀਅਤ ਵਿਚ ਹੁੰਦਿਆਂ ਪਿਤਾ ਦੀ ਦੌਲਤ ਵਿਚ ਉਸ ਦਾ ਹੱਕ ਹੈ। ਮੁਟਿਆਰ ਹੋਣ ਦੇ ਨਾਤੇ ਉਹ ਆਪਣਾ ਪਤੀ ਆਪ ਚੁਣਦੀ ਹੈ। ਵਿਆਹ ਦੇ ਮੌਕੇ ਪਰੋਹਿਤ ਉਸ ਨੂੰ ਅਸੀਸ ਦਿੰਦਾ ਹੈ, "ਸਹੁਰੇ ਦੀ ਮਲਕਾ ਬਣ, ਸੱਸ ਦੀ ਮਲਕਾ ਬਣ, ਨਣਦਾਂ ਤੇ ਦਿਉਰਾਂ ਦੀ ਮਲਕਾ ਬਣ, ਘਰ ਪਰਿਵਾਰ ਨਾਲ ਗ੍ਰਹਿ ਪਤਨੀ (ਰਾਣੀ) ਦੇ ਹੱਕ ਨਾਲ ਬੋਲੇਂ, ਦੁਪਾਇਆਂ ਅਤੇ ਚੁਪਾਇਆਂ ਲਈ ਭਲਾਈ ਕਰਨ ਵਾਲੀ ਸਾਬਤ ਹੋਵੇਂ।" ਪਤਨੀ ਦੀ ਹੈਸੀਅਤ ਕਾਫੀ ਉਚੀ ਹੈ। ਰਿਗ ਵੇਦ ਵਿਚ ਔਰਤ ਦੀ ਹਾਲਤ ਮਰਦ ਦੇ ਸਮਾਨ ਹੈ। ਘਰ ਦਾ ਸਾਰਾ ਇੰਤਜ਼ਾਮ ਉਸ ਦੇ ਹੱਥ ਵਿਚ ਹੈ। ਉਹ ਘਰ ਦੀ ਮਾਲਕਿਨ ਹੈ। ਸਾਰੇ ਦਾਸ ਅਤੇ ਦਾਸੀਆਂ, ਧਨ-ਦੌਲਤ ਅਤੇ ਪਸ਼ੂ ਉਸ ਦੇ ਅਧੀਨ ਹਨ। ਯੱਗ ਦੀ ਪਵਿੱਤਰ ਰਸਮ ਵਿਚ ਉਹ ਹਿੱਸਾ ਲੈਂਦੀ ਹੈ ਅਤੇ ਯੱਗ ਦੀ ਅੱਗ ਨੂੰ ਉਹ ਜ਼ਿੰਦਗੀ ਭਰ ਮਘਦੀ ਰੱਖਦੀ ਹੈ। ਭਰਾ ਵਾਂਗ ਹੀ ਉਹ ਵਿਦਿਆ ਪ੍ਰਾਪਤ ਕਰਦੀ ਹੈ, ਹਥਿਆਰ ਚਲਾਉਣੇ ਸਿੱਖਦੀ ਹੈ, ਪਤੀ ਵਾਂਗ ਜੰਗ-ਭੂਮੀ ਵਿਚ ਜਾਂਦੀ ਹੈ। ਜੰਗ ਵਿਚ ਉਹ ਆਪਣੀ ਤਾਕਤ ਦਾ ਮੁਜ਼ਾਹਰਾ ਕਰਦੀ ਹੈ।

ਕੰਨਿਆ ਹੋਣ ਦੀ ਸੂਰਤ ਵਿਚ ਗਾਂਵਾਂ ਚੋਣ, ਆਸਣ ਬਣਾਉਣ, ਸੀਣ-ਪਰੋਣ, ਪਾਣੀ ਭਰਨ ਆਦਿ ਦੇ ਕਾਰਜ ਪਤਨੀ ਕਰਦੀ ਹੈ। ਆਮ ਤੌਰ 'ਤੇ ਇਕ ਪਤਨੀ ਵਿਆਹ ਦਾ ਰਿਵਾਜ ਸੀ, ਪਰ ਵੱਡੇ ਘਰਾਂ ਵਿਚ ਇਕ ਤੋਂ ਵੱਧ ਪਤਨੀਆਂ ਰੱਖਣ ਦੀ ਵੀ ਪ੍ਰਥਾ ਸੀ। ਸਤੀ ਪ੍ਰਥਾ ਅਤੇ ਬਾਲ ਵਿਆਹ ਦਾ ਕਿਧਰੇ ਵੀ ਵਰਣਨ ਨਹੀਂ ਮਿਲਦਾ। ਅਨੇਕਾਂ ਔਰਤਾਂ ਵੀ ਮਰਦ ਰਿਸ਼ੀਆਂ ਵਰਗਾ ਵਿਹਾਰ ਕਰਦੀਆਂ ਸਨ। ਰਿਗ ਵੇਦ ਦੇ ਅਨੇਕਾਂ ਮੰਤਰਾਂ ਦੀਆਂ ਵੀ ਉਹ ਰਚਨਹਾਰ ਹਨ ਅਤੇ ਆਰੀਆ ਉਨ੍ਹਾਂ ਦੇ ਮੰਤਰਾਂ ਨੂੰ ਵੀ ਉਸੇ ਆਦਰ ਅਤੇ ਖੁਸ਼ੀ ਨਾਲ ਗਾਉਂਦੇ ਹਨ, ਜਿਵੇਂ ਮਰਦਾਂ ਦੇ ਰਚੇ ਹੋਏ ਮੰਤਰਾਂ ਨੂੰ। ਘੋਸ਼ਾ, ਅਪਾਲਾ, ਵਿਸ਼ਵਵਾਰਾ, ਲੋਪਾਮੁਦਰਾ, ਵਾਂਗੰਭ੍ਰਿਵੀ ਆਦਿ ਅਨੇਕ ਔਰਤ ਰਚਨਹਾਰਾਂ ਦੇ ਮੰਤਰ ਰਿਗ ਵੇਦ ਵਿਚ ਸੁਰੱਖਿਅਤ ਹਨ। ਸ਼ਚੀ-ਪੋਲੋਮੀ ਦ੍ਰਿਪਤ ਵਕਯਾਵਲੀ ਵਿਚ ਕਹਿੰਦੀ ਹੈ, "ਜਿਵੇਂ ਸੂਰਜ ਅਕਾਸ਼ ਦੇ ਸਿਖਰ 'ਤੇ ਚੜ੍ਹਦਾ ਹੈ, ਮੇਰਾ ਮੁਕੱਦਰ ਵੀ ਉਤਾਂਹ ਵੱਲ ਚੜ੍ਹ ਚੱਲਿਆ ਹੈ, ਮੇਰੀਆਂ ਸਾਥਣਾਂ ਮਿੱਟੀ ਨਾਲ ਮਿੱਟੀ ਹੋ ਰਹੀਆਂ ਹਨ, ਮੇਰੇ ਪੁੱਤਰ ਚੁਫੇਰੇ ਦੇ ਮਾਲਕ ਹਨ, ਮੇਰਾ ਪਤੀ ਇੰਦਰ ਮੇਰੇ ਵਲੋਂ ਭੇਟ ਕੀਤੀਆਂ ਆਹੂਤੀਆਂ ਤੋਂ ਸ਼ਕਤੀ ਪ੍ਰਾਪਤ ਕਰਦਾ ਹੈ।"

ਦਾਸ ਅਤੇ ਦੂਜੀਆਂ ਜਾਤੀਆਂ ਵਾਲੇ ਦੁਸ਼ਮਣਾਂ ਦੀਆਂ ਜਿੱਤੀਆਂ ਹੋਈਆਂ ਔਰਤਾਂ ਦੀ ਗਿਣਤੀ ਸਮਾਜ ਵਿਚ ਕਾਫੀ ਜ਼ਿਆਦਾ ਹੋ ਗਈ ਸੀ। ਪਹਿਲਾਂ ਤਾਂ ਇਹ ਔਰਤਾਂ ਦਾਸੀਆਂ ਦੇ ਤੌਰ 'ਤੇ ਆਈਆਂ, ਪਰ ਇਨ੍ਹਾਂ ਦੇ ਸ਼ਹਿਰੀ ਵਿਹਾਰ ਨੇ ਛੇਤੀ ਹੀ ਪੇਂਡੂ ਆਰੀਆਂ ਦੇ ਦਿਲ ਜਿੱਤ ਲਏ। ਹਰ ਪਾਸਿਓਂ ਇਨ੍ਹਾਂ ਔਰਤਾਂ ਦੀ ਮੰਗ ਜ਼ੋਰ ਫੜਨ ਲੱਗੀ। ਰਾਜਿਆਂ ਦੇ ਰਿੰਗ ਵਸੇਬੇ ਇਨ੍ਹਾਂ ਔਰਤਾਂ ਨਾਲ ਭਰ ਗਏ। ਰਾਜੇ ਇਨ੍ਹਾਂ ਔਰਤਾਂ ਨੂੰ ਰੱਥਾਂ ਵਿਚ ਭਰ-ਭਰ ਕੇ ਪ੍ਰੋਹਿਤਾਂ ਨੂੰ ਦਾਨ ਕਰਨ ਲੱਗੇ। ਉਤਰ ਵੈਦਿਕ ਕਾਲ (1400-600 ਬੀ.ਸੀ.) ਵਿਚ ਦੇਵ-ਦਾਸੀਆਂ ਦੀ ਪ੍ਰਥਾ ਦਾ ਅਰੰਭ ਇਸੇ ਘਟਨਾ ਦਾ ਨਤੀਜਾ ਹੈ। ਪਤਨੀ ਦੀ ਹੈਸੀਅਤ ਕਾਫੀ ਉਚੀ ਹੈ ਅਤੇ ਰਿਗ ਵੇਦ ਕਾਲ ਦੀ ਉਚਾਈ ਤਕ ਪਤਨੀ ਦੇ ਰੂਪ ਵਿਚ ਭਾਰਤੀ ਔਰਤ ਕਦੇ ਨਹੀਂ ਉਠੀ ਸਕੀ; ਨਾ ਉਸ ਤੋਂ ਪਹਿਲਾਂ ਅਤੇ ਨਾ ਹੀ ਉਸ ਤੋਂ ਮਗਰੋਂ।

(ਚਲਦਾ)

# ਹੋਵੈ ਸਿਫਤਿ ਖਸੰਮ ਦੀ...

ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੬੭ ਉਤੇ 'ਹੋਵੈ ਸਿਫਤਿ ਖਸੰਮ ਦੀ ਨੂਰ ਅਰਸਹੁ ਕੁਰਸਹੁ ਝਟੀਐ' ਪਾਵਨ ਪੰਕਤੀ ਦਰਜ ਹੈ। ਇਸ ਪੰਕਤੀ ਵਿਚ ਅਰਬੀ ਭਾਸ਼ਾ ਦੇ ਸ਼ਬਦ ਹਨ- ਸਿਫਤਿ, ਖਸੰਮ, ਨੂਰ, ਅਰਸਹੁ ਅਤੇ ਕੁਰਸਹੁ ਜਿਨ੍ਹਾਂ ਦਾ ਉਚਾਰਣ ਸਰੂਪ ਹੈ- ਸਿਫ਼ਤਿ, ਖ਼ਸੰਮ, ਨੂਰ, ਅਰਸ਼ਹੁ ਅਤੇ ਕੁਰਸਹੁ।

ਸ਼ੁੱਧ ਤੇ ਪੁਰਤਨ ਠੀਕ ਪਾਠ ਕਰਨ ਲਈ ਗੁਰੂ ਗ੍ਰੰਥ ਸਾਹਿਬ ਵਿਚ ਵਰਤੀਆਂ ਭਾਸ਼ਾਵਾਂ ਦੇ ਭਾਸ਼ਾ ਅਨੁਸਾਰ ਠੀਕ ਸ਼ਬਦਾਂ-ਸਰੂਪਾਂ ਦਾ ਬੋਧ ਹੋਣਾ ਜ਼ਰੂਰੀ ਹੈ। ਸੋਚੋ table ਨੂੰ towel ਕਿਹਾਂ ਅਰਥ ਮਨੋਰਥ ਪੂਰਾ ਨਹੀਂ ਹੁੰਦਾ। 'ਸ਼ੇਰ' ਨੂੰ 'ਸੇਰ', 'ਸ਼ਿਵ' ਨੂੰ 'ਸਿਵ' ਅਤੇ 'ਕ੍ਰਿਸ਼ਨ' ਨੂੰ 'ਕ੍ਰਿਸਨ' ਬੋਲਣਾ ਅਗਿਆਨ ਹੈ। ਪੰਜਾਬੀ ਵਰਣਮਾਲਾ ਦੇ ਪੈਂਤੀ ਅੱਖਰਾਂ ਵਿਚ ਪੈਰ ਬਿੰਦੀਆਂ ਵਾਲੇ ਪੰਜ ਅੱਖਰ- ਸ਼, ਖ਼, ਗ਼, ਜ਼, ਫ਼ ਅਤੇ ਲ਼ ਜੋੜਨ ਦਾ ਭਾਵ ਇਹ ਸੀ ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ ਦੇ ਸ਼ਬਦਾਂ ਦਾ ਠੀਕ ਉਚਾਰਣ ਕੀਤਾ ਜਾ ਸਕੇ।

ਪਦ-ਅਰਥ: ਸਿਫ਼ਤਿ- ਉਸਤਤਿ। ਖ਼ਸੰਮ- ਪ੍ਰਭੂ। ਨੂਰ- ਪ੍ਰਕਾਸ਼। ਅਰਸ਼ਹੁੰ- ਅਰਸ਼ ਤੋਂ, ਆਸਮਾਨ ਤੋਂ, ਆਤਮਕ ਮੰਡਲ ਤੋਂ, ਧੁਰ ਕੀ ਬਾਣੀ ਦੇ ਉਚਾਰਣ ਤੋਂ; ਕੁਰਸਹੁੰ- ਕੁਰਸ ਤੋਂ, ਸੂਰਜ ਚੰਦ ਦੀ ਗੋਲ ਟਿੱਕੀ ਤੋਂ, ਗੁਰੂ ਜੀ ਦੇ ਪਵਿੱਤਰ ਮੁੱਖ ਤੋਂ (ਅਰਸ਼ਹੁ ਸ਼ਬਦ ਦਾ ਸੱਸਾ ਪੈਰ ਬਿੰਦੀ 'ਸ਼' ਧੁਨੀ ਵਾਲਾ ਹੈ ਤੇ ਕੁਰਸਹੁ ਦਾ ਸੱਸਾ 'ਸ' ਧੁਨੀ ਵਾਲਾ ਹੈ)

ਗੁਰੂ ਅੰਗਦ ਪਾਤਿਸ਼ਾਹ ਦੇ ਦਰਬਾਰ ਦਾ ਇਹ ਦ੍ਰਿਸ਼ ਸੱਤੇ ਬਲਵੰਡ ਵਲੋਂ ਲਿਖੀ ਵਾਰ ਵਿਚ ਪੇਸ਼ ਕੀਤਾ ਗਿਆ ਹੈ। ਅਗਲੀ ਪੰਕਤੀ ਹੈ- 'ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥' ਇਸ ਪੰਕਤੀ ਵਿਚ 'ਪਾਤਿਸਾਹ' ਸ਼ਬਦ ਦਾ ਸਹੀ ਪਾਠ 'ਪਾਤਿਸ਼ਾਹ' ਹੈ ਤੇ 'ਪਾਤਿਸਾਹ' ਪਾਠ ਕਰਨ ਵਾਲੇ ਅਯੋਗ ਹੱਠ ਕਰ ਰਹੇ ਹਨ ਤੇ ਵਰਤੀਆਂ ਭਾਸ਼ਾਵਾਂ ਦਾ ਬੋਧ ਨਹੀਂ ਰੱਖਦੇ। ਗੁਰੂ ਪਾਤਿਸ਼ਾਹ ਜੀ ਦੇ ਦਰਸ਼ਨ ਕਰਨ ਤੋਂ ਜਨਮਾਂ ਜਨਮਾਂ ਦੀ ਵਿਕਾਰਾਂ ਦੀ ਮੈਲ ਕੱਟੀ ਜਾ ਰਹੀ ਹੈ।

**-ਪ੍ਰੋ. ਕਸ਼ਮੀਰਾ ਸਿੰਘ**

# ਗੁਰਦੁਆਰਾ: ਕੁਝ ਹੋਰ ਯਾਦਾਂ

**ਤੇਰੀਆਂ ਗਲੀਆਂ 22**

***'ਗੁਰਦੁਆਰਾ: ਕੁਝ ਹੋਰ ਯਾਦਾਂ' ਵਿਚ ਦਲਬੀਰ ਸਿੰਘ ਨੇ ਆਪਣੇ ਤਜਰਬੇ ਵਿਚੋਂ ਆਪਣੇ ਮੁੱਢਲੇ ਸਾਲਾਂ ਬਾਰੇ ਕੁਝ ਹੋਰ ਗੱਲਾਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਵਿਚ ਸਿੱਖੀ ਨਾਲ ਸਬੰਧਤ ਕੁਝ ਅਹਿਮ ਨੁਕਤੇ ਵੀ ਸ਼ਾਮਲ ਹਨ ਜੋ ਅੱਜ ਵੀ ਨਿੱਠ ਕੇ ਵਿਚਾਰਨ ਵਾਲੇ ਹਨ। ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਨੇ ਆਪਣੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਵਿਚ ਭਾਵੇਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਪਰੋਈਆਂ ਹਨ; ਪਰ ਯਾਦਾਂ ਦੀਆਂ ਇਹ ਲੜੀਆਂ ਫੈਲ ਕੇ ਪੰਜਾਬ ਦੇ ਪਿੰਡਾਂ ਨਾਲ ਜੁੜ ਗਈਆਂ ਜਾਪਦੀਆਂ ਹਨ। ਉਹ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛਦਾ ਪ੍ਰਤੀਤ ਹੁੰਦਾ ਹੈ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਕਈ ਦਹਾਕਿਆਂ ਤੋਂ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ***

ਗੁਰਦੁਆਰੇ ਨਾਲ ਸਬੰਧਤ ਯਾਦਾਂ ਪਹਿਲਾਂ-ਪਹਿਲ ਖੁੱਲ੍ਹੇ ਸਕੂਨ, ਨਿਸ਼ਾਨ ਸਾਹਿਬ ਲਾਹੁਣ ਚੜ੍ਹਾਉਣ, ਨਗਰ ਕੀਰਤਨ ਵਿਚ ਸ਼ਾਮਲ ਹੋਣ ਅਤੇ 'ਸਿੱਖਾਂ' ਦੇ ਰਤਨ ਸਿੰਘ ਨਾਲ ਰਲ ਕੇ ਕੜਾਹ ਪ੍ਰਸ਼ਾਦ ਤਿਆਰ ਕਰਨ ਤੱਕ ਹੀ ਸੀਮਤ ਨਹੀਂ; ਇਹ ਇਸ ਤੋਂ ਕਿਤੇ ਵਧੇਰੇ ਹਨ। ਇਸ ਦਾ ਇਕ ਕਾਰਨ ਇਹ ਹੈ ਕਿ ਬਚਪਨ ਤੋਂ ਹੀ ਧਾਰਮਿਕ ਭਾਵਨਾਂ ਨਾਲ ਓਤ-ਪੋਤ ਹੋ ਗਿਆ ਸਾਂ। ਦੂਜਾ ਕਾਰਨ ਵੀ ਇਸੇ ਨਾਲ ਸਬੰਧਿਤ ਹੈ। ਗਿਆਨੀ ਹੀਰਾ ਸਿੰਘ ਵਲੋਂ ਮੈਨੂੰ ਆਪਣਾ ਚੇਲਾ ਬਣਾ ਲਏ ਜਾਣ ਮਗਰੋਂ ਜਿਹੜੇ ਬਹੁਤ ਸਾਰੇ ਅਖੰਡ ਪਾਠਾਂ ਵਿਚ ਮੈਂ ਪਾਠੀ ਵਜੋਂ ਸ਼ਾਮਲ ਹੋਇਆ, ਉਨ੍ਹਾਂ ਦੌਰਾਨ ਐਸੀਆਂ ਗੱਲਾਂ ਪਤਾ ਲੱਗੀਆਂ ਜਿਸ ਨੇ ਮੇਰੇ ਜ਼ਿਹਨ ਦੇ ਕਪਾਟ ਖੋਲ੍ਹ ਦਿੱਤੇ ਸਨ।

ਜੇ ਮੈਂ ਛੋਟੀ ਉਮਰ ਵਿਚ ਹੀ ਇੰਨਾ ਧਾਰਮਿਕ ਬਿਰਤੀਆਂ ਵਾਲਾ ਸਾਂ, ਤਾਂ ਫਿਰ ਹੁਣ ਨਾਸਤਿਕ ਕਿਉਂ ਹੋ ਗਿਆ ਹਾਂ? ਇਹ ਸਵਾਲ ਮੇਰੀ ਬੇਟੀ ਨੇ ਗੁਰਦੁਆਰੇ ਦੇ ਦਰ ਮੂਹਰੇ ਖੜ੍ਹ ਕੇ ਮੈਨੂੰ ਪੁੱਛਿਆ। ਜਿਸ ਸਮੇਂ ਮੈਂ ਉਸ ਨੂੰ ਗੁਰਦੁਆਰਾ ਦਿਖਾਉਣ ਲੈ ਕੇ ਗਿਆ ਸਾਂ, ਉਸ ਵੇਲੇ ਦਿਨ ਦਾ ਸਮਾਂ ਸੀ। ਬਾਹਰਲੇ ਗੇਟ ਉਤੇ ਤਾਂ ਦਰਵਾਜ਼ਾ ਹੀ ਨਹੀਂ ਸੀ ਲੱਗਾ ਹੋਇਆ, ਇਸ ਕਰ ਕੇ ਵਿਹੜੇ ਵਿਚ ਦਾਖ਼ਲ ਹੋਣ ਵਿਚ ਕੋਈ ਮੁਸ਼ਕਿਲ ਨਹੀਂ ਸੀ, ਪਰ ਗੁਰਦੁਆਰੇ ਦੀ ਇਮਾਰਤ ਨੂੰ ਤਾਲਾ ਲੱਗਾ ਹੋਇਆ ਸੀ, ਤੇ ਮੈਂ ਬੇਟੀ ਨੂੰ ਬਾਬੇ ਦੀ ਬੀੜ ਵਾਲਾ ਹਾਲ ਕਮਰਾ ਅੰਦਰੋਂ ਨਹੀਂ



ਦਲਬੀਰ ਸਿੰਘ


ਸੀ ਦਿਖਾ ਸਕਿਆ। ਨਾਸਤਿਕ ਹੋਣ ਦੇ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਮੈਂ ਉਸ ਨੂੰ ਦੱਸਦਾ ਹਾਂ ਕਿ ਹੁਣ ਕਿਉਂਕਿ ਗੁਰਦੁਆਰੇ ਵਿਚ 'ਫੁੱਲ ਟਾਈਮ' ਸੇਵਾਦਾਰ ਨਹੀਂ ਹੈ, ਇਸ ਲਈ ਦਿਨ ਵੇਲੇ ਸੁੰਨਸਾਨ ਹੈ; ਵਰਨਾ ਜਦੋਂ ਭਾਈ ਗਿਆਨੀ ਹੀਰਾ ਸਿੰਘ ਜਿਉਂਦਾ ਹੁੰਦਾ ਸੀ ਤਾਂ ਉਹ ਵੱਡੇ ਤੜਕੇ ਹੀ ਇਸ਼ਨਾਨ ਕਰ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਜਪੁਜੀ ਸਾਹਿਬ ਦਾ ਪਾਠ ਕਰਦਾ ਹੁੰਦਾ ਸੀ। ਪਿੰਡ ਦੀਆਂ ਕਈ ਔਰਤਾਂ ਵੀ ਸਵੇਰੇ-ਸਵੇਰੇ ਦੁੱਧ ਜਾਂ ਹੋਰ ਸਮੱਗਰੀ ਚੜ੍ਹਾ ਆਉਂਦੀਆਂ ਸਨ। ਸ਼ਾਮ ਨੂੰ ਰਹਿਰਾਸ ਦਾ ਪਾਠ ਕੀਤਾ ਜਾਂਦਾ ਅਤੇ ਫਿਰ ਗੁਰੂ ਗ੍ਰੰਥ ਸਾਹਿਬ ਦਾ ਸੁੱਖ ਆਸਣ ਕਰ ਕੇ ਪੰਘੂੜੇ ਵਿਚ ਰੱਖ ਦਿੱਤਾ ਜਾਂਦਾ ਜਿਹੜਾ ਹਾਲ ਕਮਰੇ ਦੇ ਹੀ ਇਕ ਕੋਨੇ ਵਿਚ ਪਿਆ ਹੁੰਦਾ ਸੀ।

ਸੰਨ 1961 ਜਾਂ 1962 ਦੀ ਗੱਲ ਹੈ- ਸਾਡੇ ਘਰ ਕਿਸੇ ਸਮਾਗਮ ਦੇ ਪ੍ਰਸੰਗ ਵਿਚ ਸਹਿਜ ਪਾਠ ਰਖਵਾਇਆ ਗਿਆ ਸੀ। ਮੈਂ ਅਤੇ ਮੇਰੀ ਵੱਡੀ ਭੈਣ ਰੋਜ਼ ਨਿਤਨੇਮ ਨਾਲ ਪਾਠ ਕਰਦੇ ਸਾਂ। ਭਾਈ ਜੀ ਨੇ ਪਾਠ ਸ਼ੁਰੂ ਕੀਤਾ ਤਾਂ ਜ਼ੁਬਾਨੀ ਚੇਤੇ ਹੋਣ ਕਰ ਕੇ ਅਸੀਂ ਦੋਵੇਂ ਭੈਣ-ਭਾਈ ਨੇ ਭਾਈ ਜੀ ਦੇ ਨਾਲ-ਨਾਲ ਹੀ ਉਚੀ-ਉਚੀ ਬੋਲਣਾ ਸ਼ੁਰੂ ਕਰ ਦਿੱਤਾ। ਹਾਲਾਤ ਇਸ ਤਰ੍ਹਾਂ ਦੇ ਬਣ ਗਏ ਕਿ ਭਾਈ ਜੀ ਨੂੰ ਪਾਠ ਰੋਕ ਕੇ ਕਹਿਣਾ ਪਿਆ ਕਿ ਅਸੀਂ ਚੁੱਪ-ਚਾਪ ਪਾਠ ਕਰੀਏ। ਇਸ ਸਹਿਜ ਪਾਠ ਦੌਰਾਨ ਇਕ ਦਿਨ ਗਿਆਨੀ ਹੀਰਾ ਸਿੰਘ ਨੇ ਮੈਨੂੰ ਹੱਥ-ਮੂੰਹ ਧੋ ਕੇ 'ਮਹਾਰਾਜ' ਤੋਂ ਪਾਠ ਕਰਨ ਲਈ ਕਿਹਾ। ਪੂਰੀ ਸ਼ਰਧਾ ਨਾਲ ਤੇ ਰਤਾ ਕੁ ਡਰ ਨਾਲ ਮੈਂ ਪਾਠ ਕਰਨ ਬੈਠ ਗਿਆ। ਬੀੜ ਪਦ-ਛੇਦ ਵਾਲੀ ਨਹੀਂ ਸੀ, ਅਰਥਾਤ ਪੁਰਾਤਨ ਬੀੜਾਂ ਵਾਂਗ ਸਾਰਾ ਪਾਠ ਬਿਨਾਂ ਸ਼ਬਦਾਂ ਵਿਚਾਲੇ ਭੇਦ ਦਿੱਤਿਆਂ, ਛਪਿਆ ਹੋਇਆ ਸੀ। ਫਿਰ ਵੀ ਮੈਨੂੰ ਕੋਈ ਮੁਸ਼ਕਿਲ ਨਹੀਂ ਆਈ। ਜਿਥੇ ਕਿਤੇ ਰੁਕਦਾ, ਜਾਂ ਗ਼ਲਤ ਪੜ੍ਹਦਾ ਸਾਂ, ਭਾਈ ਜੀ ਸੋਧ ਦਿੰਦੇ ਸਨ। ਇਸ ਤਰ੍ਹਾਂ ਪਾਠੀ ਹੋਣ ਵੱਲ ਮੇਰਾ ਪਹਿਲ ਕਦਮ ਮੇਰੇ ਆਪਣੇ ਹੀ ਘਰ ਰੱਖਿਆ ਗਿਆ ਸੀ।

ਫਿਰ ਗੁਰਦੁਆਰੇ ਰੱਖੇ ਜਾਣ ਵਾਲੇ ਹਰ ਸਾਧਾਰਨ ਪਾਠ ਦਾ ਕਾਫੀ ਹਿੱਸਾ ਮੈਂ ਕਰਨ ਲੱਗ ਪਿਆ ਸਾਂ। ਮੈਂ ਬੇਟੀ ਨੂੰ ਦੱਸਦਾ ਹਾਂ ਕਿ ਉਦੋਂ ਪਿੰਡ ਦੇ ਕਈ ਲੋਕ ਆਪਣੇ ਘਰਾਂ ਵਿਚ ਵੀ ਸਹਿਜ ਪਾਠ ਰਖਵਾਉਂਦੇ ਸਨ। ਪਹਿਲਾਂ ਪਹਿਲ ਗੁਰਦੁਆਰੇ ਵਿਚਲੇ ਸਹਿਜ ਪਾਠਾਂ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ। ਸੱਤ-ਅੱਠ ਸਹਿਜ ਪਾਠਾਂ ਤੋਂ ਬਾਅਦ ਭਾਈ ਜੀ ਨੇ ਮੈਨੂੰ ਪਾਠ ਲਈ ਲੋਕਾਂ ਦੇ ਘਰੀਂ ਭੇਜਣਾ ਸ਼ੁਰੂ ਕਰ ਦਿੱਤਾ। ਸਾਲ ਵਿਚ ਹੀ ਮੈਨੂੰ ਲੈਅ ਨਾਲ ਪਾਠ ਕਰਨ ਦਾ ਤਰੀਕਾ ਆ ਗਿਆ ਸੀ।

ਇਸ ਤੋਂ ਬਾਅਦ ਵਾਰੀ ਆਈ ਅਖੰਡ ਪਾਠਾਂ ਦੀ। ਪਹਿਲੇ ਤਿੰਨ-ਚਾਰ ਪਾਠਾਂ ਵਿਚ ਗਿਆਨੀ ਹੀਰਾ ਸਿੰਘ ਨੇ ਮੈਨੂੰ ਸਿਰਫ ਆਪਣੀ ਵਾਰੀ ਜਿਸ ਨੂੰ ਰੌਲ ਕਹਿੰਦੇ ਸਨ, ਹੀ ਦਿੱਤੀ। ਇਕ ਰੌਲ ਢਾਈ ਘੰਟੇ ਦੀ ਹੁੰਦੀ ਸੀ। ਕੁੱਲ ਪੰਜ ਪਾਠੀ ਹੀ ਅਖੰਡ ਪਾਠ ਲਈ ਨਿਯੁਕਤ ਕੀਤੇ ਜਾਂਦੇ ਸਨ। ਚਾਰ ਰੌਲਾਂ ਢਾਈ ਘੰਟੇ ਦੀਆਂ ਸਨ ਅਤੇ ਇਕ ਪੰਜਵੀਂ ਦੋ ਘੰਟੇ ਦੀ। ਭਾਈ ਹੀਰਾ ਸਿੰਘ ਬਜ਼ੁਰਗ ਸੀ, ਇਸ ਲਈ ਉਸ ਨੂੰ ਦੋ ਘੰਟੇ ਦੀ ਰੌਲ ਦਿੱਤੀ ਜਾਂਦੀ। ਪਹਿਲਾਂ ਪਹਿਲ ਮੇਰੀ ਵਾਰੀ ਅੱਧੀ ਰਾਤ ਨੂੰ ਅਤੇ ਇਸੇ ਤਰ੍ਹਾਂ ਦੁਪਹਿਰ ਨੂੰ ਹੁੰਦੀ। ਫਿਰ ਇਹ ਸਵੇਰੇ ਅਤੇ ਸ਼ਾਮ ਨੂੰ ਵੀ ਹੋਣ ਲੱਗ ਪਈ, ਜਦੋਂ ਸੰਗਤ ਕਾਫੀ ਗਿਣਤੀ ਵਿਚ ਗੁਰਦੁਆਰੇ ਵਿਚ ਹੁੰਦੀ ਸੀ। ਕੁਝ ਸਮੇਂ ਮਗਰੋਂ ਮੇਰੀ ਗਿਣਤੀ ਵੱਖਰੇ ਪਾਠੀ ਵਜੋਂ ਹੋਣ ਲੱਗੀ। ਪਿੰਡ ਦੀਆਂ ਔਰਤਾਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ, "ਸਵੇਰ-ਸ਼ਾਮ ਦੀ ਰੌਲ ਮੇਲਾ ਸਿੰਘ ਦੇ ਪੋਤੇ ਨੂੰ ਦਿੱਤੀ ਜਾਵੇ, ਇਹ ਬਹੁਤ ਰਹਾਉ ਨਾਲ ਪਾਠ ਕਰਦੈ।"

ਇਸ ਉਮਰ ਵਿਚ ਮੈਂ ਕਾਫੀ ਮੋਟਾ ਹੁੰਦਾ ਸਾਂ। ਇਕ ਵਾਰ ਕਿਸੇ ਦੇ ਘਰ ਵਿਚ ਨਿਉਂਦਾ ਖਾਣ ਗਿਆ ਮੈਂ ਸੋਲ੍ਹਾਂ-ਸਤਾਰਾਂ ਫੁਲਕੇ ਛਕ ਗਿਆ ਸਾਂ। ਇੰਨਾ ਕੁਝ ਖਾਣ ਦਾ ਇਕ ਕਾਰਨ ਮੇਰਾ ਅਖੰਡ ਪਾਠੀ ਹੋਣਾ ਵੀ ਸੀ। ਮੈਂ ਆਪਣੀ ਬੇਟੀ ਨੂੰ ਦੱਸਦਾ ਹਾਂ ਕਿ ਪਿੰਡ ਦੇ ਆਮ ਨਿਰਛਲ ਲੋਕਾਂ ਲਈ ਪਾਠੀ ਦਾ ਰੁਤਬਾ ਉਚਾ ਹੁੰਦਾ ਹੈ, ਇਸ ਲਈ ਉਹ ਪਾਠੀਆਂ ਦੀ ਸੇਵਾ ਬਹੁਤ ਕਰਦੇ ਹਨ। ਉਂਜ ਹੈ ਤਾਂ ਇਹ ਬ੍ਰਾਹਮਣਵਾਦੀ ਪਰੰਪਰਾ, ਪਰ ਸਿੱਖਾਂ ਨੇ ਵੀ ਅਪਨਾ ਲਈ ਹੋਈ ਹੈ; ਇਸ ਮੁਤਾਬਕ ਨਰਾਤਿਆਂ ਦੇ ਦਿਨੀਂ ਆਪਣੇ ਮਰ ਚੁੱਕੇ ਪੁਰਖਿਆਂ ਨੂੰ ਖਾਣਾ ਪਹੁੰਚਾਉਣ ਲਈ ਬ੍ਰਾਹਮਣਾਂ ਦਾ ਪੱਤਾ ਕੱਟ ਕੇ 'ਸਿੱਖ' ਨੂੰ ਖੁਆਉਣੇ ਸ਼ੁਰੂ ਕਰ ਦਿੱਤੇ। ਸਿੱਖੀ ਵਿਚ ਕਿਉਂਕਿ ਪੰਜ ਪਿਆਰਿਆਂ ਦੀ ਪ੍ਰਥਾ ਹੈ, ਇਸ ਲਈ ਆਮ ਕਰ ਕੇ ਪੰਜ ਸਿੱਖਾਂ ਨੂੰ ਹੀ ਭੋਜਨ ਛਕਾਇਆ ਜਾਂਦਾ ਹੈ। ਇਸ ਨੂੰ 'ਸਿੱਖ ਬਿਠਾਉਣੇ' ਕਿਹਾ ਜਾਂਦਾ ਸੀ। ਅਜਿਹੇ ਮੌਕੇ ਪਾਠੀ ਸਿੰਘਾਂ ਦੀ ਵਿਸ਼ੇਸ਼ ਮਹੱਤਤਾ ਮੰਨੀ ਜਾਂਦੀ ਸੀ। ਉਨ੍ਹਾਂ ਨੂੰ ਖੂਬ ਦੇਸੀ ਘਿਓ ਪਾ-ਪਾ ਖੁਆਇਆ ਜਾਂਦਾ। ਬਦੋ-ਬਦੀ ਰੋਟੀਆਂ ਉਨ੍ਹਾਂ ਦੀ ਥਾਲੀ ਵਿਚ ਰੱਖੀਆਂ ਜਾਂਦੀਆਂ ਸਨ ਅਤੇ ਮੈਂ ਕਿਉਂਕਿ ਪਿੰਡ ਦੇ ਕੁੱਲ ਚਾਰ ਅਖੰਡ ਪਾਠੀਆਂ ਵਿਚੋਂ ਇਕ ਸਾਂ, ਇਸ ਲਈ ਬਹੁਤ ਸਾਰੇ ਘਰੀਂ ਮੈਨੂੰ ਭੋਜਨ ਛਕਣ ਜਾਣਾ ਪੈਂਦਾ ਸੀ।



*ਰੌਸ਼ਨੀਆਂ ਵਿਚ ਜਗ-ਮਗਾ ਰਿਹਾ ਪਿੰਡ ਨੰਗਲ ਸ਼ਾਮਾ ਦਾ ਗੁਰਦੁਆਰਾ।*

ਅਖੰਡ ਪਾਠੀ ਹੁੰਦਿਆਂ ਮੈਨੂੰ ਇਹ ਪਤਾ ਲੱਗਾ ਕਿ ਪਾਠੀਆਂ ਦਾ ਵਤੀਰਾ ਅਖੰਡ ਪਾਠ ਹੀ ਨਹੀਂ, ਸਗੋਂ ਲੋਕਾਂ ਪ੍ਰਤੀ ਵੀ ਕਿਸ ਤਰ੍ਹਾਂ ਹੁੰਦਾ ਹੈ। ਇਕ ਵਾਰੀ ਪਾਠ ਕਰਦਿਆਂ ਮੈਨੂੰ ਨੀਂਦ ਆ ਗਈ। ਇਹ ਵਾਕਾ ਪਿੰਡ ਪਰਾਗਪੁਰ ਦਾ ਹੈ। ਸਾਗ ਨਾਲ ਮੱਕੀ ਦੀਆਂ ਰੋਟੀਆਂ ਖਾ ਕੇ ਸਾਢੇ ਬਾਰਾਂ ਵਜੇ ਦੀ ਵਾਰੀ ਪਾਠ ਕਰਨ ਬੈਠਾ, ਤਾਂ ਕੁਝ ਚਿਰ ਮਗਰੋਂ ਝੋਕ ਆ ਗਈ। ਬਾਹਰ ਵਰਾਂਡੇ ਵਿਚ ਪਹਿਰਾ ਦਿੰਦੇ ਸੇਵਾਦਾਰ ਨੇ ਆ ਕੇ ਉਠਾਇਆ। ਦੂਜੀ ਵਾਰ ਫਿਰ ਝੋਕ ਆ ਗਈ। ਸੇਵਾਦਾਰ ਨੇ ਫਿਰ ਮੋਢੇ ਤੋਂ ਫੜ ਕੇ ਉਠਾ ਦਿੱਤਾ। ਤੀਜੀ ਵਾਰੀ ਝੋਕ ਆਈ ਤਾਂ ਉਹ ਮੇਰੇ ਕੋਲ ਹੀ ਲਾਠੀ ਲੈ ਕੇ ਖੜ੍ਹ ਗਿਆ, ਕਹਿੰਦਾ, "ਭਾਈ ਹੁਣ ਸੌਂ ਕੇ ਦਿਖਾ। ਲਾਠੀ ਨਾਲ ਤੇਰੇ ਮੌਰ ਭੰਨ ਦਊਂ।" ਇਸ ਤਰ੍ਹਾਂ ਦੀ ਧਮਕੀ ਤੋਂ ਬਾਅਦ ਭਲਾ ਕਿਸ ਨੂੰ ਨੀਂਦ ਆ ਸਕਦੀ ਸੀ?

ਖੈਰ, ਗੱਲ ਗੁਰਦੁਆਰੇ ਦੀ ਚੱਲ ਰਹੀ ਸੀ। ਅੱਠਵੀਂ ਦਾ ਇਮਤਿਹਾਨ ਸੀ। ਇਮਤਿਹਾਨ ਦੇਣ ਜਾਣ ਤੋਂ ਪਹਿਲਾਂ ਸੋਚਿਆ ਕਿ ਚਲੋ ਗੁਰਦੁਆਰੇ ਮੱਥਾ ਟੇਕ ਆਵਾਂ, ਵਾਹਿਗੁਰੂ ਸਹਾਈ ਹੋਏਗਾ। ਅੱਗੇ ਸਾਡੇ ਪਿੰਡ ਦੀ ਹੀ ਮੇਰੀ ਇਕ ਹਮ-ਜਮਾਤਣ ਖੜ੍ਹੀ ਅਰਦਾਸ ਕਰ ਰਹੀ ਸੀ। ਮੈਂ ਵੀ ਉਸ ਦੇ ਬਰਾਬਰ ਖੜ੍ਹ ਕੇ ਅਰਦਾਸ ਕਰਨ ਲੱਗ ਪਿਆ। ਅਰਦਾਸ ਮੁੱਕੀ ਤਾਂ ਪੁੱਛਣ ਲੱਗੀ, "ਤੈਨੂੰ ਕਿਵੇਂ ਪਤਾ ਲੱਗਾ ਕਿ ਮੈਂ ਐਸ ਵੇਲੇ ਗੁਰਦੁਆਰੇ ਆਈ ਹਾਂ?" ਮੈਂ ਕੋਈ ਜਵਾਬ ਦਿੱਤਾ ਹੋਵੇਗਾ!...ਪਰ ਕੀ ਦਿੱਤਾ ਸੀ, ਇਹ ਮੈਂ ਨਾ ਆਪਣੀ ਧੀ ਨੂੰ ਦੱਸਦਾ ਹਾਂ ਤੇ ਨਾ ਕਿਸੇ ਹੋਰ ਨੂੰ, ਤੇ ਇਹ ਵੀ ਨਹੀਂ ਦੱਸਦਾ ਕਿ ਮੈਨੂੰ ਕਿਵੇਂ ਪਤਾ ਲੱਗਾ ਸੀ ਕਿ ਉਹ 'ਐਸ ਵੇਲੇ' ਗੁਰਦੁਆਰੇ ਗਈ ਸੀ।

ਜਿਥੋਂ ਤੱਕ ਮੇਰੇ ਆਸਤਕ ਤੋਂ ਨਾਸਤਕ ਹੋਣ ਦਾ ਸਬੰਧ ਹੈ, ਇਸ ਦਾ ਸਬੰਧ ਮੇਰੇ ਪਿੰਡ ਨਾਲ ਸਿੱਧਾ ਨਹੀਂ ਹੈ। ਇਸ ਲਈ ਇਸ ਦਾ ਜ਼ਿਕਰ ਨਹੀਂ ਕਰਾਂਗਾ।

(ਚਲਦਾ)

---

## ਸੰਪਾਦਕ ਦੀ ਡਾਕ

# ਕਾਲੇ ਵਕਤ ਦੀਆਂ ਬਾਤਾਂ

ਬਾਬਾ ਹਰਭਜਨ ਸਿੰਘ ਬਰਾੜ ਬਾਰੇ ਗੁਰਦਿਆਲ ਬੱਲ ਦਾ ਲੇਖ (ਇੰਟਰਵਿਊ) 'ਬਾਬਾ ਬਰਾੜ: ਸਾਕਾ ਨੀਲਾ ਤਾਰਾ ਤੋਂ ਸਾਈਂ ਮੀਆਂ ਮੀਰ ਤੱਕ' ਪੰਜਾਬ ਦੇ ਕਾਲੇ ਦੌਰ ਦੀਆਂ ਕਈ ਪਰਤਾਂ ਖੋਲ੍ਹਦਾ ਹੈ ਜੋ ਦਿਲਚਸਪ ਵੀ ਹਨ ਤੇ ਹੈਰਾਨੀਜਨਕ ਵੀ। ਅਸੀਂ ਵੀ ਕਿੰਨੇ ਵਰ੍ਹੇ ਬੰਤ ਮਾਣੂਕੇ ਅਤੇ ਕਾਮਰੇਡ ਹਾਕਮ ਸਿੰਘ ਸਮਾਓਂ ਨੂੰ ਮਿਲਦੇ ਰਹੇ, ਪਰ ਬਾਬਾ ਬਰਾੜ ਉਨ੍ਹੀਂ ਦਿਨੀਂ ਕਦੀ ਨਹੀਂ ਮਿਲਿਆ। ਦਰਅਸਲ ਇਹ ਸਮਾਂ ਕਾਲੇ ਦੌਰ ਤੋਂ ਪਹਿਲਾਂ (1972-1979) ਦਾ ਸੀ, ਸ਼ਾਇਦ ਇਸੇ ਕਰ ਕੇ ਮੇਲੇ ਨਹੀਂ ਹੋਏ। ਖੈਰ! ਬੱਲ ਕੋਲ ਉਸ ਵਕਤ ਦੀਆਂ ਢੇਰ ਸਾਰੀਆਂ ਯਾਦਾਂ ਹਨ। ਇਹ ਯਾਦਾਂ ਸਭ ਦੇ ਸਾਹਮਣੇ ਆਉਣ ਤਾਂ ਕਈ ਮਸਲਿਆਂ ਦੀਆਂ ਘੁੰਡੀਆਂ ਖੁੱਲ੍ਹ ਸਕਦੀਆਂ ਹਨ। ਇਸ ਨਾਲ ਬਹੁਤ ਸਾਰੀਆਂ ਲੁਕੀਆਂ ਜਾਂ ਲੁਕਾਈਆਂ ਹਕੀਕਤਾਂ ਦੇ ਬੂਹੇ ਖੁੱਲ੍ਹਣਗੇ।

ਇਸੇ ਤਰ੍ਹਾਂ ਪ੍ਰਿੰਸੀਪਲ ਸਰਵਣ ਸਿੰਘ ਦਾ ਸ਼ਾਇਰ ਸੰਤ ਰਾਮ ਉਦਾਸੀ ਬਾਰੇ ਤਿੰਨ ਕਿਸ਼ਤਾਂ ਵਾਲਾ ਲੇਖ ਉਨ੍ਹਾਂ ਦੇ ਉਦਾਸੀ ਬਾਰੇ ਪਹਿਲਾਂ ਲਿਖੇ ਤੋਂ ਵੱਖਰਾ ਵੀ ਹੈ ਤੇ ਜਾਣਕਾਰੀ ਭਰਪੂਰ ਵੀ। ਜਿਨ੍ਹਾਂ ਨੂੰ ਉਦਾਸੀ ਨਾਲ ਵਿਚਰਨ ਦਾ ਮੌਕਾ ਮਿਲਿਆ ਹੈ, ਉਹ ਜਾਣਦੇ ਹਨ ਕਿ ਉਹ ਕਿੰਨਾ ਜ਼ਿੰਦਾ-ਦਿਲ ਤੇ ਪਿਆਰਾ ਇਨਸਾਨ ਸੀ। ਇਕ ਵਾਰ ਸਾਡੇ ਲਾਗਲੇ ਪਿੰਡ ਮਹੇੜੂ ਕਵੀ ਦਰਬਾਰ ਸੀ। ਅਸੀਂ ਉਦੋਂ ਐਮਰਜੈਂਸੀ ਹਟਣ ਤੋਂ ਬਾਅਦ ਰਿਹਾਅ ਹੋ ਕੇ ਆਏ ਸੀ। ਮੈਂ ਸਟੇਜ ਤੋਂ ਉਦਾਸੀ 'ਤੇ ਹੋਏ ਤਸ਼ੱਦਦ ਬਾਰੇ ਦੱਸਿਆ। ਉਦਾਸੀ ਤਾਂ ਉਥੇ ਹਾਜ਼ਰ ਨਹੀਂ ਸੀ, ਪਰ ਹਾਜ਼ਰ ਕਵੀਆਂ ਵਿਚੋਂ ਇਕ ਸ਼ਖਸ ਉਠ ਕੇ ਮੇਰੇ ਕੋਲ ਆਇਆ ਤੇ ਕਹਿੰਦਾ-"ਮੈਂ ਉਦਾਸੀ ਦਾ ਭਰਾ ਗੁਰਦੇਵ ਕੋਇਲ ਹਾਂ। ਤੁਸੀਂ ਸਾਡੇ ਪਿੰਡ ਤੋਂ ਸੈਂਕੜੇ ਮੀਲ ਦੂਰ ਉਦਾਸੀ ਨੂੰ ਯਾਦ ਕੀਤਾ, ਚੰਗਾ ਲੱਗਾ।" ਬਾਅਦ ਵਿਚ ਪਤਾ ਲੱਗਾ ਕਿ ਇਹ ਗੁਰਦੇਵ ਕੋਇਲ ਉਹੀ ਸੀ ਜਿਸ ਦਾ ਗਾਇਆ ਲੋਕ ਗੀਤ 'ਹੀਰਿਆਂ ਹਰਨਾਂ ਬਾਗੀਂ ਚਰਨਾਂ' ਜਲੰਧਰ ਰੇਡੀਓ ਤੋਂ ਆਮ ਹੀ ਸੁਣਨ ਨੂੰ ਮਿਲਦਾ ਸੀ। ਉਹ ਜਲੰਧਰ ਬਿਜਲੀ ਮਹਿਕਮੇ ਵਿਚ ਨੌਕਰੀ ਕਰਦਾ ਸੀ।

ਇਹ ਗੱਲ ਸਹੀ ਹੈ ਕਿ ਉਸ ਸਮੇਂ ਨਕਸਲੀਆਂ ਦੇ ਇਕ ਗਰੁੱਪ ਨੇ ਉਸ ਨੂੰ ਸੋਧਵਾਦੀ ਸਿੱਧ ਕਰਨ ਵਿਚ ਕੋਈ ਕਸਰ ਨਾ ਰੱਖੀ ਅਤੇ ਅੱਜ ਉਹੀ ਇਨਕਲਾਬੀ ਬਠਿੰਡੇ-ਚੰਡੀਗੜ੍ਹ ਤੇ ਵਿਦੇਸ਼ਾਂ ਵਿਚ ਐਸ਼ ਕਰ ਰਹੇ ਹਨ। ਉਦਾਸੀ ਦੇ ਬੋਲ ਹਮੇਸ਼ਾ ਹਵਾਵਾਂ ਵਿਚ ਗੂੰਜਦੇ ਰਹਿਣਗੇ।

*-ਰਵਿੰਦਰ ਸਹਿਰਾਅ*
*ਫੋਨ: 717-575-7529*

# ਪੰਜਾਬ ਤੇ ਪੰਜਾਬੀਅਤ ਦਾ ਵਾਸਤਾ

ਬੀਬੀ ਹਰਸਿਮਰਤ ਕੌਰ ਬਾਦਲ ਨੂੰ ਇਕ ਗੱਲ ਚੇਤੇ ਕਰਵਾਉਣੀ ਚਾਹੁੰਦਾ ਹਾਂ। ਉਨ੍ਹਾਂ ਇਕ ਵਾਰ ਕਿਹਾ ਸੀ ਕਿ ਧੀਆਂ ਨੰਨ੍ਹੀ ਛਾਂ ਹਨ, ਪਰ ਅੱਜ ਇਨ੍ਹਾਂ ਨੰਨ੍ਹੀਆਂ ਛਾਂਵਾਂ ਨੂੰ ਪੰਜਾਬੀ ਫਿਲਮਾਂ ਤੇ ਪੰਜਾਬੀ ਗਾਣਿਆਂ ਦੀਆਂ ਵੀਡੀਓਜ਼ ਵਿਚ ਅਧਨੰਗੀਆਂ ਕਰ ਕੇ ਨਚਾਇਆ ਜਾ ਰਿਹਾ ਹੈ। ਕੀ ਇਹ ਸਾਡਾ ਪੰਜਾਬੀ ਵਿਰਸਾ ਹੈ? ਕੀ ਬੀਬੀ ਬਾਦਲ ਇਸ ਤੋਂ ਉਕਾ ਹੀ ਬੇਖਬਰ ਹਨ? ਜੇ ਹੋਰ ਕੁਝ ਨਹੀਂ ਕਰਨਾ, ਤਾਂ ਘੱਟੋ-ਘੱਟ ਅਜਿਹਾ ਕਾਨੂੰਨ ਹੀ ਬਣਾ ਦਿੱਤਾ ਜਾਵੇ ਜਿਸ ਨਾਲ ਇਸ ਲੱਚਰਤਾ ਨੂੰ ਕੁਝ ਤਾਂ ਕੁੰਡਾ ਪਵੇ। ਇਕ ਵਾਰ ਅਜਿਹਾ ਕੁੰਡਾ ਪੈ ਗਿਆ ਤਾਂ ਗੱਲ ਹੋਰ ਅਗਾਂਹ ਵਧ ਸਕਦੀ ਹੈ। ਇਸ ਸਿਲਸਿਲੇ ਵਿਚ ਪਰਵਾਸੀ ਬਹੁਤ ਜ਼ਿਆਦਾ ਫਿਕਰਮੰਦ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਕੀ ਕੁਝ ਦਿਖਾਇਆ ਜਾ ਰਿਹਾ ਹੈ। ਅਸੀਂ ਚਾਹੁੰਦੇ ਹਾਂ ਕਿ ਬੱਚੇ ਪੰਜਾਬ ਅਤੇ ਪੰਜਾਬੀਅਤ ਨਾਲ ਜੁੜਨ, ਪਰ ਇਨ੍ਹਾਂ ਲਈ ਇਹ ਕਿਹੋ ਜਿਹੀ ਪੰਜਾਬੀਅਤ ਪਰੋਸੀ ਜਾ ਰਹੀ ਹੈ? ਅਸੀਂ ਪੰਜਾਬ ਸਰਕਾਰ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਗੁਰੂਘਰਾਂ ਵਿਚ ਸੰਡੇ ਸਕੂਲ ਖੋਲ੍ਹੇ ਹਨ ਜਿਥੇ ਬੱਚੇ ਪੰਜਾਬੀ ਪੜ੍ਹ ਕੇ ਆਪਣੀ ਮਾਂ ਬੋਲੀ ਨਾਲ ਜੁੜ ਰਹੇ ਹਨ, ਪਰ ਅੱਜ ਦੀਆਂ ਪੰਜਾਬੀ ਫਿਲਮਾਂ ਅਤੇ ਪੰਜਾਬੀ ਗਾਇਕ ਬੱਚਿਆਂ ਨੂੰ ਮਾਂ ਬੋਲੀ ਨਾਲੋਂ ਤੋੜ ਰਹੇ ਹਨ। ਕੈਨੇਡਾ ਅਮਰੀਕਾ ਵਿਚ ਚੱਲ ਰਹੇ ਪੰਜਾਬੀ ਟੀ.ਵੀ. ਚੈਨਲ ਸਭ ਤੋਂ ਜ਼ਿਆਦਾ ਕਸੂਰਵਾਰ ਹਨ ਜੋ ਇੰਨੀਆਂ ਬੇਨਤੀਆਂ ਤੋਂ ਬਾਅਦ ਵੀ ਇਹ ਗੈਰ-ਮਿਆਰੀ ਪ੍ਰੋਗਰਾਮ ਦਿਖਾ ਰਹੇ ਹਨ। ਟੀ.ਵੀ. ਚੈਨਲਾਂ ਵਾਲਿਆਂ ਵੀਰਾਂ ਜਿਨ੍ਹਾਂ ਵਿਚੋਂ ਬਹੁਤਿਆਂ ਨੇ ਅੱਜ ਕੱਲ੍ਹ ਪੈਸਾ ਕਮਾਉਣ 'ਤੇ ਲੱਕ ਬੰਨ੍ਹਿਆ ਹੋਇਆ ਹੈ, ਨੂੰ ਯਾਦ ਕਰਵਾਉਣਾ ਪਵੇਗਾ ਕਿ ਉਨ੍ਹਾਂ ਦੀ ਲੋਕਾਂ ਪ੍ਰਤੀ ਕੋਈ ਜ਼ਿੰਮੇਵਾਰੀ ਵੀ ਬਣਦੀ ਹੈ।

*-ਇਕ ਨਹੀਂ, ਲੱਖਾਂ ਦੁਖੀ ਪੰਜਾਬੀ।*

# ਸਿੱਖ ਲੜਕੇ ਈਸਾਈ ਬਣਨੋਂ ਬਚ ਗਏ ਸਨ

ਸਤਿਕਾਰਯੋਗ ਸੰਪਾਦਕ ਜੀ,

'ਪੰਜਾਬ ਟਾਈਮਜ਼' ਦੇ 13 ਦਸੰਬਰ ਵਾਲੇ ਅੰਕ 'ਚ ਗੁਲਜ਼ਾਰ ਸਿੰਘ ਸੰਧੂ ਦੇ ਜਾਣਕਾਰੀ ਭਰਪੂਰ ਲੇਖ 'ਭਾਰਤ ਦੀ ਜੰਗ-ਏ-ਆਜ਼ਾਦੀ ਦੇ ਅਣਗੌਲੇ ਪੱਤਰੇ' ਪੜ੍ਹਿਆ। ਇਸ ਲੇਖ 'ਚ ਜ਼ਿਕਰ ਆਇਆ ਹੈ ਕਿ 1873 'ਚ ਮਿਸ਼ਨ ਹਾਈ ਸਕੂਲ-ਅੰਮ੍ਰਿਤਸਰ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਧਰਮ ਕਬੂਲ ਕਰ ਲਿਆ ਸੀ। ਦਰਅਸਲ ਇਨ੍ਹਾਂ ਸਿੱਖ ਵਿਦਿਆਰਥੀਆਂ ਨੇ ਈਸਾਈ ਧਰਮ ਗ੍ਰਹਿਣ ਕਰਨ ਦਾ ਮਨ/ਇਰਾਦਾ ਬਣਾਇਆ ਸੀ। ਪਰੰਤੂ ਇਹ ਸਿੱਖ ਵਿਦਿਆਰਥੀ, ਮਾਪਿਆਂ ਅਤੇ ਹੋਰ ਸਿੱਖ ਦਾਨਿਆਂ ਦੇ ਸਮਝਾਉਣ ਨਾਲ ਈਸਾਈ ਬਣਦੇ-ਬਣਦੇ ਬਚ ਗਏ ਸਨ।

ਇਨ੍ਹਾਂ ਚਾਰ ਵਿਦਿਆਰਥੀਆਂ ਦੇ ਨਾਮ- ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਸਨ। ਇਸ ਗੱਲ ਦੀ ਤਸਦੀਕ ਹੇਠ ਲਿਖੀਆਂ ਕਿਤਾਬਾਂ ਦੇ ਹਵਾਲਿਆਂ ਤੋਂ ਹੋ ਜਾਂਦੀ ਹੈ:

1. ਡਾ. ਭਾਈ ਵੀਰ ਸਿੰਘ ਦੀ ਕਵਿਤਾ, ਡਾ. ਗੁਰਚਰਨ ਸਿੰਘ ਮਹਿਤਾ, 1972 ਭਾਸ਼ਾ ਵਿਭਾਗ, ਪੰਜਾਬ (ਪਟਿਆਲਾ)।
2. ਗਿਆਨੀ ਦਿੱਤ ਸਿੰਘ 'ਤੇ ਲੇਖ 'ਪ੍ਰਮੁਖ ਸਿੱਖ ਸ਼ਖਸੀਅਤਾਂ', ਸੰਪਾਦਕ- ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
3. ਸ. ਹਰਬੰਸ ਸਿੰਘ, ਦੀ ਹੈਰਿਟੈਜ਼ ਆਫ ਦੀ ਸਿੱਖਸ, ਪੰਨਾ 139

ਈਸਾਈ ਪਾਦਰੀਆਂ ਨੇ ਫਾਇਦਾ ਉਠਾਇਆ। ਉਨ੍ਹਾਂ ਦੀਆਂ ਗਤੀਵਿਧੀਆਂ ਦੇ ਫਲਸਰੂਪ ਮਿਸ਼ਨ ਸਕੂਲ ਅੰਮ੍ਰਿਤਸਰ ਵਿਖੇ ਚਾਰ ਸਿੱਖ ਲੜਕੇ ਈਸਾਈ ਬਣਨ ਲਈ ਤਿਆਰ ਹੋ ਗਏ ਸਨ। ਬੜੀ ਕੋਸ਼ਿਸ਼ ਨਾਲ ਉਨ੍ਹਾਂ ਨੂੰ ਪਤਿਤ ਹੋਣ ਤੋਂ ਬਚਾਇਆ ਗਿਆ। ਇਸ ਘਟਨਾ ਨੇ ਸਿੱਖ ਲਹਿਰ ਨੂੰ ਟੁੰਬਿਆ ਅਤੇ ਚੇਤੰਨ ਕਰ ਦਿਤਾ ਕਿ ਜੇਕਰ ਇਹ ਮਾਰੂ ਹਮਲੇ ਨਾ ਰੋਕੇ ਤਾਂ ਭਿਆਨਕ ਸਿੱਟੇ ਨਿਕਲ ਸਕਦੇ ਹਨ।

***ਧਰਮ ਪ੍ਰਚਾਰ ਕਮੇਟੀ ਵਲੋਂ ਛਾਪੀ ਕਿਤਾਬ 'ਪ੍ਰਮੁਖ ਸਿੱਖ ਸ਼ਖਸੀਅਤਾਂ' ਵਿਚ ਉਨ੍ਹਾਂ ਚਾਰ ਸਿੱਖ ਲੜਕਿਆਂ ਦਾ ਜ਼ਿਕਰ ਜਿਨ੍ਹਾਂ ਨੂੰ ਈਸਾਈ ਬਣਨ ਤੋਂ ਬਚਾਇਆ ਗਿਆ ਸੀ***

ਪੰਜਾਬ ਟਾਈਮਜ਼ 'ਚ ਉਚਕੋਟੀ ਦਾ ਸਾਹਿਤ ਪੜ੍ਹਨ ਨੂੰ ਨਿਰੰਤਰ ਮਿਲਦਾ ਹੈ, ਇਸ ਲਈ ਅਦਾਰਾ ਅਤੇ ਸਾਰੇ ਲੇਖਕ ਸਲਾਹੁਣਯੋਗ ਹਨ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*

ਸ਼ਹੀਦੀ ਜੋੜ ਮੇਲੇ 'ਤੇ ਵਿਸ਼ੇਸ਼

# ਅਨੰਦਪੁਰ ਸਾਹਿਬ ਤੋਂ ਸਰਹਿੰਦ ਤੱਕ

ਅਨੰਦਪੁਰ ਸਾਹਿਬ ਰਹਿੰਦਿਆਂ ਗੁਰੂ ਗੋਬਿੰਦ ਸਿੰਘ ਪਰਿਵਾਰ ਸਮੇਤ ਬਾਣੀ ਦਾ ਸਿਮਰਨ ਕਰਦਿਆਂ ਅਤੇ ਪਹਾੜੀ ਰਾਜਿਆਂ ਦਾ ਟਾਕਰਾ ਕਰਦਿਆਂ ਜ਼ਿੰਦਗੀ ਬਤੀਤ ਕਰ ਰਹੇ ਸਨ। ਪਹਾੜੀ ਰਾਜਿਆਂ ਅਤੇ ਮੁਗਲਾਂ ਨੇ ਕੁਝ ਚਿਰ ਪਿਛੋਂ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਘੇਰੇ ਨੂੰ ਛੇ ਮਹੀਨੇ ਹੋ ਗਏ। ਜਦੋਂ ਔਰੰਗਜ਼ੇਬ ਦਾ ਅਨੰਦਪੁਰ ਸਾਹਿਬ ਛੱਡਣ ਅਤੇ ਸਹੀ-ਸਲਾਮਤ ਨਿਕਲ ਜਾਣ ਵਾਲਾ ਪੱਤਰ ਆਇਆ ਤਾਂ ਭੁੱਖ-ਤ੍ਰੇਹ ਨਾਲ ਸਤਾਏ

**ਸੁਰਜੀਤ ਸਿੰਘ ਪੰਛੀ ਬੇਕਰਜ਼ਫੀਲਡ**
**ਫੋਨ: 661-827-8256**

ਸਿੱਖ ਮਾਤਾ ਗੁਜਰੀ ਨਾਲ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਕਹਿਣ ਗਏ। ਗੁਰੂ ਜੀ ਕਿਲ੍ਹਾ ਛੱਡਣ ਲਈ ਸਹਿਮਤ ਨਹੀਂ ਸਨ, ਪਰ ਉਹ ਮਾਤਾ ਗੁਜਰੀ ਅਤੇ ਸਿੱਖਾਂ ਦੇ ਜ਼ੋਰ ਦੇਣ 'ਤੇ ਸਹਿਮਤ ਹੋ ਗਏ।

ਅਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਸਾਹਿਬਜ਼ਾਦਾ ਅਜੀਤ ਸਿੰਘ ਦਾ ਵਿਆਹ ਬੁਰਹਾਨਪੁਰ ਤੋਂ ਆਏ ਸੇਵਾ ਸਿੰਘ ਦੀ ਪੁੱਤਰੀ ਤਾਰਾ ਬਾਈ ਨਾਲ ਹੋ ਚੁੱਕਿਆ ਸੀ। 'ਗੁਰਬਿਲਾਸ ਪਾਤਸ਼ਾਹੀ 10' ਦੇ ਲੇਖਕ ਭਾਈ ਕੁਇਰ ਸਿੰਘ, ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ ਨੇ ਅਜੀਤ ਸਿੰਘ ਦੇ ਵਿਆਹ ਬਾਰੇ ਵਿਸਥਾਰ ਨਾਲ ਲਿਖਿਆ ਹੈ। ਭਾਈ ਕੁਇਰ ਸਿੰਘ ਭਾਈ ਮਨੀ ਸਿੰਘ ਦਾ ਸਮਕਾਲੀ ਸੀ ਅਤੇ ਉਨ੍ਹਾਂ ਨੂੰ ਮਿਲਦਾ ਰਹਿੰਦਾ ਸੀ। ਉਹ ਆਪ ਲਿਖਦਾ ਹੈ, ਉਸ ਨੇ ਇਹ ਪੁਸਤਕ ਭਾਈ ਮਨੀ ਸਿੰਘ ਤੋਂ ਪੁੱਛ-ਪੁੱਛ ਕੇ ਲਿਖੀ:

ਮਨੀ ਸਿੰਘ ਤਬ ਬਾਤ ਬਖਾਨੀ।
ਸੁਨੋ ਸਿੰਘ ਜਿਉ ਸੁਨੀ ਸੁਕਾਨੀ।
ਏਕ ਦੱਖਨਾ ਕੋ ਜੋ ਸਾਹਾ (ਸ਼ਾਹ)।
ਗੁਰੂ ਕੋ ਸੀਸ ਨਿਵਾਯੋ ਤਾਹਾ। (110)
ਤਬ ਗੁਰ ਕੋ ਤਿਹ ਬਚਨ ਸੁਨਾਏ।
"ਮੋ ਕੰਨਿਆ ਦਾਸੀ ਸੁਤ ਲਾਏ।"
ਤਬ ਪ੍ਰਸੰਨਤਾ ਸਤਿਗੁਰੂ ਧਾਰੀ।
ਕੀਨੋ ਵਿਆਹ ਉਛਾਹ ਅਪਾਰੀ। (113)

'ਭੱਟ ਵਹੀ ਪੂਰਬੀ ਦੱਖਣੀ' ਵਿਚ ਵੀ ਸਾਹਿਬਜ਼ਾਦਾ ਅਜੀਤ ਸਿੰਘ ਦੇ ਵਿਆਹ ਬਾਰੇ ਲਿਖਿਆ ਹੈ, "ਅਜੀਤ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ...ਦਾ ਵਿਆਹ ਤਾਰਾ ਬਾਈ ਬੇਟੀ ਸੇਵਾ ਸਿੰਘ ਸੇ ਸਾਲ ਸਤਰਾ ਸੈ ਇਕਾਹਟ (1704 ਈਸਵੀ) ਮਾਘ ਸੁਦੀ ਏਕਮ ਦੇ ਦਿਵਿਸ ਅਨੰਦਗੜ ਮੇਂ ਹੂਆ।"

'ਗੁਰੂ ਕੀਆਂ ਸਾਖੀਆਂ' ਲੇਖਕ ਭਾਈ ਸਰੂਪ ਸਿੰਘ ਕੌਸ਼ਿਸ਼, ਸੰਪਾਦਕ ਪਿਆਰਾ ਸਿੰਘ ਪਦਮ ਵਿਚ ਵੀ ਸਾਹਿਬਜ਼ਾਦਾ ਅਜੀਤ ਸਿੰਘ ਦੇ ਵਿਆਹ ਬਾਰੇ ਵਿਸਥਾਰ ਨਾਲ ਲਿਖਿਆ ਹੋਇਆ ਹੈ। 'ਗੁਰਬਿਲਾਸ ਪਾਤਸ਼ਾਹੀ 10' ਵਿਚ ਲਿਖਿਆ ਹੈ ਕਿ ਜਦੋਂ ਗੁਰੂ ਜੀ ਨੇ ਤਾਰਾ ਬਾਈ ਨੂੰ ਫਿਰ ਮਿਲਣ ਦਾ ਭਰੋਸਾ ਦਿੱਤਾ, ਤਾਂ ਉਹ ਮਾਤਾ ਸੁੰਦਰੀ, ਮਾਤਾ ਸਾਹਿਬ ਦੇਵਾਂ ਅਤੇ ਆਪਣੇ ਮਾਤਾ-ਪਿਤਾ ਨਾਲ ਪਹਿਲੇ ਵਹੀਰ ਨਾਲ ਜਾਣ ਸਮੇਂ ਗਰਭਵਤੀ ਸੀ:

ਬਹੁਤ ਪ੍ਰਸੰਨ ਨਾਰਿ ਤਬ ਭਈ।
ਪਿਤਾ ਸੰਗ ਦੱਖਨ ਕੋ ਗਈ।
ਉਦਰੇ ਗਰਭ ਪਾਲਤੀ ਜਾਵੈ।
ਸਤਿਗੁਰੂ ਗਯਾਨ ਦਿਯੋ ਭਲ ਭਾਵੈ।
(129)

'ਭੱਟ ਵਹੀ ਪੂਰਬੀ ਦੱਖਣੀ, ਖਾਤਾ ਹਜਾਵਤ ਆਬਿਆਨੋਂ ਕਾ' ਵੀ ਇਸ ਦੀ ਗਵਾਹੀ ਦਿੰਦੀ ਹੈ ਅਤੇ ਪੁੱਤਰ ਹਠੀ ਸਿੰਘ ਦੇ ਜਨਮ ਦਾ ਵੇਰਵਾ ਵੀ ਦਿੰਦੀ ਹੈ, "ਹਠੀ ਸਿੰਘ ਬੇਟਾ ਅਜੀਤ ਸਿੰਘ ਕਾ, ਪੋਤਾ ਗੁਰੂ ਗੋਬਿੰਦ ਸਿੰਘ ਜੀ...ਪਰਗਨਾ ਕਹਿਲੂਰ, ਸੰਮਤ ਸਤਾ ਸੈ ਬਾਸਠ (1705 ਈਸਵੀ) ਪੋਖ ਮਾਸੇ ਸੁਦੀ ਪੰਚਮੀ ਦਿਹੁੰ ਆਗਰਾ ਨਗਰੀ ਪਰਗਨਾ ਮਥਰਾ ਭਾਈ ਸਰਧਾ ਸਿੰਘ ਬੇਟਾ ਮੋਹਕਮ ਦਾਸ 'ਗੁਲਾਟੀ' ਅਰੋੜਾ ਕੇ ਗ੍ਰਿਹ ਹੂਆ।" 'ਗੁਰੂ ਕੀਆਂ ਸਾਖੀਆਂ' ਵਿਚ ਵੀ ਇਸ ਤਰ੍ਹਾਂ ਦੱਸਿਆ ਗਿਆ ਹੈ।

'ਬੰਸਾਵਲੀਨਾਮਾ' ਲੇਖਕ ਭਾਈ ਕੇਸਰ ਸਿੰਘ ਛਿੱਬਰ, ਸੰਪਾਦਕ ਪਿਆਰਾ ਸਿੰਘ ਪਦਮ ਵੀ ਸਾਹਿਬਜ਼ਾਦਾ ਅਜੀਤ ਸਿੰਘ ਦੇ ਵਿਆਹ ਦਾ ਜ਼ਿਕਰ ਕਰਦੇ ਲਿਖਦੇ ਹਨ:

ਨਾਲ ਸਾਹਿਬ ਜੀਤ ਸਿੰਘ ਦਾ
ਕੁਆਰਾ ਸੀ ਡੋਲਾ।
ਨਾਲ ਕਰਿ ਦਿੱਤਾ
ਬਨਾਰਸੀ ਦਾਸ ਘਰ ਦਾ ਗੋਲਾ।
ਜਦਿ ਕੋਸ ਦੁਇ ਤ੍ਰੈ ਟੁਰ ਕੇ ਗਏ।
ਤਦਿ ਰਾਜੇ ਲੈ ਫਉਜਾਂ ਪਿੱਛੇ ਪਏ। (586)

ਅਨੰਦਪੁਰ ਸਾਹਿਬ ਖਾਲੀ ਕਰਨ ਦੀਆਂ ਤਿਆਰੀਆਂ ਅਰੰਭ ਹੋ ਗਈਆਂ। ਮਾਤਾ ਗੁਜਰੀ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਤਿਆਰੀਆਂ ਵਿਚ ਰੁੱਝ ਗਏ ਸਨ।

ਅਨੰਦਪੁਰ ਸਾਹਿਬ ਵਿਚ ਰਹਿੰਦਿਆਂ ਮਾਤਾ ਗੁਜਰੀ ਨੇ ਗੁਰੂ ਜੀ ਨੂੰ ਪਾਲਿਆ ਸੀ, ਲਾਡ ਲਡਾਏ ਸਨ। ਮਾਤਾ ਸੁੰਦਰੀ ਨੇ ਮਾਤਾ ਗੁਜਰੀ ਕੋਲੋਂ ਉਨ੍ਹਾਂ ਦੇ ਬਚਪਨ ਦੀਆਂ ਕਹਾਣੀਆਂ ਸੁਣੀਆਂ ਸਨ। ਸਤਲੁਜ ਦੇ ਪਾਣੀਆਂ ਦੀ ਕਲ-ਕਲ ਸੁਣੀ ਸੀ। ਗੁਰੂ ਜੀ ਦੇ ਸਾਥ ਵਿਚ ਹਰਿਆਲੀਆਂ ਥਾਂਵਾਂ 'ਤੇ ਘੁੰਮਦਿਆਂ ਅਨੰਦ ਮਾਣਿਆ ਸੀ। ਇਥੇ ਹੀ ਮਾਤਾ ਸੁੰਦਰੀ ਨੇ ਸਿੱਖਾਂ ਨੂੰ ਹਥਿਆਰਾਂ ਦਾ ਅਭਿਆਸ ਕਰਦਿਆਂ ਤੇ ਸਾਹਿਬਜ਼ਾਦਿਆਂ ਨੂੰ ਹੱਸਦਿਆਂ-ਖੇਡਦਿਆਂ ਤੇ ਕਿਲਕਾਰੀਆਂ ਮਾਰਦਿਆਂ ਦੇਖਿਆ। ਮਾਤਾ ਜੀ ਨੇ ਅਜੀਤ ਸਿੰਘ ਨੂੰ ਜਵਾਨੀ ਦੀਆਂ ਪੌੜੀਆਂ ਚੜ੍ਹਦਿਆਂ ਦੇਖਿਆ। ਮਾਤਾਵਾਂ ਨੇ ਸਾਹਿਬਜ਼ਾਦਿਆਂ ਨੂੰ ਯੁੱਧ ਕਲਾ ਵਿਚ ਨਿਪੁੰਨ ਹੁੰਦੇ ਵੇਖਿਆ। ਗੱਲ ਕੀ, ਜ਼ਿੰਦਗੀ ਦਾ ਪਲ-ਪਲ ਯਾਦਾਂ ਦੇ ਹੀਰਿਆਂ ਨਾਲ ਜੜਿਆ ਹੋਇਆ ਸੀ। ਅੱਜ ਇਸ ਥਾਂ ਨਾਲੋਂ ਵਿਛੜਦਿਆਂ ਹਿਰਦਾ ਕੰਬ ਰਿਹਾ ਸੀ, ਅੱਖਾਂ ਭਰ-ਭਰ ਆਉਂਦੀਆਂ ਸਨ। ਮਨ ਵਿਚ ਵਾਰ-ਵਾਰ ਆਉਂਦਾ ਕਿ ਕਦੀ ਫਿਰ ਵੀ ਇਸ ਥਾਂ ਆਵਾਂਗੇ? ਅੱਗੇ ਜਾ ਕੇ ਕੀ ਹੋਣਾ ਹੈ? ਅਗਲਾ ਟਿਕਾਣਾ ਕਿਥੇ ਹੋਵੇਗਾ? ਕੋਈ ਨਹੀਂ ਸੀ ਜਾਣਦਾ!

ਗੁਰੂ ਜੀ ਨੇ ਡੇਢ ਪਹਿਰ ਰਾਤ ਪਈ ਤੋਂ ਅੱਧਾ ਵਹੀਰ ਤੋਰ ਦਿੱਤਾ। ਡਾ. ਹਰਜਿੰਦਰ ਸਿੰਘ ਦਿਲਗੀਰ ਗਿਆਨੀ ਗਰਜਾ ਸਿੰਘ ਦੇ ਹਵਾਲੇ ਨਾਲ ਅਨੰਦਪੁਰ ਸਾਹਿਬ ਛੱਡਣ ਦੀ ਮਿਤੀ 29 ਮਾਰਚ 1705 ਈਸਵੀ ਲਿਖਦਾ ਹੈ। ਇਸ ਮਿਤੀ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਗੁਰੂ ਜੀ ਦੇ ਅਨੰਦਪੁਰ ਛੱਡਣ ਦੀ ਮਿਤੀ 19 ਅਤੇ 20 ਦਸੰਬਰ 1704 ਈਸਵੀ ਦੀ ਵਿਚਕਾਰਲੀ ਰਾਤ ਮੰਨੀ ਜਾਂਦੀ ਹੈ। ਇਸ ਅਨੁਸਾਰ ਚਮਕੌਰ ਸਾਹਿਬ ਦਾ ਯੁੱਧ 22 ਦਸੰਬਰ 1704 ਈਸਵੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 27 ਦਸੰਬਰ 1704 ਨੂੰ ਮੰਨਿਆ ਗਿਆ ਹੈ। 'ਗੁਰਬਿਲਾਸ ਪਾਤਸ਼ਾਹੀ 10' ਵਿਚ ਭਾਈ ਸੁੱਖਾ ਸਿੰਘ ਲਿਖਦੇ ਹਨ,

ਡੇਢ ਕੁ ਜਾਮ ਜੁ ਰਾਤ ਗਈ
ਤਬ ਤੋ ਕਰੁਨਾਨਿਧ ਕੂਚ ਕਰਾਯੋ।
ਆਦਿ ਵਹੀਰ ਸੁ ਤੋਰ ਦਯੋ
ਪੁਨ ਕੈ ਅਰੁ ਅੱਧ ਕੁ ਆਪ ਸਿਧਾਯੋ।

ਗੁਰੂ ਜੀ ਨੇ ਅਨੰਦਪੁਰ ਸਾਹਿਬ ਵਿਚ ਵੱਸਣ ਵਾਲੇ ਗ੍ਰਹਿਸਥੀ ਪਰਿਵਾਰਾਂ ਨੂੰ ਅਨੰਦਪੁਰ ਸਾਹਿਬ ਤੋਂ ਚਲੇ ਜਾਣ ਲਈ ਕਿਹਾ। ਉਨ੍ਹਾਂ ਮਾਤਾ ਸੁੰਦਰੀ, ਮਾਤਾ ਸਾਹਿਬ ਦੇਵਾਂ, ਸਾਹਿਬਜ਼ਾਦਾ ਅਜੀਤ ਸਿੰਘ ਦੀ ਪਤਨੀ ਤਾਰਾ ਬਾਈ ਅਤੇ ਉਸ ਦੇ ਮਾਤਾ-ਪਿਤਾ ਨੂੰ ਗ੍ਰਹਿਸਥੀ ਪਰਿਵਾਰਾਂ ਦੇ ਵਹੀਰ ਨਾਲ ਤੋਰ ਦਿੱਤਾ। ਮਾਤਾ ਗੁਜਰੀ ਉਨ੍ਹਾਂ ਦੇ ਨਾਲ ਜਾਣ ਲਈ ਨਹੀਂ ਮੰਨੇ। 'ਬੰਸਾਵਲੀਨਾਮਾ' ਵਿਚ ਭਾਈ ਕੇਸਰ ਸਿੰਘ ਛਿੱਬਰ ਲਿਖਦੇ ਹਨ:

ਤਬ ਸਾਹਿਬ ਆਪਣੀ ਮਾਤਾ
ਗੁਜਰੀ ਨੂੰ ਐਸੇ ਕਹਿਆ,
ਮਾਤਾ ਜੀ! ਤੁਸੀਂ ਨਿੰਕੇ ਨੀਂਗਰ ਨਾਲ
ਲੈ ਚਾਹੀਐ ਗਇਆ।
ਵੱਡੇ ਦੋਨੋਂ ਭਾਈ ਰਹਿਨ ਅਸਾਡੇ ਨਾਲ।
ਤੁਸੀਂ ਪਹਿਲੇ ਟੂਰੋ ਪਾਓ ਚਾਲ। (581)
ਮਾਤਾ ਨ ਮੰਨੀ ਸਾਹਿਬ ਦੀ ਏਹੁ ਗੱਲ।
ਕਹਿਆ, ਚਾਰੇ ਨੀਂਗਰ ਨਾਲ ਮੇਰੇ ਘੱਲ।
ਸਾਹਿਬ ਬਹੁਤ ਮਾਤਾ ਜੀ ਨੂੰ ਆਖ ਰਹੇ।
ਮਾਤਾ ਜੀ ਨਾ ਲੱਗੇ ਸਾਹਿਬ ਦੇ ਕਹੇ। (542)
ਫੇਰ ਸਾਹਿਬ ਕਹਿਆ ਚਉਪਾ ਸਿੰਘ,
ਸਾਹਿਬ ਸਿੰਘ ਸਾਲੇ ਜੋਗੁ।

*(ਨੋਟ: ਸਾਹਿਬ ਸਿੰਘ ਮਾਤਾ ਸਾਹਿਬ ਦੇਵਾਂ ਦਾ ਭਰਾ ਸੀ)*

ਤੁਸੀਂ ਲੈ ਟੁਰੋ ਜਨਾਨੇ ਨਾਲ ਲੋਗ।
ਸਭ ਤਿਆਰ ਕਰ ਦਿੱਤੇ ਟੋਰ।
ਮਾਤਾ ਸੁੰਦਰੀ, ਮਾਤਾ ਸਾਹਿਬ ਦੇਈ,
ਨਾਲੇ ਕੁਝ ਲੋਕ ਹੋਰ। (543)
ਨਾਲਿ ਦਿੱਤੇ ਉਠ ਸੰਦੂਕਾਂ ਵਾਲੇ।
ਜਿਨ੍ਹਾਂ ਦੇ ਵਿਚਿ ਛਿੱਤਰ ਪੱਥਰ ਆਹੇ ਡਾਲੇ।
ਬਚਨ ਕੀਤਾ, ਤੁਸਾਂ ਟੁਰ ਜਾਣਾ
ਜਨਾਨੇ ਲੋਕ ਲੈ ਕੇ ਅੱਗੇ।
ਅਤੇ ਉਠ ਅਉਸਨ ਹਉਲੀ ਹਉਲੀ
ਪਿਛੇ ਲੱਗੇ। (544)
ਚਉਪਾ ਸਿੰਘ ਨੂੰ ਸਭ ਹਕੀਕਤ
ਛੱਡੀ ਸੀ ਸਮਝਾਇ।
ਤੁਸਾਂ ਪਿਛੇ ਨਹੀਂ ਰਹਿਣਾ ਅਟਕਾਇ,
ਜੇ ਕੋਈ ਫਉਜ ਪਈ ਆਇ।
ਤੁਸਾਂ ਛੱਡ ਕੇ ਉਠ,
ਅੱਗੇ ਜਾਣਾ ਧਾਇ। (545)
ਨਾਲ ਸਾਹਿਬ ਜੀਤ ਸਿੰਘ ਦਾ
ਕੁਆਰਾ ਸੀ ਡੋਲਾ।
ਨਾਲ ਕਰਿ ਦਿੱਤਾ
ਬਨਾਰਸੀ ਦਾਸ ਘਰ ਦਾ ਗੋਲਾ।
ਜਦੋਂ ਕੋਸ ਦੁਇ ਤ੍ਰੈ ਟੁਰਿ ਕੇ ਗਏ।
ਤਦਿ ਰਾਜੇ ਲੈਉਂ ਫਉਜਾਂ ਪਿਛੇ ਪਏ। (546)
ਮੱਘ੍ਰ ਮਹੀਨੇ ਅੱਧੀ ਨਿਸਾ ਕੂਚ ਕੀਤਾ।
ਲੋਕ ਆਪਣਾ ਸਭ ਇਕੱਠਾ ਕਰ ਲੀਤਾ।
ਜਿਸ ਕਾਲੀ ਰਥ ਮਾਤਾ ਦਾ ਭੁੱਲ ਗਿਆ।
ਸਹੇੜੀ ਗਿਰਾਉਂ ਰੰਘੜਾਂ ਦਾ,
ਤਿਤ ਮਾਰਗ ਪਿਆ। (556)

'ਗੁਰੂ ਸੋਭਾ' ਦਾ ਲੇਖਕ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ ਸੈਨਾਪਤੀ ਸਰਸਾ ਵਿਚ ਹੜ੍ਹਾਂ ਦਾ ਜ਼ਿਕਰ ਨਹੀਂ ਕਰਦਾ ਅਤੇ ਨਾ ਹੀ ਮਾਤਾਵਾਂ ਬਾਰੇ ਕੁਝ ਲਿਖਦਾ ਹੈ। ਗੁਰੂ ਜੀ ਵਲੋਂ ਉਦੈ ਸਿੰਘ ਨੂੰ ਸ਼ਾਹੀ ਟਿੱਬੀ 'ਤੇ ਤੁਰਕ ਤੇ ਹਿੰਦੂ ਫੌਜਾਂ ਨੂੰ ਰੋਕਣ ਲਈ ਛੱਡ ਕੇ ਆਪ ਚਮਕੌਰ ਸਾਹਿਬ ਚਲੇ ਜਾਣ ਬਾਰੇ ਲਿਖਿਆ ਹੈ। ਅਜੀਤ ਸਿੰਘ ਜੋ ਪਿਛੇ ਆ ਰਿਹਾ ਸੀ, ਨੂੰ ਅੱਗੇ ਭੇਜ ਦੇਣ ਲਈ ਕਹਿ ਗਏ। ਉਦੈ ਸਿੰਘ ਨੇ ਫੌਜਾਂ ਨੂੰ ਰੋਕੀ ਰੱਖਿਆ ਅਤੇ ਵਹੀਰ ਉਥੋਂ ਬਚ ਕੇ ਅੱਗੇ ਨਿਕਲ ਗਿਆ।

ਭਾਈ ਦੁਲਾ ਸਿੰਘ ਹੰਡੂਰੀਆ ਦੀ ਰਚਨਾ 'ਕਥਾ ਗੁਰੂ ਕੇ ਸੁਤਨ ਕੀ' ਵਿਚ ਸਰਸਾ ਵਿਚ ਹੜ੍ਹ ਅਤੇ ਮਾਤਾਵਾਂ ਬਾਰੇ ਕੁਝ ਨਹੀਂ ਲਿਖਿਆ। ਸਰਹਿੰਦ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਵਰਣਨ ਬਹੁਤ ਦਰਦੀਲੇ ਸ਼ਬਦਾਂ ਵਿਚ ਕੀਤਾ ਹੈ। ਮਾਤਾ ਗੁਜਰੀ ਨਾਲ ਜੋ ਬੀਤਦੀ ਹੈ ਅਤੇ ਉਨ੍ਹਾਂ ਦੇ ਹਿਰਦੇ ਵਿਚ ਜੋ ਵਿਚਾਰ ਆਉਂਦੇ ਹਨ, ਉਨ੍ਹਾਂ ਦਾ ਵਰਣਨ ਬਹੁਤ ਭਾਵਕ ਸ਼ਬਦਾਂ ਵਿਚ ਕੀਤਾ ਹੈ:

ਸਿੱਖ ਟੋਡਰ ਮੱਲ ਤੇਹ,
ਮਾਤਾ ਕੋ ਐਸੇ ਕਹਯੋ।
ਕਾਰਣ ਭਯੋ ਸੁ ਏਹੁ,
ਸੀਸੇ ਉਤਾਰੇ ਤੁਮ ਸੁਤਨ।
ਤਬ ਮਾਤਾ ਬਿਲਖੀ
ਭਈ ਐਸੀ ਸੁਨੀ ਜੁ ਬਾਤ।
ਦੇਖੇ ਸੀਸ ਜੁ ਲਟਕਤੇ,
ਹਿੱਕ ਮਰੋਰੀ ਪਾਤ।
ਹੇ ਪੁੱਤਰ! ਐਸੀ ਤੁਮ ਕਰੀ।
ਹੌਂ ਜੀਵਤ ਤੁਮ ਸੀਸ ਉਤਰੀ।
ਐਸੇ ਭਾਖਿ ਮੁਰਛਾ ਪਾਈ।
ਘਰੀ ਚਾਰ ਸੁਧ ਫਿਰ ਨਹਿੰ ਆਈ।

ਮਿਰਜ਼ਾ ਮੁਹੰਮਦ ਅਬਦਲ ਗਨੀ ਨੇ 'ਜੌਹਰਾ-ਏ-ਤੇਗ' ਵਿਚ ਅਤੇ ਹਕੀਮ ਅੱਲ੍ਹਾ ਯਾਰ ਖਾਂ ਨੇ 'ਗੰਜ-ਏ-ਸ਼ਹੀਦਾਂ' ਵਿਚ ਚਮਕੌਰ ਸਾਹਿਬ ਅਤੇ 'ਸ਼ਹੀਦਾਨਿ-ਵਫ਼ਾ' ਵਿਚ ਸਾਕਾ ਸਰਹਿੰਦ ਦਾ ਵਰਣਨ ਜੋਸ਼ੀਲੇ ਤੇ ਸ਼ਰਧਾ ਭਰਪੂਰ ਸ਼ਬਦਾਂ ਵਿਚ ਕੀਤਾ ਹੈ। ਦੋਵਾਂ ਥਾਂਵਾਂ ਬਾਰੇ ਪੜ੍ਹਦਿਆਂ ਅੱਖਾਂ ਸੇਜਲ ਹੋ ਜਾਂਦੀਆਂ ਹਨ। ਅੱਲ੍ਹਾ ਯਾਰ ਖਾਂ ਜਦੋਂ ਸਰਹਿੰਦ ਸ਼ਹੀਦੀ ਦਿਵਸ 'ਤੇ ਆਇਆ, ਆਪਣੀਆਂ ਕਵਿਤਾਵਾਂ ਪੜ੍ਹ ਕੇ ਸਰੋਤਿਆਂ ਨੂੰ ਰੁਆ ਕੇ ਗਿਆ।



*ਗੁਰਦੁਆਰਾ ਜੋਤੀ ਸਰੂਪ, ਸਰਹਿੰਦ*

ਹੁਣ ਅਸੀਂ ਇਸ ਸਿੱਟੇ 'ਤੇ ਪਹੁੰਚ ਗਏ ਹਾਂ ਕਿ ਮਾਤਾ ਸੁੰਦਰੀ, ਮਾਤਾ ਸਾਹਿਬ ਦੇਵਾਂ, ਤਾਰਾ ਬਾਈ ਅਤੇ ਉਸ ਦੇ ਮਾਤਾ-ਪਿਤਾ ਪਹਿਲੇ ਵਹੀਰ ਨਾਲ ਚਲੇ ਗਏ ਸਨ। ਉਨ੍ਹਾਂ ਨਾਲ ਗਰਜਾ ਸਿੰਘ, ਜਵਾਹਰ ਸਿੰਘ, ਦਰਬਾਰਾ ਸਿੰਘ, ਸਹਿਜ ਸਿੰਘ, ਮਾਤਾ ਸਾਹਿਬ ਦੇਵਾਂ ਦਾ ਭਰਾ ਸਾਹਿਬ ਸਿੰਘ ਸਨ। ਸਰਸਾ ਵਿਚ ਕੋਈ ਹੜ੍ਹ ਨਹੀਂ ਆਇਆ ਸੀ। ਇਹ ਚਲਦੇ-ਚਲਦੇ ਗੁਰੂ ਗੋਬਿੰਦ ਸਿੰਘ ਦੇ ਮਾਮੇ ਮਿਹਰ ਚੰਦ ਦੇ ਘਰ ਲਖਨੌਰ ਪੁੱਜ ਗਏ ਅਤੇ ਫਿਰ ਦਿੱਲੀ ਚਲੇ ਗਏ। ਉਨ੍ਹੀਵੀਂ ਤੇ ਵੀਹਵੀਂ ਸਦੀ ਦੇ ਬਹੁਤ ਸਾਰੇ ਇਤਿਹਾਸਕਾਰਾਂ ਅਨੁਸਾਰ ਭਾਈ ਮਨੀ ਸਿੰਘ ਮਾਤਾਵਾਂ ਨਾਲ ਦਿੱਲੀ ਗਏ। ਇਹ ਵਿਚਾਰ ਠੀਕ ਨਹੀਂ। ਉਹ ਤਾਂ ਉਸ ਸਮੇਂ ਹਰਿਮੰਦਰ ਸਾਹਿਬ ਦੇ ਪ੍ਰਬੰਧਕ ਸਨ ਅਤੇ ਇਥੋਂ ਹੀ ਗੁਰੂ ਜੀ ਨੂੰ ਮਿਲਣ ਤਲਵੰਡੀ ਸਾਬੋ ਗਏ ਸਨ।

ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਹੱਥ ਵਿਚ ਸਵਾਰ ਹੋ ਕੇ ਉਦੈ ਸਿੰਘ ਦੀ ਨਿਗਰਾਨੀ ਵਿਚ ਦੂਜੇ ਵਹੀਰ ਨਾਲ ਤੋਰ ਦਿੱਤੇ ਸਨ। ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ, ਗੁਰੂ ਜੀ ਦੇ ਨਾਲ ਸਨ। ਜਦੋਂ ਇਹ ਵਹੀਰ ਸ਼ਾਹੀ ਟਿੱਬੀ ਪਹੁੰਚਿਆ ਤਾਂ ਗੁਰੂ ਜੀ ਵੀ ਕੀਰਤਪੁਰ ਤੋਂ ਲੜਦੇ ਹੋਏ ਸ਼ਾਹੀ ਟਿੱਬੀ ਪਹੁੰਚ ਗਏ। ਗੁਰੂ ਜੀ ਪੰਜਾਹ ਸਿੰਘ ਉਦੈ ਸਿੰਘ ਨਾਲ ਛੱਡ ਕੇ ਫੌਜਾਂ ਨੂੰ ਰੋਕੀ ਰੱਖਣ ਅਤੇ ਸ਼ਹੀਦੀਆਂ ਪਾਉਣ ਤੱਕ ਲੜਦੇ ਰਹਿਣ ਲਈ ਕਹਿ ਕੇ ਅਤੇ ਪਿਛੇ ਆ ਰਹੇ ਅਜੀਤ ਸਿੰਘ ਨੂੰ ਅੱਗੇ ਤੋਰਨ ਲਈ ਕਹਿ ਕੇ ਅੱਗੇ ਨਿਕਲ ਗਏ। ਅੱਗੇ ਪਹੁੰਚ ਕੇ ਭਾਈ ਬਚਿੱਤਰ ਸਿੰਘ ਨੂੰ ਸੌ ਕੁ ਸਿੰਘਾਂ ਨਾਲ ਰੋਪੜ ਵਲੋਂ ਆ ਰਹੀ ਸਰਹਿੰਦੀ ਫੌਜ ਨੂੰ ਰੋਕਣ ਲਈ ਭੇਜਿਆ ਤਾਂ ਕਿ ਵਹੀਰ ਬਚ ਕੇ ਨਿਕਲ ਜਾਵੇ। ਭਾਈ ਬਚਿੱਤਰ ਸਿੰਘ ਸਖ਼ਤ ਜ਼ਖ਼ਮੀ ਹੋ ਗਿਆ। ਅਜੀਤ ਸਿੰਘ ਉਸ ਨੂੰ ਲੈ ਕੇ ਕੋਟਲਾ ਨਿਹੰਗ ਖਾਂ ਵਿਚ ਨਿਹੰਗ ਖਾਂ ਦੇ ਘਰ ਲੈ ਗਿਆ। ਗੁਰੂ ਜੀ ਪਹਿਲਾਂ ਹੀ ਉਥੇ ਪੁੱਜੇ ਹੋਏ ਸਨ। ਭਾਈ ਬਚਿੱਤਰ ਸਿੰਘ ਇਥੇ ਹੀ ਪਰਲੋਕ ਸਿਧਾਰ ਗਿਆ। ਗੁਰੂ ਜੀ ਵੱਡੇ ਸਾਹਿਬਜ਼ਾਦਿਆਂ ਨਾਲ ਨਿਹੰਗ ਖਾਂ ਦੇ ਪੁੱਤਰ ਆਲਮ ਜੋ ਰਾਏਕੋਟ ਵਾਲੇ ਰਾਏ ਕੱਲ੍ਹ ਦਾ ਜਵਾਈ ਸੀ, ਦੀ ਸਹਾਇਤਾ ਨਾਲ ਰਾਤ ਨੂੰ ਚਮਕੌਰ ਸਾਹਿਬ ਪਹੁੰਚ ਗਏ। ਚਾਲੀ ਸਿੰਘ ਵੀ ਯੋਜਨਾ ਅਨੁਸਾਰ ਉਥੇ ਪੁੱਜ ਚੁੱਕੇ ਸਨ। ਇਥੋਂ ਦੀ ਗੜ੍ਹੀ ਵਿਚ ਸਾਹਿਬਜ਼ਾਦੇ ਤੇ ਕਾਫੀ ਸਿੰਘ ਸ਼ਹੀਦ ਹੋ ਗਏ ਸਨ। ਗੁਰੂ ਜੀ ਵੀ ਸ਼ਹੀਦ ਹੋਣਾ ਚਾਹੁੰਦੇ ਸਨ, ਪਰ ਗੜ੍ਹੀ ਵਿਚਲੇ ਸਿੰਘਾਂ ਨੇ ਕਿਹਾ ਕਿ ਉਹ ਇਥੋਂ ਨਿਕਲ ਜਾਣ। ਜੇ ਉਹ ਬਚ ਕੇ ਚਲੇ ਗਏ ਤਾਂ ਖਾਲਸੇ ਨੂੰ ਫਿਰ ਜਿਉਂਦਾ ਕਰ ਸਕਦੇ ਹਨ। ਜੇ ਗੁਰੂ ਜੀ ਹੀ ਸ਼ਹੀਦ ਹੋ ਗਏ ਤਾਂ ਉਨ੍ਹਾਂ ਦੇ ਨਾਲ ਖਾਲਸੇ ਦਾ ਵੀ ਅੰਤ ਹੋ ਜਾਵੇਗਾ। ਸੋ, ਪੰਜ ਸਿੰਘਾਂ ਨੇ ਗੁਰੂ ਜੀ ਨੂੰ ਗੜ੍ਹੀ ਵਿਚੋਂ ਨਿਕਲ ਜਾਣ ਦਾ ਹੁਕਮ ਦਿੱਤਾ। 'ਆਪੇ ਗੁਰ ਚੇਲਾ' ਅਨੁਸਾਰ ਗੁਰੂ ਜੀ ਨੂੰ ਹੁਕਮ ਮੰਨਣਾ ਪਿਆ। ਗੁਰੂ ਜੀ ਨੇ ਆਪਣੇ ਸਿਰ ਤੋਂ ਪਗੜੀ ਲਾਹ ਕੇ ਸੰਗਤ ਸਿੰਘ ਦੇ ਬੰਨ੍ਹ ਦਿੱਤੀ, ਆਪਣੀ ਪੁਸ਼ਾਕ ਵੀ ਪਹਿਨਾ ਦਿੱਤੀ, ਕਲਗੀ ਵੀ ਉਸ ਦੇ ਸਿਰ 'ਤੇ ਟਿਕਾਈ। ਗੁਰੂ ਜੀ ਨੇ ਸਿੰਘਾਂ ਦੇ ਸਾਹਮਣੇ ਉਸ ਨੂੰ ਸਿਜਦਾ ਕੀਤਾ। ਫਿਰ ਉਸ ਨੂੰ ਪਕਿਆਈ ਕੀਤੀ ਕਿ ਇਥੇ ਹੀ ਸ਼ਹੀਦ ਹੋਣਾ ਹੈ। ਗੁਰੂ ਜੀ ਤੇ ਤਿੰਨ ਪਿਆਰੇ- ਦਇਆ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਯੋਜਨਾ ਅਨੁਸਾਰ ਨਿਕਲ ਗਏ ਅਤੇ ਦੱਸੇ ਅਨੁਸਾਰ ਮਾਛੀਵਾੜੇ ਗਨੀ ਖਾਂ ਤੇ ਨਬੀ ਖਾਂ ਜੋ ਨਿਹੰਗ ਖਾਂ ਦੀ ਭੂਆ ਦੇ ਪੁੱਤ ਸਨ, ਦੇ ਘਰ ਇਕੱਠੇ ਹੋ ਗਏ। ਇਥੋਂ ਉਹ 'ਉਚ ਦਾ ਪੀਰ' ਬਣ ਕੇ ਨਿਕਲ ਗਏ।

ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਰਾਤ ਸਮੇਂ ਕੁੰਮੇ ਮਾਸ਼ਕੀ ਦੀ ਝੁੱਗੀ ਵਿਚ ਰਹੇ। ਉਸ ਨੇ ਸਾਹਿਬਜ਼ਾਦਿਆਂ ਨੂੰ ਦੁੱਧ ਗਰਮ ਕਰ ਕੇ ਪਿਲਾਇਆ। ਦੂਜੇ ਦਿਨ ਸਵੇਰੇ ਪਿੰਡ ਚੌਤੇ ਵੱਲ ਪਿੰਡ ਸਹੇੜੀ ਦੇ ਦੋ ਹਜ਼ੂਰੀ ਮਸੰਦ ਆਏ ਤੇ ਉਨ੍ਹਾਂ ਨੂੰ ਆਪਣੇ ਨਾਲ ਲੈ ਗਏ। ਉਨ੍ਹਾਂ ਆਪਣੇ ਨਾਂ ਧੁੰਮਾਂ ਤੇ ਦਰਬਾਰੀ ਦੱਸੇ ਸਨ। ਆਮ ਪ੍ਰਚੱਲਤ ਹੈ ਕਿ ਗੁਰੂ ਘਰ ਦਾ ਰਸੋਈਆ ਗੰਗੂ ਲੈ ਗਿਆ ਸੀ। ਮਾਤਾ ਜੀ ਕੋਲ ਬਹੁਤ ਸਾਰੀਆਂ ਮੋਹਰਾਂ ਤੇ ਸੋਨਾ ਦੇਖ ਕੇ ਲਾਲਚੀ ਹੋ ਗਿਆ। ਗੰਗੂ ਨੇ ਮੋਰਿੰਡੇ ਦੇ ਅਫਸਰ ਨੂੰ ਦੱਸ ਕੇ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਉਸ ਨੇ ਇਨ੍ਹਾਂ ਨੂੰ ਸਰਹਿੰਦ ਪਹੁੰਚਾ ਦਿੱਤਾ। ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੇ ਇਨ੍ਹਾਂ ਨੂੰ ਠੰਢੇ ਬੁਰਜ ਵਿਚ ਬੰਦ ਕਰ ਦਿੱਤਾ। ਇਥੇ ਮਾਤਾ ਜੀ ਅਤੇ ਬੱਚਿਆਂ ਨੂੰ ਠੰਢ ਨੇ ਬਹੁਤ ਤੰਗ ਕੀਤਾ। ਠੰਢ ਤੋਂ ਬਚਣ ਲਈ ਉਨ੍ਹਾਂ ਕੋਲ ਕੱਪੜੇ ਵੀ ਨਹੀਂ ਸਨ। ਨਵਾਬ ਗੁੱਸੇ ਵਿਚ ਗੁਰੂ ਜੀ 'ਤੇ ਦੰਦ ਕਰੀਚ ਰਿਹਾ ਸੀ। ਉਸ ਨੇ ਆਪਣੀਆਂ ਸ਼ਕਤੀਆਂ ਬੱਚਿਆਂ ਵਿਰੁਧ ਵਰਤਣੀਆਂ ਸ਼ੁਰੂ ਕਰ ਦਿੱਤੀਆਂ।

24 ਦਸੰਬਰ 1704 ਈਸਵੀ ਨੂੰ ਬੱਚਿਆਂ ਨੂੰ ਵਜ਼ੀਰ ਖਾਨ ਦੇ ਦਰਬਾਰ ਵਿਚ ਪੇਸ਼ ਕੀਤਾ। ਬੱਚਿਆਂ ਨੂੰ ਡਰਾਉਣ ਲਈ ਸੈਂਕੜੇ ਹਥਿਆਰਬੰਦ ਸਿਪਾਹੀ ਖੜ੍ਹੇ ਸਨ। ਨਵਾਬ ਨੇ ਉਨ੍ਹਾਂ ਨੂੰ ਦੱਸਿਆ ਕਿ ਗੁਰੂ ਜੀ, ਵੱਡੇ ਦੋਵੇਂ ਸਾਹਿਬਜ਼ਾਦੇ ਅਤੇ ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਬਦਲੇ ਸੁਰੱਖਿਅਤ ਜ਼ਿੰਦਗੀ ਦੇਣ ਦੀ ਪੇਸ਼ਕਸ਼ ਕੀਤੀ। ਬੱਚਿਆਂ ਨੇ ਨਿਡਰਤਾ ਨਾਲ ਇਸਲਾਮ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਪ੍ਰਸ਼ਨ ਕੀਤਾ ਕਿ ਕੀ ਉਨ੍ਹਾਂ ਦੇ ਦਾਦੇ ਗੁਰੂ ਤੇਗ ਬਹਾਦਰ ਜੀ ਨੇ ਇਸਲਾਮ ਕਬੂਲ ਕਰ ਲਿਆ ਸੀ? ਨਵਾਬ ਦੇ ਟੋਡੀ ਦਰਬਾਰੀ ਸੁੱਚਾ ਨੰਦ ਨੇ ਕਿਹਾ ਕਿ ਇਨ੍ਹਾਂ ਸਪੋਲੀਆਂ ਦੇ ਸਿਰ ਫੇਹ ਦੇਣੇ ਚਾਹੀਦੇ ਹਨ। ਬੱਚਿਆਂ ਨੂੰ 25 ਦਸੰਬਰ ਨੂੰ ਕਚਹਿਰੀ ਵਿਚ ਫਿਰ ਪੇਸ਼ ਕੀਤਾ ਗਿਆ, ਪਰ ਉਨ੍ਹਾਂ ਉਤੇ ਦਬਾਅ ਦੇ ਢੰਗ-ਤਰੀਕਿਆਂ ਦਾ ਰੱਤੀ ਭਰ ਵੀ ਅਸਰ ਨਾ ਹੋਇਆ।

ਮਲੇਰ ਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਜਿਸ ਦਾ ਭਰਾ ਅਤੇ ਭਤੀਜਾ ਗੁਰੂ ਜੀ ਨਾਲ ਲੜਦਿਆਂ ਮਾਰੇ ਗਏ ਸਨ, ਨੂੰ ਬੱਚਿਆਂ ਨੂੰ ਕਤਲ ਕਰ ਦੇਣ ਲਈ ਕਿਹਾ, ਪਰ ਉਸ ਨੇ ਹਾਅ ਦਾ ਨਾਅਰਾ ਮਾਰਦਿਆਂ ਕਿਹਾ ਕਿ ਸਾਡਾ ਦੁਸ਼ਮਣ ਗੁਰੂ ਹੈ, ਇਨ੍ਹਾਂ ਸ਼ੀਰ-ਖੋਰ ਬੱਚਿਆਂ ਨਾਲ ਸਾਡੀ ਕੀ ਦੁਸ਼ਮਣੀ ਹੈ? ਸ਼ੇਰ ਮੁਹੰਮਦ ਖਾਂ ਇਹ ਕਹਿ ਕੇ ਦਰਬਾਰ ਵਿਚੋਂ ਬਾਹਰ ਚਲਿਆ ਗਿਆ। ਅਖੀਰ ਨਵਾਬ ਵਜ਼ੀਰ ਖਾਨ ਨੇ ਬੱਚਿਆਂ ਨੂੰ ਕੰਧਾਂ ਵਿਚ ਚਿਣਨ ਲਈ ਕਿਹਾ। ਜੱਲਾਦਾਂ ਨੇ ਗਾਰੇ ਤੇ ਇੱਟਾਂ ਨਾਲ ਬੱਚਿਆਂ ਦੁਆਲੇ ਕੰਧ ਉਸਾਰਨੀ ਸ਼ੁਰੂ ਕੀਤੀ। ਜਦੋਂ ਕੰਧ ਮੋਢਿਆਂ ਨੇੜੇ ਗਈ ਤਾਂ ਉਨ੍ਹਾਂ ਗੁੱਸੇ ਨਾਲ ਕੰਧ ਨੂੰ ਧੱਕਾ ਮਾਰਿਆ। ਕੰਧ ਗਾਰੇ ਦੀ ਅਤੇ ਗਿੱਲੀ ਹੋਣ ਕਰ ਕੇ ਡਿੱਗ ਪਈ। ਜੱਲਾਦ ਸਿਸ਼ਾਲ ਬੇਗ ਤੇ ਵਿਸ਼ਾਲ ਬੇਗ ਜੋ ਸਮਾਣੇ ਦੇ ਸਨ, ਨੇ ਬੱਚਿਆਂ ਨੂੰ ਕੋਹ ਕੇ ਸ਼ਹੀਦ ਕਰ ਦਿੱਤਾ। ਮਾਤਾ ਗੁਜਰੀ ਨੂੰ ਖਬਰ ਪੁੱਜੀ ਤਾਂ ਬੇਹੋਸ਼ ਹੋ ਕੇ ਡਿੱਗ ਪਏ। ਟੋਡਰ ਮੱਲ ਨੇ ਧਰਤੀ 'ਤੇ ਮੋਹਰਾਂ ਵਿਛਾ ਕੇ ਸਸਕਾਰ ਲਈ ਜ਼ਮੀਨ ਖਰੀਦੀ ਤੇ ਸਸਕਾਰ ਕੀਤਾ। ਇਸ ਥਾਂ 'ਤੇ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ।

ਜਿਸ ਕੁਲ ਕੌਮ ਜਾਤ ਕੇ ਬੱਚੇ,
ਦੇ ਸਕਤੇ ਯੂੰ ਬਲੀਦਾਨ।
ਉਸ ਕੌਮ ਕਾ ਵਰਤਮਾਨ ਕੁਛ ਭੀ ਹੋ,
ਭਵਿਸ਼ ਹੈ ਮਹਾਂ ਮਹਾਨ।



*ਅਨੰਦਪੁਰ ਸਾਹਿਬ*

# ਕੱਚਾ ਘਰ

**'ਕੱਚਾ ਘਰ' ਸਮਝੋ ਆਪਣੇ ਪੰਜਾਬ ਦਾ ਫੇਰਾ ਹੈ। ਇਹ ਫੇਰਾ ਹਰ ਪਰਵਾਸੀ ਦੇ ਮਨ ਵਿਚ ਬਹੁਤ ਡੂੰਘਾ ਉਤਰਿਆ ਹੋਇਆ ਹੈ। ਜਾਪਦਾ ਹੈ, ਵਕਤ ਉਥੇ ਦਾ ਉਥੇ ਹੀ ਖਲੋ ਗਿਆ ਹੈ ਜਿਥੋਂ ਅਸੀਂ ਪਰਵਾਸ ਵੱਲ ਉਡਾਰੀ ਮਾਰੀ ਸੀ। ਜ਼ਿੰਦਗੀ ਦੀਆਂ ਘੋਰ ਹਕੀਕਤਾਂ ਨਾਲ ਦੋ-ਚਾਰ ਹੁੰਦਿਆਂ ਪਰਵਾਸੀਆਂ ਨੂੰ ਪਤਾ ਨਹੀਂ ਕਿੰਨੀਆਂ ਤੇ ਕਿਹੜੀਆਂ ਪਰਵਾਜ਼ਾਂ ਭਰਨੀਆਂ ਪੈਂਦੀਆਂ ਹਨ, ਪਰ ਜਦੋਂ ਵੀ ਯਾਦਾਂ ਦੀ ਕੰਨੀ ਚੁੱਕੀ ਜਾਂਦੀ ਹੈ, ਬੇਕਾਬੂ ਹੋਇਆ ਮਨ ਪਿਛੇ ਛੁੱਟ ਗਈਆਂ ਗਲੀਆਂ ਵਿਚ ਜਾ ਵੜਦਾ ਹੈ। -ਸੰਪਾਦਕ**

ਅਲਾਰਮ ਦੀ ਘੰਟੀ ਵੱਜਦੀ ਹੈ...ਪਰ ਉਠਣ ਨੂੰ ਦਿਲ ਨਹੀਂ ਕਰਦਾ। ਸੋਚਿਆ, ਫੋਨ ਕਰ ਦਿੰਦੀ ਹਾਂ। ਸੋ, ਕੰਮ 'ਤੇ ਫੋਨ ਕਰ ਕੇ ਆਖ ਦਿੱਤਾ, 'ਮੈਂ ਬਿਮਾਰ ਹਾਂ, ਆ ਨਹੀਂ ਸਕਦੀ।' ਫਿਰ ਨੀਂਦ ਨਾ ਆਵੇ, ਪਤਾ ਨਹੀਂ ਅਲਾਰਮ ਦੀ ਆਵਾਜ਼ ਮੈਨੂੰ ਮੇਰੇ ਪਿੰਡ ਮੇਰੇ ਘਰ ਖਿੱਚ ਕੇ ਕਿਵੇਂ ਲੈ ਗਈ?...

ਸਵੇਰੇ ਮੂੰਹ ਹਨ੍ਹੇਰੇ ਚਾਚੇ ਬਨਸ ਦੀ ਆਵਾਜ਼ ਸੁਣਦੀ ਹੈ, "ਭਾਅ, ਉਠ ਹੰਢਾਲੀ ਕਰੀਏ। ਭਾਬੀ ਚਾਹ ਧਰ'ਦੇ।" ਤੇ ਭਾਅ ਵਾਹਿਗੁਰੂ-ਵਾਹਿਗੁਰੂ ਆਖਦਾ, "ਉਠ ਕੁਲਵੰਤ

ਦੇਵਿੰਦਰ ਗੁਰਾਇਆ, ਵਰਜੀਨੀਆ
ਫੋਨ: 571-315-9543

ਦੀ ਬੀਬੀ! ਮਖ ਛੇਤੀ ਕਰ, ਮੁੰਡਾ ਕਦੋਂ ਦਾ ਬੈਠਾ ਚਾਹ 'ਡੀਕੀ ਜਾਂਦਾ।" ਬੀਬੀ ਮੰਜੀ ਤੋਂ ਹੇਠਾਂ ਪੈਰ ਰੱਖਣ ਤੋਂ ਪਹਿਲਾਂ ਹੱਥ ਜੋੜ ਕੇ ਮੂੰਹ ਵਿਚੋਂ ਕੁਝ ਬੋਲਦੀ। ਫਿਰ ਬਹੁਕਰ ਫੜ ਕੇ ਚੌਂਕਾ ਹੂੰਝਦੀ ਹੈ, ਗੋਹੇ ਭੰਨ ਕੇ ਚੁੱਲ੍ਹੇ ਵਿਚ ਰੀਣੀ ਦੇ ਕੇ ਪਾਥੀ ਦੇ ਟੁਕੜੇ 'ਤੇ ਮਿੱਟੀ ਦਾ ਤੇਲ ਪਾ ਕੇ ਜਾਂ ਜੇ ਤੇਲ ਨਾ ਹੋਵੇ ਤਾਂ ਚੂਰੇ ਦੀਆਂ ਛਿਟੀਆਂ ਨੂੰ ਕਾਗਜ਼ ਬਾਲ ਕੇ ਅੱਗ ਲਾਉਂਦੀ ਹੈ। ਬਲਦੀਆਂ ਛਿਟੀਆਂ ਰੀਣੀ ਦੇ ਵਿਚਕਾਰ ਰੱਖ ਕੇ ਬੀਬੀ ਨਲਕਾ ਗੇੜ ਕੇ ਮੂੰਹ-ਹੱਥ ਧੋਂਦੀ ਹੈ। ਚੁੰਨੀ ਦੇ ਪੱਲੇ ਨਾਲ ਮੂੰਹ ਪੂੰਝ ਬਾਬੇ ਦੀ ਤਸਵੀਰ ਅੱਗੇ ਹੱਥ ਜੋੜ ਕੇ ਖਲੋ ਜਾਂਦੀ ਹੈ। ਪਤਾ ਨਹੀਂ, ਬੀਬੀ ਕੀ ਮੰਗਦੀ ਹੈ? ਉਸ ਨੇ ਕਦੀ ਉਚੀ ਕੁਝ ਨਹੀਂ ਉਚਾਰਿਆ। ਮੈਂ ਰੋਜ਼ ਸਵੇਰੇ ਬੀਬੀ ਨੂੰ ਇਸੇ ਤਰ੍ਹਾਂ ਹੱਥ ਜੋੜੀ ਖੜ੍ਹੀ ਦੇਖਦੀ ਹਾਂ।

ਹੁਣ ਬੀਬੀ ਪਤੀਲੀ ਵਿਚ ਪਾਣੀ ਪਾ ਕੇ ਚੁੱਲ੍ਹੇ 'ਤੇ ਧਰ ਦਿੰਦੀ ਹੈ। ਮੈਂ ਸੋਚਦੀ ਹਾਂ, ਬੀਬੀ ਅੱਗ ਬਾਲ ਕੇ ਉਸੇ ਵੇਲੇ ਪਤੀਲੀ ਕਿਉਂ ਨਹੀਂ ਰੱਖਦੀ। ਇਕ ਦਿਨ ਪੁੱਛਣ 'ਤੇ ਬੀਬੀ ਨੇ ਦੱਸਿਆ ਕਿ ਇਉਂ ਕੱਚੀ ਅੱਗ ਦਾ ਧੂੰਆਂ, ਪਾਣੀ ਵਿਚ ਚਲਾ ਜਾਂਦਾ ਹੈ ਤੇ ਚਾਹ ਵਿਚੋਂ ਤੇਲ ਜਾਂ ਧੂੰਏ ਦੀ ਬੋਅ ਆਉਂਦੀ ਹੈ।

ਮੇਰੇ ਚੇਤਿਆਂ ਵਿਚ ਉਸੇ ਤਰ੍ਹਾਂ ਪਿਆ ਹੈ, ਭਾਅ ਦਾ ਕਾਹਲੀ-ਕਾਹਲੀ ਚਾਹ ਪੀਣਾ, ਤੇ ਬੀਬੀ ਦਾ ਹੱਸ ਕੇ ਆਖਣਾ, "ਕੋਈ ਮਗਰ ਪਿਆ ਏ, ਚੱਜ ਨਾਲ ਚਾਹ ਤਾਂ ਪੀ ਲਿਆ ਕਰੋ।"

ਭਾਅ ਨੇ ਜਵਾਬ ਦੇਣਾ, "ਸੌਖਿਆ ਕਰਮਾਂ ਵਾਲੀਏ, ਲੋਕਾਂ ਤੇ ਜੋਤਰਾ ਲਾ ਲਿਆ ਏ, ਤੇ ਅਸੀਂ ਅਜੇ ਘਰ ਬੈਠੇ ਆਂ।" ਨਾਲ ਹੀ ਚਾਚੇ ਨੂੰ ਆਖਣਾ, "ਚੱਲ ਓਏ ਸ਼ੇਰਾ! ਜਵਾਨ ਬਣ ਕੇ ਪੈਰ ਪੁੱਟ ਹੀਰਿਆ।" ਆਖਦਾ ਭਾਅ ਹਵੇਲੀ ਵਿਚੋਂ ਹੰਢਾਲੀਆਂ ਹੱਕ ਲੈਂਦਾ ਹੈ।

ਬੀਬੀ (ਮੇਰੀ ਮਾਂ) ਦੇ ਚਿਹਰੇ 'ਤੇ ਸੰਤੁਸ਼ਟ ਜੀਵਨ ਦੀ ਝਲਕ ਸਦਾ ਦਿਖਾਈ ਦੇਣੀ। ਉਹ ਦੁੱਧ ਰਿੜਕਣਾ ਪਾ ਕੇ ਧਾਰਾਂ ਕੱਢਣ ਚਲੀ ਜਾਂਦੀ। ਨਾਲ ਦੋ ਬਾਲਟੀਆਂ ਲੈ ਕੇ ਜਾਂਦੀ, ਇਕ ਮੱਝ ਦੀ ਧਾਰ ਕੱਢ ਕੇ ਪਿੱਤਲ ਦੇ ਢੱਕਣ ਨਾਲ ਬਾਲਟੀ ਕੱਜ ਦਿੰਦੀ, ਫਿਰ ਦੂਜੀ ਧਾਰ ਕੱਢ ਕੇ ਦੋ ਬਾਲਟੀਆਂ ਲਿਆ ਕੇ ਚੌਂਕੇ ਦੀ ਬੰਨੀ 'ਤੇ ਰੱਖ ਦਿੰਦੀ। ਨਲਕੇ ਤੋਂ ਹੱਥ-ਪੈਰ ਧੋ ਕੇ ਕਾੜ੍ਹਨੀ ਵਿਚੋਂ ਪਾਣੀ ਫੇਰਦੀ ਹੈ। ਦੁੱਧ ਪੁਣਨ ਲੱਗਿਆਂ ਕਈ ਵਾਰ ਮੈਨੂੰ ਪੋਣੀ ਫੜਨ ਲਈ ਆਖਦੀ ਹੈ, ਬਹੁਤੀ ਵਾਰ ਆਪ ਹੀ ਮੰਗ ਭਰ ਕੇ ਦੁੱਧ ਪੁਣ ਲੈਂਦੀ ਹੈ।

ਬੀਬੀ ਘਿਉ ਕੱਢ ਕੇ ਵੱਡਾ ਛੰਨਾ ਅੰਦਰ ਲੱਕੜ ਦੀ ਬਾਰੀ ਵਿਚ ਰੱਖਦੀ ਅਤੇ ਠੂਠੀ ਭਰ ਕੇ ਚੌਂਕੇ ਦੇ ਆਲੇ ਵਿਚ ਰੱਖ ਲੈਂਦੀ। ਫਿਰ ਬੋਰੀ ਵਿਛਾ ਕੇ, ਤੇ ਉਪਰ ਪਰਾਤ ਰੱਖ ਕੇ ਆਟਾ ਗੁੰਨ੍ਹਦੀ ਅਤੇ ਮਖਮਲ ਦੇ ਪਤਲੇ ਪੋਣੇ ਨਾਲ ਕੱਜਦੀ, ਉਪਰ ਚੰਗੇਰ ਦੇ ਦਿੰਦੀ। ਚੰਗੇਰ ਉਪਰ ਮਿੱਟੀ ਜਾਂ ਪੱਥਰ ਦਾ ਕੂੰਡਾ ਮੂਧਾ ਮਾਰ ਕੇ ਬੀਬੀ ਨਲਕੇ ਤੋਂ ਪਾਣੀ ਵਾਲੀ ਗੜਵੀ ਤੇ ਆਟੇ ਵਾਲੇ ਹੱਥ ਧੋਂਦੀ।

ਬੀਬੀ ਮੇਰੇ ਵੱਡੇ-ਛੋਟੇ ਭੈਣ-ਭਰਾਵਾਂ ਨੂੰ ਸਕੂਲ ਜਾਣ ਲਈ ਜਗਾਉਂਦੀ ਹੈ। ਹੱਥ-ਮੂੰਹ ਧੁਆ, ਕੱਪੜੇ ਪੁਆ ਸਿਰ ਵਾਹੁੰਦੀ ਮੈਨੂੰ ਚੌਂਕੇ ਵਿਚ ਜਾਣ ਲਈ ਆਖਦੀ ਹੈ, "ਬੀਬੀ ਭੈਣ ਬਣ ਕੇ ਜਾਈਂ ਜ਼ਰਾ ਚੁੱਲ੍ਹੇ ਵਿਚ ਗੋਹਾ ਪਾਈਂ, ਨਾਲੇ ਉਪਰ ਤਵਾ ਰੱਖ ਦੇਈਂ।" ਮੈਂ ਸਾਰਾ ਸਾਮਾਨ ਚੁੱਲ੍ਹੇ ਲਾਗੇ ਰੱਖ ਦਿੰਦੀ ਹਾਂ- ਆਟਾ, ਮੱਖਣ, ਚਕਲਾ, ਵੇਲੁਣਾ, ਦਹੀਂ, ਆਚਾਰ...। ਬੀਬੀ ਪਹਿਲਾਂ ਦਹੀਂ ਤੇ ਮੱਖਣ ਨਾਲ ਪਰੌਂਠੇ ਖੁਆਉਂਦੀ, ਫਿਰ ਦੋ-ਦੋ ਪਰੌਂਠੇ ਅੰਬ ਦੇ ਆਚਾਰ ਨਾਲ ਪੱਲੂ ਬੰਨ੍ਹ ਕੇ ਸਕੂਲ ਤੋਰਦੀ ਹੈ।

ਹੁਣ ਬੀਬੀ ਚਾਹ ਪੀਣ ਲਈ ਆਖਦੀ ਹੈ। ਕਈ ਵਾਰ ਸ਼ਹਿਰੋਂ ਲਿਆਂਦੇ ਰਸ ਘਰ ਹੁੰਦੇ ਤਾਂ ਚਾਹ ਨਾਲ ਖਾਣ ਲਈ ਦੇ ਦਿੰਦੀ। ਕਦੀ-ਕਦੀ ਬਾਹਰ ਫੇਰੇ ਵਾਲਾ ਡਬਲ ਰੋਟੀ ਦਾ ਹੋਕਾ ਦਿੰਦਾ ਤਾਂ ਬੀਬੀ ਚਾਰ ਆਨੇ ਦੇ ਕੇ ਆਖਦੀ, "ਜਾਹ ਆਪਣੇ ਵਾਸਤੇ ਡਬਲ ਰੋਟੀ ਲੈ ਆ।" ਮੈਨੂੰ ਹਮੇਸ਼ਾ ਲੱਗਦਾ ਕਿ ਬੀਬੀ ਮੇਰਾ ਵੱਧ ਖਿਆਲ ਰੱਖਦੀ ਹੈ।

ਚਾਹ ਨਾਲ ਰੱਜ ਕੇ ਮੈਂ ਬਿਸਤਰੇ ਇਕੱਠੇ ਕਰਨ ਲੱਗ ਜਾਣਾ। ਸਾਰੇ ਬਿਸਤਰੇ ਵੱਡੇ ਨਵਾਰੀ ਮੰਜੇ 'ਤੇ ਢੇਰ ਲਾ ਦੇਣੇ। ਮੰਜਾ ਮਿੱਟੀ ਦੇ ਪੜਾਵਿਆਂ 'ਤੇ ਰੱਖਿਆ ਸੀ, ਉਚਾ ਹੋਣ ਕਾਰਨ ਬਾਹਾਂ ਥੱਕ ਜਾਣੀਆਂ। ਕਈ ਵਾਰ ਸਾਰੇ ਬਿਸਤਰੇ ਉਲਰ ਜਾਣੇ, ਤੇ ਦੁਬਾਰਾ ਤਹਿਆਂ ਲਾਉਣੀਆਂ ਪੈਣੀਆਂ। ਬਹੁਤ ਵੱਡਾ ਟੱਬਰ ਸੀ, ਸਾਰਾ ਮੰਜਾ ਬਿਸਤਰਿਆਂ ਨਾਲ ਭਰ ਜਾਣਾ। ਫਿਰ ਕੋਟੀਆਂ-ਸਵੈਟਰ, ਸ਼ਾਲ, ਖੇਸ-ਖੇਸੀਆਂ, ਲੋਈਆਂ ਜੋੜਨੀਆਂ ਅਤੇ ਅੰਦਰ ਪੱਕਾ ਡੱਠਾ ਦੂਜਾ ਮੰਜਾ ਅੱਧਾ ਭਰ ਜਾਣਾ। ਬਿਸਤਰਿਆਂ ਤੋਂ ਬਾਅਦ ਮੈਂ ਥਾਂ ਹੂੰਝਦੀ। ਪਹਿਲਾਂ ਅੰਦਰ, ਫਿਰ ਰਸੋਈ ਚੌਂਕਾ, ਬੜ੍ਹਾ, ਡੰਗਰਾਂ ਵਾਲੇ ਟਾਂਰੇ ਦਾ ਅੱਧਾ ਹਿੱਸਾ ਜੋ ਬਾਹਰਲੇ ਬੂਹੇ ਨੂੰ ਸਾਹਮਣਾ ਸੀ। ਇਸ ਹਿੱਸੇ ਵਿਚੋਂ ਕੱਚੀਆਂ ਕੋਠੀਆਂ, ਮਿੱਟੀ ਦੇ ਭਾਂਡੇ- ਮੱਟ, ਚਾਟੀਆਂ, ਘੜੇ ਬੜੀ ਤਰਤੀਬ ਨਾਲ ਰੱਖੇ ਹੁੰਦੇ। ਫਿਰ ਹੇਠਲਾ ਵਿਹੜਾ, ਬਾਹਰ ਦੇ ਦਰਵਾਜ਼ੇ ਤੱਕ ਹੂੰਝਦੀ। ਕੂੜਾ ਜ਼ਿਆਦਾ ਹੋ ਜਾਂਦਾ ਤਾਂ ਬੀਬੀ ਆਖਦੀ, "ਇੰਨਾ ਕਾਹਨੂੰ ਧੂਈ ਜਾਂਦੀ ਏਂ, ਬਾਲਟੇ ਵਿਚ ਪਾ ਕੇ ਬਾਹਰ ਸੁੱਟ।" ਕਈ ਵਾਰ ਬਾਹਰਲੇ ਬੂਹੇ ਤੋਂ ਲੈ ਕੇ ਦੂਰ ਤੱਕ ਗਲੀ ਹੂੰਝ ਦੇਣੀ, ਨਲਕਾ ਗੇੜ ਕੇ ਨਾਲੀ ਵਿਚ ਮਾਂਜਾ ਮਾਰ ਦਿੰਦੀ। ਮਾਂਜਾ ਰੱਖ ਕੇ ਕੱਪੜੇ ਝਾੜਦੀ, ਹੱਥ-ਮੂੰਹ ਧੋਂਦੀ ਤਾਂ ਬੀਬੀ ਆਖਦੀ, "ਆ ਜਾ, ਮੈਂ ਚਾਹ ਵਿਚ ਹੋਰ ਮਿੱਠਾ ਤੇ ਦੁੱਧ ਪਾਇਆ ਏ। ਬੜੀ ਸੁਆਦ ਬਣ ਗਈ ਏ।" ਬੜੀ ਵਾਰ ਵੱਡੇ ਵੀਰ ਨੇ ਆਖਿਆ ਕਿ ਚਾਹ ਦੁਬਾਰਾ ਗਰਮ ਕੀਤਿਆਂ ਜ਼ਹਿਰ ਬਣ ਜਾਂਦੀ ਹੈ, ਪਰ ਬੀਬੀ ਨਹੀਂ ਮੰਨਦੀ। ਆਖਦੀ, "ਮਿੱਠਾ, ਦੁੱਧ ਤੇ ਪੱਤੀ ਪਾਈ ਏ, ਡੋਲ੍ਹਣੀ ਥੋੜ੍ਹਾ ਏ?...ਨਾਲੇ ਚਾਹ ਜ਼ਹਿਰ ਕਿਵੇਂ ਬਣ ਜਾਂਦੀ ਐ ਭਲਾ? ਐਵੇਂ ਚਾਰ ਅੱਖਰ ਪੜ੍ਹ ਕੇ ਗੱਲਾਂ ਮਾਰਦਾ ਰਹਿੰਦਾ।"

ਫਿਰ ਭਾਂਡੇ-ਟੀਂਡਿਆਂ ਦੀ ਵਾਰੀ ਆਉਂਦੀ। ਗਲਾਸ, ਕੌਲੀਆਂ, ਪਲੇਟਾਂ ਤੇ ਚਮਚ ਪੂੰਝਦੀ। ਕੁਰਸੀ-ਮੇਜ਼ ਵੀ। ਸੰਦੂਕ, ਪੇਟੀਆਂ ਤੋਂ ਪਰਦੇ ਚੁੱਕ-ਚੁੱਕ ਝਾੜਦੀ। ਪੱਕੇ ਡੱਠੇ ਦੋ ਮੰਜਿਆਂ ਤੋਂ ਖੇਸ ਚਾਦਰਾਂ ਚੁੱਕ ਕੇ ਝਾੜਦੀ। ਅੰਦਰ ਦੋ ਮੇਜ਼ ਸਨ; ਇਕ ਉਪਰ ਭਾਂਡੇ ਸਨ ਤੇ ਦੂਜਾ ਵੀਰ ਦੇ ਪੜ੍ਹਨ ਵਾਲਾ ਸੀ। ਅੰਦਰ ਕੰਧ ਵਿਚ ਬੜੀ ਪੁਰਾਣੀ ਲੱਕੜ ਦਾ ਕੋਕਿਆਂ ਵਾਲਾ ਆਲਾ ਸੀ। ਆਲੇ ਵਿਚ ਮੈਂ ਆਪਣੀ ਸਭ ਤੋਂ ਵੱਡੀ ਗੁੱਡੀ ਰੱਖੀ ਹੋਈ ਸੀ। ਬੀਬੀ ਨੇ ਇਹਨੂੰ ਸੂਟ ਸੀਅ ਕੇ ਪਾਇਆ ਹੋਇਆ ਸੀ। ਇਸ ਆਲੇ ਵਿਚ ਬੜੀਆਂ ਪੁਰਾਣੀਆਂ ਕਿਤਾਬਾਂ ਸਨ। ਭਾਅ ਇਨ੍ਹਾਂ ਨੂੰ ਕਿੱਸੇ ਆਖਦਾ ਹੈ- ਦਿਆ ਸਿੰਘ, ਹੀਰ ਰਾਂਝਾ ਤੇ ਪੂਰਨ ਭਗਤ ਦੇ ਕਿੱਸੇ। ਭਾਅ ਰੋਜ਼ ਰਾਤ ਨੂੰ ਇਨ੍ਹਾਂ ਵਿਚੋਂ ਲੰਮੀ ਹੇਕ ਲਾ ਕੇ ਗਾਉਣ ਵਾਂਗ ਪੜ੍ਹਦਾ। ਬੀਬੀ ਹਮੇਸ਼ਾ ਭਾਅ ਨੂੰ ਇਸ ਤਰ੍ਹਾਂ ਹੇਕਾਂ ਲਾਉਣ ਤੋਂ ਟੋਕਦੀ। ਕਈ ਵਾਰ ਮੈਂ ਆਲੇ ਵਿਚੋਂ ਕਿੱਸੇ ਕੱਢ ਕੇ ਬਾਹਰ ਮੇਜ਼ 'ਤੇ ਰੱਖ ਦਿੰਦੀ। ਭਾਅ ਨੇ ਆਖਣਾ, "ਕੁੜੀਏ ਮੇਰੇ ਕਿੱਸੇ ਕਿਥੇ ਨੇ?" ਮੈਂ ਮੇਜ਼ ਤੋਂ ਚੁੱਕ ਕੇ ਫੜਾਉਂਦੀ ਆਖਦੀ, "ਭਾਅ, ਆਲੇ ਵਿਚ ਤਾਂ ਗੁੱਡੀਆਂ ਰੱਖੀਦੀਆਂ ਨੇ।" ਭਾਅ ਹੱਸ ਕੇ ਆਖਦਾ, "ਪੁੱਤ ਇਹ ਚੀਜ਼ਾਂ ਬਾਹਰ ਰੱਖਣ ਵਾਲੀਆਂ ਨਹੀਂ।" ਮੈਂ ਸੋਚਦੀ, ਪਤਾ ਨਹੀਂ ਕੀ ਲਿਖਿਆ ਹੈ ਇਨ੍ਹਾਂ ਕਿਤਾਬਾਂ ਵਿਚ? ਪਹਿਲਾਂ ਭਾਅ ਸਿਰਹਾਣੇ ਹੇਠ ਰੱਖਦਾ ਸੀ। ਮੈਂ ਚਾਦਰਾਂ ਖੇਸ ਝਾੜਨ ਲੱਗਦੀ, ਤਾਂ ਰੋਜ਼ ਹੇਠਾਂ ਡੇਗ ਦਿੰਦੀ। ਵਰਕੇ ਖਿਲਰ ਜਾਣੇ, ਤਾਂ ਭਾਅ ਨੇ ਆਖਣਾ, "ਇਹ ਕੁੜੀ ਕਿਤੇ ਚੀਜ਼ਾਂ ਟਿਕਣ ਨਹੀਂ ਦਿੰਦੀ। ਜੜ੍ਹ ਵੱਢ ਕੇ ਰੱਖ ਦਿੱਤੀ।" ਫਿਰ ਵੀਰ ਨੇ ਇਹ ਵਰਕੇ ਠੀਕ ਕਰ ਕੇ ਸਿਰਹਾਣੇ ਹੇਠ ਰੱਖ ਦੇਣੇ।

ਭਾਅ ਦੀ ਪੁਰਾਣੀ ਜੁੱਤੀ ਮੈਂ ਦਾਣਿਆਂ ਵਾਲੀ ਕੋਠੀ ਦੀ ਨੁੱਕਰ ਵਿਚ ਵਾੜ ਦੇਣੀ। ਇਹ ਜੁੱਤੀ ਮੈਨੂੰ ਚੰਗੀ ਨਹੀਂ ਸੀ ਲੱਗਦੀ। ਮੋਟੀ ਖੱਲ ਦੀ ਇਹ ਜੁੱਤੀ ਲਿੱਬੜੀ ਹੋਈ ਹੁੰਦੀ। ਭਾਅ ਦੋ-ਚਾਰ ਦਿਨਾਂ ਬਾਅਦ ਇਸ ਨੂੰ ਦੇਸੀ ਤੇਲ ਲਾਉਂਦਾ। ਤੇਲ ਲਾਉਣ ਦਾ ਕਾਰਨ ਪੁੱਛਦੀ ਤਾਂ ਆਖਦਾ, "ਪੁੱਤ, ਤੇਲ ਨਾਲ ਜੁੱਤੀ ਕੂਲੀ ਹੋ ਜਾਂਦੀ ਹੈ, ਤੇ ਪੈਰ ਨਹੀਂ ਵੱਢਦੀ।" ਭਾਅ ਕੋਲ ਕੁਰਮ ਦੀ ਨਵੀਂ ਜੁੱਤੀ ਵੀ ਸੀ, ਜਦੋਂ ਵਾਂਢੇ ਜਾਂ ਤਰੀਕੇ ਜਾਂਦਾ, ਚਿੱਟੀ ਚਾਦਰ ਕੁੜਤੇ ਨਾਲ ਇਹੀ ਜੁੱਤੀ ਪਾਉਂਦਾ। ਤਰੀਕ 'ਤੇ ਜਾਣ ਲੱਗਿਆ ਭਾਅ ਗਲ ਵਿਚ ਪਰਨਾ ਪਾ ਕੇ ਦਸਾਂ ਗੁਰੂਆਂ ਦੀ ਫੋਟੋ ਅੱਗੇ ਖਲੋ ਕੇ ਅਰਦਾਸ ਕਰਦਾ। ਬੀਬੀ ਚਿੱਟੇ ਝੋਲੇ ਵਿਚ ਪੰਜ-ਸੱਤ ਪਰੌਂਠੇ ਪਕਾ ਕੇ ਬੰਨ੍ਹ ਦਿੰਦੀ। ਭਾਅ ਸਾਈਕਲ ਦੇ ਡੰਡੇ ਨਾਲ ਝੋਲਾ ਬੰਨ੍ਹ ਲੈਂਦਾ। ਉਹ ਬੱਸੇ ਘੱਟ ਹੀ ਜਾਂਦਾ ਸੀ। ਆਖਦਾ, "ਪੁੱਤ! ਢਾਈ ਰੁਪਿਆਂ ਦਾ ਭਾੜਾ ਜ਼ਰੂਰ ਖਰਚਣਾ। ਉਹਦੇ ਪਕੌੜੇ ਲੈ ਕੇ ਪਰੌਂਠਿਆਂ ਨਾਲ ਖਾਵਾਂਗੇ। ਨਾਲੇ ਸਾਈਕਲ ਚਲਾਉਣ ਨਾਲ ਸਿਹਤ ਚੰਗੀ ਰਹਿੰਦੀ ਹੈ।" ਭਾਅ ਦੂਜੇ ਪਿੰਡ ਦੇ ਨੰਬਰਦਾਰ ਫੌਜਾ ਸਿੰਘ ਨਾਲ ਤਰੀਕੇ ਜਾਂਦਾ, ਬਾਅਦ ਵਿਚ ਪਤਾ ਲੱਗਾ ਕਿ ਉਸੇ ਨਾਲ ਜ਼ਮੀਨ ਦਾ ਕੇਸ ਚੱਲਦਾ ਸੀ। ਬੜੀ ਹੈਰਾਨੀ ਹੁੰਦੀ। ਭਾਅ ਉਹਨੂੰ ਚਾਚਾ ਆਖਦਾ ਤੇ ਹਮੇਸ਼ਾ ਬੀਬੀ ਨੂੰ ਆਖਣਾ ਕਿ ਚਾਚੇ ਵਾਸਤੇ ਵੀ ਦੋ ਪਰੌਂਠਿਆਂ ਬੰਨ੍ਹ ਦਈਂ। ਉਸ ਨੇ ਬਾਹਰੋਂ ਆਵਾਜ਼ ਮਾਰਨੀ, "ਕਰਤਾਰ ਸਿਆਂ, ਤਿਆਰ ਏਂ ਭਈ...ਕੁਵੇਲਾ ਨਾ ਕਰ।" ਭਾਅ ਨੇ ਜ਼ੋਰ ਦੇ ਕੇ ਆਖਣਾ, "ਚਾਚਾ! ਘੁੱਟ ਚਾਹ ਦਾ ਪੀ ਲਈਏ।" ਚਾਚਾ ਬੜੇ ਅਦਬ ਨਾਲ ਬੀਬੀ ਤੋਂ ਚਾਹ ਦਾ ਕੱਪ ਫੜਦਾ, ਪੀਂਦਾ ਤੇ ਦੋਵੇਂ ਵਿਰੋਧੀ ਧਿਰਾਂ, ਦੋਸਤਾਂ ਵਾਂਗ ਕਚਹਿਰੀ ਤੁਰ ਪੈਂਦੀਆਂ।



ਹਾਂ ਸੱਚ...ਗੱਲ ਤਾਂ ਝਾੜ-ਪੂੰਝ ਦੀ ਹੋ ਰਹੀ ਸੀ। ਮੈਂ ਨਲਕੇ ਤੋਂ ਹੱਥ-ਮੂੰਹ ਧੋਂਦੀ। ਬੀਬੀ ਰੋਟੀਆਂ ਬੰਨ੍ਹਣ ਦਾ ਪ੍ਰਬੰਧ ਕਰਦੀ। ਬੇਲੇ ਵਾਲੀ ਪੈਲੀ ਪਿੰਡ ਤੋਂ ਕਾਫੀ ਦੂਰ ਸੀ। ਜੇ ਭਾਅ ਤਿੰਨ ਹਲ ਲੈ ਕੇ ਜਾਂਦਾ, ਤਾਂ ਰੋਟੀ ਭੈਣ ਸਵਰਨੀ (ਮਾਸੀ ਤੇ ਤਾਈ ਦੀ ਕੁੜੀ) ਲੈ ਕੇ ਜਾਂਦੀ। ਦੋ ਹਲ ਹੁੰਦੇ ਤਾਂ ਨੌਕਰ (ਜਿਹਨੂੰ ਅਸੀਂ ਚਾਚਾ ਕਹਿੰਦੇ ਸਾਂ) ਰੋਟੀਆਂ ਲੈ ਜਾਂਦਾ। ਦੋਹਾਂ ਘਰਾਂ ਵਿਚ ਦੋ ਨੌਕਰ ਸਨ। ਵੱਡਾ ਭਾਅ (ਤਾਇਆ) ਨੰਬਰਦਾਰ ਸੀ। ਸੋ ਸਾਰੇ ਕੰਮ ਭਾਅ ਹੀ ਕਰਦਾ ਸੀ, ਉਹ ਤਾਂ ਸਿਰਫ ਚੌਧਰ ਕਰਦਾ ਸੀ। ਕਿਤੇ ਵੀ ਪੁਲਿਸ ਪੈਂਦੀ, ਰੋਟੀ ਸਾਡੇ ਘਰ ਬਣਦੀ। ਕੁੱਕੜ, ਸ਼ਰਾਬਾਂ, ਚਾਹ। ਵੱਡੀ ਬੀਬੀ ਨੂੰ ਮੈਂ ਹਮੇਸ਼ਾ ਚੌਂਕੇ ਵਿਚ ਹੀ ਦੇਖਦੀ-ਤੜਕੇ ਲਗਾਉਂਦੀ, ਰੋਟੀਆਂ ਪਕਾਉਂਦੀ। ਬੜੀ ਹੌਸਲੇ ਵਾਲੀ ਔਰਤ ਸੀ। ਬੀਬੀ ਉਸ ਦੀ ਮਾਂਵਾਂ ਵਾਂਗ ਕਦਰ ਕਰਦੀ, ਦੋਹਾਂ ਭੈਣਾਂ ਦਾ ਪਿਆਰ ਤੇ ਸਲੂਕ ਸਾਰੇ ਇਲਾਕੇ ਵਿਚ ਮਿਸਾਲ ਸੀ।

ਮੈਨੂੰ ਹਮੇਸ਼ਾ ਤਾਂਘ ਰਹਿੰਦੀ ਕਿ ਭੈਣ ਰੋਟੀਆਂ ਲੈ ਕੇ ਜਾਵੇ, ਨਾਲ ਮੈਂ ਵੀ ਜਾਵਾਂਗੀ। ਉਥੇ ਛੋਲਿਆ ਤੋੜ ਕੇ ਭੁੰਨਾਂਗੀਆਂ, ਗੰਨੇ ਚੂਪਾਂਗੀਆਂ, ਚਿੱਬੜ ਚੁਗਾਂਗੀਆਂ। ਭੈਣ ਨਾਲ ਜਾਣ ਵਾਸਤੇ ਬੜੇ ਪਾਪੜ ਵੇਲਣੇ ਪੈਂਦੇ। ਭੈਣ ਦਾ ਹਰ ਕੰਮ ਦੌੜ-ਦੌੜ ਕਰਨਾ ਪੈਂਦਾ। ਉਸ ਨੂੰ ਖੁਸ਼ ਦੇਖ ਕੇ ਬੇਲੇ ਜਾਣ ਬਾਰੇ ਆਖਣਾ ਤਾਂ ਉਸ ਨੇ ਗਾਲ੍ਹਾਂ ਕੱਢਣੀਆਂ। ਆਖਣਾ, "ਚੱਲ ਅੱਜ ਤੈਨੂੰ ਪਾਉਨੀ ਆ ਗਿੰਦੜਾਂ ਅੱਗੇ। ਘਰ ਦੇ ਕੰਮ ਤੋਂ ਡਰਦੀ ਮੇਰੀ ਪੂਛ ਫੜੀ ਰੱਖਦੀ ਏ।" ਬੇਲੇ ਦੀ ਸਾਰੀ ਜ਼ਮੀਨ ਆਬਾਦ ਨਹੀਂ ਸੀ, ਕਾਫੀ ਹਿੱਸਾ ਜੰਗਲ ਸੀ। ਉਥੇ ਸੂਰ, ਗਿੱਦੜ, ਹਿਰਨ, ਚੀਤੇ, ਸਹੇ ਤੇ ਗੋਨਾਂ ਆਮ ਸਨ। ਭੈਣ ਜਦ ਸਿਰ 'ਤੇ ਲੱਸੀ ਵਾਲੀ ਵਲਟੋਹੀ ਰੱਖ ਕੇ ਉਪਰ ਰੋਟੀਆਂ ਦੀ ਗੰਢ ਰੱਖ ਕੇ ਤੁਰਦੀ ਤਾਂ ਮੈਂ ਸੋਚਦੀ, "ਭੈਣ ਕਿੰਨੀ ਆਜ਼ਾਦ ਤੇ ਦਲੇਰ ਹੈ। ਕਾਸ਼! ਮੈਂ ਵੀ ਭੈਣ ਵਰਗੀ ਹੋਵਾਂ।" ਭੈਣ ਕੱਪੜੇ ਵੀ ਸੀਅ ਲੈਂਦੀ ਸੀ। ਮਰਜ਼ੀ ਦੇ ਕੱਪੜੇ ਸਵਾਉਣ ਵਾਸਤੇ ਵੀ ਭੈਣ ਦੀ ਗੁਲਾਮ ਬਣਨਾ ਪੈਂਦਾ। ਇਕ ਵਾਰ ਮੈਂ ਆਖਿਆ ਕਿ ਸੂਟ ਪਾਉਣਾ ਹੈ। ਭੈਣ ਨੇ ਬੜੀਆਂ ਗਾਲਾਂ ਕੱਢੀਆਂ। ਅਖੇ, "ਅਜੇ ਜੰਮੀ ਹੈ ਨਹੀਂ, ਫੈਸ਼ਨ ਦੀਆਂ ਗੱਲਾਂ ਕਰਦੀ ਏ। ਉਰੇ ਆ, ਤੈਨੂੰ ਪਵਾਵਾਂ ਕਮੀਜ਼ ਸਲਵਾਰ।" ਭੈਣ ਮੇਰੇ ਮਗਰ ਦੌੜੀ ਤੇ ਮੈਂ ਵੱਡੀ ਬੀਬੀ ਦੀ ਬੁੱਕਲ ਵਿਚ ਜਾ ਲੁਕੀ।

ਇਕ ਦਿਨ ਬੇਬੇ ਨਾਲ ਰੋਟੀ ਲੈ ਕੇ ਜਾ ਰਹੀਆਂ ਸਾਂ। ਮੈਂ ਜ਼ਿਦ ਕੀਤੀ ਕਿ ਲੱਸੀ ਭੈਣ ਨੇ ਚੁੱਕੀ ਹੈ, ਰੋਟੀਆਂ ਮੈਂ ਚੁੱਕਣੀਆਂ। ਭੈਣ ਮੰਨੇ ਨਾ, ਆਖੇ ਤੂੰ ਡੇਗ ਦੇਵੇਂਗੀ। ਆਖਰ ਉਹਨੇ ਰੋਟੀਆਂ ਮੈਨੂੰ ਚੁਕਾ ਦਿੱਤੀਆਂ। ਭੈਣ ਅੱਗੇ ਮਟਕ-ਮਟਕ ਤੁਰ ਰਹੀ ਸੀ, ਮੈਂ ਉਸ ਦੇ ਪੈਰਾਂ 'ਤੇ ਪੈਰ ਰੱਖਦੀ ਪਿੱਛੇ-ਪਿੱਛੇ। ਭੈਣ ਨੇ ਪਿੱਛੇ ਭਉਂ ਕੇ ਦੇਖਿਆ, ਤਾਂ ਗਾਲ ਕੱਢ ਕੇ ਆਖਣ ਲੱਗੀ, "ਮੇਰੀ ਰੀਸ ਕਰਦੀ ਏਂ?" ਫਿਰ ਕੀ ਸੀ, ਮੇਰੇ ਕੋਲੋਂ ਡਰ ਕੇ ਰੋਟੀਆਂ ਡਿੱਗ ਪਈਆਂ।

---

ਇੰਨੇ ਵਰ੍ਹਿਆਂ ਬਾਅਦ ਅੱਜ ਵੀ ਮੇਰੇ ਕੰਨਾਂ ਵਿਚ ਬੇਲੇ ਦੀਆਂ ਟੱਲੀਆਂ ਦੀ ਆਵਾਜ਼ ਸੁਣਦੀ ਹੈ, ਕੰਨਾਂ ਵਿਚ ਰਸ ਘੋਲਦੀ ਹੈ। ਅੱਜ ਵੀ ਗੰਨਿਆਂ ਦੇ ਕੜੱਕ-ਕੜੱਕ ਟੁੱਟਣ ਦੀ ਆਵਾਜ਼ ਆਉਂਦੀ ਹੈ। ਮੈਂ ਕਦੀ ਨਹੀਂ ਵਿਸਾਰ ਸਕਦੀ ਉਹ ਘੜੀਆਂ ਉਹ ਪਲ, ਜਿਨ੍ਹਾਂ ਮੈਨੂੰ ਜ਼ਿੰਦਗੀ ਦੇ ਅਰਥ ਸਮਝਾਏ। ਉਹ ਨਿੱਕੇ-ਨਿੱਕੇ ਕੰਮ, ਉਹ ਚਾਅ ਹੀ ਤਾਂ ਧਰਾਤਲ ਹਨ ਮੇਰੀ ਅੱਜ ਦੀ ਜ਼ਿੰਦਗੀ ਵਾਸਤੇ! ਮੈਂ ਛੋਲੀਆ ਤੋੜਦੀ, ਗੰਨੇ ਭੰਨਦੀ, ਚਿੱਬੜ ਚੁਗਦੀ ਨੇ ਕੁਝ ਪ੍ਰਾਪਤ ਕਰਨਾ ਸਿੱਖਿਆ ਸੀ। ਮੈਂ ਕਪਾਹ ਚੁਗਦੀ, ਪੂਣੀਆਂ ਕੱਤਦੀ, ਦਰੀਆਂ-ਸਿਰਹਾਣੇ ਤੇ ਸਵੈਟਰ ਬੁਣਦੀ ਨੇ ਜ਼ਿੰਦਗੀ ਦੇ ਸੁਪਨੇ ਬੁਣਨੇ ਸਿੱਖੇ। ਥਾਂ ਹੂੰਝਦੀ, ਭਾਂਡੇ ਮਾਂਜਦੀ, ਤੀਲ੍ਹਾਂ ਤੋੜਦੀ, ਗੋਹਾ ਪੱਥਦੀ ਤੇ ਗਹੀਰੇ ਚਿਣਦੀ ਮੈਂ ਸੁਪਨਿਆਂ ਦੀਆਂ ਵਿਉਂਤਾਂ ਉਸਾਰਨ ਲੱਗ ਪਈ ਸਾਂ। ਮੈਂ ਕੋਠੇ ਲਿੱਪਦੀ, ਕਿਆਰੀਆਂ ਬਣਾ-ਬਣਾ ਫੁੱਲਾਂ ਵਾਲੇ ਬੂਟੇ ਬੀਜਦੀ, ਕਵਿਤਾ ਦੇ ਬੀਜ ਉਗਾਉਣੇ ਸਿੱਖ ਲਏ। ਗੁੱਡੀ ਸਾੜਦਿਆਂ, ਮੀਂਹ ਵਰ੍ਹਾਉਂਦਿਆਂ, ਕੰਧਾਂ-ਕੋਠੇ ਟੱਪਦਿਆਂ ਪਤਾ ਹੀ ਨਹੀਂ ਲੱਗਾ ਕਦੋਂ ਉਹ ਮੇਰਾ ਕੱਚਾ ਘਰ ਪੱਕਾ ਘਰ ਬਣ ਗਿਆ। ਫਿਰ ਇਕ ਦਿਨ ਉਹ ਘਰ ਪੇਕਾ ਘਰ ਬਣ ਗਿਆ। ਕੁਝ ਸਮੇਂ ਬਾਅਦ ਉਹ ਘਰ ਨਹੀਂ ਰਿਹਾ, ਕੋਠੀ ਬਣ ਗਈ; ਤੇ ਅੱਜ ਉਹ ਮੇਰਾ ਪੇਕਾ ਘਰ ਨਹੀਂ ਰਿਹਾ, ਪੇਕਿਆਂ ਦਾ ਘਰ ਬਣ ਗਿਆ ਹੈ। ਸਭ ਪੇਕਿਆਂ ਵਾਲੇ ਉਸ ਘਰੋਂ ਦੂਰ ਆ ਬੈਠੇ ਹਨ। ਸਾਰਾ ਪਿੰਡ ਵੀ ਬਦਲ ਗਿਆ, ਕੁਝ ਵੀ ਪੁਰਾਣਾ ਨਹੀਂ ਦਿਸਦਾ, ਪਰ ਮੇਰੇ ਸੁਪਨੇ ਪੁਰਾਣੇ ਹਨ, ਯਾਦਾਂ ਪੁਰਾਣੀਆਂ ਹਨ ਤੇ ਮੈਂ ਇਨ੍ਹਾਂ ਨੂੰ ਸੰਭਾਲ ਕੇ ਰੱਖਦੀ ਹਾਂ; ਸਭ ਦੀਆਂ ਨਜ਼ਰਾਂ ਤੋਂ ਬਚਾ ਕੇ ਰੱਖਦੀ ਹਾਂ; ਮਤਾਂ ਕੋਈ ਪੁਰਾਣੀਆਂ ਸਮਝ ਕੇ ਢਾਅ ਨਾ ਦਏ, ਮੇਰੇ ਪੁਰਾਣੇ ਕੱਚੇ ਘਰ ਵਾਂਗ।

ਅੱਜ ਵੀ ਉਸੇ ਕੱਚੇ ਘਰ ਦੇ ਸੁਪਨੇ ਆਉਂਦੇ ਹਨ। ਕੱਚੇ ਚੌਂਕੇ ਵਿਚ ਚੁੱਲ੍ਹਾ, ਚੁੱਲ੍ਹੇ ਵਿਚ ਅੰਗਿਆਰ, ਤੇ ਅੰਗਿਆਰਾਂ ਦੇ ਨਿੱਘ ਵਾਂਗ ਨਿੱਘੀਆਂ ਗੱਲਾਂ! ਗੱਲਾਂ ਬਾਤਾਂ ਵਰਗੀਆਂ, ਬਾਤਾਂ ਗੱਲਾਂ ਵਰਗੀਆਂ ਜੋ ਰਾਤਾਂ ਨੂੰ ਹੋਰ ਹੀ ਰੰਗ ਵਿਚ ਰੰਗ ਦਿੰਦੀਆਂ। ਪਰੀ ਕਹਾਣੀਆਂ ਜੋ ਕਦੀ ਨਹੀਂ ਭੁੱਲਦੀਆਂ। ਭਾਅ ਦੀ ਦਿਲਬਰ ਚੋਰ ਦੀ ਬਾਤ ਹਮੇਸ਼ਾ ਅੱਧੀ ਰਹਿ ਜਾਂਦੀ; ਉਹ ਹਮੇਸ਼ਾ ਅੱਧੀ ਬਾਤ ਤੱਕ ਪੁੱਜ ਕੇ ਸੌਂ ਜਾਂਦਾ ਸੀ। ਜਦ ਉਹ ਆਖਦਾ ਕਿ ਦਿਲਬਰ ਚੋਰ ਮੱਖੀ ਦਾ ਰੂਪ ਧਾਰ ਕੇ ਕੰਧ ਨਾਲ ਲੱਗ ਗਿਆ, ਤਾਂ ਘੁਰਾੜੇ ਮਾਰਨ ਲੱਗ ਜਾਂਦਾ। ਅਗਲੇ ਦਿਨ ਅਸੀਂ ਜ਼ਿਦ ਕਰਨੀ ਕਿ ਪੂਰੀ ਬਾਤ ਸੁਣਨੀ ਹੈ, ਪਰ ਭਾਅ ਉਥੇ ਪੁੱਜ ਕੇ ਫਿਰ ਸੌਂ ਜਾਂਦਾ। ਅਧੂਰੀ ਹੈ ਉਹ ਬਾਤ ਅੱਜ ਵੀ, ਪਰ ਭਾਅ ਨਹੀਂ ਰਿਹਾ! ਬੱਸ ਯਾਦਾਂ ਦਾ ਛਿੱਕੂ ਭਰੀ ਮੈਂ ਜ਼ਿੰਦਗੀ ਦੇ ਅਟੇਰਨ 'ਤੇ ਅੱਟੀਆਂ ਅਟੇਰਦੀ ਰਹਿੰਦੀ ਹਾਂ। ਇਹ ਤੰਦਾਂ ਕੁਝ ਉਲਝੀਆਂ, ਕੁਝ ਸੁਲਝੀਆਂ ਵੀ ਹਨ। ਕੁਝ ਖੀਵੀਆਂ ਕੁਝ ਗਮਗੀਨ। ਇਹ ਸਭ ਮੇਰੇ ਲਈ ਅਨਮੋਲ ਹਨ, ਇਹ ਹਨ ਤਾਂ ਮੈਂ ਹਾਂ। ਇਸੇ ਲਈ ਮੈਂ ਇਨ੍ਹਾਂ ਨੂੰ ਇਕੱਠੀਆਂ ਕਰ ਕੇ ਉਮਰਾਂ ਦੀ ਤਾਣੀ ਕਾਗਜ਼ ਦੀ ਖੱਡੀ 'ਤੇ ਬੁਣਦੀ ਰਹਿੰਦੀ ਹਾਂ। ਇਹ ਯਾਦਾਂ, ਇਹ ਸੁਪਨੇ ਮੇਰੀ ਜ਼ਿੰਦਗੀ ਦੀ ਹਕੀਕਤ ਨੇ। ਇਹ ਮੇਰੇ ਸਾਹਾਂ ਵਿਚ ਸਾਹ ਲੈਂਦੇ ਮੇਰੇ ਪਿੰਡ ਤੇ ਮੇਰੇ ਕੱਚੇ ਘਰ ਵਰਗੇ ਨੇ।

## ਕਾਵਿ ਕਿਆਰੀ

### ਗਜ਼ਲ

ਸਾਥੋਂ ਵੀ ਹੋਈ ਹੋਊ, ਅਵੱਸ਼ ਕੋਈ ਗੜਬੜ।
ਛੱਡੋ ਚਲੋ ਬਣਾਓ ਨਾ, ਬਾਤ ਦਾ ਬਤੰਗੜ।

ਨਿੱਤ ਨੇਮ ਨਾਲ ਦੱਸਣਾ, ਪੈਂਦਾ ਹੈ, ਤੂੰ ਪਿਓ ਹੈਂ,
ਰੱਬਾ ਨਾ ਦੇਖਿਆ ਮੈਂ, ਤੇਰੇ ਜਿਹਾ ਭੁਲੱਕੜ।

ਨਿਕਲਦੀ ਆਹ ਤੱਤੀ, ਜੇ ਆਖੀਏ ਪ੍ਰਵਾਨਾ,
ਸਤ ਜਾਣ ਬੇਖਿਆਲੇ, ਹਰ ਰੋਜ਼ ਸੌ ਭਮੱਕੜ।

ਕਿਸ ਦੇ ਦੁਆਰ ਜਾਈਏ, ਕਿਸ ਕਿਸ ਦੇ ਸਿਰ ਨਿਵਾਈਏ,
ਰੱਬਾਂ 'ਚ ਪੈ ਗਿਆ ਹੈ, ਡਾਢਾ ਗੰਭੀਰ ਰੱਫੜ।

ਇੱਕ ਅਉਧ ਲੰਘ ਗਈ ਹੈ, ਉਡੀਕਦੇ ਨੂੰ ਮੈਨੂੰ,
ਲਗਦਾ ਹੈ ਹੁਣ ਨਹੀਂ ਆਉਣਾ, ਜੁਆਨੀ ਵਾਲਾ ਝੱਖੜ।

ਹਰ ਮੁਖੜਾ ਲਿਖਾਈ ਫਿਰਦਾ, ਹੈ ਦਿਲ ਦਾ ਭੇਦ,
ਇਹ ਹੋਰ ਗੱਲ ਹੈ ਕਿ, ਦੁਨੀਆਂ ਹੈ ਕੋਰੀ ਅਨਪੜ੍ਹ।

ਸ਼ਿਸ਼, ਸਾਓ, ਸਰਵਣ, ਪ੍ਰਮੇਸ਼ਵਰ, ਪਿਤਾਮਾ,
ਬਦਲੇ 'ਚ ਆਈ ਮੈਨੂੰ, ਦੋ ਗਜ਼ ਜ਼ਮੀਨ ਰੱਕੜ।

ਤੈਨੂੰ ਤੇ ਕਾਰਡ ਹਰਿਆ, ਮੈਂ ਦੇ ਰਿਹਾ ਹਾਂ ਐਪਰ,
ਪਿੱਛੇ ਇਹ ਤੇਰੇ ਹੁੰਦੀ ਹੈ ਕੇਹੀ ਦੱਗੜ ਦੱਗੜ।

ਊਂ ਤਾਂ ਬਥੇਰਿਆਂ ਨੇ, "ਹੈ ਯਾਰ ਯਾਰ ਕਹਿਣਾ"
ਭੁਗਤਣਗੇ ਨਾਲ ਤੇਰੇ, ਕੁਲਬੀਰ ਇੱਕੜ ਦੁੱਕੜ।

-ਕੁਲਬੀਰ ਪੱਡਾ

# ਵਿਸ਼ਵ ਸ਼ੈਂਪੂ ਦਿਵਸ ਐਲਾਨੋ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਖੁੱਥੜ ਵਾਲਾਂ ਵਿਚੋਂ ਸਿੱਕਰੀ, ਮਿੱਟੀ ਘੱਟਾ, ਖੁਸ਼ਕੀ ਤੇ ਥੰਧਿਆਈ ਕੱਢਣ ਅਤੇ ਟੁੱਟਦੇ ਵਾਲ ਰੋਕਣ ਲਈ ਅੱਜ ਕਲ੍ਹ ਸ਼ੈਂਪੂ ਦੀ ਵਰਤੋਂ ਆਮ ਹੈ। ਮਧ ਵਰਗੀ ਸੁਆਣੀਆਂ ਦਾ ਇਹ ਹਾਲ ਹੈ ਕਿ ਉਹ ਵਾਲਾਂ ਨੂੰ ਲਿਸ਼ਕਾਉਣ ਲਈ ਨਿੱਤ ਨਵੇਂ ਸ਼ੈਂਪੂਆਂ ਦੀ ਅਜ਼ਮਾਇਸ਼ ਕਰਦੀਆਂ ਰਹਿੰਦੀਆਂ ਹਨ। ਪਰ ਮੈਂ ਨਿੱਜੀ ਤਜਰਬੇ ਤੋਂ ਕਹਿ ਸਕਦਾ ਹਾਂ ਕਿ ਮੈਨੂੰ ਉਹ ਕਦੇ ਵੀ ਸੰਤੁਸ਼ਟ ਹੋਈਆਂ ਨਹੀਂ ਜਾਪੀਆਂ। ਚਿਰਾਂ ਤੋਂ ਦੇਖਦਾ ਰਿਹਾ ਹਾਂ ਕਿ ਜਦ ਸ਼ੈਂਪੂ ਨਹੀਂ ਸੀ ਹੁੰਦਾ ਤਾਂ ਆਪਣੇ ਦੇਸ ਦੀਆਂ ਤ੍ਰੀਮਤਾਂ ਭਿੰਨੀ ਭਿੰਨੀ ਵਾਸ਼ਨਾ ਵਾਲੀ ਖੱਟੀ ਲੱਸੀ ਨਾਲ ਸਿਰ ਧੋਇਆ ਕਰਦੀਆਂ ਸਨ। ਫਿਰ ਰੀਠੇ ਦੇ ਛਿਲਕੇ, ਸ਼ਿਕਾਕਾਈ, ਔਲੇ, ਨਿੰਮ ਦੇ ਪੱਤੇ, ਬ੍ਰਹਮੀ, ਹਲਦੀ- ਕਿਹੜਾ ਉਹੜ-ਪੁਹੜ ਹੈ ਜੋ ਉਨ੍ਹਾਂ ਵਾਲਾਂ ਦੀ ਖਾਤਿਰ ਨਹੀਂ ਕੀਤਾ। ਪਰ ਸ਼ੋਕ, ਉਨ੍ਹਾਂ ਦੇ ਕੇਸਾਂ ਵਿਚ ਫਸੀ ਜਨਮ ਜਨਮਾਂਤਰਾਂ ਦੀ ਮੈਲ ਕਦੇ ਦੂਰ ਨਾ ਹੋਈ। ਇਸ ਮਾਮਲੇ ਵਿਚ ਤਾਂ ਉਨ੍ਹਾਂ ਨੇ ਮਰਦਾਂ ਨੂੰ ਵੀ ਵਿਗਾੜ ਕੇ ਰੱਖ ਦਿੱਤਾ ਹੈ। ਔਰਤ ਦੀ ਤੁਚਾ ਤੇ ਵਾਲਾਂ ਦੀ ਲਿਸ਼ਕ ਤੇ ਕੂਲਾਪਣ ਵਧਾਉਣ ਲਈ ਅਰਬਾਂ-ਖਰਬਾਂ ਦਾ ਕਾਸਮੈਟਿਕ ਕਾਰੋਬਾਰ ਚੱਲ ਰਿਹਾ ਹੈ। ਸ਼ੈਂਪੂਆਂ ਵਿਚ ਪਾਏ ਜਾਂਦੇ ਖਤਰਨਾਕ ਕੈਮੀਕਲਾਂ ਦੇ ਅੱਖਾਂ 'ਤੇ ਪੈਣ ਵਾਲੇ ਦੁਰਪ੍ਰਭਾਵ ਪਰਖਾਉਣ ਲਈ ਵਿਚਾਰੇ ਖਰਗੋਸ਼ਾਂ ਨੂੰ ਅੱਖਾਂ ਦੀ ਬਲੀ ਦੇਣੀ ਪੈਂਦੀ ਹੈ।

ਭਾਰਤ ਦੇ ਰਾਜਭਾਗ ਦੀ ਸੱਤਾ ਵਿਚ ਆਈ ਨਵੀਂ ਹਿੰਦੂਤਵ ਸ਼ਕਤੀ ਤੋਂ ਹੁੱਬੇ ਹੋਏ ਬਹੁਤ ਸਾਰੇ ਲੋਕ ਹਰ ਵਿਗਿਆਨਕ ਆਵਿਸ਼ਕਾਰ ਦਾ ਸਰੋਤ ਭਾਰਤ ਹੋਣ ਦਾ ਦਾਅਵਾ ਕਰਦੇ ਹਨ। ਉਨ੍ਹਾਂ ਅਨੁਸਾਰ ਪਲਾਸਟਿਕ ਸਰਜਰੀ, ਹਵਾਈ ਜਹਾਜ਼, ਟੈਲੀਵਿਜ਼ਨ, ਰਾਕਟ ਸਾਇੰਸ ਸਭ ਕੁਝ ਕਿਸੇ ਵੇਲੇ ਭਾਰਤ ਵਿਚ ਆਮ ਸਨ। ਖੈਰ, ਬਹੁਤਾ ਕੀ ਆਪਣੇ ਲੋਕਾਂ ਨੂੰ ਭੰਡਣਾ ਹੈ, ਕੁਝ ਨਾ ਕੁਝ ਤਾਂ ਆਪਣੇ ਦੇਸ਼ ਵਿਚ ਵੀ ਹੋਇਆ ਹੀ ਹੋਵੇਗਾ। ਯੂ.ਐਨ.ਓ. ਵਲੋਂ 21 ਜੂਨ ਨੂੰ 'ਅੰਤਰਰਾਸ਼ਟਰੀ ਯੋਗਾ ਦਿਵਸ' ਐਲਾਨੇ ਜਾਣ ਨਾਲ ਯੋਗਾ ਦਾ ਲੋਹਾ ਤਾਂ ਅਸੀਂ ਮੰਨਵਾ ਹੀ ਲਿਆ ਹੈ। ਖੋਜ ਦਸਦੀ ਹੈ ਕਿ ਸ਼ੈਂਪੂ ਸ਼ਬਦ ਤੇ ਉਤਪਾਦ ਦਾ ਮੁੱਢ ਵੀ ਭਾਰਤ ਦੇਸ ਵਿਚ ਬੱਝਾ। ਸ਼ਾਇਦ ਕਿਸੇ ਦਿਨ ਭਾਰਤ ਦੀ ਇਸ ਲੱਭਤ ਨੂੰ ਮਾਨਤਾ ਦੇਣ ਲਈ ਯੂ.ਐਨ.ਓ. 'ਵਿਸ਼ਵ ਸ਼ੈਂਪੂ ਦਿਵਸ' ਮੁਕੱਰਰ ਕਰਨ ਲਈ ਰਾਜ਼ੀ ਹੋ ਜਾਵੇ। ਭਾਰਤੀ ਲੋਕਾਂ ਦੇ ਹੱਥਾਂ ਵਿਚ ਕਈ ਅਜਿਹੀਆ ਗੁਝੀਆਂ ਕਲਾਵਾਂ ਹਨ ਜਿਨ੍ਹਾਂ ਨੂੰ ਭੋਗਣ ਦਾ ਜੇ ਝੱਸ ਪੈ ਜਾਵੇ ਤਾਂ ਆਦਮੀ ਕਾਸੇ ਜੋਗਾ ਨਹੀਂ ਰਹਿੰਦਾ। ਮੈਨੂੰ ਸਮਝ ਨਹੀਂ ਲਗਦੀ ਕਿ ਹੱਥਾਂ ਦੀ ਅਜਿਹੀ ਕਲਾ ਨੂੰ ਕੀ ਨਾਂ ਦੇਵਾਂ। ਦਸਤਕਾਰੀ ਸ਼ਬਦ ਵਿਚ ਦਸਤ ਦਾ ਅਰਥ ਹੱਥ ਹੈ ਪਰ ਦਸਤਕਾਰੀ ਤਾਂ ਸਿਲਪਕਾਰੀ ਜਿਹੇ ਕੰਮਾਂ ਨੂੰ ਆਖਦੇ ਹਨ। ਹਸਤਕਲਾ ਵਿਚ ਹਸਤ ਦਾ ਅਰਥ ਵੀ ਹੱਥ ਹੈ ਪਰ ਹਸਤਕਲਾ ਤਲੀਆਂ ਦੀਆਂ ਲਕੀਰਾਂ ਦਾ ਜੋਤਿਸ਼ ਹੈ। ਤੇ ਫਿਰ, 'ਹੱਥ ਦੀ ਸਫਾਈ', ਗੱਲ ਹੋਰ ਪਾਸੇ ਹੀ ਤੁਰ ਪੈਂਦੀ ਹੈ।...

ਸਟੇਸ਼ਨਾਂ 'ਤੇ ਆਮ ਫਿਰਦੇ ਲਾਲ ਪੱਗਾਂ ਵਾਲੇ ਕੰਨ ਖੁਰਚ ਖੁਰਚ ਕੇ ਤਾਰੇ ਦਿਖਾ ਦਿੰਦੇ ਹਨ। ਸਿੱਟੇ ਵਜੋਂ ਕੰਨ ਏਨੇ ਹੌਲੇ ਫੁੱਲ ਹੋ ਜਾਂਦੇ ਹਨ ਕਿ ਫੁੱਲ ਖਿੜਨ ਦੀ ਆਵਾਜ਼ ਵੀ ਸੁਣਾਈ ਦੇਣ ਲਗਦੀ ਹੈ। ਪਿੰਡਾਂ ਵਿਚ ਕਈ ਦਾਈਆਂ ਔਰਤਾਂ ਦੇ ਢਿਡ ਮਲਣ ਦੀਆਂ ਅਜਿਹੀਆਂ ਮਾਹਰ ਹੁੰਦੀਆਂ ਹਨ ਕਿ ਧਰਨ ਥਾਂ ਸਿਰ ਕਰਨ ਨਾਲ ਹੀ ਔਰਤ ਦੇ ਹਰ ਗੁਪਤ ਰੋਗ ਦਾ ਨਿਵਾਰਣ ਕਰ ਦਿੰਦੀਆਂ ਹਨ। ਚੰਡੀਗੜ੍ਹ ਯੂਨੀਵਰਸਿਟੀ ਵਿਚ ਆਪਣਾ ਇਕ ਦੋਸਤ, ਜਿਸ ਦਾ ਨਾਂ ਅਸੀਂ ਗੱਪ-ਸ਼ੱਪ ਪਾਇਆ ਹੋਇਆ ਸੀ, ਹੋਸਟਲ ਵਿਚ ਪਾਈ ਹੋਈ ਇਕ ਨਾਈ ਦੀ ਦੁਕਾਨ 'ਤੇ ਹਰ ਦੂਜੇ ਤੀਜੇ ਦਿਨ ਸਿਰ ਝਸਾਉਣ ਤੇ ਗੱਪ-ਸ਼ੱਪ ਕਰਨ ਦਾ ਸ਼ੌਕ ਪਾਲਦਾ ਸੀ। ਕਹਿੰਦਾ ਇਸ ਨਾਲ ਦਿਮਾਗ ਤਾਜ਼ਾ ਰਹਿੰਦਾ ਹੈ ਤੇ ਪੜ੍ਹਾਈ ਸਿੱਧੀ ਅੰਦਰ ਵੜ ਜਾਂਦੀ ਹੈ। ਉਹ ਸੱਤ ਸਾਲ ਯੂਨੀਵਰਸਿਟੀ ਵਿਚ ਰਿਹਾ ਪਰ ਲਾਅ ਪਾਸ ਨਾ ਕਰ ਸਕਿਆ। ਸੱਚਮੁੱਚ ਭਾਰਤ ਦੇ ਤਜਰਬੇਕਾਰ ਨਾਈ ਤੇ ਮਾਲਸ਼ੀਏ ਮਾਲਸ਼ ਕਰ ਕਰ ਕੇ ਤੇ ਤੇਲ ਝੱਸ ਝੱਸ ਕੇ ਤੁਹਾਡੇ ਜਿਸਮ ਦਾ ਹਰ ਜੋੜ ਹਿਲਾ ਦਿੰਦੇ ਹਨ, ਰੋਮ ਰੋਮ ਵਿਚੋਂ ਭਾਫਾਂ ਤੇ ਕੜਾਕੇ ਕੱਢ ਸੁੱਟਦੇ ਹਨ। ਇੰਜ ਲਗਦਾ ਹੈ ਜਿਵੇਂ ਉਨ੍ਹਾਂ ਤੁਹਾਡਾ ਸਰੀਰ ਉਧੇੜ ਕੇ ਮੁੜ ਜੋੜ ਦਿੱਤਾ ਹੋਵੇ, ਹੌਲਾ ਫੁੱਲ ਤੇ ਰੋਗ-ਮੁਕਤ। 1957 ਦੀ 'ਪਿਆਸਾ' ਫਿਲਮ ਵਿਚ ਮਾਲਸ਼ੀਆ ਬਣੇ ਜੌਨੀ ਵਾਕਰ ਦਾ ਗੀਤ ਹੈ,

ਸਰ ਜੋ ਤੇਰਾ ਚਕਰਾਏ,
ਯਾ ਦਿਲ ਡੂਬਾ ਜਾਏ
ਆ ਜਾ ਪਿਆਰੇ,
ਪਾਸ ਹਮਾਰੇ, ਕਾਹੇ ਘਬਰਾਏ
ਸੁਨ ਸੁਨ ਸੁਨ, ਅਰੇ ਬੇਟਾ ਸੁਨ,
ਇਸ ਚੰਪੀ ਮੇਂ ਬੜੇ ਬੜੇ ਗੁਨ
ਲਾਖ ਗੁਨੋਂ ਕੀ ਏਕ ਦਵਾ ਹੈ,
ਕਿਉਂ ਨਾ ਅਜ਼ਮਾਏ।...

ਖੈਰ ਜੀ, ਗੱਲ ਨੂੰ ਬਹੁਤਾ ਨਾ ਲਮਕਾਈਏ, ਲਾਖ ਗੁਨੋਂ ਵਾਲੀ ਚੰਪੀ ਤੇ ਆਈਏ। ਭਾਰਤ ਵਿਚ ਲੰਬਾ ਸਮਾਂ ਅੰਗਰੇਜ਼ ਕੰਪਨੀ ਤੇ ਫਿਰ ਸਿਧਾ ਬਰਤਾਨਵੀ ਰਾਜ ਰਿਹਾ ਹੈ। ਅੰਗਰੇਜ਼ ਸਾਡੇ ਹਾਕਮ ਸਨ ਤੇ ਹਰ ਕਿਸਮ ਦੀ ਐਸ਼ ਕਰਨ ਦਾ ਉਨ੍ਹਾਂ ਦਾ ਹੱਕ ਸੀ। ਕਿਉਂ ਨਾ ਉਹ ਭਾਰਤੀ ਲੋਕਾਂ ਦੀਆਂ ਉਪਰ ਵਰਣਿਤ ਹੱਥ ਕਲਾਵਾਂ ਦਾ ਲੁਤਫ ਮਾਣਦੇ। ਭਾਰਤ ਵਿਚ ਹਕੂਮਤ ਕਰਦਿਆਂ ਉਨ੍ਹਾਂ ਐਸ਼ੀ ਪੱਠਿਆਂ ਨੂੰ ਮਾਲਸ਼ ਕਰਾਉਣ, ਸਿਰ ਝਸਾਉਣ ਤੇ ਲੱਤਾਂ ਘੁਟਾਉਣ ਜਿਹੀਆਂ ਅਯਾਸ਼ੀਆਂ ਦਾ ਪੂਰਾ ਝੱਸ ਪੈ ਗਿਆ। ਉਹ ਤਾਂ ਇਨ੍ਹਾਂ ਕਲਾਵਾਂ ਨੂੰ ਆਪਣੇ ਦੇਸ਼ ਵੀ ਲੈ ਗਏ। ਮੁੱਠੀਆਂ ਭਰ ਭਰ ਕੇ ਸਿਰ ਦੀ ਮਾਲਿਸ਼ ਕਰਨ ਨੂੰ ਸਾਡੀਆ ਭਾਸ਼ਾਵਾਂ ਵਿਚ ਮੁੱਠੀਆਂ ਭਰਨਾ, ਚਾਂਪੀ ਕਰਨਾ, ਜਾਂ ਮੁੱਠੀ ਚਾਂਪੀ ਕਰਨਾ ਵੀ ਆਖਦੇ ਹਨ। ਮੁੱਠੀ ਚਾਂਪੀ ਦੀ ਕਿਰਿਆ ਜਜਮਾਨ ਦੀ ਹਉਮੈ ਨੂੰ ਅਸਮਾਨੇ ਚਾੜ੍ਹ ਦਿੰਦੀ ਹੈ ਇਸ ਲਈ ਖੁਸ਼ਾਮਦ ਕਰਨ ਦੇ ਅਰਥਾਂ ਵਿਚ ਮੁੱਠੀ ਚਾਂਪੀ ਕਰਨਾ ਮੁਹਾਵਰਾ ਹੀ ਬਣ ਗਿਆ ਹੈ। ਮਾਲਿਸ਼ ਜਾਂ ਚਾਂਪੀ ਕਰਦੇ ਹੋਏ ਕਈ ਤਰ੍ਹਾਂ ਦੇ ਤੇਲ ਵੀ ਵਰਤੇ ਜਾਂਦੇ ਸਨ। ਇਸ ਤਰ੍ਹਾਂ ਦੀ ਤੇਲ ਮਾਲਿਸ਼ ਲਈ ਅੰਗਰੇਜ਼ੀ ਵਿਚ ਚਾਂਪੀ ਜਾਂ ਚੰਪੀ ਤੋਂ ਅੰਗਰੇਜ਼ਿਆਇਆ ਸ਼ਬਦ ਸ਼ੈਂਪੂ ਪ੍ਰਚਲਤ ਹੋ ਗਿਆ। 1772 ਦੀ ਕਿਸੇ ਲਿਖਤ ਵਿਚ ਇਸ ਸ਼ਬਦ ਦੀ ਅੰਗਰੇਜ਼ੀ ਵਰਤੋਂ ਦਾ ਰਿਕਾਰਡ ਮਿਲਦਾ ਹੈ। ਅੰਗਰੇਜ਼ੀ ਵਿਚ ਇਸ ਦਾ ਮੁਢਲਾ ਰੂਪ ਚਾਂਪੋ ਵੀ ਮਿਲਦਾ ਹੈ। ਟੀਪੂ ਸੁਲਤਾਨ ਬਾਰੇ ਅੰਗਰੇਜ਼ੀ ਵਿਚ ਇਕ ਥਾਂ ਤੇ ਜ਼ਿਕਰ ਹੈ, "The Sultan generally rose at break of day: after being champoed, and rubbed, he washed himself, and read the Koran for an hour." (ਸੁਲਤਾਨ ਆਮ ਤੌਰ 'ਤੇ ਪਹੁਫੁਟਦੇ ਹੀ ਸੁੱਤਾ ਉਠਦਾ ਸੀ। ਚਾਂਪੀ ਅਤੇ ਮਾਲਿਸ਼ ਕਰਾਉਣ ਪਿਛੋਂ ਉਹ ਨਹਾਉਂਦਾ ਤੇ ਫਿਰ ਇਕ ਘੰਟਾ ਕੁਰਾਨ ਦਾ ਪਾਠ ਕਰਦਾ)।



ਫਿਲਮ 'ਪਿਆਸਾ' ਵਿਚ ਮਾਲਿਸ਼ ਕਰਦਾ ਹੋਇਆ ਜੌਨੀ ਵਾਕਰ

ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਸ਼ੇਖ ਦੀਨ ਮਹਿਮੂਦ ਨਾਂ ਦਾ ਫੌਜੀ ਰਹਿ ਚੁੱਕਾ ਇਕ ਬੰਗਾਲੀ ਮਾਲਸ਼ੀਆ ਇੰਗਲੈਂਡ ਜਾ ਵਸਿਆ। ਉਸ ਨੇ 1814 ਵਿਚ ਆਪਣੀ ਆਇਰਸ਼ ਪਤਨੀ ਨਾਲ ਮਿਲ ਕੇ ਬਰਾਇਟਨ ਦੇ ਸਥਾਨ 'ਤੇ 'Mahomed's Indian Vapour Baths' (ਮਹਿਮੂਦ ਦਾ ਭਾਰਤੀ ਵਾਸ਼ਪ ਇਸ਼ਨਾਨ) ਖੋਲ੍ਹ ਦਿੱਤਾ। ਇਥੇ ਭਾਰਤੀ ਕਿਸਮ ਦੀ ਰੋਗਨਾਸ਼ਕ ਮਾਲਿਸ਼ ਕੀਤੀ ਜਾਣ ਲੱਗੀ। ਇਹ ਬਾਥ ਉਨ੍ਹਾਂ ਦਿਨਾਂ ਵਿਚ ਬਹੁਤ ਪ੍ਰਵਾਨ ਚੜ੍ਹਿਆ। ਇਥੋਂ ਤੱਕ ਕਿ ਉਸ ਨੂੰ ਜਾਰਜ ਚੌਥੇ ਅਤੇ ਵਿਲੀਅਮ ਚੌਥੇ ਦਾ 'ਸ਼ੈਂਪੂਨਿੰਗ ਸਰਜਨ' ਥਾਪ ਦਿੱਤਾ ਗਿਆ। ਵੀਹਵੀਂ ਸਦੀ ਦੇ ਸ਼ੁਰੂ ਵਿਚ ਸ਼ੈਂਪੂ ਕਰਨ ਦਾ ਅਰਥ ਮਾਲਿਸ਼ ਕਰਨ ਤੋਂ ਬਦਲ ਕੇ ਸਿਰ ਨੂੰ ਸਾਬਣ ਲਾਉਣ ਦਾ ਬਣ ਗਿਆ। ਪਹਿਲੀਆਂ ਵਿਚ ਸਿਰ ਨੂੰ ਸਾਬਣ ਨਾਲ ਹੀ ਧੋਤਾ ਜਾਂਦਾ ਸੀ। ਮੇਰੀ ਸੁਰਤ ਵਿਚ ਕਈ ਲੋਕ 'ਸਨਲੈਟ' ਨਾਲ ਸਿਰ ਧੋਂਦੇ ਰਹੇ ਹਨ। ਸਾਬਣ ਨਾਲ ਸਿਰ ਧੋਣ ਪਿਛੋਂ ਇਹ ਸਿਰ ਵਿਚ ਜੰਮ ਜਾਂਦਾ ਸੀ। ਫਿਰ ਵਾਲਾਂ ਨੂੰ ਸੁਗੰਧਿਤ ਤੇ ਚਮਕੀਲਾ ਬਣਾਉਣ ਲਈ ਸਾਬਣ ਵਿਚ ਕਈ ਤਰ੍ਹਾਂ ਦੀਆਂ ਜੜੀਆਂ-ਬੂਟੀਆਂ ਮਿਲਾਈਆਂ ਜਾਣ ਲੱਗੀਆਂ। ਕੇਸੀ ਹਬਰਟ ਨਾਂ ਦੇ ਵਿਅਕਤੀ ਨੂੰ ਅਜਿਹੇ ਸ਼ੈਂਪੂ ਬਣਾਉਣ ਦਾ ਸਿਹਰਾ ਦਿੱਤਾ ਜਾਂਦਾ ਹੈ। ਪਹਿਲਾਂ ਸਾਬਣ ਤੇ ਸ਼ੈਂਪੂ ਵਿਚ ਬਹੁਤਾ ਫਰਕ ਨਹੀਂ ਸੀ ਪਾਇਆ ਜਾਂਦਾ। 1930 ਵਿਚ ਆਧੁਨਿਕ ਕਿਸਮ ਦਾ ਗੈਰ-ਸਾਬਣੀ ਸਿੰਥੈਟਿਕ ਸ਼ੈਂਪੂ ਈਜਾਦ ਕੀਤਾ ਗਿਆ। ਵਾਲਾਂ ਦੀਆਂ ਜੜਾਂ ਵਿਚੋਂ ਇਕ ਪ੍ਰਕਾਰ ਦਾ ਤੇਲ ਨਿਕਲਦਾ ਹੈ ਜੋ ਵਾਲਾਂ ਨਾਲ ਚਿੰਬੜ ਜਾਂਦਾ ਹੈ। ਇਹ ਤੇਲ ਭਾਵੇਂ ਵਾਲਾਂ ਦੀ ਰੱਖਿਆ ਲਈ ਨਿਕਲਦਾ ਹੈ ਪਰ ਇਸ ਨਾਲ ਵਾਲਾਂ ਵਿਚ ਮੈਲ, ਕਰ ਆਦਿ ਜਮਾਂ ਹੋ ਜਾਂਦੇ ਹਨ। ਸ਼ੈਂਪੂ ਵਿਚਲੇ ਰਸਾਇਣ ਦਰਅਸਲ ਇਸ ਤੇਲ ਦੇ ਜਮਾਉ 'ਤੇ ਹੱਲਾ ਬੋਲ ਕੇ ਸਿਰ ਦੀ ਮੈਲ ਨੂੰ ਹਟਾਉਣ ਵਿਚ ਸਹਾਇਤਾ ਕਰਦੇ ਹਨ। ਇਸ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਕ ਭਾਰਤੀ ਲੋਕ ਕਲਾ ਦੇ ਆਧਾਰ 'ਤੇ ਪੱਛਮ ਦੀ ਸਾਇੰਸ ਨੇ ਕਿੱਡਾ ਮਾਅਰਕਾ ਮਾਰ ਦਿੱਤਾ ਹੈ।

ਚੰਪੀ ਜਾਂ ਚਾਂਪੀ ਸ਼ਬਦ ਦਾ ਧਾਤੂ ਹੈ 'ਚਪ' ਜਿਸ ਦਾ ਅਰਥ ਹੈ ਦੱਬਣਾ, ਘੁੱਟਣਾ, ਗੁੰਨ੍ਹਣਾ, ਠੋਸਣਾ, ਤੁੰਨਣਾ ਆਦਿ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਕੁਝ ਇਕ ਵਾਰੀ ਆਇਆ ਹੈ, "ਇਤ ਉਤ ਜਾਹਿ ਕਾਲ ਕੇ ਚਾਪੇ॥" (ਗੁਰੂ ਨਾਨਕ ਦੇਵ) ਭਾਵ ਜਿਨ੍ਹਾਂ ਨੂੰ ਮਾਇਆ ਦੇ ਮੋਹ ਕਾਰਨ ਆਤਮਕ ਮੌਤ ਦਬਾ ਲੈਂਦੀ ਹੈ, ਉਹ ਏਧਰ ਉਧਰ ਭਟਕਦੇ ਹਨ। "ਕਾਲ ਨ ਚਾਪੈ ਦੁਖੁ ਨ ਸੰਤਾਪੈ॥" (ਗੁਰੂ ਅਮਰ ਦਾਸ) ਅਰਥਾਤ ਉਸ ਨੂੰ ਮੌਤ ਆਪਣੇ ਪੰਜੇ 'ਚ ਨਹੀਂ ਫਸਾ ਸਕਦੀ ਤੇ ਦੁਖ ਨਹੀਂ ਪੋਹ ਸਕਦੇ।

ਖੂਨ ਦੇ ਦਬਾਅ ਲਈ ਤਕਨੀਕੀ ਸ਼ਬਦ ਰਕਤ-ਚਾਪ ਵਰਤਿਆ ਜਾਂਦਾ ਹੈ। ਫਾਰਸੀ ਵਿਚ ਵੀ ਚਾਪ ਦਾ ਅਰਥ ਦਬਾਅ ਹੈ। ਚਾਪੜ ਜਾਂ ਚੱਪਣ ਸ਼ਬਦ ਵੀ ਇਥੇ ਸਬੰਧਤ ਹਨ ਅਰਥਾਤ ਜੋ ਹਾਰੇ\ਘੜੇ ਨੂੰ ਦੱਬ ਘੁੱਟ ਕੇ ਰਖਦੇ ਹਨ। 'ਪ' ਧੁਨੀ 'ਬ' ਵਿਚ ਵਟ ਜਾਣ ਕਾਰਨ ਚੱਪ ਤੋਂ ਚੱਬਣਾ ਸ਼ਬਦ ਬਣਿਆ। ਖਾਣ ਵਾਲੀ ਚੀਜ਼ ਚੱਬਣ ਤੋਂ ਮਤਲਬ ਇਸ ਨੂੰ ਜਬਾੜੇ ਵਿਚਕਾਰ ਦੱਬਣਾ ਹੀ ਹੈ। ਚਬੜ-ਚਬੜ ਬੋਲਣਾ ਦਾ ਮਤਲਬ ਹੈ ਚੱਬ-ਚੱਬ ਕੇ ਜਾਂ ਜ਼ੁਬਾਨ ਦੱਬ-ਦੱਬ ਕੇ ਗੱਲ ਕਰਨਾ। 'ਚ' ਧੁਨੀ 'ਛ' ਵਿਚ ਵਟਣ ਨਾਲ ਛਪਣਾ ਸ਼ਬਦ ਹੋਂਦ ਵਿਚ ਆਇਆ। ਛਪਣਾ ਵਿਚ ਮੁਢਲਾ ਭਾਵ ਦਬਾਉਣ ਤੋਂ ਹੀ ਹੈ। ਠੱਪੇ ਨੂੰ ਦਬਾਉਣ ਨਾਲ ਹੀ ਕਪੜੇ ਜਾਂ ਕਾਗਜ਼ ਆਦਿ 'ਤੇ ਕੁਝ ਛਪਦਾ ਹੈ। ਅੰਗਰੇਜ਼ੀ ਪ੍ਰੈਸ ਸ਼ਬਦ ਦੇ ਵੀ ਦੋ ਅਰਥ ਹਨ- ਦਬਾਉਣਾ ਤੇ ਛਾਪਣਾ। ਛੀਂਬਾ\ਛੀਪਾ ਮੁਢਲੇ ਤੌਰ 'ਤੇ ਕਪੜਾ ਛਾਪਣ ਵਾਲੇ ਨੂੰ ਆਖਿਆ ਜਾਂਦਾ ਸੀ।

# ਦਵਾਈਆਂ ਬਣਾਉਣ ਤੇ ਵਰਤਣ ਵਾਲਿਆਂ ਦੀ ਅਣਗਹਿਲੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਬਟਾਲਾ ਨੇੜੇ ਅੱਖਾਂ ਦਾ ਕੈਂਪ ਲਾ ਕੇ ਕੀਤੇ ਅਪਰੇਸ਼ਨ ਤੋਂ ਪਿਛੋਂ ਅੱਖਾਂ ਦੀ ਰੋਸ਼ਨੀ ਚਲੇ ਜਾਣ ਵਾਲੇ ਮਰੀਜ਼ਾਂ ਦੀ ਗਿਣਤੀ ਤਿੰਨ ਦਰਜਨ ਹੋ ਗਈ ਹੈ। ਮੁਢਲੀ ਜਾਂਚ ਅਨੁਸਾਰ ਇਨ੍ਹਾਂ ਮਰੀਜ਼ਾਂ ਦੀਆਂ ਅੱਖਾਂ ਵਿਚ ਸੀਟਰੋ ਬੈਕਟਰ ਜਰਾਸੀਮਾਂ ਦੀ ਹੋਂਦ ਮਿਲੀ ਹੈ ਜਿਹੜੀ ਇਸ ਵਿਗਾੜ ਦਾ ਕਾਰਨ ਬਣੀ ਹੈ। ਨਿਸਚੇ ਹੀ ਇਹ ਜਰਾਸੀਮ ਅਪਰੇਸ਼ਨ ਸਮੇਂ ਵਰਤੀਆਂ ਗਈਆਂ ਦਵਾਈਆਂ, ਔਜ਼ਾਰਾਂ ਜਾਂ ਪਾਣੀ ਵਿਚ ਮੌਜੂਦ ਸਨ। ਦੁਨੀਆਂ ਵਿਚ ਦੇਸੀ ਹਕੀਮਾਂ, ਆਯੂਰਵੈਦਾਂ ਤੇ ਹੋਮਿਓਪੈਥਿਕ ਡਾਕਟਰਾਂ ਦੀ ਥਾਂ ਅੰਗਰੇਜ਼ੀ ਚਿਕਿਤਸਾ ਪ੍ਰਣਾਲੀ ਦਾ ਬੋਲ ਬਾਲਾ ਹੋ ਰਿਹਾ ਹੈ ਤਾਂ ਪੈਸੇ ਕਮਾਉਣ ਦੀ ਦੌੜ ਵਿਚ ਲੱਗੇ ਦਵਾਈਆਂ ਬਣਾਉਣ ਵਾਲੇ ਏਸ ਪਾਸੇ ਲੋੜੀਂਦਾ ਧਿਆਨ ਨਹੀਂ ਦਿੰਦੇ। ਉਂਜ ਤਾਂ ਕਿਸੇ ਵੀ ਦਵਾਈ ਦੀ ਤਿਆਰੀ ਵਿਚ ਵਰਤੀ ਗਈ ਮਾਮੂਲੀ ਅਣਗਹਿਲੀ ਅੰਤਕਾਰ ਜਾਨ ਲੇਵਾ ਹੋ ਸਕਦੀ ਹੈ ਪਰ ਅੱਖਾਂ ਦੀਆਂ ਦਵਾਈਆਂ ਬਣਾਉਣ ਸਮੇਂ ਤਾਂ ਪੂਰੀ ਇਹਤਿਆਤ ਵਰਤਣੀ ਲਾਜ਼ਮੀ ਹੈ।

ਅਸਲ ਵਿਚ ਸਾਡੇ ਦੇਸ਼ ਵਿਚ ਡਰੱਗ ਇੰਸਪੈਕਟਰਾਂ ਦੀ ਬੜੀ ਘਾਟ ਹੈ ਜਿਸ ਕਾਰਨ ਅਜਿਹੇ ਨਤੀਜੇ ਨਿਕਲ ਰਹੇ ਹਨ। ਪਿੱਛੇ ਜਿਹੇ ਇੱਕ ਉਤਰ ਪੂਰਬੀ ਰਾਜ ਵਿਚ ਜਨਾਨਾ ਨਲਬੰਦੀ ਕਰਵਾਉਣ ਆਈਆਂ ਕਈ ਔਰਤਾਂ ਦੀ ਮੌਤ ਹੋ ਗਈ ਦੱਸੀ ਜਾਂਦੀ ਹੈ। ਜਾਂਚ ਅਨੁਸਾਰ ਦਵਾਈਆਂ ਤਿਆਰ ਕਰਨ ਵਾਲੀ ਫੈਕਟਰੀ ਦੇ ਕਿਸੇ ਕਾਰਿੰਦੇ ਨੇ ਨਲਬੰਦੀ ਲਈ ਵਰਤੀ ਗਈ ਦਵਾਈ ਤਿਆਰ ਕਰਦੇ ਸਮੇਂ ਅਣਗਹਿਲੀ ਨਾਲ ਕੋਈ ਹਾਨੀਕਾਰਕ ਅੰਸ਼ ਘੋਲ ਦਿੱਤੇ ਸਨ। ਸਮਝ ਨਹੀਂ ਆਉਂਦੀ ਮਣਾ ਮੂੰਹੀ ਪੈਸੇ ਕਮਾਉਣ ਵਾਲੇ ਇਹ ਵਪਾਰੀ ਲੋੜੀਂਦੇ ਨਿਰੀਖਣ ਵਲ ਧਿਆਨ ਕਿਉਂ ਨਹੀਂ ਦਿੰਦੇ। ਦੋਸ਼ੀਆਂ ਨੂੰ ਸਖਤ ਸਜ਼ਾ ਮਿਲਣੀ



ਚਾਹੀਦੀ ਹੈ।

**ਮਾਲਦੀਵ ਟਾਪੂਆਂ ਵਿਚ ਪਾਣੀ ਦੀ ਸਮੱਸਿਆ:** ਭਾਰਤੀ ਲਕਸ਼ਾਦੀਪ ਦੇ ਥੱਲੇ ਤੇ ਸ੍ਰੀ ਲੰਕਾ ਦੇ ਬਰਾਬਰ ਮਾਲਦੀਵ ਨਾਂ ਦੀ ਇਸਲਾਮਿਕ ਰਿਪਬਲਿਕ ਵਸਦੀ ਹੈ। ਸੈਂਕੜੇ ਦੀਪਾਂ ਵਾਲੇ ਇਸ ਦੇਸ਼ ਦੀ ਰਾਜਧਾਨੀ ਮਾਲੇ ਹੈ। ਮਾਲੇ ਇਕ ਮੀਲ ਲੰਮਾ ਤੇ ਅੱਧਾ ਮੀਲ ਚੌੜਾ ਇੱਕ ਨਿੱਕਾ ਜਿਹਾ ਟਾਪੂ ਹੈ। ਇਹ ਸਮੁੰਦਰ ਦੀ ਸਤਾਹ ਤੋਂ ਕੇਵਲ ਛੇ ਫੁੱਟ ਉਚਾ ਹੈ ਪਰ ਇਸ ਨੂੰ ਸਮੁੰਦਰ ਦੀ ਕੋਈ ਸੁਨਾਮੀ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਪਹੁੰਚਾਉਂਦੀ। ਮੈਨੂੰ 1976 ਵਿਚ ਇਥੇ ਜਾਣ ਦਾ ਮੌਕਾ ਮਿਲਿਆ ਤਾਂ ਜਾਣਿਆ ਕਿ ਇਥੋਂ ਦੇ ਵਸਨੀਕਾਂ ਦੀ ਪ੍ਰਮੁਖ ਉਪਜ ਮੱਛੀ ਹੈ ਜਾਂ ਥੋੜ੍ਹਾ ਬਹੁਤ ਨਾਰੀਅਲ। ਕਣਕ ਪੂਰਬੀ ਯੂਰਪ ਤੋਂ ਆਉਂਦੀ ਹੈ, ਚੌਲ ਬਰਮਾ ਤੋਂ, ਮੁਰਗੇ ਅਮਰੀਕਾ ਤੋਂ ਅਤੇ ਸਬਜ਼ੀਆਂ ਪੱਛਮੀ ਜਰਮਨੀ ਤੋਂ। ਲੂਣ, ਤੇਲ, ਖੰਡ ਅਤੇ ਦਵਾਈਆਂ ਭਾਰਤ ਤੋਂ ਜਾਂਦੀਆਂ ਹਨ।

ਕਿਸੇ ਕਾਰਨ ਕੋਈ ਵਸਤੂ ਸਮੇਂ ਸਿਰ ਨਾ ਪਹੁੰਚੇ ਤਾਂ ਇਸ ਦੀਆਂ ਕੀਮਤਾਂ ਆਕਾਸ਼ ਉਡਾਰੀ ਮਾਰਨ ਲਗਦੀਆਂ ਹਨ। ਮੇਰੇ ਉਥੇ ਹੁੰਦਿਆਂ ਇਕ ਹਫਤਾ ਗੰਢੇ ਦੀ ਕੀਮਤ ਦੋ ਸੌ ਰੁਪਏ ਕਿਲੋ ਹੋ ਗਈ ਸੀ। ਉਦੋਂ ਜਦੋਂ ਦੋ ਸੌ ਰੁਪਈਆ ਇਕ ਹਜ਼ਾਰ ਵਰਗਾ ਸੀ। ਇਨ੍ਹਾਂ ਲੋਕਾਂ ਨੂੰ ਪੀਣ ਵਾਲੇ ਪਾਣੀ ਲਈ ਮੀਂਹ 'ਤੇ ਨਿਰਭਰ ਕਰਨਾ ਪੈਂਦਾ ਹੈ। ਜਨਮਾ ਜਨਮਾਂਤਰਾਂ ਤੋਂ ਇਹ ਲੋਕ ਪੀਣ ਵਾਲਾ ਪਾਣੀ ਆਪੋ ਆਪਣੀ ਛੱਤ 'ਤੇ ਜਮਾਂ ਕਰਕੇ ਬਰਤਣਾਂ ਵਿਚ ਭਰਦੇ ਆਏ ਸਨ। ਪਤਾ ਲੱਗਿਆ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਮੁਲਕ ਦੀ ਵਸੋਂ ਵੱਧ ਜਾਣ ਤੇ ਛੱਤਾਂ ਦਾ ਰਕਬਾ ਨਾ ਵਧਾ ਸਕਣ ਕਾਰਨ ਉਥੋਂ ਦੀ ਸਰਕਾਰ ਨੇ ਸਮੁੰਦਰ ਦੇ ਪਾਣੀ ਨੂੰ ਡਿਸਟਿਲ ਕਰਕੇ ਪੀਣਾ ਸ਼ੁਰੂ ਕਰ ਦਿੱਤਾ ਸੀ।

ਹੋਇਆ ਇਹ ਕਿ ਦਸੰਬਰ ਦੇ ਸ਼ੁਰੂ ਵਿਚ ਡਿਸਟਿਲ ਕਰਨ ਵਾਲੀ ਵਿਧੀ ਵਿਚ ਕੁਝ ਨੁਕਸ ਪੈ ਗਿਆ ਤਾਂ ਸਰਕਾਰ ਨੇ ਪੀਣ ਵਾਲੇ ਪਾਣੀ ਲਈ ਹਰ ਪਾਸੇ ਤਾਰਾਂ ਖੜਕਾ ਦਿੱਤੀਆਂ। ਭਾਰਤ ਦੀ ਜਲ ਤੇ ਵਾਯੂ ਸੈਨਾ ਦੇ ਹਵਾਈ ਤੇ ਸਮੁੰਦਰੀ ਜਹਾਜ਼ਾਂ ਨੇ ਚੁਸਤੀ ਦਿਖਾਂਦਿਆਂ ਜੰਗੀ ਪੱਧਰ ਉਤੇ ਪਾਣੀ ਪਹੁੰਚਾਇਆ। ਭਾਰਤ ਤੋਂ ਜਾਣ ਵਾਲੀਆਂ ਪੰਜ ਉਡਾਣਾਂ ਵਿਚੋਂ ਦੋ ਪਾਲਮ ਤੋਂ ਗਈਆਂ ਤੇ ਤਿੰਨ ਚੰਡੀਗੜ੍ਹ ਤੋਂ। ਭਾਰਤੀ ਨੇਵੀ ਨੇ ਫੁਰਤੀ ਵਿਖਾਉਂਦਿਆਂ ਪੀਣ ਵਾਲੇ ਪਾਣੀ ਦੇ ਟੈਂਕਰਾਂ ਤੋਂ ਬਿਨਾਂ ਦੋ ਪਾਣੀ ਡਿਸਟਿਲ ਕਰਨ ਵਾਲੀਆਂ ਮਸ਼ੀਨਾਂ ਵੀ ਭੇਜੀਆਂ ਹਨ।

ਮੇਰੀ ਉਥੋਂ ਦੇ ਵਸਨੀਕਾਂ ਵਾਂਗ ਉਥੋਂ ਦੇ ਹਲੂਲੇ ਨਾਂ ਦੇ ਟਾਪੂ ਨਾਲ ਵੀ ਹਮਦਰਦੀ ਹੈ ਜਿਹੜਾ ਇੱਕ ਸਮੇਂ ਕੇਵਲ ਇਕ ਹੀ ਹਵਾਈ ਜਹਾਜ਼ ਨੂੰ ਸਾਂਭ ਸਕਦਾ ਹੈ। ਇੱਕ ਵਿਚਾਰਾ ਜਿਹਾ ਹਵਾਈ ਅੱਡਾ। ਜਾਵੇ ਤਾਂ ਕਿੱਥੇ ਜਾਵੇ। ਜਿਥੋਂ ਤੱਕ ਉਥੇ ਜਾਣ ਵਾਲੇ ਕਪੜੇ ਦਾ ਸਬੰਧ ਹੈ ਅਤਿਅੰਤ ਸਸਤਾ ਸੀ। ਉਥੋਂ ਦੇ ਦਰਜ਼ੀ ਵੀ ਸਿਲਾਈ ਬਹੁਤ ਸਸਤੀ ਲਾਉਂਦੇ ਸਨ। ਮੇਰੇ ਕੋਲ 1976 ਵਿਚ ਉਥੋਂ ਖਰੀਦੇ ਵਸਤਰਾਂ ਵਿਚ ਇੱਕ ਤੀਹ ਰੁਪਏ ਵਾਲੀ ਪੈਂਟ ਤੇ ਕੌਡੀਆਂ ਦੇ ਭਾਹ ਖਰੀਦੇ ਪਰਦੇ ਦਾ ਕਪੜਾ ਹਾਲੀ ਵੀ ਹੈ। ਮੈਨੂੰ ਉਥੋਂ ਦੀ ਵਸੋਂ ਦੇ ਹਸੂੰ ਹਸੂੰ ਕਰਦੇ ਚਿਹਰੇ ਕਦੀ ਨਹੀਂ ਭੁਲਣੇ। ਮੈਂ ਉਨ੍ਹਾਂ ਲਈ ਆਬ-ਏ-ਹਯਾਤ ਮਿਲਦੇ ਰਹਿਣ ਦੀ ਦੁਆ ਕਰਦਾ ਹਾਂ।

**ਅਰਬਨ ਮੇਲਾਂਗੇ ਭਾਵ ਸ਼ਹਿਰੀ ਨਿੱਕ ਸੁੱਕ:** ਹੁਣੇ ਹੁਣੇ ਅੰਗਰੇਜ਼ੀ ਮਾਸਕ ਅਰਬਨ ਮੇਲਾਂਗੇ ਭਾਵ ਸ਼ਹਿਰੀ ਮਿਸ਼ਰਣ ਮਿਲਿਆ। ਹਥਲਾ ਅੰਕ ਭਾਈ ਵੀਰ ਸਿੰਘ (ਜਨਮ 5 ਦਸੰਬਰ 1872) ਨੂੰ ਸਮਰਪਿਤ ਹੈ ਤੇ ਇਸ ਨਾਤੇ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਤਸਵੀਰਾਂ ਤੇ ਮੁਲਾਕਾਤਾਂ ਰਾਹੀਂ ਰੂਪ ਰੇਖਾ ਨੂੰ ਸੇਧ ਦੇਣ ਵਾਲਾ ਰਾਣਾ ਨਈਅਰ ਹੈ। ਜੀਊਂਦੇ ਜਾਗਦੇ ਲੇਖਕਾਂ ਵਿਚ ਗੁਰਦਿਆਲ ਸਿੰਘ ਤੇ ਕਰਨਲ ਭੁੱਲਰ ਤੋਂ ਬਿਨਾਂ ਭੰਡਾਰੀ, ਸੜਕਨਾਮਾ, ਪਾਤਰ, ਮਨਜੀਤ ਇੰਦਰਾ, ਸੁਖਵਿੰਦਰ ਅੰਮ੍ਰਿਤ ਤੇ ਗੋਰਖੀ, ਜਿੰਦਰ ਤੇ ਪ੍ਰੇਮ ਪ੍ਰਕਾਸ਼ ਦੇਖੇ ਜਾ ਸਕਦੇ ਹਨ। ਇਨ੍ਹਾਂ ਦਾ ਪ੍ਰਕਾਸ਼ਕ ਹਰੀਸ਼ ਜੈਨ ਵੀ। ਰਸਾਲੇ ਦਾ ਮੁਖ ਦਫਤਰ ਦਿੱਲੀ ਹੈ ਪਰ ਚੰਡੀਗੜ੍ਹ ਦਫਤਰ ਨਾਲ ਸਬੰਧਤ ਨਵਲੀਨ ਲੇਖੀ ਦਾ ਜੱਦੀ ਪਿੰਡ ਛੋਟਾ ਖੰਨਾ ਹੈ। ਖੰਨਾ ਮੰਡੀ ਦਾ ਬੱਚਾ।

ਮੇਲਾਂਗੇ ਨਾਂ ਦੇ ਇਸ ਪਰਚੇ ਦੀ ਮਲੰਗੀ ਦਾ ਵੱਡਾ ਭੇਤ ਇਸ ਦੇ ਵਿਗਿਆਪਨ ਹਨ। ਵੰਨ ਸੁਵੰਨੇ ਗਹਿਣੇ ਤੇ ਚਮਕ ਦਮਕ ਵਾਲੇ ਚਿਹਰੇ। ਪਰਚੇ ਦਾ ਕਰਤਾ ਧਰਤਾ ਸਾਧੂ ਸਿੰਘ ਹੈ ਤੇ ਚੰਡੀਗੜ੍ਹ, ਕਾਂਡ ਦੀ ਰੂਹ-ਏ-ਰਵਾਂ ਨਵਲੀਨ ਲੇਖੀ।

**ਅੰਤਿਕਾ:** (ਮਿਰਜ਼ਾ ਗ਼ਾਲਿਬ)
ਉਧਰ ਵੁਹ ਬਦਗੁਮਾਨੀ ਹੈ
ਇਧਰ ਯੇਹ ਨਾਤਵਾਨੀ ਹੈ,
ਨਾ ਪੂਛਾ ਜਾਏ ਹੈ ਉਸ ਸੇ
ਨਾ ਬੋਲਾ ਜਾਏ ਹੈ ਮੁੱਝ ਸੇ।
ਕਭੀ ਨੇਕੀ ਭੀ ਉਸ ਕੇ ਜੀ ਮੇ
ਗਰ ਆ ਜਾਏ ਹੈ ਮੁੱਝ ਸੇ,
ਜਫਾਏਂ ਕਰਕੇ ਅਪਨੀ ਯਾਦ
ਸ਼ਰਮਾ ਜਾਏ ਹੈ ਮੁੱਝ ਸੇ।

ਕਹਾਣੀ

# ਡੂੰਗਾ

***ਕਾਨਾ ਸਿੰਘ ਦੀ ਕਹਾਣੀ 'ਡੂੰਗਾ' ਵਿਚ ਉਸ ਦੀ ਲੇਖਣੀ ਦਾ ਰੰਗ ਦੇਖਣ ਹੀ ਵਾਲਾ ਹੈ। ਕਹਾਣੀ ਦੀ ਲੜੀ ਉਹ ਟੁੱਟਣ ਨਹੀਂ ਦਿੰਦੀ। ਕਾਨਾ ਕਹਾਣੀਆਂ ਵੀ ਲਿਖਦੀ ਹੈ ਅਤੇ ਕਵਿਤਾ ਵੀ। ਵਾਰਤਕ ਵਿਚ ਵੀ ਉਹਦੀ ਮੁਹਾਰਤ ਹੈ। ਪਿੱਛੇ ਜਿਹੇ ਉਸ ਦੀ ਵਾਰਤਕ ਪੁਸਤਕ 'ਚਿੱਤ-ਚੇਤਾ' ਛਪੀ ਹੈ ਜਿਸ ਦਾ ਰੰਗ 'ਪੰਜਾਬ ਟਾਈਮਜ਼' ਦੇ ਪਾਠਕ ਪੰਦਰੀਂ-ਵੀਹੀਂ ਦਿਨੀਂ ਦੇਖ ਹੀ ਲੈਂਦੇ ਹਨ। ਉਹਦੀਆਂ ਕਹਾਣੀਆਂ ਦੇ ਸੰਗ੍ਰਹਿ ਦਾ ਨਾਂ 'ਖੁਸ਼ਬੂ ਤੇ ਮਾਰੀਆ' ਹੈ। 'ਖੁਸ਼ਬੂ' ਕਹਾਣੀ ਉਤੇ ਟੈਲੀਫਿਲਮ ਬਣ ਚੁੱਕੀ ਹੈ। ਦੋ ਕਾਵਿ-ਸੰਗ੍ਰਹਿ 'ਲੋਹਿਓਂ ਪਾਰਸ' ਤੇ 'ਉਡ ਕਲਾਵੇ ਆਵਾਂ' ਛਪ ਚੁੱਕੇ ਹਨ। ਮੁਲਾਕਾਤਾਂ ਦੀ ਪੁਸਤਕ 'ਓਕਾਬ ਦੀ ਅੱਖ' ਵਿਚ ਉਹਨੇ ਕੁਝ ਅਹਿਮ ਸ਼ਖਸੀਅਤਾਂ ਨਾਲ ਗੱਲਾਂ ਕੀਤੀਆਂ ਹਨ। ਸਫਰਨਾਮਾ 'ਮੁਹਾਲੀ ਟੂ ਮਾਸਕੋ' ਵੀ ਉਸ ਦੇ ਬੋਝੇ ਵਿਚ ਹੈ। ਬਾਲ ਸਾਹਿਤ ਦੀ ਲੜੀ ਵਿਚ 'ਬਿਮਾਰੀ ਦੀ ਬਾਲ', 'ਟੋਪੀ ਚੋਰ', 'ਮੇਰਾ ਨਾਨਕ', 'ਏਂਗਣੂੰ ਮੇਂਗਣੂੰ ਸ਼ੇਗਣੂੰ', 'ਹੈਪੀ ਕ੍ਰਿਸਮਸ' ਤੇ 'ਕੁਕੜੂੰ ਘੜੂੰ' ਪੁਸਤਕਾਂ ਪਈਆਂ ਦਿਸਦੀਆਂ ਹਨ। -ਸੰਪਾਦਕ***

ਜਦੋਂ ਦਾ ਬਹਾਦੁਰ ਆਇਆ ਹੈ, ਘਰ ਵਿਚ ਬੜੀ ਰੌਣਕ ਹੋ ਗਈ ਹੈ। ਹਰ ਚੀਜ਼ ਲਿਸ਼ਕੀ-ਪੁਸ਼ਕੀ, ਹਰ ਕੋਨਾ ਰੌਸ਼ਨ-ਰੌਸ਼ਨ। ਮੈਨੂੰ ਹੀ ਪਤਾ ਹੈ ਕਿ ਮੈਂ ਪਿਛਲੇ ਪੰਜ ਸਾਲ ਇਸ ਭਾਂ-ਭਾਂ ਕਰਦੀ ਕੋਠੀ ਵਿਚ ਕਿਸ ਤਰ੍ਹਾਂ ਬਿਤਾਏ ਹਨ। ਵਰ੍ਹੇ-ਵਰ੍ਹੇ ਦਾ ਦਿਨ, ਘੜੀ ਦੀ ਟਿਕ-ਟਿਕ, ਦਿਲ ਦੀ ਧੱਕ-ਧੱਕ ਤੇ ਮੌਤ ਵਰਗੀ ਚੁੱਪ।

ਨਿਰਲੇਪ ਵਹੁਟੀ ਲੈ ਕੇ ਤੁਰਦਾ ਬਣਿਆ ਤੇ ਰੀਤੀ ਆਪਣੇ ਸੁਹਰੇ ਘਰ। ਰਹਿ ਗਏ ਅਸੀਂ ਮੀਆਂ ਤੇ ਬੀਵੀ ਅਤੇ ਟੀਟੂ ਤੇ ਸਿਲਕੀ। ਟੀਟੂ ਪੇਟ ਘਰੋੜੀ ਦਾ ਪਿਛਲੀ ਉਮਰ ਦਾ ਜਮੋੜ। ਅਰੋੜਾ ਸਾਹਿਬ ਨੇ ਫੈਕਟਰੀ ਚਲੇ ਜਾਣਾ ਤੇ ਟੀਟੂ ਨੇ ਸਕੂਲ। ਸ਼ਹਿਰੋਂ ਬਾਹਰ ਏਨੀ ਵੱਡੀ, ਕਨਾਲ ਦੀ ਕੋਠੀ ਵਿਚ ਮੈਂ ਕੱਲ-ਮੁਕੱਲੀ। ਸਿਲਕੀ ਅਗੇ-ਪਿੱਛੇ ਪੂਛ ਹਿਲਾਉਂਦੀ ਫਰਦੀ। ਉਸੇ ਨਾਲ ਗੱਲਾਂ ਕਰਦੀ ਰਹਿੰਦੀ ਮੈਂ। ਸਿਲਕੀ ਕੀ ਹੁੰਗਾਰਾ ਭਰੇ? ਬੇਜ਼ੁਬਾਨ ਜਾਨਵਰ। ਕਿੰਨੀ ਚੁੱਪ, ਉਦਾਸ ਤੇ ਡਿੱਗੀ ਰਹਿੰਦੀ ਸਾਂ ਮੈਂ, ਡਿਪਰੈਸ਼ਨ ਦੀ ਮਰੀਜ਼!

ਐਸੀਡਿਟੀ, ਸਪਾਂਡੇਲਾਇਟਸ, ਜੋੜਾਂ ਦਾ ਦਰਦ, ਮਾਈਗਰੇਨ, ਬਲੱਡ ਪ੍ਰੈਸ਼ਰ, ਕੋਲੈਸਟਰੋਲ ਤੇ ਦਿਲ ਦੀ ਧੜਕਣ। ਕਿਹੜੀ ਬਿਮਾਰੀ ਸੀ, ਜਿਹੜੀ ਨਹੀਂ ਸੀ ਮੈਨੂੰ ਚੰਬੜੀ ਹੋਈ? ਨਿੱਤ ਡਾਕਟਰਾਂ ਦੇ ਗੇੜੇ। ਦਵਾਈਆਂ ਹੀ ਦਵਾਈਆਂ। ਹਰ ਨਵਾਂ ਡਾਕਟਰ ਦਵਾਈ ਬਦਲ ਦਿੰਦਾ। ਡਾਕਟਰ



ਕਾਨਾ ਸਿੰਘ
ਫੋਨ: 91-95019-44944

ਬਦਲਦੇ, ਦਵਾਈਆਂ ਬਦਲਦੀਆਂ ਤੇ ਬਦਲ ਜਾਂਦੇ ਦਵਾਈਆਂ ਦੇ ਨਾਂ। ਜੇ ਨਹੀਂ ਸੀ ਬਦਲਦੀ ਤਾਂ ਮੇਰੀ ਹਾਲਤ। ਉਹ ਤਾਂ ਬਦ ਤੋਂ ਬਦਤਰ ਹੀ ਹੁੰਦੀ ਜਾਂਦੀ। ਡਾਕਟਰ ਮੇਰੀ ਬਿਮਾਰੀ ਦਾ ਕਾਰਨ ਇਕਲਾਪਾ ਦੱਸਦੇ, ਪਰ ਬੰਦੇ ਕਿੱਥੋਂ ਲਿਆਈਏ?

ਭਲਾ ਹੋਵੇ ਮਿਸਟਰ ਕੁਮਾਰ ਦਾ। ਦੇਣੀਆਂ ਨਹੀਂ ਦੇ ਸਕਦੇ ਅਸੀਂ ਉਨ੍ਹਾਂ ਦੀਆਂ। ਉਨ੍ਹਾਂ ਨੇ ਹੀ ਲਿਆ ਕੇ ਦਿੱਤਾ ਏ ਬਹਾਦੁਰ। ਉਨ੍ਹਾਂ ਦਾ ਚਪੜਾਸੀ ਬਹਾਦੁਰ ਦਾ ਚਾਚਾ ਏ। ਪਿਛਲੀ ਛੁੱਟੀ 'ਤੇ ਜਦੋਂ ਉਹ ਨੇਪਾਲ ਗਿਆ ਤਾਂ ਵਾਪਸੀ ਉਤੇ ਇਸ ਨੂੰ ਨਾਲ ਲੈ ਆਇਆ। ਸੋਚਾਂ, ਇਤਨਾ ਨਿਕਚੂ ਜਿਹਾ ਭਲਾ ਕੀ ਕੰਮ ਕਰ ਸਕੇਗਾ? ਮੈਂ ਤਾਂ ਰੱਖ ਕੇ ਹੀ ਨਹੀਂ ਸੀ ਰਾਜ਼ੀ, ਪਰ ਇਸ ਦੇ ਚਾਚੇ ਨੇ ਦੱਸਿਆ ਕਿ ਪੂਰੇ ਦਸਾਂ ਵਰ੍ਹਿਆਂ ਦਾ ਹੈ ਬਹਾਦੁਰ। ਬੱਸ ਕੱਦ ਦਾ ਹੀ ਮਧਰਾ ਏ। ਪਹਿਲਾਂ ਉਸ ਨੇ ਇਸ ਨੂੰ ਕਿਸੇ ਹੋਰ ਦੇ ਘਰ ਰਖਾਇਆ ਸੀ। ਦੋ ਮਹੀਨੇ ਉਥੇ ਰਿਹਾ ਪਰ ਖੁਸ਼ ਨਹੀਂ ਸੀ। ਉਹ ਚੰਗਾ ਖਾਣ ਨੂੰ ਨਹੀਂ ਸਨ ਦਿੰਦੇ, ਨਾਲੇ ਵੈਸ਼ਨੂੰ ਸਨ। ਮਾਸ ਮੱਛੀ ਨਹੀਂ ਸਨ ਖਾਂਦੇ। ਬਹਾਦੁਰ ਤਾਂ ਮਾਸਾਹਾਰੀ ਹੈ ਤੇ ਸਾਡੇ ਘਰ ਹਰ ਦੂਜੇ-ਚੌਥੇ ਦਿਨ ਮਹਾਂਪ੍ਰਸ਼ਾਦ ਬਣਦਾ ਹੈ।

ਨੌਕਰ ਉਥੇ ਖੁਸ਼ ਰਹਿੰਦਾ ਹੈ ਜਿਥੇ ਖਾਣ ਨੂੰ ਚੰਗਾ ਚੋਖਾ ਮਿਲੇ ਤੇ ਵਿਤਕਰਾ ਵੀ ਨਾ ਹੋਵੇ। ਵੱਧ ਹੋਵੇ ਜਾਂ ਘੱਟ, ਤਨਖਾਹ ਤਾਂ ਘਰ ਵਾਲਿਆਂ ਨੂੰ ਹੀ ਜਾਣੀ ਹੁੰਦੀ ਹੈ। ਬੱਚੇ ਵਿਚਾਰੇ ਨੂੰ ਉਸ ਨਾਲ ਕੀ ਭਾਗ!

ਆਖਰ ਬੱਚਾ ਹੀ ਤਾਂ ਹੈ ਨਾ ਬਹਾਦੁਰ। ਸਾਡੇ ਟੀਟੂ ਤੋਂ ਚਾਰ ਸਾਲ ਛੋਟਾ ਏ ਤੇ ਟੀਟੂ ਕਿਤਨਾ ਲਾਡਲਾ ਏ? ਬਹਾਦੁਰ ਵੀ ਲਾਡਲਾ ਏ, ਮਾਪਿਆਂ ਦਾ ਇਕਲੌਤਾ ਪੁੱਤਰ। ਹੈ ਵੀ ਚੰਗੇ ਘਰ ਦਾ ਤੇ ਬ੍ਰਾਹਮਣ। ਝੋਨੇ ਦੇ ਖੇਤ ਨੇ ਉਨ੍ਹਾਂ ਦੇ, ਪਰ ਕੁਝ ਦੇਰ ਤੋਂ ਫਸਲ ਹੀ ਨਹੀਂ ਹੋ ਰਹੀ। ਦਾਦਾ ਬੁੱਢਾ ਸੁ ਤੇ ਪਿਉ ਦਮੇ ਦਾ ਮਰੀਜ਼। ਕਾਫ਼ੀ ਕਰਜ਼ਾ ਚੜ੍ਹ ਗਿਆ ਹੈ ਉਨ੍ਹਾਂ ਦੇ ਸਿਰ ਉਤੇ। ਕਹਿੰਦਾ ਏ ਪਿਉ ਬਹੁਤ ਪਿਆਰ ਕਰਦਾ ਏ ਉਸ ਨੂੰ। ਵਸਾਹ ਹੀ ਨਹੀਂ ਸੀ ਖਾਂਦਾ। ਸਾਹ ਨਾਲ ਹਫ਼ਦਾ ਵੀ ਉਸ ਨੂੰ ਘਨਾੜੇ ਉਤੇ ਚੜ੍ਹਾਈ ਰੱਖਦਾ ਸੀ। ਉਸ ਕਿੱਥੇ ਭੇਜਣਾ ਸੀ ਇਸ ਨੂੰ? ਇਹ ਤਾਂ ਇਸ ਦਾ ਚਾਚਾ ਚੋਰੀ ਲੈ ਆਇਆ। ਭਰਜਾਈ ਨੂੰ ਸਮਝਾ-ਬੁਝਾ ਕੇ। ਅਖੇ, ਉਹ ਬਹਾਦੁਰ ਨੂੰ ਸ਼ਹਿਰ ਪੜ੍ਹਾਉਣ ਲਈ ਲਿਜਾ ਰਿਹੈ। ਪਤਾ ਨਹੀਂ ਹੁਣ ਇਸ ਦੇ ਪਿਉ ਦਾ ਕੀ ਹਾਲ ਹੋਵੇਗਾ?

ਪਿਉ ਨੂੰ ਯਾਦ ਕਰ ਕੇ ਬਹਾਦੁਰ ਬੜਾ ਉਦਾਸ ਹੋ ਜਾਂਦਾ ਹੈ। ਬੜੀਆਂ ਗੱਲਾਂ ਕਰਦਾ ਹੈ ਵਤਨ ਦੀਆਂ। ਝੋਨੇ ਦੇ ਖੇਤਾਂ ਦੀਆਂ, ਪਾਣੀ ਦੇ ਝਰਨਿਆਂ ਦੀਆਂ, ਪਿਉ-ਦਾਦੇ ਤੇ ਮਾਂ ਦੀਆਂ, ਤੇ ਦੋਸਤਾਂ ਅਤੇ ਸੰਗੀਆਂ ਦੀਆਂ ਗੱਲਾਂ ਹੀ ਗੱਲਾਂ। ਲੱਗੇ ਹੀ ਰਹੀਦੈ, ਗੱਲਾਂ ਵੀ ਤੇ ਕੰਮ ਵੀ।

ਨਿਰਲੇਪ ਦੀ ਰਸ਼ਮ ਤੇ ਰੀਤੀ ਦੇ ਸੋਨੂੰ ਦੀਆਂ ਸ਼ਰਾਰਤਾਂ ਬਾਰੇ ਸੁਣ ਕੇ ਬਹਾਦੁਰ ਬੜਾ ਹੱਸਦਾ ਹੈ। ਉਨ੍ਹਾਂ ਲਈ ਮਿੱਟੀ ਦੇ ਖਿਡੌਣੇ, ਕਾਗਜ਼ ਦੀਆਂ ਬੇੜੀਆਂ, ਭੰਬੀਰੀਆਂ, ਜਹਾਜ਼ ਤੇ ਹੋਰ ਕਿੰਨਾ ਕੁਝ ਹੀ ਬਣਾ-ਬਣਾ ਕੇ ਰੱਖੀ ਜਾਂਦਾ ਹੈ। ਸਾਡੇ ਬੱਚਿਆਂ ਦੀਆਂ ਚਿੱਠੀਆਂ ਆਉਣ ਸਹੀ, ਖੁਸ਼ੀ ਨਾਲ ਉਛਲ ਪੈਂਦਾ ਹੈ। ਕਹਿੰਦਾ ਹੈ 'ਮੈਂ ਦੀਦੀ ਦੇ ਸੋਨੂੰ ਦੀ ਘੋੜੀ ਬਣ ਕੇ ਉਸ ਨੂੰ ਖਿਡਾਵਾਂਗਾ, ਰਸ਼ਮੀ ਲਈ ਗੁੱਡੀ ਬਣਾਵਾਂਗਾ'। ਬਸ ਦਿਨ ਗਿਣਦਾ ਹੈ ਕਿ ਕਦੋਂ ਉਹ ਆਉਣਗੇ।

ਰੌਣਕਾਂ ਦਾ ਤਾਂ ਬਾਹਲਾ ਹੀ ਭੁੱਖਾ ਹੈ। ਕੋਈ ਆਵੇ ਸਹੀ, ਚਾਅ ਚੜ੍ਹ ਜਾਂਦਾ ਹੈ ਉਸ ਨੂੰ। ਇਹੀ ਚਾਹੁੰਦਾ ਹੈ ਕਿ ਘਰ ਭਰਿਆ ਰਹੇ, ਗਹਿਮਾ-ਗਹਿਮ ਲੱਗੀ ਰਹੇ। ਹੁਣ ਆਉਂਦੇ ਵੀ ਬੜੇ ਨੇ। ਮੈਂ ਜੁ ਖਿੜੀ ਰਹਿੰਦੀ ਹਾਂ? ਹੁਣ ਨਹੀਂ ਹੁੰਦਾ ਮੈਨੂੰ ਕੋਈ ਡਿਪਰੈਸ਼ਨ, ਵੈਸ਼ਨ। ਨਾ ਹੀ ਕਦੇ ਕੋਈ ਦਵਾਈ ਲੈਣੀ ਪਈ ਹੈ।

ਬਹਾਦੁਰ ਕਾਰਨ ਤਾਂ ਮੈਨੂੰ ਜ਼ਿੰਦਗੀ ਦਾ ਜਿਵੇਂ ਚਾਅ ਜਿਹਾ ਹੀ ਚੜ੍ਹ ਗਿਆ ਹੈ। ਅੱਗੇ ਦਾਲ ਸਬਜ਼ੀ ਵੀ ਨਹੀਂ ਸੀ ਬਣਦੀ ਮੈਥੋਂ। ਬੱਸ, ਬੇਦਿਲਿਆਂ ਹੀ ਕੁਝ ਰਿੰਨ੍ਹ-ਪਕਾ ਲਈਦਾ ਸੀ। ਕਿੰਨੇ-ਕਿੰਨੇ ਦਿਨ ਤਾਂ ਢਾਬੇ ਤੋਂ ਹੀ ਖਾਣਾ ਆਉਂਦਾ ਸੀ, ਤੇ ਹੁਣ ਬਹਾਦਰ ਦੇ ਸੰਗ ਨਾਲ ਮੈਂ ਨਿੱਤ ਨਵੇਂ ਅਹਾਰ ਬਣਾਉਂਦੀ ਹਾਂ। ਆਚਾਰ, ਮੁਰੱਬੇ, ਚਟਣੀਆਂ, ਪਾਪੜ, ਫੁੱਲਵੜੀਆਂ, ਸੇਵੀਆਂ, ਕੇਕ। ਕੁਝ ਨਾ ਕੁਝ ਬਣਦਾ ਹੀ ਰਹਿੰਦਾ ਹੈ। ਉਹ ਨਾਲ ਬਰਾਬਰ ਦਾ ਕੰਮ ਜੁ ਕਰਾਉਂਦਾ ਹੋਇਆ। ਸਬਜ਼ੀਆਂ ਕੱਟ ਦਿੰਦਾ ਹੈ, ਮਸਾਲੇ ਪੀਹ ਦਿੰਦਾ ਹੈ। ਹੱਥੋਂ ਖੋਹ-ਖੋਹ ਕੇ ਕੰਮ ਕਰਦਾ ਹੈ। ਬੜੀ ਹੀ ਉਜ ਹੈ ਉਸ ਨੂੰ ਕੰਮ ਦੀ। ਬੱਚਾ ਜੁ ਹੋਇਆ।

ਬਹਾਦੁਰ ਲਈ ਤਾਂ ਕੰਮ ਵੀ ਖੇਡ ਹੀ ਹੈ ਜਿਵੇਂ। ਮੈਂ ਵੀ ਲਾਈ ਰੱਖਦੀ ਹਾਂ ਉਸ ਨੂੰ ਕਿਸੇ ਨਾ ਕਿਸੇ ਪਾਸੇ। ਵਿਹਲਿਆਂ ਨਹੀਂ ਬਹਿਣ ਦਿੰਦੀ। ਵਿਹਲਾ ਦਿਮਾਗ ਤਾਂ ਸ਼ੈਤਾਨ ਦਾ ਘਰ ਹੁੰਦੈ। ਉਹਦੀ ਫੁਰਤੀ ਸਾਹਮਣੇ ਕੋਈ ਵੱਡਾ ਕੀ ਟਿਕੇਗਾ ਭਲਾ। ਸਾਫ਼ ਤੇ ਸੁਥਰਾ ਵੀ ਬੜਾ ਹੈ। ਚੰਗੇ ਘਰਾਣੇ ਦਾ ਜੁ ਹੋਇਆ। ਕਹਿੰਦੈ, ਉਹਦੇ ਘਰ ਵਿਚ ਗਾਂ ਵੀ ਸੀਗੀ। ਖੁੱਲ੍ਹਾ ਦੁੱਧ ਤੇ ਘਰ ਦੀ ਖੇਤੀ। ਆਖਦੈ, ਜਦੋਂ ਮੈਂ ਦੇਸ਼ ਜਾਵਾਂਗਾ ਤਾਂ ਤੁਹਾਡੇ ਲਈ ਘਰ ਦੇ ਚਾਵਲ ਲੈ ਕੇ ਆਵਾਂਗਾ। ਉਂਜ ਹੈ ਤਾਂ ਬਹੁਤ ਹੀ ਖੁਸ਼ ਇਥੇ। ਘਰ ਜਾਣ ਦਾ ਨਾਂ ਨਹੀਂ ਲੈਂਦਾ। ਆਖਦੈ, ਦਸ ਸਾਲਾਂ ਬਾਅਦ ਜਾਵਾਂਗਾ। ਖੂਬ ਪੈਸੇ ਕਮਾ ਕੇ, ਏਨੇ ਕਿ ਜਿਸ ਨਾਲ ਪਿਉ ਆਰਾਮ ਨਾਲ ਬਹਿ ਕੇ ਖਾਏਗਾ ਤੇ ਇਲਾਜ ਵੀ ਕਰਾਏਗਾ। ਏਨੇ ਸਾਰੇ ਪੈਸੇ ਦੇਖ ਕੇ ਪਿਉ ਵਿਛੋੜੇ ਦਾ ਸਾਰਾ ਗਮ ਭੁੱਲ ਜਾਵੇਗਾ।

ਭੋਲਾ ਕਿਸੇ ਥਾਂ ਦਾ! ਕੀ ਪਤਾ ਪਿਉ ਤਦ ਤੱਕ ਰਹੇਗਾ ਵੀ ਕਿ ਨਾ।

ਇਕ ਪੁੱਤਰ ਦੀ ਮਾਂ ਤਾਂ ਅੰਨ੍ਹੀ ਹੁੰਦੀ ਏ। ਪਤਾ ਨਹੀਂ ਵਿਚਾਰੀ ਦਾ ਕੀ ਹਾਲ ਹੁੰਦਾ ਹੋਵੇਗਾ? ਉਹਦੀ ਮਾਂ ਦਾ ਖਿਆਲ ਕਰ ਕੇ ਮੈਨੂੰ ਬਹਾਦਰ ਨਾਲ ਬੜਾ ਪਿਆਰ ਆਉਂਦਾ ਹੈ। ਆਪਣੇ ਪੁੱਤਰਾਂ ਤੋਂ ਵੀ ਵੱਧ। ਸੋਚਦੀ ਹਾਂ, ਆਖਰ ਲੋਕੀਂ ਯਤੀਮਾਂ ਨੂੰ ਵੀ ਤਾਂ ਪਾਲਦੇ ਹੀ ਨੇ ਨਾ। ਪੱਛਮੀ ਦੇਸ਼ਾਂ ਵਿਚ ਤਾਂ ਕਈ ਲੋਕ ਆਪਣੇ ਬੱਚੇ ਪੈਦਾ ਨਾ ਕਰ ਕੇ, ਲੂਲ੍ਹੇ ਲੰਗੜੇ, ਅਪਾਹਜਾਂ ਤੇ ਮਨੋਵਿਕਾਰ ਦੇ ਸ਼ਿਕਾਰ ਬੱਚਿਆਂ ਨੂੰ ਗੋਦ ਲੈ ਕੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਦੇ ਹਨ। ਫ਼ਿਰ ਇਹ ਤਾਂ ਘਰ ਦਾ ਨੌਕਰ ਹੈ। ਖੁਸ਼ ਰੱਖਾਂਗੇ ਤਾਂ ਦੂਣਾ ਕੰਮ ਕਰੇਗਾ। ਇਸ ਲਈ ਮੈਂ ਇਸ ਨੂੰ ਖੁੱਲ੍ਹਾ ਖਾਣਾ ਦਿੰਦੀ ਹਾਂ। ਪੇਟ ਭਰ। ਉਂਜ ਖਾਂਦਾ ਬਹੁਤ ਹੈ। ਅਸਾਂ ਤਿੰਨਾਂ ਤੋਂ ਵੱਧ। ਚਾਰ ਰੋਟੀਆਂ ਤੇ ਚਾਵਲ ਵੀ।

ਮੈਂ ਸਭ ਤੋਂ ਪਹਿਲਾਂ ਬਹਾਦੁਰ ਨੂੰ ਨਾਸ਼ਤਾ ਖੁਆਉਂਦੀ ਹਾਂ। ਆਪਣੇ ਵੱਲੋਂ ਏਨਾ ਰਜਾਅ ਦਿੰਦੀ ਹਾਂ ਕਿ ਉਸ ਦੀ ਅੱਖ ਭਰੀ ਰਹੇ, ਤਾਂ ਜੁ ਟੀਟੂ ਤੇ ਅਰੋੜਾ ਸਾਹਿਬ ਦੇ ਅੰਡੇ ਤੇ ਪਰਾਂਠੇ ਉਸ ਦੀਆਂ ਅੱਖਾਂ ਵਿਚੋਂ ਨਾ ਨਿਕਲਣ, ਪਰ ਅੱਖ ਉਸ ਦੀ ਹੈ ਤਾਂ ਭੁੱਖੀ ਹੀ। ਕੋਈ ਖਾਣ ਬੈਠੇ ਸਹੀ, ਝੱਟ ਸਾਹਮਣੇ ਆਣ ਖੜ੍ਹਦਾ ਹੈ। ਇਸੇ ਕਰ ਕੇ ਤਾਂ ਮੈਂ ਪਿਉ ਪੁੱਤਰ ਨੂੰ ਨਾਸ਼ਤਾ ਦੇਣ ਵੇਲੇ ਬਹਾਦਰ ਨੂੰ ਬੈੱਡ ਰੂਮ ਵਿਚ ਝਾੜੂ-ਪੋਚਾ ਕਰਨ ਭੇਜ ਦਿੰਦੀ ਹਾਂ, ਤੇ ਜਾਂ ਫਿਰ ਗੋਡੀ ਕਰਨ।

ਕਨਾਲ ਦੀ ਕੋਠੀ ਤੇ ਉਹ ਵੀ ਕੋਨੇ ਵਾਲੀ। ਜੜੀ-ਬੂਟੀ ਤੇ ਘਾਹ ਪੁੱਟਦਿਆਂ ਨਹੀਂ ਮੁੱਕਦਾ। ਬਹਾਦੁਰ ਬਗੀਚੀ ਦਾ ਕੰਮ ਬੜੇ ਸ਼ੌਕ ਨਾਲ ਕਰਦਾ



ਹੈ। ਕਾਸ਼ਤਕਾਰਾਂ ਦਾ ਪੁੱਤ ਜੁ ਹੋਇਆ। ਮਾਲੀ ਬੜੇ ਨਖਰੇ ਕਰਿਆ ਕਰਦਾ ਸੀ। ਛੁੱਟੀਆਂ ਵੀ ਬੜੀਆਂ ਕਰਦਾ ਸੀ। ਕੰਮ ਚੋਰ। ਪੂਰੇ ਸੌ ਰੁਪਏ ਲੈਂਦਾ ਸੀ ਮਹੀਨੇ ਦੇ, ਤੇ ਪਾਣੀ ਵੀ ਬਰਾਬਰ ਨਹੀਂ ਸੀ ਦਿੰਦਾ। ਬੱਸ ਪਾਈਪ ਲਾ ਕੇ ਤੁਰ ਜਾਂਦਾ ਸੀ। ਐਵੇਂ ਇਕੋ ਥਾਂ 'ਤੇ ਪਾਣੀ ਵਗਦਾ ਰਹਿੰਦਾ ਸੀ। ਬਹਾਦੁਰ ਤਾਂ ਆਪ ਨਾਲ ਨੂੰ ਫੜ ਕੇ ਪੂਰੇ ਘਾਹ ਉਤੇ ਤ੍ਰੌਂਕਦਾ ਹੈ। ਪਾਣੀ ਦੀ ਵੀ ਬੱਚਤ ਤੇ ਪੈਸਿਆਂ ਦੀ ਵੀ। ਬਗੀਚੀ ਵੀ ਸੱਜ-ਵਿਆਹੀ ਵਹੁਟੀ ਵਾਂਗ ਉਜਲੀ, ਸੁਥਰੀ, ਸੱਜਰੀ-ਸੰਵਰੀ। ਆਪਣੇ ਤੋਂ ਵੱਡੀ ਕਹੀ ਫੜ ਕੇ ਲੱਗਾ ਹੀ ਰਹਿੰਦਾ ਹੈ। ਘੁੱਗੀਆਂ, ਬੁਲਬੁਲਾਂ, ਚਿੜੀਆਂ ਤੇ ਲਾਲੜੀਆਂ ਨਾਲ ਗੱਲਾਂ ਲੱਗੇ ਨੂੰ ਆਪਣੀ ਕੋਈ ਸੁੱਧ-ਬੁੱਧ ਨਹੀਂ ਰਹਿੰਦੀ। ਬੂਟਿਆਂ ਨਾਲ ਜੱਫ਼ੀਆ ਪਾ-ਪਾ ਕੇ ਉਨ੍ਹਾਂ ਨੂੰ ਇੰਜ ਚੁੰਮਦੈ ਜਿਵੇਂ ਉਹ ਉਸ ਦੇ ਮਾਂ ਜਾਏ ਹੋਣ।

ਖਿਆਲਾਂ ਵਿਚ ਮਗਨ ਬਹਾਦਰ ਦੇ ਹੱਥੋਂ ਪਰਸੋਂ ਤਾਂ ਕਹੀ ਹੀ ਡਿੱਗ ਪਈ, ਤੇ ਉਸ ਦੇ ਖੱਬੇ ਪੈਰ ਦਾ ਅੰਗੂਠਾ ਲਹੂ-ਲੁਹਾਣ ਹੋ ਗਿਆ। ਉਦੋਂ ਮੈਨੂੰ ਉਸ 'ਤੇ ਬੜਾ ਤਰਸ ਆਇਆ। ਭਲਾ ਇਹ ਵੀ ਕੋਈ ਉਮਰ ਏ ਕੰਮ ਕਰਨ ਦੀ? ਪਰ ਫ਼ਿਰ ਸੋਚਦੀ ਹਾਂ, ਗਰੀਬਾਂ ਤੇ ਲੋੜਵੰਦਾਂ ਨੂੰ ਕੰਮ ਦੇਣਾ ਵੀ ਤਾਂ ਪੁੰਨ ਹੀ ਹੈ ਨਾ।

ਪਿਉ ਸੋਚਦਾ ਹੋਵੇਗਾ ਕਿ ਪੁੱਤਰ ਪੜ੍ਹਾਈ ਕਰ ਰਿਹੈ। ਵੱਡਾ ਹੋ ਕੇ ਚੰਗੀ ਨੌਕਰੀ ਕਰਨ ਲੱਗ ਪਏਗਾ ਤੇ ਫਿਰ ਸਾਰੇ ਧੋਣੇ ਧੋਤੇ ਜਾਣਗੇ। ਉਸ ਨੂੰ ਕੀ ਪਤਾ?

ਬਹਾਦੁਰ ਕਹਿੰਦਾ ਹੈ ਕਿ ਜੇ ਉਸ ਦੇ ਪਿਉ ਨੂੰ ਪਤਾ ਲੱਗ ਗਿਆ ਕਿ ਉਸ ਦਾ ਪੁੱਤਰ ਝਾੜੂ-ਪੋਚੇ ਕਰਦਾ ਹੈ ਤਾਂ ਉਸ ਨੂੰ ਬੜਾ ਦੁੱਖ ਲੱਗੇਗਾ। ਚਾਚਾ ਧਰੀਕ ਲਿਆਇਆ ਸੂ, ਪਰ ਉਸ ਦਾ ਵੀ ਕੀ ਕਸੂਰ? ਉਸ ਤੋਂ ਆਪਣੇ ਘਰ ਦੀ ਦੁਰਦਸ਼ਾ ਨਹੀਂ ਵੇਖੀ ਗਈ ਹੋਣੀ ਨਾ। ਹੁਣ ਸੌ ਰੁਪਏ ਮਹੀਨੇ ਦੇ ਹਿਸਾਬ ਨਾਲ ਉਸ ਦੀ ਤਨਖਾਹ ਵੀ ਤਾਂ ਪਿਛੇ ਪੈ ਰਹੀ ਹੈ ਨਾ।

ਪੜ੍ਹਾਈ ਵੀ ਮੈਂ ਕਿਹੜਾ ਨਹੀਂ ਕਰਾ ਰਹੀ। ਦਿਹਾੜੀ ਵਿਹਲੇ ਵੇਲੇ ਉਸ ਨੂੰ ਕਦੇ-ਕਦੇ ਪੜ੍ਹਾਉਂਦੀ ਹੀ ਹਾਂ। ਛੇ ਮਹੀਨੇ ਹੀ ਤਾਂ ਹੋਏ ਸੂ ਆਇਆਂ, ਤੇ ਸਾਰੀ ਏ.ਬੀ.ਸੀ. ਸਿੱਖ ਗਿਆ ਏ। ਟਵੈਂਟੀ ਤੱਕ ਗਿਣ ਵੀ ਲੈਂਦਾ ਹੈ। ਉਂਜ ਦਿਮਾਗ ਦਾ ਬੜਾ ਤੇਜ਼ ਹੈ।

ਗਰੀਬਾਂ ਦੇ ਬੱਚਿਆਂ ਦੀ ਬੁੱਧੀ ਬੜੀ ਤੀਖਣ ਹੁੰਦੀ ਹੈ। ਇਹ ਕਿਉਂ ਭਲਾ?

ਸ਼ੌਕ ਵੀ ਬੜਾ ਸੂ ਪੜ੍ਹਨ-ਲਿਖਣ ਦਾ। ਟੀਟੂ ਦੀਆਂ ਕਿਤਾਬਾਂ ਫਰੋਲ-ਫਰੋਲ ਕੇ ਤੱਕਦਾ ਰਹਿੰਦਾ ਹੈ। ਬੱਸ ਚਾਹੁੰਦਾ ਹੈ 'ਲਿਖਦਾ ਹੀ ਰਹਾਂ' ਪਰ ਏਨੇ ਕਾਗਜ਼ ਕਿਥੋਂ ਆਉਣ? ਕਿੰਨਾ ਮਹਿੰਗਾ ਏ ਕਾਗਜ਼! ਜੇ ਪੇਪਰ ਨਾ ਮਿਲੇ ਤਾਂ ਲੱਕੜੀ ਨਾਲ ਵਿਹਲੇ ਦੀ ਮਿੱਟੀ ਵਿਚ ਹੀ ਲਿਖਣ-ਲਕੀਰਨ ਲੱਗ ਪੈਂਦਾ ਹੈ।

ਵੈਸੇ ਤਾਂ ਸਰਕਾਰੀ ਸਕੂਲ ਵੀ ਘਰ ਦੇ ਕੋਲ ਹੀ ਹੈ। ਸਾਖਰਤਾ ਦੀਆਂ ਵੀ ਸ਼ਾਮੀਂ ਸਪੈਸ਼ਲ ਜਮਾਤਾਂ ਲੱਗਦੀਆਂ ਨੇ। ਅਰੋੜਾ ਸਾਹਿਬ ਕਹਿੰਦੇ ਨੇ ਕਿ ਬਹਾਦੁਰ ਨੂੰ ਦਾਖ਼ਲ ਕਰਾ ਦਿਆਂ, ਪਰ ਮੇਰਾ ਹਠ ਨਹੀਂ ਪੈਂਦਾ। ਆਖਰ ਬੱਚਾ ਹੀ ਹੈ ਨਾ। ਜੇ ਕੋਈ ਵਰਗਲਾ ਲਵੇ ਤਾਂ? ਚਾਰ ਪੈਸੇ ਵਾਧੂ ਮਿਲਣ ਦੇ ਲਾਲਚ ਵਿਚ ਕਿਧਰੇ ਨੱਸ ਹੀ ਨਾ ਜਾਏ। ਫੇਰ ਪਤਾ ਨਹੀਂ ਕੀ ਹਾਲ ਹੋਵੇ ਵਿਚਾਰੇ ਦਾ! ਕੀ ਪਤਾ ਉਸ ਨੂੰ ਏਨੇ ਲਾਡ ਨਾਲ ਕੋਈ ਰੱਖੇ ਕਿ ਨਾ।

ਮੈਂ ਤਾਂ ਨਹੀਂ ਖਾਂਦੀ ਬਹਾਦੁਰ ਦਾ ਵਿਸਾਹ। ਉੱਕਾ ਹੀ! ਆਪਣੇ ਬੈੱਡਰੂਮ ਦੇ ਬਾਹਰ ਲੌਬੀ ਵਿਚ ਸਿਲਕੀ ਦੇ ਨਾਲ ਹੀ ਉਸ ਦਾ ਬਿਸਤਰਾ ਕਰਦੀ ਹਾਂ, ਤਾਂ ਜੋ ਜੇ ਉਹ ਕਿਧਰੇ ਨੱਸਣ ਦੀ ਕੋਸ਼ਿਸ਼ ਕਰੇ, ਤਾਂ ਸਿਲਕੀ ਉਸੇ ਵੇਲੇ ਭੌਂਕ ਕੇ ਖਬਰ ਕਰ ਦੇਵੇ।

ਸਵੇਰੇ ਮੂੰਹ ਹਨ੍ਹੇਰੇ ਦੋਧੀ ਦਾ ਭੋਂਪੂ ਸੁਣਦਿਆਂ ਹੀ ਬਹਾਦੁਰ ਦੌੜ ਕੇ ਦੁੱਧ ਲੈ ਆਉਂਦਾ ਹੈ। ਰਾਤੀਂ ਸਿਰਹਾਣੇ ਕੋਲ ਹੀ ਡੋਲਚੂ ਰੱਖ ਕੇ ਸੌਂਦਾ ਹੈ। ਪਹਿਲਾਂ ਮੈਨੂੰ ਉਠਣਾ ਪੈਂਦਾ ਸੀ। ਠੰਢ ਵਿਚ ਉਭੜਵਾਹੇ ਉਠਣ ਨਾਲ ਮੈਨੂੰ ਤਾਂ ਜ਼ੁਕਾਮ ਹੋ ਜਾਂਦਾ ਸੀ। ਨਿੱਛਾ ਹੀ ਨਿੱਛਾਂ! ਹੁਣ ਬਹਾਦੁਰ ਨਾਲ ਬੜਾ ਸੁੱਖ ਹੋ ਗਿਆ ਹੈ। ਬੱਸ ਇਕ ਵੇਰਾਂ ਦੁੱਧ ਲੈਣ ਲਈ ਜੋ ਉਠਦਾ ਹੈ, ਤਾਂ ਫ਼ਿਰ ਕੰਮ ਵਿਚ ਜੁਟ ਜਾਂਦਾ ਹੈ।

ਕਾਰ ਤਾਂ ਏਨੇ ਪਿਆਰ ਨਾਲ ਧੋਂਦਾ ਹੈ ਬਹਾਦੁਰ ਕਿ ਪੁੱਛੋ ਕੁਝ ਨਾ। ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੈ ਕਿ ਥੱਕਦਾ ਹੀ ਨਹੀਂ! ਕਦੇ ਖਿੜਕੀ ਤੇ ਕਦੇ ਪੱਖੇ। ਪਲੰਮ-ਪਲੰਮ ਕੇ ਝਾੜਦਿਆਂ ਰੱਜਦਾ ਹੀ ਨਹੀਂ। ਹੋਰ ਤਾਂ ਹੋਰ ਨੌਕਰਾਣੀ ਦੇ ਹੱਥੋਂ ਭਾਂਡੇ ਵੀ ਖੋਹ-ਖੋਹ ਕੇ ਧੋਣ ਲੱਗ ਪੈਂਦਾ ਹੈ। ਉਂਜ ਹਾਲਾਂ ਮੈਂ ਨੌਕਰਾਣੀ ਨੂੰ ਨਹੀਂ ਲਾਹਿਆ। ਭਾਂਡੇ ਉਹੀ ਕਰਦੀ ਹੈ। ਅਜੇ ਤਾਂ ਬਹਾਦੁਰ ਦੇ ਹੱਥ ਹੀ ਨਹੀਂ ਪੁੱਜਦੇ ਨਲਕੇ ਤੱਕ। ਭਿਸਕੂ ਜਿਹਾ ਜੁ ਹੋਇਆ। ਬੱਸ ਉਸ ਕੋਲੋਂ ਉਪਰਲਾ ਕੰਮ ਹੀ ਕਰਾਉਂਦੀ ਹਾਂ ਤੇ ਉਪਰਲਾ ਕੰਮ ਵੀ ਭਲਾ ਕੋਈ ਕੰਮ ਹੁੰਦੈ?

ਆਪਣਾ ਦਿਲ ਬੜਾ ਹੀ ਨਰਮ ਹੈ। ਵਾਸ਼ਿੰਗ ਮਸ਼ੀਨ ਵਿਚ ਕੱਪੜੇ ਧੋ-ਧੋ ਕੇ ਮੈਂ ਕੱਢੀ ਜਾਨੀ ਹਾਂ, ਤੇ ਬਹਾਦੁਰ ਹੰਗਾਲਦਾ ਹੈ। ਸਾਬਣ ਕੱਢ, ਨਿਚੋੜ ਤੇ ਨੀਲ ਲਗਾ ਕੇ ਉਹੀ ਸੁੱਕਣੇ ਪਾਉਂਦਾ ਹੈ। ਹੁਣ ਤਾਂ ਕੱਪੜੇ ਇਸਤਰੀ ਕਰਨੇ ਵੀ ਸਿੱਖ ਗਿਆ ਹੈ। ਮੇਰੇ ਸੂਟ, ਬਲਾਊਜ਼, ਸਰਾਹਣਿਆਂ, ਗੱਦੀਆਂ ਦੇ ਉਛਾੜ ਤੇ ਹੋਰ ਨਿੱਕੇ-ਮੋਟੇ ਕੱਪੜੇ ਉਹੀ ਪ੍ਰੈਸ ਕਰਦਾ ਹੈ। ਧੋਬਣ ਦਾ ਬਿੱਲ ਹੁਣ ਅੱਧਾ ਨਹੀਂ ਰਿਹਾ। ਅੱਗੇ ਚਾਲੀ ਰੁਪਏ ਸੈਂਕੜੇ ਦੇ ਹਿਸਾਬ ਨਾਲ ਨਿੱਕੇ-ਵੱਡੇ ਸਾਰੇ ਕੱਪੜੇ ਉਹੀ ਇਸਤਰੀ ਕਰਦੀ ਸੀ। ਹੁਣ ਤਾਂ ਸਿਫ਼ਰ ਸਾੜ੍ਹੀਆਂ ਤੇ ਅਰੋੜਾ ਸਾਹਿਬ ਦੀਆਂ ਕਮੀਜ਼ਾਂ-ਪੈਂਟਾਂ ਹੀ ਦੇਈਦੀਆਂ ਨੇ। ਬੱਚਤ ਦੀ ਬੱਚਤ, ਤੇ ਬਹਾਦੁਰ ਲਈ ਖੇਡ। ਕੰਮ ਤਾਂ ਉਸ ਨੂੰ ਦੇਣਾ ਹੀ ਪੈਂਦਾ ਹੈ। ਜੇ ਨਾ ਦਿਆਂ ਤਾਂ ਆਪ ਜੁ ਕੱਢ ਲੈਂਦਾ ਹੋਇਆ। ਕਦੇ ਪਰਛੱਤੀ ਸਾਫ਼ ਕਰਨ ਲੱਗ ਪਏਗਾ ਤੇ ਕਦੇ ਟੀਟੂ ਦੀ ਅਲਮਾਰੀ।

ਇਕ ਵਾਰੀ ਕੋਈ ਕੰਮ ਤੱਕ ਲਏ ਸਹੀ, ਫ਼ੇਰ ਬਹਾਦਰ ਆਪੇ ਸ਼ੁਰੂ ਹੋ ਜਾਂਦਾ ਹੈ। ਅਜੇ ਉਸ ਦਿਨ ਦੀ ਹੀ ਗੱਲ ਲੈ ਲਵੋ। ਮੈਂ ਆਪਣੀ ਚੱਪਲ ਗੰਢਾਣ ਲਈ ਉਸ ਨੂੰ ਮੋਚੀ ਵੱਲ ਭੇਜਿਆ। ਬੱਸ ਤੱਕਦਾ ਰਿਹਾ ਹੋਵੇਗਾ ਧਿਆਨ ਨਾਲ, ਤੇ ਕੱਲ੍ਹ ਉਸ ਆਪਣੀ ਚੱਪਲ ਖੰਧੂਈ ਵਿਚ ਧਾਗਾ ਪਾ ਕੇ ਆਪੇ ਗੰਢ ਲਈ।

ਬਹਾਦੁਰ ਨੂੰ ਤਾਂ ਖਾਣਾ ਪਕਾਉਣ ਦਾ ਵੀ ਬੜਾ ਸ਼ੌਕ ਹੈ। ਆਖਦਾ ਹੈ, 'ਸਵੇਰ ਦੀ ਚਾਹ ਤੁਹਾਨੂੰ ਮੈਂ ਬਣਾ ਕੇ ਦਿਆ ਕਰਾਂਗਾ। ਬਿਸਤਰੇ ਵਿਚ ਹੀ', ਪਰ ਮੈਂ ਹੀ ਉਸ ਨੂੰ ਗੈਸ ਬਾਲਣੀ ਨਹੀਂ ਸਿਖਾਉਂਦੀ। ਭਾਵੇਂ ਉਹ ਵੇਖ-ਵੇਖ ਕੇ ਸਿੱਖ ਹੀ ਗਿਆ ਹੈ, ਪਰ ਮੈਂ ਨਹੀਂ ਇਜਾਜ਼ਤ ਦੇਣੀ। ਇਕ ਵੇਰਾਂ ਖੁੱਲ੍ਹ ਮਿਲੀ ਨਹੀਂ ਕਿ ਆਪੇ ਕੁਝ ਨਾ ਕੁਝ ਬਣਾ ਕੇ ਖਾਂਦਾ ਰਹੇਗਾ। ਨੌਕਰਾਂ ਨੂੰ ਦੁੱਧ ਤੇ ਘਿਓ ਤੋਂ ਦੂਰ ਹੀ ਰੱਖਣਾ ਚਾਹੀਦਾ ਹੈ। ਨਾਲੇ ਰਸੋਈਆ ਬਣਿਆ ਨਹੀਂ, ਕਿ ਨੌਕਰ ਉਡਿਆ ਨਹੀਂ। ਫੇਰ ਤਾਂ ਉਸ ਦਾ ਭਾਅ ਵੀ ਵਧ ਜਾਏਗਾ।

ਬਹਾਦੁਰ ਦੇ ਆਉਣ ਨਾਲ ਟੀਟੂ ਨੂੰ ਵੀ ਬੜਾ ਸੁੱਖ ਹੋ ਗਿਆ ਹੈ। ਉਹ ਸਵੇਰੇ ਟੀਟੂ ਦਾ ਬਸਤਾ ਚੁੱਕ ਕੇ ਬੱਸ ਅੱਡੇ ਉਤੇ ਛੱਡਣ ਜਾਂਦਾ ਹੈ ਤੇ ਸ਼ਾਮੀਂ ਲੈਣ ਵੀ। ਆਖਰ ਛੇਵੀਂ ਜਮਾਤ ਦਾ ਬਸਤਾ ਕੋਈ ਘੱਟ ਭਾਰਾ ਤੇ ਨਹੀਂ ਹੁੰਦਾ। ਵਿਚਾਰੇ ਟੀਟੂ ਦੇ ਮੋਢੇ ਹੀ ਲਹਿ ਜਾਂਦੇ ਸਨ ਭਾਰ ਚੁੱਕ-ਚੁੱਕ ਕੇ।

ਬਹਾਦੁਰ ਟੀਟੂ ਤੇ ਉਸ ਦੇ ਪਾਪਾ ਦੇ ਬੂਟ ਵੀ ਬੜੇ ਹੀ ਚਾਅ ਨਾਲ ਪਾਲਿਸ਼ ਕਰਦਾ ਹੈ। ਰੀਤੀ ਦੇ ਵਿਆਹ ਮਗਰੋਂ ਟੀਟੂ ਆਪਣੇ ਆਪ ਨੂੰ ਬੜਾ ਇਕੱਲਾ-ਇਕੱਲਾ ਮਹਿਸੂਸ ਕਰਨ ਲੱਗ ਪਿਆ ਸੀ। ਭਰਾ-ਭਰਜਾਈ ਵੀ ਦੂਰ ਤੇ ਭੈਣ ਵੀ। ਉਦਾਸ ਹੀ ਰਹਿੰਦਾ, ਚੁੱਪ-ਚੁੱਪ। ਹੁਣ ਉਸ ਨੂੰ ਬਹਾਦੁਰ ਨਹੀਂ, ਸਗੋਂ ਛੋਟਾ ਭਰਾ ਹੀ ਮਿਲ ਗਿਆ ਹੋਵੇ ਜਿਵੇਂ। ਬਹਾਦੁਰ ਵੀ ਉਸ ਨਾਲ ਬੜਾ ਮੋਹ ਕਰਦਾ ਹੈ। ਬਸ ਘੜੀਆਂ ਗਿਣਦਾ ਰਹਿੰਦਾ ਹੈ ਕਿ ਕਿਹੜਾ ਵੇਲਾ ਹੋਵੇ ਤੇ ਉਹ ਟੀਟੂ ਨੂੰ ਬੱਸ ਅੱਡੇ ਉਤੇ ਲੈਣ ਜਾਵੇ। ਨਾ ਧੁੱਪ ਤੱਕਦਾ ਹੈ ਤੇ ਨਾ ਮੀਂਹ। ਘੰਟਾ-ਘੰਟਾ ਪਹਿਲਾਂ ਪਹੁੰਚ ਜਾਂਦਾ ਹੈ। ਟੀਟੂ ਉਸ ਨੂੰ 'ਬਾਂਦਰ ਬਾਂਦਰ' ਆਖ ਕੇ ਛੇੜਦਾ ਹੈ ਤੇ ਉਹ ਵੀ ਉਸ ਨੂੰ ਖੁਸ਼ ਕਰਨ ਲਈ ਉਸ ਦੇ ਅੱਗੇ-ਪਿੱਛੇ ਬਾਂਦਰਾਂ ਵਾਂਗ ਟਪੂਸੀਆਂ ਮਾਰ ਕੇ ਭੁੜਕਦਾ ਤੇ ਖਊਂ-ਖਊਂ ਕਰ ਕੇ ਉਸ ਨੂੰ ਹਸਾਉਂਦਾ ਹੈ। ਟੀਟੂ ਉਸ ਨੂੰ ਘੋੜਾ ਬਣਾ ਕੇ ਆਪਣੀ ਘੋੜ-ਸਵਾਰੀ ਦਾ ਝੱਸ ਜਿਹਾ ਪੂਰਾ ਕਰਦਾ ਹੈ, ਤੇ ਫੇਰ ਵੀ ਬਹਾਦੁਰ ਹੱਸਦਾ ਹੀ ਰਹਿੰਦਾ ਹੈ, ਮੱਥੇ ਵੱਟ ਨਹੀਂ ਪਾਉਂਦਾ। ਆਇਆ ਸੀ ਤਾਂ ਫਟੀ ਪੁਰਾਣੀ ਬਨੈਣ ਤੇ ਨਿੱਕਰ ਵਿਚ ਹੀ। ਮੈਂ ਝੱਟ ਹੀ ਬਹਾਦੁਰ ਨੂੰ ਟੀਟੂ ਦੇ ਪੁਰਾਣੇ ਕੁੜਤੇ ਵਿਚੋਂ ਕਮੀਜ਼ ਕੱਢ ਦਿੱਤੀ। ਅਰੋੜਾ ਸਾਹਿਬ ਦੇ ਕੱਪੜਿਆਂ ਵਿਚੋਂ ਬਹਾਦੁਰ ਦੇ ਕੱਪੜੇ ਆਰਾਮ ਨਾਲ ਨਿਕਲ ਆਉਂਦੇ ਹਨ। ਗੋਰਾ ਚਿੱਟਾ ਤਾਂ ਹੈ ਹੀ। ਚੰਗੇ ਕੱਪੜਿਆਂ ਵਿਚ ਬਣ-ਬਣ ਪੈਂਦਾ ਹੈ। ਨਾਲੇ ਸਾਫ਼ ਸੁਥਰਾ ਨੌਕਰ ਤਾਂ ਘਰ ਦੀ ਸ਼ਾਨ ਹੁੰਦਾ ਹੈ। ਕਹਿੰਦੇ ਨੇ, ਜੇ ਕਿਸੇ ਦੇ ਘਰ ਦਾ ਸਟੈਂਡਰਡ ਵੇਖਣਾ ਹੋਵੇ, ਤਾਂ ਜਾਂ ਉਸ ਦਾ ਗੁਸਲਖਾਨਾ ਵੇਖੋ, ਤੇ ਜਾਂ ਫਿਰ ਨੌਕਰ। ਤੇ ਸਾਡਾ ਜਾਂਦਾ ਵੀ ਕੀ ਹੈ? ਕਿੰਨੀਆਂ ਨਵੀਆਂ ਨਕੋਰ ਕਮੀਜ਼ਾਂ ਪਿਉ ਪੁੱਤਰ ਕੰਡਮ ਕਰ ਸੁੱਟਦੇ ਸੀ। ਭਾਂਡੇ ਹੀ ਤਾਂ ਲੈਂਦੀ ਸੀ ਉਸ ਬਦਲੇ। ਕੀ ਪੱਲੇ ਪਾਉਂਦੇ ਨੇ ਭਾਂਡਿਆਂ ਵਾਲੇ? ਕੱਪੜਿਆਂ ਦੀ ਪੰਡ ਦੇ ਬਦਲੇ ਇਕ ਡੌਂਗਾ ਜਾਂ ਪਤੀਲਾ ਜਿਹਾ ਫੜਾ

*(ਅਗਲੇ ਸਫੇ 'ਤੇ ਜਾਰੀ)*

ਦੇਣਗੇ, ਤੇ ਉਹ ਵੀ ਹਲਕਾ ਜਿਹਾ। ਹੁਣ ਬਹਾਦੁਰ ਦੇ ਕੱਪੜੇ ਤਾਂ ਭੁੰਗੇ ਵਿਚ ਹੀ ਬਣ ਜਾਂਦੇ ਨੇ। ਸੱਚ ਜਾਣੋ ਤਾਂ ਬਹਾਦੁਰ ਸਾਨੂੰ ਭੁੰਗੇ ਵਿਚ ਹੀ ਪੈ ਰਿਹੈ।

ਅਰੋੜਾ ਸਾਹਿਬ ਤਵੇ ਤੋਂ ਉਤਰਦੀ ਗਰਮਾ-ਗਰਮ ਤੇ ਫੁੱਲਵੀਂ ਰੋਟੀ ਹੀ ਖਾਂਦੇ ਨੇ। ਹੁਣ ਸੁੱਖ ਨਾਲ ਕਿੰਨੀਆਂ ਖਾਣਗੇ, ਪੁੱਛਿਆ 'ਤੇ ਨਹੀਂ ਨਾ ਜਾਂਦਾ। ਬਚ ਹੀ ਜਾਂਦੀਆਂ ਸਨ। ਹੋਇਆ ਇਕ-ਅੱਧ ਸਿਲਕੀ ਦੇ ਦੁੱਧ ਵਿਚ ਪਾ ਦਿੱਤੀ। ਬਾਕੀ ਦੀਆਂ ਤਾਂ ਐਵੇਂ ਹੀ ਸੁੱਕਦੀਆਂ ਸਨ, ਕੂੜੇ ਵਿਚ ਹੀ ਜਾਂਦੀਆਂ ਸਨ।

ਸਿਲਕੀ ਵੀ ਕਿਹੜੀ ਘੱਟ ਨਖਰੇਲੋ ਹੈ। ਰੋਟੀ ਖਾਂਦੀ ਹੀ ਕਿਥੇ ਹੈ? ਉਸ ਨੂੰ ਤਾਂ ਡਬਲਰੋਟੀ ਚੰਗੀ ਲਗਦੀ ਹੈ, ਤੇ ਜਾਂ ਫਿਰ ਬਿਸਕੁਟ। ਰੋਟੀ ਤਾਂ ਸਿਰਫ਼ ਉਹ ਮੀਟ ਨਾਲ ਹੀ ਪਸੰਦ ਕਰਦੀ ਹੈ। ਮੀਟ ਦਾ ਬਹਾਦੁਰ ਵੀ ਚਟੋਰਾ ਏ। ਬੜੇ ਚਾਅ ਨਾਲ ਮਸਾਲਾ ਕੱਟਦਾ ਏ ਮੀਟ ਲਈ। ਜਿਸ ਦਿਨ ਮੁਰਗਾ ਮੱਛੀ ਬਣਨ ਦੀ ਭਿਣਕ ਪੈ ਜਾਵੇ, ਉਸ ਦਿਨ ਮੈਨੂੰ ਖੁਸ਼ ਕਰਨ ਲਈ ਹੇਠਲੀ ਉਪਰ ਲੈ ਆਉਂਦਾ ਹੈ। ਪੋਤੀਆਂ ਧੋਣ ਲੱਗੇਗਾ। ਸਾਰੇ ਘਰ ਦੇ ਜਾਲੇ ਲਾਹੇਗਾ। ਮਾਸ ਦੀ ਭਾਵੇਂ ਤਰੀ ਹੀ ਮਿਲ ਜਾਏ, ਫਿਰ ਤਾਂ ਰੋਟੀਆਂ ਭੰਨਦਿਆਂ ਨਹੀਂ ਥੱਕਦਾ। ਪਰਸੋਂ ਉਸ ਪੂਰੀਆਂ ਪੰਜ ਖਾਧੀਆਂ। ਉਹ ਤਾਂ ਹਾਲਾਂ ਵੀ ਬੱਸ ਨਾ ਕਰਦਾ, ਮੈਂ ਹੀ ਆਖਿਆ, ਬੱਸ ਕਰ ਬਿਮਾਰ ਹੋ ਜਾਵੇਂਗਾ।

ਹਾਲਾਂਕਿ ਮੈਂ ਉਸ ਨੂੰ ਪਹਿਲਾਂ ਹੀ ਇਕ-ਅੱਧ ਬੋਟੀ ਤੇ ਤਰੀ ਨਾਲ ਰੋਟੀ ਖੁਆ ਕੇ ਚੰਗੀ ਤਰ੍ਹਾਂ ਰਜਾਅ ਦਿੰਦੀ ਹਾਂ, ਫੇਰ ਵੀ ਟੀਟੂ ਨੂੰ ਸੰਘੀ ਚੱਬਦਿਆਂ ਵੇਖ ਕੇ ਉਸ ਦੇ ਮੂੰਹ ਵਿਚ ਪਾਣੀ ਆ ਜਾਂਦਾ ਹੈ।

ਸੱਚ ਹੈ ਨੌਕਰ, ਨੌਕਰ ਹੀ ਹੁੰਦੇ, ਉਚੀ ਜਾਤ ਦਾ ਹੋਵੇ ਜਾਂ ਨੀਵੀਂ ਜਾਤ ਦਾ, ਰੱਜੇ ਘਰੋਂ ਆਇਆ ਹੋਵੇ ਜਾਂ ਭੁੱਖੇ ਘਰੋਂ, ਪਰ ਇਕ ਵਾਰ ਨੌਕਰ ਬਣ ਗਿਆ ਤਾਂ ਉਸ ਵਿਚ ਨੌਕਰਾਂ ਵਾਲੀਆਂ ਸਾਰੀਆਂ ਇੱਲਤਾਂ ਆ ਹੀ ਜਾਂਦੀਆਂ ਨੇ।

ਵੈਸੇ, ਭਾਵੇਂ ਥੋੜ੍ਹਾ ਹੀ ਦਿਆਂ, ਪਰ ਘਰ ਵਿਚ ਖੀਰ ਬਣੇ ਜਾਂ ਹਲਵਾ, ਮੈਂ ਬਹਾਦੁਰ ਨੂੰ ਦਿੰਦੀ ਜ਼ਰੂਰ ਹਾਂ। ਨੌਕਰ ਦੀ ਅੱਖ ਵਿਚੋਂ ਨਿਕਲੀ ਚੀਜ਼ ਕਿਸੇ ਨੂੰ ਕਿਥੇ ਲੱਗਦੀ ਹੈ?

ਟੀਟੂ ਦੀ ਆਦਤ ਵੀ ਪਿਉ ਵਰਗੀ ਹੀ ਹੈ। ਪਿਉ ਪੁੱਤਰ ਕਿੰਨਾ ਕੁ ਹੀ ਛੱਡ ਦਿੰਦੇ ਨੇ, ਪਲੇਟ ਵਿਚ। ਪਹਿਲਾਂ ਮੈਂ ਖਾ ਲੈਂਦੀ ਸੀ। ਔਖਿਆਂ ਸੌਖਿਆਂ! ਭਾਵੇਂ ਜੋੜਾਂ ਦੇ ਦਰਦਾਂ ਤੇ ਬਲੱਡ ਪ੍ਰੈਸ਼ਰ ਕਾਰਨ ਡਾਕਟਰਾਂ ਨੇ ਮੇਰੇ ਲਈ ਘਿਉ ਤੇ ਆਂਡਾ ਬੰਦ ਕੀਤਾ ਹੋਇਆ ਸੀ, ਪਰ ਦੇਸੀ ਘਿਉ ਵਿਚ ਬਣਿਆ ਪਰਾਂਠਾ ਤੇ ਆਮਲੇਟ ਸੁੱਟਿਆ ਤੇ ਨਹੀਂ ਨਾ ਜਾਂਦਾ। ਹੁਣ ਮੈਂ ਉਨ੍ਹਾਂ ਦੀਆਂ ਪਲੇਟਾਂ ਵਿਚੋਂ ਸਾਰੀ ਜੂਠ ਸੰਭਾਲ ਲੈਂਦੀ ਹਾਂ, ਤੇ ਥੋੜ੍ਹੀ-ਥੋੜ੍ਹੀ ਕਰ ਕੇ ਹਿਸਾਬ ਨਾਲ ਬਹਾਦੁਰ ਨੂੰ ਦਿੰਦੀ ਰਹਿੰਦੀ ਹਾਂ।

ਪਿਉ ਪੁੱਤਰਾਂ ਦੀ ਇਕ ਹੋਰ ਭੈੜੀ ਆਦਤ ਹੈ, ਜੂਠਾ ਦੁੱਧ-ਚਾਹ ਛੱਡਣ ਦੀ। ਚਾਹ ਤਾਂ ਚਲੋ ਮੰਨ ਲਿਆ, ਬਈ ਕਿੰਨੀ ਵੀ ਛਾਣੋ, ਹੇਠਾਂ ਪੱਤੀ ਦਾ ਮਹੀਨ ਬੂਰ ਰਹਿ ਹੀ ਜਾਂਦਾ ਹੈ, ਪਰ ਦੁੱਧ ਤਾਂ ਨਿਰਾ ਦੁੱਧ ਹੁੰਦੈ। ਉਹ ਕਿਉਂ ਨਾ ਪੀਤਾ ਜਾਵੇ ਤੋੜ ਤੱਕ? ਪਰ ਨਹੀਂ ਜੀ, ਛੱਡਦੇ ਹੀ ਨੇ ਦੋਵੇਂ ਆਖਰੀ ਘੁੱਟ। ਅੱਗੇ ਮੈਨੂੰ ਡੋਲ੍ਹਣਾ ਪੈਂਦਾ ਸੀ। ਸਿਲਕੀ ਮਿੱਠੇ ਵਾਲਾ ਦੁੱਧ ਪੀਂਦੀ ਜੁ ਨਾ ਹੋਈ। ਉਹਨੂੰ ਅਸਾਂ ਆਦਤ ਹੀ ਨਹੀਂ ਸੀ ਪਾਈ। ਕਹਿੰਦੇ ਨੇ, ਕੁੱਤੇ ਨੂੰ ਮਿੱਠਾ ਖੁਆਉ ਤਾਂ ਉਸ ਨੂੰ ਖੁਰਕ ਪੈ ਜਾਂਦੀ ਹੈ। ਹੁਣ ਜੇ ਕਦੇ ਭੁੱਲ-ਭੁਲੇਖੇ ਮਿੱਠੀ ਚੀਜ਼ ਦੇ ਦਿਓ, ਤਾਂ ਖਾਂਦੀ ਹੀ ਨਹੀਂ। ਉਹ ਵੀ ਸੋਫ਼ਿਸਟਿਕੇਟਿਡ ਹੀ ਹੈ। ਆਖਰ ਅਲਸੇਸ਼ੀਅਨ ਹੈ ਤੇ ਉਹ ਵੀ ਪਿਓਰ। ਕੋਈ ਦੇਸੀ ਤਾਂ ਨਹੀਂ।

ਹੁਣ ਮੈਂ ਗਲਾਸਾਂ ਦੇ ਆਖਰੀ ਘੁੱਟ ਬਹਾਦਰ ਦੀ ਨਜ਼ਰ ਤੋਂ ਬਚਾ ਕੇ ਕਟੋਰੀ ਵਿਚ ਇਕੱਠੇ ਸਾਂਭ ਕੇ ਫ਼ਰਿਜ ਵਿਚ ਰੱਖ ਦਿੰਦੀ ਹਾਂ।

ਸਾਨੂੰ ਸਾਰਿਆਂ ਨੂੰ ਰਾਤੀਂ ਦੁੱਧ ਪੀ ਕੇ ਸੌਣ ਦੀ ਆਦਤ ਹੈ। ਵੈਸੇ ਤਾਂ ਬਹਾਦੁਰ ਨੂੰ ਛੇਤੀ ਹੀ ਸਿਲਕੀ ਕੋਲ ਬਿਸਤਰ ਕਰ ਕੇ ਸੌਣ ਭੇਜ ਦੇਈਦਾ ਹੈ, ਪਰ ਜੇ ਕਦੇ ਉਹ ਵੀ ਸਾਡੇ ਨਾਲ ਟੀ.ਵੀ. ਦੀ ਲੇਟ ਨਾਈਟ ਵਾਲੀ ਫਿਲਮ ਵੇਖ ਰਿਹਾ ਹੋਵੇ, ਤਾਂ ਉਸ ਨੂੰ ਵੀ ਫਰਿਜ ਵਿਚ ਸੰਭਾਲਿਆ ਹੋਇਆ ਉਹ ਦੁੱਧ ਗਰਮ ਕਰ ਦਿੰਦੀ ਹਾਂ। ਅਸੀਂ ਪੀਵੀਏ ਤੇ ਉਹ ਤੱਕੇ, ਕੋਈ ਚੰਗਾ ਤੇ ਨਹੀਂ ਨਾ ਲਗਦਾ। ਆਖਰ ਉਹ ਵੀ ਰੱਬ ਦਾ ਜੀਅ ਹੈ। ਉਸ ਵਿਚ ਵੀ ਆਤਮਾ ਹੈ।

ਚਾਹ ਦਾ ਬੜਾ ਸ਼ੌਕੀਨ ਹੈ ਬਹਾਦੁਰ। ਕਹਿੰਦੈ, ਉਸ ਦੀ ਮਾਂ ਉਸ ਨੂੰ ਸਾਵੀ ਚਾਹ ਪਿਲਾਂਦੀ ਸੀ। ਦੁੱਧ ਵਿਚ ਪੱਤੀ ਉਬਾਲ ਕੇ। ਪਿਲਾਂਦੀ ਹੋਵੇਗੀ! ਮੈਂ ਤਾਂ ਉਸ ਨੂੰ ਏਨੀ ਮਹਿੰਗਾਈ ਵਿਚ ਦੁੱਧ ਵਾਲੀ ਚਾਹ ਨਹੀਂ ਪਿਲਾ ਸਕਦੀ, ਅਸੀਂ ਆਪ ਕਿਹੜਾ ਇੰਜ ਦੀ ਪੀਂਦੇ ਹਾਂ।

ਉਂਜ ਬਹਾਦੁਰ ਦੀ ਚਾਹ ਦੀ ਕੋਈ ਸਮੱਸਿਆ ਨਹੀਂ। ਆਇਆ ਗਿਆ ਤਾਂ ਲੱਗਾ ਹੀ ਰਹਿੰਦਾ ਹੈ। ਦਰਜਨਾਂ ਵਾਰ ਬਣਦੀ ਹੈ ਤੇ ਕੌਣ ਪੀਂਦਾ ਹੈ ਆਖਰੀ ਘੁੱਟ ਤੱਕ? ਕਈ ਤਾਂ ਅੱਧੀ-ਅੱਧੀ ਪਿਆਲੀ ਛੱਡ ਜਾਂਦੇ ਨੇ। ਮਹਿੰਗਾ ਦੁੱਧ ਤੇ ਮਹਿੰਗੀ ਖੰਡ। ਸੁੱਟੀ ਤਾਂ ਨਹੀਂ ਨਾ ਜਾਂਦੀ। ਬਹਾਦੁਰ ਉਸੇ ਵਿਚੋਂ ਭੁਗਤ ਜਾਂਦਾ ਹੈ।

ਜੂਠ ਸੁੱਚ ਤਾਂ ਪੁਰਾਣੀਆਂ ਘਿਸੀਆਂ ਪਿਟੀਆਂ ਗੱਲਾਂ ਨੇ। ਕੱਪ ਨਾਲ ਬੁੱਲ੍ਹ ਛੁਹਾਣ ਨਾਲ ਕੀ ਜੂਠਾ ਹੋ ਜਾਂਦਾ ਹੈ? ਛੂਆ-ਛੂਤ ਤੇ ਜੂਠ ਸੁੱਚ ਦੇ ਕਾਰਨ ਹੀ ਤਾਂ ਹਿੰਦੁਸਤਾਨ ਪਛੜਿਆ ਰਹਿ ਗਿਆ। ਅੰਗਰੇਜ਼ ਕਿਥੇ ਮੰਨਦੇ ਨੇ ਇਨ੍ਹਾਂ ਗੱਲਾਂ ਨੂੰ? ਉਨ੍ਹਾਂ ਦਾ ਤਰੀਕਾ ਵਧੀਆ ਏ। ਬਈ, ਆਪੇ ਲੋੜ ਅਨੁਸਾਰ ਜੋ ਖਾਣਾ ਹੈ, ਆਪਣੀ ਪਲੇਟ ਵਿਚ ਪਾ ਲਵੋ। ਤਰੀਕਾ ਤਾਂ ਸਾਡਾ ਵੀ ਅੱਜ ਕੱਲ੍ਹ ਇਹੀ ਹੈ। ਮੇਜ਼ ਉਤੇ ਹੀ ਪਰੋਸ ਦੇਈਦਾ ਹੈ ਸਭ ਕੁਝ, ਪਰ ਸਦੀਆਂ ਦੀਆਂ ਪੱਕੀਆਂ ਹੋਈਆਂ ਆਦਤਾਂ ਦੇ ਮਾਰੇ ਅਸੀਂ ਆਪੇ ਹੀ ਪਲੇਟ ਭਰਦੇ ਹਾਂ ਤੇ ਆਪੇ ਹੀ ਜੂਠੀ ਛੱਡ ਦਿੰਦੇ ਹਾਂ। ਹਾਂਖਰੇ ਦੇ ਪਿੱਟੇ। ਅਖੇ, 'ਵਾਦੜੀਆਂ, ਸਜਾਦੜੀਆਂ ਨਿਭਣ ਸਿਰਾਂ ਦੇ ਨਾਲ।'

ਸੁਣਿਐ, ਮਦਰਾਸ ਤੇ ਕਲਕੱਤੇ ਵਿਚ ਜੂਠ ਵਿਕਦੀ ਹੈ। ਸੇਰਾਂ ਦੇ ਭਾਅ। ਗਰੀਬ ਕੰਗਾਲ ਤਾਂ ਉਸੇ ਨਾਲ ਪੇਟ ਭਰਦੇ ਨੇ। ਉਹ ਵੀ ਤਾਂ ਜੀਂਦੇ ਨੇ, ਇਹ ਤਾਂ ਆਖਰ ਘਰ ਦੀ ਹੀ ਜੂਠ ਹੈ ਤੇ ਘਰ ਦਾ ਹੀ ਨੌਕਰ। ਕੀ ਹਰਜ ਹੈ?

ਕੱਲ੍ਹ ਪੂਰਨਮਾਸ਼ੀ ਸੀ। ਪ੍ਰਸ਼ਾਦ ਤਾਂ ਬਣਾਉਣਾ ਹੀ ਸੀ, ਪਰ ਖਾਵੇ ਕੌਣ? ਨਾ ਅਰੋੜਾ ਸਾਹਿਬ ਮਿੱਠਾ ਖਾਂਦੇ ਨੇ, ਤੇ ਨਾ ਹੀ ਮੈਂ। ਬੱਸ ਮਾੜਾ ਜਿਹਾ ਮੂੰਹ ਲਾ ਲਈਦਾ ਹੈ। ਟੀਟੂ ਉਂਜ ਤਾਂ ਕੜਾਹ ਦਾ ਸ਼ੌਕੀਨ ਹੈ, ਪਰ ਰੜ੍ਹਿਆ-ਰੜ੍ਹਿਆ ਹੀ ਖਾਂਦਾ ਹੈ ਤੇ ਉਹ ਵੀ ਥੋੜ੍ਹਾ ਹੀ। ਬੜਾ ਚੇਤੰਨ ਹੈ, ਮੁਟਾਪੇ ਬਾਰੇ। ਹੁਣ ਜੇ ਪੰਜ ਬੰਦਿਆਂ ਦੇ ਮੂੰਹ ਨਾ ਲੱਗੇ ਤਾਂ ਪ੍ਰਸ਼ਾਦ ਕਾਹਦਾ? ਅੱਗੇ ਮੈਂ ਗੇਟ ਵਿਚ ਖੜ੍ਹੀ ਜਾਂਦੀ ਸੀ, ਲੰਘਦਿਆਂ-ਪਲੰਘਦਿਆਂ ਨੂੰ ਵਰਤਾਣ। ਕੋਈ ਲੈਂਦਾ ਸੀ ਤੇ ਕੋਈ ਕਤਰਾਅ ਕੇ ਲੰਘ ਜਾਂਦਾ ਸੀ। ਸੌ ਵਹਿਮ ਭਰਮ ਹੁੰਦੇ ਨੇ ਕਿ ਪਤਾ ਨਹੀਂ ਕੋਈ ਕਿਸ ਭਾਵਨਾ ਨਾਲ ਵਰਤਾਅ ਰਿਹਾ ਹੈ।

ਕਹਿੰਦੇ ਨੇ, ਜੇ ਇਕ ਵਾਰ ਹੱਥ ਉਤੇ ਪ੍ਰਸ਼ਾਦ ਲੈ ਲਵੋ ਤਾਂ ਮੂੰਹ ਜ਼ਰੂਰ ਲਾਣਾ ਚਾਹੀਦੈ। ਨਹੀਂ ਤਾਂ ਘੋਰ ਪਾਪ ਲਗਦੈ। ਏਸੇ ਲਈ ਤਾਂ ਬਾਹਲੇ ਲੋਕੀਂ ਦੂਰੋਂ ਹੀ ਮੂੰਹ ਭੁਆ ਕੇ ਲੰਘ ਜਾਂਦੇ ਹਨ। ਉਂਜ ਵੀ ਲੋਕ ਅੱਜ ਕੱਲ੍ਹ ਬੜੇ ਹੰਕਾਰੇ ਗਏ ਹਨ, ਜਿਵੇਂ ਪ੍ਰਸ਼ਾਦ ਲੈ ਕੇ ਵੀ ਅਹਿਸਾਨ ਕਰ ਰਹੇ ਹੋਣ। ਸ਼ਰਧਾ ਤਾਂ ਕਿਸੇ ਵਿਚ ਰਹੀ ਹੀ ਨਹੀਂ। ਬਹਾਦੁਰ ਦੇ ਆਉਣ ਨਾਲ ਮੈਂ ਇਧਰੋਂ ਸੁਰਖ਼ਰੂ ਹੋ ਗਈ ਹਾਂ। ਉਸੇ ਨੂੰ ਖੁਆ ਦਿੰਦੀ ਹਾਂ, ਪਰ ਢੰਗ ਨਾਲ। ਥੋੜ੍ਹਾ-ਥੋੜ੍ਹਾ ਕਰ ਕੇ ਪੰਜ ਵਾਰ ਖੁਆ ਦਈਦਾ ਹੈ।

ਬੱਸ ਪੰਜ ਪਿਆਰਿਆਂ ਵਾਲੀ ਗੱਲ ਪੁੱਗ ਗਈ ਸਮਝੋ।

ਸੰਗਰਾਂਦ ਵਾਲੇ ਦਿਨ ਤਾਂ ਬਹਾਦੁਰ ਦੀ ਖੁਸ਼ੀ ਦਾ ਕੋਈ ਠਿਕਾਣਾ ਹੀ ਨਹੀਂ ਹੁੰਦਾ। ਬੱਸ, ਫਿਰ ਦੇ ਬਾਲਟੀਆਂ ਤੇ ਬਾਲਟੀਆਂ! ਛੱਤ ਧੋਂਦਾ ਹੈ, ਪੌੜੀਆਂ ਧੋਂਦਾ ਹੈ, ਬਰਾਂਡੇ ਧੋਂਦਾ-ਧੋਂਦਾ ਸੜਕ ਤੱਕ ਪੁੱਜ ਜਾਂਦਾ ਹੈ।

ਬਾਹਰ ਦਾਨ ਦੇਣ ਨਾਲੋਂ ਤਾਂ ਚੰਗਾ ਏ ਘਰ ਦੇ ਨੌਕਰ ਨੂੰ ਹੀ ਦਈਏ। ਨਾਲੇ ਪੁੰਨ ਨਾਲੇ ਫ਼ਲੀਆਂ।

ਨਵੇਂ ਵਿਆਹੇ ਸਾਂ ਤਾਂ ਮੈਂ ਅਰੋੜਾ ਸਾਹਿਬ ਦੇ ਦਫਤਰੋਂ ਪਰਤਣ ਉਤੇ ਉਨ੍ਹਾਂ ਦੇ ਬੂਟ ਲਾਹੁੰਦੀ ਸਾਂ, ਪੈਰ ਧੋਂਦੀ ਸਾਂ, ਘੁੱਟਦੀ ਸਾਂ। ਮਗਰੋਂ ਘਰ ਗ੍ਰਿਹਿਸਤੀ ਦੇ ਬੋਝ ਨਾਲ ਕਿਸ ਕੋਲ ਵਿਹਲ ਜਾਂ ਤਾਕਤ ਸੀ। ਆਪਣੀਆਂ ਹੀ ਬਾਹਾਂ ਦੁਖਦੀਆਂ ਰਹਿੰਦੀਆਂ ਨੇ। ਡਾਢੇ ਤਰਸੇ ਹੋਏ ਸਨ ਵਿਚਾਰੇ ਦਬਵਾਣ ਘੁਟਾਣ ਨੂੰ। ਹੁਣ ਗੇਟ ਅੰਦਰ ਗੱਡੀ ਵੜਦਿਆਂ ਹੀ ਬਹਾਦੁਰ ਉਨ੍ਹਾਂ ਕੋਲ ਦੌੜ ਜਾਂਦਾ ਹੈ। ਬੈਗ ਤੇ ਸਾਰਾ ਸਮਾਨ ਫੜ ਕੇ ਅੰਦਰ ਲੈ ਆਉਂਦਾ ਹੈ। ਫ਼ੇਰ ਬੂਟ ਉਤਾਰਦਾ ਹੈ। ਗਰਮ ਪਾਣੀ ਨਾਲ ਉਨ੍ਹਾਂ ਦੇ ਪੈਰ ਧੋਂਦਾ ਤੇ ਘੁੱਟਦਾ ਹੈ। ਬੜੇ ਹੀ ਪਿਆਰ ਨਾਲ ਉਨ੍ਹਾਂ ਦਾ ਸਿਰ ਝੱਸਦਾ ਹੈ। ਆਖਦਾ ਹੈ ਕਿ ਉਸ ਦਾ ਪਿਉ ਏਸੇ ਤਰ੍ਹਾਂ ਉਸ ਦੀ ਮਾਲਿਸ਼ ਕਰਦਾ ਹੁੰਦਾ ਸੀ ਤੇ ਉਹ ਵੀ ਕਦੇ-ਕਦੇ ਆਪਣੇ ਦਾਦੇ ਨਾਲ ਲਾਡ ਲਡਾਉਂਦਾ ਹੋਇਆ ਉਸ ਦਾ ਸਿਰ ਝੱਸਦਾ ਹੁੰਦਾ ਸੀ।

ਪਿਉ ਤੇ ਦਾਦੇ ਦੀ ਯਾਦ ਵਿਚ ਗੁਆਚਾ ਬਹਾਦੁਰ ਘੰਟਿਆ ਬੱਧੀ ਇਨ੍ਹਾਂ ਨੂੰ ਨੱਪਦਾ-ਘੁੱਟਦਾ ਰਹਿੰਦਾ ਹੈ।

ਹੋਰ ਵਿਚਾਰੇ ਦਾ ਇਥੇ ਹੈ ਕੌਣ? ਅਸੀਂ ਹੀ ਤੇ ਹਾਂ ਨਾ ਉਸ ਦੇ ਮਾਪੇ।

ਮੇਰੀਆਂ ਲੱਤਾਂ ਵੀ ਡਾਢਾ ਖੁਸਦੀਆਂ ਰਹਿੰਦੀਆਂ ਸਨ। ਸਹਿਕਦੀ ਸਾਂ ਕਿ ਕੋਈ ਹੱਥ ਲਾਵੇ। ਮਾਲਿਸ਼ ਕਰਨ ਵਾਲੀਆਂ ਤਾਂ ਅੱਜ ਕੱਲ੍ਹ ਮਿਲਦੀਆਂ ਹੀ ਨਹੀਂ। ਸਰਦੀਆਂ ਵਿਚ ਮੈਨੂੰ ਜੋੜਾਂ ਦੇ ਦਰਦ ਬੜਾ ਪ੍ਰੇਸ਼ਾਨ ਕਰਦੇ ਨੇ। ਬੈਠਾਂ ਤਾਂ ਬੈਠੀ ਹੀ ਰਹਾਂ। ਸੂਹੇ ਘੁੱਟ ਹੋ ਜਾਂਦੇ ਨੇ ਗੋਡੇ। ਸੋਜ਼ਿਸ਼ਾਂ। ਮਸਾਂ-ਮਸਾਂ ਪਿਛਲੇ ਸਾਲ ਮਾਲਿਸ਼ ਕਰਨ ਵਾਲੀ ਮਿਲੀ ਸੀ। ਬੜੀ ਬੁੱਢੀ, ਮਰੀ ਮਰਦੂਦ ਜਿਹੀ। ਮੈਲੀ ਵੀ ਬੜੀ ਸੀ। ਬੋ ਆਉਂਦੀ ਸੀ ਉਸ ਕੋਲੋਂ। ਮਿਤਲਾਂਦਾ ਸੀ ਦਿਲ। ਕਚਿਆਣ ਜਿਹੀ। ਇਕ ਘੰਟੇ ਦੇ ਦਸ ਰੁਪਏ ਲੈਂਦੀ ਸੀ, ਤੇ ਉੱਕਾ ਆਰਾਮ ਨਹੀਂ ਸੀ ਆਉਂਦਾ। ਵਗਾਰ ਹੀ ਕੱਟਦੀ ਸੀ। ਬੱਸ ਘੜੀ ਤੋਂ ਨਜ਼ਰ ਨਹੀਂ ਸੀ ਹਟਾਂਦੀ। ਮਜਾਲ ਹੈ ਜੁ ਪੰਜ ਮਿੰਟ ਵਾਧੂ ਲਾ ਦੇਵੇ।

ਇਕ ਦੋ ਵੇਰਾਂ ਮੈਂ ਬਿਊਟੀ ਪਾਰਲਰ ਵੀ ਗਈ ਸੀ ਮਾਲਿਸ਼ ਕਰਾਉਣ। ਪੂਰੇ ਸੌ ਰੁਪਏ ਲੈਂਦੀਆਂ ਨੇ ਇਕ ਘੰਟੇ ਦੀ ਮਾਲਿਸ਼ ਦੇ। ਘਿਓ ਦੀ ਥਾਂ 'ਤੇ ਕੋਲਡ ਕਰੀਮ ਲਗਾਉਂਦੀਆਂ ਨੇ। ਕੋਲਡ ਕਰੀਮ ਵੀ ਕਾਹਦੀ ਜੀ! ਸਸਤੀ ਹਾਂ, ਪੈਟਰੋਲੀਅਮ ਜੈਲੀ ਵਿਚ ਮਾੜਾ ਜਿਹਾ ਇਤਰ ਰਲਾਅ ਲੈਂਦੀਆਂ ਨੇ, ਤੇ ਜੈਤੂਨ ਦੇ ਤੇਲ ਦੀ ਥਾਂ 'ਤੇ ਰਿਫਾਈਂਡ ਆਇਲ ਪਾ ਦਿੰਦੀਆਂ ਨੇ। ਪਤਲੀਆਂ ਸੁਕੜੀਆਂ ਕੁੜੀਆਂ, ਪਰ-ਕਟੀਆਂ ਜਿਹੀਆਂ। ਪੁੱਠੇ ਸਿੱਧੇ ਹੱਥ ਮਾਰ ਕੇ ਝੱਟ ਬੁੱਕਾਂ ਰੁਪਏ ਬਟੋਰ ਲੈਂਦੀਆਂ ਨੇ।

ਬਹਾਦੁਰ ਦੇ ਮਹੀਨੇ ਦੀ ਤਨਖਾਹ ਬਿਊਟੀ ਪਾਰਲਰ ਦੇ ਇਕ ਘੰਟੇ ਦੀ ਮਾਲਿਸ਼ ਦੇ ਬਰਾਬਰ ਸਮਝੋ। ਤੋਬਾ! ਤੋਬਾ! ਬਾਜ਼ ਆਏ ਇਹੋ ਜਿਹੇ ਚੋਚਲਿਆਂ ਤੋਂ।

ਹੁਣ ਮੈਂ ਬਹਾਦੁਰ ਨੂੰ ਮਾਲਿਸ਼ ਕਰਨੀ ਸਿਖਾ ਦਿੱਤੀ ਹੈ। ਕੋਸੇ ਦੇਸੀ ਘਿਉ ਤੇ ਬਦਾਮ ਰੋਗਨ ਨਾਲ ਕਰਾਈਦੀ ਹੈ ਤੇ ਉਹ ਵੀ ਸਾਰੇ ਬਦਨ ਦੀ। ਗੋਡਿਆਂ ਵੱਲੋਂ ਥੱਲੇ ਪੈਰਾਂ ਵੱਲ ਜਾਂਦੀਆਂ ਨਸਾਂ ਨੂੰ ਦਬਾਂਦੇ ਜਾਣਾ ਤੇ ਫੇਰ ਸੱਜੇ ਹੱਥ ਦੀ ਤਲੀ ਨਾਲ ਵਾਰ-ਵਾਰ ਹੇਠਾਂ ਉਪਰ ਝੱਸਣਾ। ਬੜੀ ਪ੍ਰੀਤ ਨਾਲ ਝੱਸਦਾ ਹੈ। ਬੜੇ ਚੰਗੇ ਲੱਗਦੇ ਹਨ ਉਸ ਦੇ ਨਿੱਕੇ-ਨਿੱਕੇ, ਪੋਲੇ-ਪੋਲੇ ਹੱਥ।

ਕਦੇ ਏਨਾ ਪਿਆਰ ਆ ਜਾਂਦਾ ਹੈ ਕਿ ਜੀ ਕਰਦੈ, ਉਸ ਦੇ ਹੱਥ ਚੁੰਮ ਲਵਾਂ, ਪਰ ਬਿੰਦੇ ਜੁ ਹੁੰਦੇ ਨੇ। ਨਾਲੇ ਨੌਕਰ ਨੂੰ ਨੌਕਰ ਦੀ ਥਾਂ ਉਤੇ ਰੱਖਣ ਵਿਚ ਹੀ ਸਿਆਣਪ ਹੈ।

ਮੇਰੀਆਂ ਦਰਦਾਂ ਤਾਂ ਬੱਸ ਕਾਫ਼ੂਰ ਹੀ ਹੋ ਗਈਆਂ ਲਗਦੀਆਂ ਨੇ। ਹੁਣ ਨਹੀਂ ਖੁੱਸਦੇ ਮੇਰੇ ਹੱਥ ਪੈਰ।

ਅਸਲ ਵਿਚ ਅਸਾਂ ਜਨਾਨੀਆਂ ਨੂੰ ਏਸ ਉਪਰਲੇ ਕੰਮ ਨੇ ਹੀ ਬਿਮਾਰ ਕੀਤਾ ਹੁੰਦੈ। ਠੰਢੇ ਤੱਤੇ ਪਾਣੀ ਵਿਚ ਹੱਥ ਮਾਰਨੇ, ਕੱਪੜੇ ਧੋਣੇ, ਝਾੜ ਪੂੰਝ ਕਰਨੀ। ਵੱਡੀਆਂ-ਵੱਡੀਆਂ ਕਨਾਲੀ ਦੋ ਕਨਾਲੀ ਕੋਠੀਆਂ, ਕੰਮ ਕਰਨ ਵਾਲੀਆਂ ਕਦੇ ਮਿਲਦੀਆਂ ਨੇ ਤੇ ਕਦੇ ਮਿਲਦੀਆਂ ਹੀ ਨਹੀਂ। ਦਰਦਾਂ ਨਾ ਹੋਣ ਤੇ ਕੀ ਹੋਵੇ?

ਹੁਣ ਮੈਂ ਬਹਾਦੁਰ ਨੂੰ ਮੈਨੀਕਿਓਰ ਤੇ ਪੈਡੀਕਿਓਰ ਵੀ ਸਿਖਾ ਦਿੱਤਾ ਹੈ। ਬਿਊਟੀ ਪਾਰਲਰਾਂ ਵਾਲੀਆਂ ਤਾਂ ਅੱਸੀ ਰੁਪਏ ਲੈਂਦੀਆਂ ਨੇ ਦੋਹਾਂ ਕੰਮਾਂ ਦੇ। ਹੁਣ ਮੈਂ ਕੋਸੇ ਪਾਣੀ ਦੀ ਚਿਲਮਚੀ ਵਿਚ ਸਾਬਣ ਤੇਲ ਤੇ ਗਲਿਸਰੀਨ ਪਾ ਕੇ ਪਹਿਲਾਂ ਅੱਧਾ ਘੰਟਾ ਪੈਰ ਭਿਓਈ ਰੱਖਦੀ ਹਾਂ। ਫੇਰ ਬਹਾਦੁਰ ਬੁਰਸ਼ ਨਾਲ ਮੇਰੇ ਨਹੁੰਆਂ ਦੀ ਮੈਲ ਕੱਢਦਾ ਹੈ। ਅੱਡੀਆਂ ਨੂੰ ਝਾਂਵੇਂ ਨਾਲ ਝੱਸਦਾ ਹੈ। ਨਰਮ ਪਏ ਨਹੁੰਆਂ ਨੂੰ ਨੇਲ-ਕਟਰ ਨਾਲ ਕੱਟਦਾ ਤੇ ਰੇਤੀ ਨਾਲ ਤਰਾਸ਼ਦਾ ਹੈ ਤੇ ਫੇਰ ਤੌਲੀਏ ਨਾਲ ਚੰਗੀ ਤਰ੍ਹਾਂ ਪੈਰ ਸੁਕਾ ਕੇ ਪੈਡੀਕਿਓਰ ਨਾਲ ਹੌਲੇ-ਹੌਲੇ ਮਾਲਿਸ਼ ਕਰਦਾ ਹੈ। ਮੈਂ ਤਾਂ ਅਲਸਾਂਦੀ-ਅਲਸਾਂਦੀ ਘੂਕ ਸੌਂ ਜਾਂਦੀ ਹਾਂ।

ਚਲੋ, ਬਹਾਦੁਰ ਵੀ ਮੇਰੇ ਪੱਜ ਨਾਲ ਆਪਣੀ ਮਾਂ ਨਾਲ ਪਿਆਰ ਕਰ ਲੈਂਦਾ ਹੈ।

ਕੇਹੀ ਸੁਲੱਖਣੀ ਘੜੀ ਸੀ ਜਦੋਂ ਬਹਾਦੁਰ ਨੇ ਸਾਡੇ ਘਰ ਪੈਰ ਪਾਇਆ। ਮੈਂ ਤਾਂ ਦਸ ਸਾਲ ਨਿੱਕੀ ਲੱਗਣ ਲੱਗ ਪਈ ਹਾਂ।

ਹੋਰ ਕਿਹੜੀ ਗੱਲ ਕਰਾਂ ਤੇ ਕਿਹੜੀ ਛੱਡਾਂ? ਮੈਨੂੰ ਤਾਂ ਬੱਸ ਬਹਾਦੁਰ ਦੀਆਂ ਗੱਲਾਂ ਕਰਨ ਨੂੰ ਹੀ ਜੀ ਕਰਦੈ।

ਪਹਿਲਾਂ ਮਹਿਮਾਨ ਆਉਂਦੇ ਸਨ, ਤਾਂ ਬੱਚਿਆਂ ਦਾ ਜ਼ਿਕਰ ਹੁੰਦਾ ਸੀ। ਫੇਰ ਉਹ ਬੱਚੇ ਵੱਡੇ ਹੋ ਗਏ, ਵਿਆਹੇ ਵਰ੍ਹੇ ਗਏ ਤਾਂ ਉਨ੍ਹਾਂ ਦੇ ਬੱਚਿਆਂ ਦਾ ਹੋਣ ਲੱਗ ਪਿਆ। ਆਏ ਗਏ ਸੱਜਣ ਮਿੱਤਰ ਰਸਮੀ ਤੌਰ 'ਤੇ ਪੁੱਛ ਲੈਂਦੇ ਸਨ- 'ਟੀਟੂ ਦੇ ਇਮਤਿਹਾਨ ਹੋ ਗਏ? ਰੀਤੀ ਦਾ ਸੋਨੂੰ ਕਿਤਨਾ ਵੱਡਾ ਹੋ ਗਿਆ ਏ? ਨਿਰਲੇਪ ਦਾ ਖ਼ਤ ਆਇਆ?' ਤੇ ਜਾਂ ਫਿਰ ਸਿਲਕੀ ਦੀ ਗੱਲ ਕਰੀਦੀ ਸੀ।

ਜਦੋਂ ਸਿਲਕੀ ਬਾਰੇ ਗੱਲਾਂ ਕਰਦੇ ਸਾਂ ਤਾਂ ਉਹ ਸਾਡੇ ਪੈਰਾਂ ਵਿਚ ਸਿਰ ਰੱਖ ਕੇ, ਅੱਖਾਂ ਮੁੰਦ ਕੇ ਇੰਜ ਸੁਣਦੀ ਸੀ ਜਿਵੇਂ ਸਭ ਸਮਝ ਰਹੀ ਹੋਵੇ। ਹੁਣ ਤਾਂ ਅਸੀਂ ਬਹਾਦੁਰ ਦੀਆਂ ਹੀ ਗੱਲਾਂ ਕਰਦੇ ਹਾਂ ਤੇ ਜਦੋਂ ਅਸੀਂ ਮਹਿਮਾਨਾਂ ਅੱਗੇ ਉਸ ਦੀਆਂ ਸਿਫ਼ਤਾਂ ਕਰਦੇ ਹਾਂ ਤਾਂ ਉਹ ਬੜਾ ਖੁਸ਼ ਹੁੰਦਾ ਹੈ। ਕੰਨ ਲਾ ਕੇ ਸੁਣਦਾ ਹੈ ਤੇ ਮੁਸ-ਮੁਸ ਕਰਦਾ ਹੈ।

ਲਾਡਲਾ ਜੁ ਹੋਇਆ! ਸਾਡਾ ਸਾਰਿਆਂ ਦਾ ਲਾਡਲਾ, ਬਹਾਦੁਰ!

## ਮੁਸ਼ਤਾਕ ਦੀਆਂ ਚਾਰ ਗਜ਼ਲਾਂ

(1)

ਬਾਰੂਦ ਦਾ ਖੜਾਕ ਜਾਂ ਗਲੀਆਂ 'ਚ ਆ ਗਿਆ
ਇਨਸਾਨੀਅਤ ਦਾ ਦੀਵਾ ਜਗਦਾ ਬੁਝਾ ਗਿਆ।
ਐਵੇਂ ਨਾ ਮੇਰੇ ਸ਼ੌਕ ਦਾ ਮੌਜੂ ਉਡਾਈ ਜਾ
ਇਹ ਵੀ ਸਿਰ ਉਠਾ ਕੇ ਜੀਣਾ ਸਿਖਾ ਗਿਆ।
ਕਾਹਤੋਂ ਹਿਸਾਬ ਕਰਦੈਂ ਮੇਰੀ ਆਵਾਰਗੀ ਦਾ
ਮੇਰਾ ਖ਼ੁਦ ਕੀ ਤੈਨੂੰ ਮੁਣਸ਼ੀ ਬਣਾ ਗਿਆ।
ਪਲਕਾਂ ਤੇ ਤੀਲ੍ਹਾ ਤੀਲ੍ਹਾ ਚੁਣ ਕੇ ਬਣਾਇਆ ਸੀ
ਖ਼ਾਬਾਂ ਦੇ ਆਲ੍ਹਣੇ ਪੰਛੀ ਗਿਰਾ ਗਿਆ।
ਜਾਣਾ ਹੈ ਯਾਰ ਕਿਥੇ? ਆਪਣਾ ਤੂੰ ਫਿਕਰ ਕਰ
ਮੇਰਾ ਤਾਂ ਸਾਹਮਣੇ ਹੀ ਮੈਖਾਨਾ ਆ ਗਿਆ।
ਹਸਣਾ ਤਾਂ ਮੈਂ ਵੀ ਚਾਹੁਨਾ ਮਹਿਫ਼ਲ 'ਚ ਦੋਸਤਾ!
ਹਾਸੇ ਤੋਂ ਬਾਅਦ ਜੋ ਵੀ ਹੁੰਦੈ, ਡਰਾ ਗਿਆ।
ਸਸੀ ਨਹੀਂ ਸੈਂ ਤੂੰ, ਨਾ ਪੁੰਨੂ ਮੈਂ ਹੀ ਸਾਂ
ਫੇਰ ਰੇਤ ਤਤੀ ਕਿਹੜਾ ਪੈਰੀਂ ਵਿਛਾ ਗਿਆ।
ਕਾਹਤੋਂ ਉਡੀਕ ਕਰਦੈ ਸਖਣੇ ਬਨੇਰਿਆਂ 'ਤੇ
ਜਾਣਾ ਸੀ ਜਿਸ ਨੇ ਜਿਧਰ, ਪੰਛੀ ਚਲਾ ਗਿਆ।
ਕਿੰਨੀ ਉਡੀਕ ਸੀ, ਜਾਂ ਆਇਆ ਉਨ੍ਹਾਂ ਦਾ ਖ਼ਤ
ਦੀਵੇ ਮੇਰੀ ਉਮੀਦ ਦੇ, ਸਾਰੇ ਬੁਝਾ ਗਿਆ।
ਚੁਲ੍ਹੇ ਅਜ ਨੇ ਠੰਡੇ, ਤੰਦੂਰ ਅਜੇ ਨੇ ਸਖਣੇ
ਤਾਂ ਉਸ ਨੂੰ ਫਰਕ ਕੀ, ਕਿਦ੍ਹਾ ਰਾਜ ਆ ਗਿਆ।
ਤੇਰੇ ਤਾਂ ਸ਼ਹਿਰ ਵਸਦੇ, ਦੇਵੀ ਜਾਂ ਔਲੀਏ
ਫਿਰ ਕੌਣ ਬਾਗੀ ਆ ਕੇ ਤੀਲ੍ਹੀ ਲਾ ਗਿਆ।

(2)

ਅਸੀਂ ਕਿਥੇ? ਅਤੇ ਤੁਸੀਂ ਕਿਥੇ ਯਾਰੋ,
ਦਰਮਿਆਨ ਕਿੰਨੇ ਹੀ ਫਾਸਲੇ ਯਾਰੋ।
ਦੋਸਤੀ, ਪਿਆਰ ਮੁਹਬਤ ਜਿਹੇ ਲਫਜ਼,
ਵਕਤ ਆਇਆ ਤਾਂ ਖੋਖਲੇ ਨਿਕਲੇ ਯਾਰੋ
ਸਾਲ ਦਰ ਸਾਲ, ਥਾਂ ਕੁ ਥਾਂ, ਰਾਤ ਬਰਾਤੇ,
ਸ਼ਹਿਰਾਂ ਦੇ ਸ਼ਹਿਰ, ਘਰਾਂ ਦੇ ਘਰ ਸੜੇ ਯਾਰੋ।
ਮੰਦਰ ਮਸਜਿਦ, ਜਾਂ ਮੜ੍ਹੀ ਗੁਰਦਵਾਰੇ ਦੀ,
ਲੜਾਈ ਹੁੰਦੀ ਏ ਪਾਣੀ ਦੇ ਬੁਲਬਲੇ ਯਾਰੋ।
ਫੁਲ, ਮਹਿਕ ਜਾਂ ਬੁਲਬਲਾਂ ਦੇ ਨਗਮੇ,
ਜਿਨ੍ਹਾਂ ਦੀ ਖ਼ਾਤਰ ਥਲਾਂ 'ਚ ਸੜੇ ਯਾਰੋ।
ਡਲ ਦਾ ਹੁਸਨ ਅਜੇ ਵੀ ਉਤਨਾ ਹੈ, ਪਰ,
ਲਹਿਰਾਂ 'ਚ ਦਿਸਦੇ ਨੇ ਘਰ ਬਲੇ ਯਾਰੋ।
ਦਿਨ ਅੜੇ ਸੀਨੇ 'ਚ, ਜਾਂ ਰਾਤ ਅਖੀਂ ਲੜੇ,
ਕੀ ਵਕਤ ਡਾਢੇ ਵੀ ਲੰਘਣੋਂ ਅੜੇ ਯਾਰੋ।
ਲਫ਼ਜ਼ ਸ਼ਰਨਾਰਥੀ, ਰਫੂਜੀ ਸੰਤਾਲੀ ਦੇ,
ਚੁਰਾਸੀ 'ਤੇ ਨਬੇ 'ਚ ਬਣੇ ਕਾਫਲੇ ਯਾਰੋ।
ਹਿਰਨ ਦੀ ਚਾਲ, ਜ਼ੁਲਫ਼ਾਂ ਦੇ ਜਾਲ ਲਿਆਏ ਸੀ,
ਦਿਲ ਹੀ ਜਾਣਦੈ, ਉਹ ਕਿਵੇਂ ਟਲੇ ਯਾਰੋ।
ਦਿਨ ਤਾਂ ਦਫ਼ਤਰ ਦੇ ਰੌਲੇ 'ਚ ਲੰਘ ਹੀ ਜਾਂਦੈ,
ਦਿਲ ਨੂੰ ਡੋਬੂ ਪਵੇ ਜਾਂ ਸ਼ਾਮ ਢਲੇ ਯਾਰੋ।
ਜੇਬ੍ਹ ਖਾਲੀ, ਨਾ ਸਿਫਾਰਸ਼, ਤਾਂ ਨੌਕਰੀ ਖ਼ਾਤਰ,
ਉਹ ਕੀ ਕਰੇ? ਤੇ ਉਹ ਕੀ ਨਾ ਕਰੇ ਯਾਰੋ।

(3)

ਚੁਪ ਦੇ ਕਿਲ ਅੜ ਗਏ ਨੇ ਸਿਰਾਂ ਵਿਚ,
ਜ਼ਿੰਦਗੀ ਨੂੰ ਫਨੀਅਰ ਸਪ ਨੇ ਪੈਰਾਂ ਵਿਚ।
ਚੰਨ ਤਾਂ ਹੁਣ ਵੀ ਚੜ੍ਹਦਾ ਹੋਣੈ ਉਸ ਪਾਸੇ,
ਛਤ ਤੇ ਜਾਂਦੇ ਨਾ ਹੋਣਗੇ ਰੋਜ਼ਿਆਂ ਵਿਚ।
ਡਾਢਾ ਮਾਣ ਸੀ ਜੇਰਿਆਂ ਤੇ ਸਾਨੂੰ ਵੀ ਕਦੇ,
ਫਰਸ਼ ਤੇ ਤਿਲਕੇ ਤੇ ਜਾ ਪਏ ਦਰਾਂ ਵਿਚ।
ਪਰਾਂ 'ਚ ਬਿਜਲੀ, ਤੇ ਪੈਰਾਂ 'ਚ ਬੰਨ੍ਹ ਝਾਂਜਰ,
ਕਬੂਤਰ ਪਾ ਉਤੇ ਗਾਨੀ ਗਲਾਂ ਵਿਚ।
ਬੰਦ ਕਮਰੇ 'ਚ ਹੁਣ ਫੋਨ ਤੇ ਕੰਮ ਚਲਦੈ,
ਭਟਕਦੇ ਹੋਣਗੇ ਕਦੇ ਮਾਰੂਥਲਾਂ ਵਿਚ।
ਗੋਲੀਆਂ ਜੇਲ੍ਹਾਂ ਬਹੁਤ ਦੂਰ ਦੇ ਕਿੱਸੇ,
ਲੋਕੀਂ ਕੈਦ ਨੇ, ਦਿਲਾਂ ਦੇ ਦਰਾਂ ਵਿਚ।
ਬਦਲ ਥੰਮ ਗਏ ਨੇ, ਤਕ ਕੇ ਉਨ੍ਹਾਂ ਨੂੰ,
ਘਰ ਜਾਂਦੇ ਭਿਜ ਦੇ ਬਾਰਸ਼ਾਂ ਵਿਚ।
ਖੁਸ਼ਬੂ, ਨਾ ਹਵਾ, ਨਾ ਰੋਸ਼ਨੀ ਕਿਧਰੇ
ਕੰਧਾਂ ਕੰਧਾਂ ਉਸਰ ਗਈਆਂ ਘਰਾਂ ਵਿਚ।
ਮੁਰਗ, ਵਿਸਕੀ, ਬੀਅਰ ਤੇ ਪਰਚਾ ਚਲਾ,
ਤੇਰੀ ਵੀ ਚਰਚਾ ਹੋਊ ਆਲੋਚਕਾਂ ਵਿਚ।
ਚਾਹੁਣ ਨਾ ਚਾਹੁਣ ਤੇ ਕੀ ਏ 'ਮੁਸ਼ਤਾਕ'
ਅਗ ਜੰਗਲ ਦੀ ਆਈ ਲੈ ਘਰਾਂ ਵਿਚ।

(4)

ਮੈਂ ਤੇਰੇ ਸ਼ਹਿਰ 'ਚ ਆਇਆਂ ਪਰ ਖ਼ਰੀਦਦਾਰ ਨਹੀਂ,
ਕਿਉਂਕਿ ਜੁਗਨੂਆਂ ਦਾ, ਰੰਗਾਂ ਦਾ, ਕੋਈ ਬਾਜ਼ਾਰ ਨਹੀਂ।
ਮੈਂ ਅਕਾਰਨ ਹੀ ਬਨੇਰਿਆਂ 'ਤੇ, ਧਰਦਾ ਹਾਂ ਦੀਵੇ,
ਤੇਰਾ ਤਾਂ ਕੋਈ ਵਾਅਦਾ, ਨਾ ਇਸ਼ਾਰਾ ਜਾਂ ਇਕਰਾਰ ਨਹੀਂ।
ਇਬਰਾਹੀਮ ਦਾ ਮੈਂ ਕਿਥੋਂ ਲਿਆਵਾ ਜਿਗਰਾ,
ਕਿਵੇਂ ਸਾੜਾਂ? ਤੇਰੇ ਖ਼ਤ ਨੇ, ਕੋਈ ਅਖ਼ਬਾਰ ਨਹੀਂ।
ਹੁਣ ਵੀ ਸ਼ਾਮੀ, ਇਕ ਰੋਟੀ ਤਾਂ ਵਧ ਜਾਂਦੀ ਹੈ,
ਕਿਸ ਤਰ੍ਹਾਂ ਆਖ ਦਿਆਂ, ਕਿ ਤੇਰਾ ਇੰਤਜ਼ਾਰ ਨਹੀਂ।
ਮੇਰਾ ਵੀ ਕੁਝ ਨਾ ਕੁਝ, ਤੇਰੇ ਘਰ 'ਚ ਪਿਆ ਹੋਣੈ,
ਕੁਝ ਆਸਾਂ, ਕੁਝ ਨਾਮੁਰਾਦੀਆਂ, ਜੇ ਪਿਆਰ ਨਹੀਂ।
ਤੇਰਾ ਇਕਰਾਰ ਤਾਂ ਮੰਨਣ ਹੀ ਵਾਲਾ ਸਾਂ, ਕਿ ਹਵਾ,
ਚੀਖ ਕੇ ਬੋਲੀ, "ਇਹ ਝੌਲਾ ਏ, ਬਾਹਰ ਨਹੀਂ।"
ਉਹ ਧੂੰਏਂ ਵਾਂਗ ਮੇਰੇ ਸੀਨੇ ਵਿਚ ਵਸਦਾ ਹੈ,
ਜਿਦ੍ਹਾ ਵਜੂਦ ਨਹੀਂ, ਛਾਂ ਨ੍ਹੀਂ, ਆਕਾਰ ਨਹੀਂ।
ਪੁਰਾਣੇ ਰਿਸ਼ਤਿਆਂ ਦਾ ਵਹਿਮ ਟੁਟ ਗਿਆ ਲਗਦੈ,
ਤਦੇ 'ਮੁਸ਼ਤਾਕ' ਨੂੰ ਮਿਲ ਕੇ ਵੀ ਬੇਕਰਾਰ ਨਹੀਂ।

## ਗਜ਼ਲਾਂ ਦੀ ਦੁਨੀਆਂ

### ਗਜ਼ਲ

**ਸ਼ਿਵ ਕੁਮਾਰ ਬਟਾਲਵੀ**

ਤੂੰ ਵਿਦਾ ਹੋਇਓਂ ਮੇਰੇ ਦਿਲ ਤੇ ਉਦਾਸੀ ਛਾ ਗਈ
ਪੀੜ ਦਿਲ ਦੀ ਬੂੰਦ ਬਣ ਕੇ ਅਖੀਆਂ ਵਿਚ ਆ ਗਈ
ਦੂਰ ਤਕ ਮੇਰੀ ਨਜ਼ਰ ਤੇਰੀ ਪੈੜ ਨੂੰ ਚੁੰਮਦੀ ਰਹੀ
ਫੇਰ ਤੇਰੀ ਪੈੜ ਰਾਹਾਂ ਦੀ ਮਿਟੀ ਖਾ ਗਈ
ਟੁਰਨ ਤੋਂ ਪਹਿਲਾਂ ਸੀ ਤੇਰੇ ਜੋਬਨ ਤੇ ਬਹਾਰ
ਟੁਰਨ ਪਿਛੋਂ ਵੇਖਿਆ ਕਿ ਹਰ ਕਲੀ ਕੁਮਲਾ ਗਈ
ਉਸ ਦਿਨ ਪਿਛੋਂ ਅਸਾਂ ਬੋਲਿਆ ਨਾ ਵੇਖਿਆ
ਇਹ ਜ਼ਬਾਂ ਖ਼ਾਮੋਸ਼ ਹੋ ਗਈ ਤੇ ਨਜ਼ਰ ਪਥਰਾ ਗਈ
ਇਸ਼ਕ ਨੂੰ ਸੌਗਾਤ ਜਿਹੜੀ ਪੀੜ ਸੈਂ ਤੂੰ ਦੇ ਗਿਓਂ
ਅੰਤ ਓਹੀਓ ਪੀੜ ਸ਼ਿਵ ਨੂੰ ਖਾਂਦੀ ਖਾਂਦੀ ਖਾ ਗਈ।

---

ਮੇਰੇ ਨਾਮੁਰਾਦ ਇਸ਼ਕ ਦਾ ਕਿਹੜਾ ਪੜਾਅ ਹੈ ਆਇਆ
ਮੈਨੂੰ ਮੇਰੇ ਤੇ ਆਪ ਹੀ ਰਹਿ ਰਹਿ ਕੇ ਤਰਸ ਆਇਆ
ਮੇਰੇ ਦਿਲ ਮਾਸੂਮ ਦਾ ਕੁਝ ਹਾਲ ਇਸਤਰ੍ਹਾਂ ਹੈ
ਸੂਲੀ ਤੇ ਬੇਗੁਨਾਹ ਜਿਉਂ ਮਰੀਅਮ ਕਿਸੇ ਦਾ ਜਾਇਆ
ਇਕ ਵਕਤ ਸੀ ਕਿ ਆਪਣੇ, ਲਗਦੇ ਸੀ ਸਭ ਪਰਾਏ
ਇਕ ਵਕਤ ਹੈ ਮੈਂ ਖ਼ੁਦ ਲਈ ਅਜ ਆਪ ਹਾਂ ਪਰਾਇਆ
ਮੇਰੇ ਦਿਲ ਦੇ ਦਰਦ ਦਾ ਵੀ ਉਕਾ ਨਾ ਭੇਤ ਚਲਿਆ
ਜਿਉਂ ਜਿਉਂ ਟਕੋਰ ਕੀਤੀ ਵਧਿਆ ਸਗੋਂ ਸਵਾਇਆ।
ਮੈਂ ਚਾਹੁੰਦਿਆਂ ਵੀ ਆਪ ਨੂੰ ਰੋਣੋਂ ਨਾ ਰੋਕ ਸਕਿਆ
ਆਪਣਾ ਮੈਂ ਹਾਲ ਆਪ ਨੂੰ ਆਪੇ ਜਦੋਂ ਸੁਣਾਇਆ
ਕਹਿੰਦੇ ਨੇ ਯਾਰ 'ਸ਼ਿਵ' ਦੇ ਮੁਦਤ ਹੋਈ ਹੈ ਮਰਿਆਂ
ਪਰ ਰੋਜ਼ ਆ ਕੇ ਮਿਲਦੈ ਅਜ ਤੀਕ ਉਸ ਦਾ ਸਾਇਆ।

# ਫਿਲਮ ਨਗਰੀ: ਸਾਹ ਘੁੱਟਵਾਂ ਮਾਹੌਲ ਤਾਰੀ ਹੈ...



ਫਿਲਮ ਜਗਤ ਵਿਚ ਅਦਾਕਾਰ ਅਮੋਲ ਪਾਲੇਕਰ ਨੂੰ ਸਹਿਜ ਕਲਾਕਾਰ ਵਜੋਂ ਯਾਦ ਕੀਤਾ ਜਾਂਦਾ ਹੈ। ਅੱਜ ਫਿਲਮਾਂ ਦੇ ਖਰੂਦੀ ਮਾਹੌਲ ਤੋਂ ਜਦੋਂ ਉਹਨੇ ਰੁਖਸਤ ਲੈ ਲਈ ਹੈ ਤਾਂ ਕਿਸੇ ਨੂੰ ਕੁਝ ਵੀ ਓਪਰਾ ਨਹੀਂ ਲੱਗਿਆ। ਉਹ ਖੁਦ ਆਖਦਾ ਹੈ- "ਸਾਡੇ ਦੌਰ ਵੇਲੇ ਹਰ ਤਰ੍ਹਾਂ ਦੀਆਂ ਫਿਲਮਾਂ ਬਣਦੀਆਂ ਸਨ। ਜੇ ਅਮਿਤਾਭ ਬਚਨ ਐਕਸ਼ਨ ਭਰਪੂਰ ਫਿਲਮਾਂ ਬਣਾਉਂਦਾ ਸੀ ਤਾਂ ਲੋਕ ਅਮੋਲ ਪਾਲੇਕਰ ਅਤੇ ਸਮਿਤਾ ਪਾਟਿਲ ਦੀਆਂ ਫਿਲਮਾਂ ਵੀ ਦੇਖਦੇ ਹਨ। ਹੁਣ ਤਾਂ ਤਕਰੀਬਨ ਇਕੋ ਜਿਹੀਆਂ ਫਿਲਮਾਂ ਬਣ ਰਹੀਆਂ ਹਨ। ਜਿਹੜੀਆਂ ਕੁਝ ਚੰਗੀਆਂ ਫਿਲਮਾਂ ਬਣਦੀਆਂ ਵੀ ਹਨ, ਉਹ ਥੀਏਟਰ ਤੱਕ ਵੀ ਨਹੀਂ ਪਹੁੰਚ ਸਕਦੀਆਂ।" ਅੱਜ ਕੱਲ੍ਹ ਉਹ ਆਪਣੇ ਪੁਰਾਣੇ ਸ਼ੌਂਕ ਚਿੱਤਰਕਾਰੀ ਵੱਲ ਧਿਆਨ ਲਾ ਰਿਹਾ ਹੈ।

## ਅਮੋਲ ਪਾਲੇਕਰ ਦਾ ਅਲਾਪ

**ਜਗਜੀਤ ਸਿੰਘ ਸੇਖੋਂ**

ਫਿਲਮ ਅਦਾਕਾਰ ਅਮੋਲ ਪਾਲੇਕਰ ਨੇ ਕਿਸੇ ਵੇਲੇ ਆਪਣਾ ਕਰੀਅਰ ਚਿੱਤਰਕਾਰ ਵਜੋਂ ਸ਼ੁਰੂ ਕੀਤਾ ਸੀ। ਉਹ ਮੁੰਬਈ ਦੇ ਸਰ ਜੇ.ਜੇ. ਸਕੂਲ ਆਫ ਆਰਟਸ ਤੋਂ ਫਾਈਨ ਅਰਟਸ ਪੜ੍ਹਿਆ ਹੈ। ਉਦੋਂ ਉਸ ਨੇ ਆਪਣੇ ਚਿੱਤਰਾਂ ਦੀਆਂ ਸੱਤ ਸੋਲੋ ਨੁਮਾਇਸ਼ਾਂ ਲਾਈਆਂ ਸਨ। ਬਾਅਦ ਵਿਚ ਉਹ ਹਿੰਦੀ ਅਤੇ ਮਰਾਠੀ ਥੀਏਟਰ ਵੱਲ ਆ ਗਿਆ। ਇਸ ਤੋਂ ਬਾਅਦ ਉਸ ਲਈ ਫਿਲਮਾਂ ਦਾ ਰਾਹ ਖੁੱਲ੍ਹ ਗਿਆ ਅਤੇ ਉਹ ਫਿਲਮ ਵਾਲੇ ਰਾਹ ਦਾ ਰਾਹੀ ਹੋ ਗਿਆ। ਉਸ ਦੀ ਵਧੀਆ ਅਦਾਕਾਰੀ ਬਦਲੇ ਉਸ ਨੂੰ ਤਿੰਨ ਵਾਰ ਫਿਲਮਫੇਅਰ ਪੁਰਸਕਾਰ ਅਤੇ ਛੇ ਵਾਰ ਸਟੇਟ ਪੱਧਰ ਦਾ ਸਰਵੋਤਮ ਅਦਾਕਾਰ ਦਾ ਪੁਰਸਕਾਰ ਮਿਲਿਆ। ਬਾਅਦ ਵਿਚ ਉਸ ਨੇ ਫਿਲਮਸਾਜ਼ੀ ਵੱਲ ਧਿਆਨ ਦਿੱਤਾ। ਸਾਲ 1986 ਤੋਂ ਬਾਅਦ ਉਹਨੇ ਫਿਲਮਾਂ ਵਿਚ ਅਦਾਕਾਰੀ ਕਰਨੀ ਛੱਡ ਦਿੱਤੀ। ਬਤੌਰ ਡਾਇਰੈਕਟਰ ਉਸ ਨੇ ਹਿੰਦੀ ਫਿਲਮਾਂ ਤੋਂ ਇਲਾਵਾ ਮਰਾਠੀ ਫਿਲਮਾਂ ਵੀ ਬਣਾਈਆਂ।

ਅਮੋਲ ਪਾਲੇਕਰ ਹੁਣ ਇਕ ਵਾਰ ਫਿਰ ਚਿੱਤਰਕਾਰੀ ਵੱਲ ਮੁੜਿਆ ਹੈ, ਪਰ ਇਸ ਦਾ ਕਾਰਨ ਬਹੁਤ ਵੱਡਾ ਹੈ। ਸਟੇਜ ਅਤੇ ਫਿਲਮੀ ਦੁਨੀਆਂ ਦਾ ਖਿੱਚਿਆ ਉਹ ਫਿਲਮਾਂ ਵਾਲੇ ਆਇਆ ਸੀ ਅਤੇ ਹੁਣ ਉਹ ਇਕ ਤਰ੍ਹਾਂ ਨਾਲ ਨਿਰਾਸ਼ ਹੋ ਕੇ ਇਸ ਖੇਤਰ ਨੂੰ ਅਲਵਿਦਾ ਆਖ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਅੱਜ ਕੱਲ੍ਹ ਫਿਲਮਾਂ ਦਾ ਮਾਹੌਲ ਇੰਨਾ ਜ਼ਿਆਦਾ ਸਾਹ ਘੁੱਟਵਾਂ ਹੈ ਕਿ ਕੰਮ ਹੀ ਨਹੀਂ ਕੀਤਾ ਜਾ ਸਕਦਾ। ਉਸ ਮੁਤਾਬਕ ਅੱਜ ਕੱਲ੍ਹ ਫਿਲਮ ਅਦਾਕਾਰ ਅਤੇ ਹੋਰ ਕਾਰਿੰਦੇ ਫਿਲਮ ਦੇ ਪ੍ਰਚਾਰ ਲਈ ਮਾਰੇ-ਮਾਰੇ ਫਿਰ ਰਹੇ ਹਨ। ਲਗਦਾ ਹੀ ਨਹੀਂ ਕਿ ਉਹ ਕੋਈ ਕੰਮ ਵੀ ਕਰ ਰਹੇ ਹਨ। ਪ੍ਰਚਾਰ ਦੀ ਇਸ ਗੰਦੀ ਗੇਮ ਨੇ ਫਿਲਮਾਂ ਦਾ ਸੋਹਣਾ ਅਤੇ ਸਹਿਜ ਮਾਹੌਲ ਖਾ ਹੀ ਲਿਆ ਹੈ। ਇਸ ਮਾਹੌਲ ਵਿਚੋਂ ਨਿਕਲਣ ਲਈ ਵੀ ਉਹ ਬੜੇ ਸੋਚ-ਵਿਚਾਰ ਤੋਂ ਬਾਅਦ ਹੀ ਫਿਲਮਾਂ ਤੋਂ ਪਾਸੇ ਹੋਇਆ ਹੈ ਅਤੇ ਇਕ ਵਾਰ ਫਿਰ ਚਿੱਤਰਕਾਰੀ ਵੱਲ ਮੁੜਿਆ ਹੈ।

ਆਪਣੇ ਦੌਰ ਨੂੰ ਯਾਦ ਕਰਦਿਆਂ ਅਮੋਲ ਦੱਸਦਾ ਹੈ ਕਿ ਉਦੋਂ ਕਲਾਕਾਰ ਦੀ ਬੜੀ ਵੁਕਅਤ ਹੁੰਦੀ ਸੀ। ਫਿਲਮਾਂ ਬਣਾਉਣ ਲਈ ਫਿਲਮ ਨਾਲ ਜੁੜਿਆ ਇਕ-ਇਕ ਬੰਦਾ ਜੀਅ-ਜਾਨ ਲਾ ਦਿੰਦਾ ਸੀ। ਹੁਣ ਉਹ ਮਾਹੌਲ ਨਹੀਂ ਰਿਹਾ। ਹੁਣ ਤਾਂ ਬਸ ਪੈਸੇ ਦੀ ਗਿਣਤੀ-ਮਿਣਤੀ ਦੇ ਹਿਸਾਬ ਨਾਲ ਸਭ ਕੁਝ ਹੋ ਰਿਹਾ ਹੈ। ਨਕਲ ਇੰਨੀ ਜ਼ਿਆਦਾ ਮਾਰੀ ਜਾ ਰਹੀ ਹੈ ਕਿ ਮੌਲਿਕਤਾ ਭਾਲਿਆਂ ਵੀ ਨਹੀਂ ਲੱਭਦੀ। ਇਸ ਤਰ੍ਹਾਂ ਦੀ ਸੂਰਤ ਵਿਚ ਕੋਈ ਫਿਲਮ ਬਣਾ ਕੇ ਕੀ ਕਰੇਗਾ?

ਗੌਰਤਲਬ ਹੈ ਕਿ ਅਮੋਲ ਪਾਲੇਕਰ ਨੇ ਰਜਨੀਗੰਧਾ, ਛੋਟੀ ਸੀ ਬਾਤ, ਚਿੱਤ ਚੋਰ, ਘਰੌਂਦਾ, ਭੂਮਿਕਾ, ਬਾਤੋਂ ਬਾਤੋਂ ਮੇਂ, ਗੋਲਮਾਲ, ਆਂਚਲ, ਸ੍ਰੀਮਾਨ ਸ੍ਰੀਮਤੀ, ਰੰਗ ਬਿਰੰਗੀ, ਆਦਮੀ ਔਰ ਔਰਤ, ਖ਼ਾਮੋਸ, ਝੂਠੀ ਤੇ ਸਮਾਂਤਰ ਵਰਗੀਆਂ ਯਾਦਗਾਰੀ ਫਿਲਮਾਂ ਵਿਚ ਅਦਾਕਾਰੀ ਦੇ ਜੌਹਰ ਦਿਖਾਏ। ਉਹ ਫਿਲਮਾਂ ਵਿਚ ਆਪਣੀ ਸਹਿਜ ਅਦਾਕਾਰੀ ਲਈ ਵੀ ਬੜਾ ਮਸ਼ਹੂਰ ਰਿਹਾ ਹੈ। ਬਤੌਰ ਡਾਇਰੈਕਟਰ ਵੀ ਉਸ ਨੂੰ ਭਰਵਾਂ ਹੁੰਗਾਰਾ ਮਿਲਿਆ ਸੀ। ਆਪਣੀ ਫਿਲਮ 'ਦਾਇਰਾ' ਦੀ ਚਰਚਾ ਉਹ ਬਹੁਤ ਹੁੱਬ ਕੇ ਕਰਦਾ ਹੈ। ਇਹ ਫਿਲਮ ਉਹਨੇ 1996 ਵਿਚ ਬਣਾਈ ਸੀ। ਇਸ ਦਾ ਨਾਇਕ ਪੂਰੀ ਫਿਲਮ ਵਿਚ ਔਰਤ ਬਣ ਕੇ ਵਿਚਰਦਾ ਹੈ। ਔਰਤ ਦਾ ਇਹ ਕਿਰਦਾਰ ਮਸ਼ਹੂਰ ਅਦਾਕਾਰ ਨਿਰਮਲ ਪਾਂਡੇ ਨੇ ਅਦਾ ਕੀਤਾ ਸੀ। ਇਸ ਫਿਲਮ ਦੀ ਇੰਨੀ ਚਰਚਾ ਹੋਈ ਕਿ ਇਹ ਕਿਰਦਾਰ ਨਿਭਾਉਣ ਤੋਂ ਬਾਅਦ ਹੀ ਨਿਰਮਲ ਪਾਂਡੇ ਫਿਲਮ ਜਗਤ ਵਿਚ ਛਾਇਆ ਸੀ।

ਅਮੋਲ ਪਾਲੇਕਰ ਲਈ ਹੁਣ ਜ਼ਮਾਨਾ ਬਦਲ ਗਿਆ ਹੈ। ਫਿਰ ਵੀ ਉਸ ਨੂੰ ਤਸੱਲੀ ਹੈ ਕਿ ਉਹ ਹੁਣ ਸਾਹ-ਘੁੱਟਵੇਂ ਮਾਹੌਲ ਵਿਚੋਂ ਨਿਕਲ ਕੇ ਦੁਬਾਰਾ ਚਿੱਤਰਕਾਰੀ ਵੱਲ ਪਰਤ ਆਇਆ ਹੈ।



ਤਰਕਸ਼ੀਲ ਆਗੂ ਨਰੇਂਦਰ ਦਬੋਲਕਰ ਦੇ ਕਤਲ ਖਿਲਾਫ ਕੀਤੇ ਰੋਸ ਮਾਰਚ ਵਿਚ ਹਿੱਸਾ ਲੈ ਰਿਹਾ ਅਮੋਲ ਪਾਲੇਕਰ ਅਤੇ ਹੋਰ।

# ਰਜਨੀਕਾਂਤ ਤੇ ਸੋਨਾਕਸ਼ੀ ਸਿਨਹਾ ਦਾ ਰੰਗ

ਚੋਟੀ ਦੇ ਅਦਾਕਾਰ ਰਜਨੀਕਾਂਤ ਦੀ ਨਵੀਂ ਫਿਲਮ 'ਲਿੰਗਾ' ਦੀ ਇੰਨੀ ਜ਼ਿਆਦਾ ਚਰਚਾ ਹੋਈ ਹੈ ਕਿ ਇਹ ਫਿਲਮ ਰਿਲੀਜ਼ ਹੁੰਦਿਆਂ ਸਾਰ ਇਕ ਅਫਵਾਹ ਇਹ ਉਡ ਗਈ ਕਿ ਇਸ ਫਿਲਮ ਨੇ ਪਹਿਲੇ ਹੀ ਦਿਨ 60 ਕਰੋੜ ਰੁਪਏ ਦੀ ਕਮਾਈ ਕਰ ਕੇ ਵਿਸ਼ਵ ਰਿਕਾਰਡ ਬਣਾ ਦਿੱਤਾ ਹੈ। ਬਾਅਦ ਵਿਚ ਇਹ ਖ਼ਬਰ ਝੂਠੀ ਨਿਕਲੀ। ਇਸ ਫਿਲਮ ਨੇ ਪਹਿਲੇ ਦਿਨ ਆਸ ਤੋਂ ਵੀ ਘੱਟ 16 ਕਰੋੜ ਰੁਪਏ ਕਮਾਏ। ਫਿਲਮ ਆਲੋਚਕਾਂ ਨੇ ਇਸ ਫਿਲਮ ਨੂੰ ਰਜਨੀਕਾਂਤ ਦੀਆਂ ਆਮ ਫਿਲਮਾਂ ਨਾਲੋਂ ਘੱਟ ਵਜ਼ਨ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਰਜਨੀਕਾਂਤ ਇਸ ਫਿਲਮ ਵਿਚ ਜੋ ਮਰਜ਼ੀ ਕਰਦਾ ਚਲਾ ਜਾਂਦਾ ਹੈ। ਉਂਜ, ਅਦਾਕਾਰਾ ਸੋਨਾਕਸ਼ੀ ਸਿਨਹਾ ਲਈ ਵੱਡੇ ਸਟਾਰ ਰਜਨੀਕਾਂਤ ਅਤੇ ਵੱਡੇ ਬੈਨਰ ਵਾਲੀ ਇਸ ਫਿਲਮ ਦਾ ਬੜਾ ਫਾਇਦਾ ਹੋਇਆ ਹੈ। ਇਸ ਫਿਲਮ ਨਾਲ ਸੋਨਾਕਸ਼ੀ ਸਿਨਹਾ ਨੂੰ ਹੋਰ ਵਾਹ-ਵਾਹੀ ਮਿਲੀ ਹੈ ਅਤੇ ਅੱਜ ਕੱਲ੍ਹ ਉਹ ਫੁੱਲੀ ਨਹੀਂ ਸਮਾ ਰਹੀ।






# ਸ਼ਰਧਾ ਕਪੂਰ ਦੀ ਪਿਤਾ-ਸ਼ਰਧਾ



ਚਰਚਿਤ ਫਿਲਮ 'ਹੈਦਰ' ਦੀ ਹੀਰੋਇਨ ਸ਼ਰਧਾ ਕਪੂਰ ਅੱਜ ਕੱਲ੍ਹ ਆਪਣੇ ਪਿਤਾ ਸ਼ਕਤੀ ਕਪੂਰ ਲਈ ਖੂਬ ਤਰੱਦਦ ਕਰ ਰਹੀ ਹੈ। ਉਹ ਚਾਹੁੰਦੀ ਹੈ ਕਿ ਉਸ ਦੇ ਪਿਤਾ ਦਾ ਨਾਮ 'ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼' ਵਿਚ ਦਰਜ ਹੋ ਜਾਵੇ। 56 ਸਾਲਾ ਸ਼ਕਤੀ ਕਪੂਰ ਹੁਣ ਤੱਕ 700 ਤੋਂ ਵੱਧ ਫਿਲਮਾਂ ਵਿਚ ਕੰਮ ਕਰ ਚੁੱਕੇ ਹਨ ਅਤੇ ਸ਼ਰਧਾ ਕਪੂਰ ਦਾ ਕਹਿਣਾ ਹੈ ਕਿ ਇਹ ਵਰਲਡ ਰਿਕਾਰਡ ਹੈ। ਸ਼ਕਤੀ ਕਪੂਰ ਨੇ ਆਪਣੀਆਂ ਬਹੁਤੀਆਂ ਫਿਲਮਾਂ ਵਿਚ ਖਲਨਾਇਕ ਦਾ ਰੋਲ ਨਿਭਾਇਆ ਹੈ ਅਤੇ ਇਕ ਦੌਰ ਵਿਚ ਉਹ ਤਕਰੀਬਨ ਹਰ ਵੱਡੀ ਫਿਲਮ ਵਿਚ ਹੁੰਦਾ ਸੀ। ਯਾਦ ਰਹੇ ਕਿ ਸ਼ਰਧਾ ਕਪੂਰ ਆਪਣੀ ਪਹਿਲੀ ਹੀ ਫਿਲਮ 'ਤੀਨ ਪੱਤੀ' ਨਾਲ ਚਰਚਾ ਵਿਚ ਆ ਗਈ ਸੀ। ਉਸ ਦੀ ਅਦਾਕਾਰੀ ਦੀ ਹਰ ਪਾਸੇ ਚਰਚਾ ਹੋਈ। ਸਾਲ 2013 ਵਿਚ ਫਿਲਮ 'ਆਸ਼ਕੀ-2' ਨਾਲ ਉਹ ਫਿਲਮੀ ਦੁਨੀਆਂ ਦੀਆਂ ਪਹਿਲੀ ਕਤਾਰ ਦੀਆਂ ਹੀਰੋਇਨਾਂ ਵਿਚ ਸ਼ਾਮਿਲ ਹੋ ਗਈ ਅਤੇ ਫਿਰ ਉਘੇ ਫਿਲਮਸਾਜ਼ ਤੇ ਸੰਗੀਤਕਾਰ ਵਿਸ਼ਾਲ ਭਾਰਦਵਾਜ਼ ਨੇ ਉਸ ਨੂੰ 'ਹੈਦਰ' ਫਿਲਮ ਲਈ ਸਾਈਨ ਕਰ ਲਿਆ। ਸਾਲ 2015 ਵਿਚ ਉਸ ਦੀ ਨਵੀਂ ਫਿਲਮ 'ਏ.ਬੀ.ਸੀ.ਡੀ.-2' ਰਿਲੀਜ਼ ਹੋ ਰਹੀ ਹੈ। ਇਹ ਫਿਲਮ ਉਘੇ ਡਾਂਸਰ ਤੇ ਫਿਲਮਸਾਜ਼ ਪ੍ਰਭੂ ਦੇਵਾ ਨੇ ਬਣਾਈ ਹੈ। ਇਸੇ ਸਾਲ ਆਈ ਫਿਲਮ 'ਉਂਗਲੀ' ਵਿਚ 'ਡਾਂਸ ਬਸੰਤੀ' ਗੀਤ ਵਿਚ ਉਸ ਦੀ ਸਪੈਸ਼ਲ ਅਪੀਅਰੈਂਸ ਹੈ। ਆਪਣੀ ਅਦਾਕਾਰੀ ਦੇ ਦਮ ਉਤੇ ਸ਼ਰਧਾ ਨੂੰ ਮਿਆਰੀ ਬੈਨਰਾਂ ਦੀਆਂ ਫਿਲਮਾਂ ਮਿਲ ਰਹੀਆਂ ਹਨ।


Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ
24 ਘੰਟੇ ਖੁੱਲ੍ਹਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536


The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available


GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com


HIGH DEFINITION
Surveillance
SYSTEMS
By
FOR COMMERCIAL & RESIDENTIAL
2 YEAR WARRANTY
1080P
VISTA HD SOLUTION
WE INSTALL ANYWHERE IN CALIFORNIA
HD QUALITY & ECONOMICAL PRICE
17 YEAR SURVEILLANCE BUSINESS
TRAINED & PROFESSIONAL TECH. SUPPORT
Call Sukhpal
1-661-586-5080
commvision@sbcglobal.net




THIS COMBINATION BRINGS YOU
THE BEST IN *DESI* ENTERTAINMENT.
Enjoy top Punjabi and Hindi TV channels with DISH.

**Punjabi Mega Pack** $24.99/mo

**Hindi Elite Pack** $34.99/mo EVERYDAY PRICE

3 MONTHS FREE
APPLIES TO THE 4TH, 5TH AND 6TH MONTHS

Requires 24-month commitment, credit qualification, and subscription to qualifying American programming.

FREE
- **100+ Bollywood Movies** On Demand
- **Professional Installation** in up to 6 rooms

All offers require 24-month commitment and credit qualification. Monthly fees apply based on number of rooms.

LIMITED-TIME OFFER.
ORDER NOW!
1-888-626-0801

MUST MENTION OFFER CODE AT TIME OF ORDER
SAVE 3
Cannot be combined with other Offer Codes

dish

International programming requires additional $10/mo International Basic package or any America's Top package.

**Important Terms and Conditions: International 4th, 5th, and 6th Months Free:** Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. **Promotional Offers:** Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. **ETF:** If you cancel service during first 24 months, early termination fee of $20 for each month remaining applies.

**Additional Requirements: Installation/Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. **Offer ends 1/14/15.**

© 2014 DISH Network L.L.C. All rights reserved.